


कहीं दूसरी



'Abdu'l-Baha'

ਨਵੀਂ ਫੁਲਵਾੜੀ

(THE NEW GARDEN)

Punjabi

HOOSHMAND FATHEA'ZAM

BAHA'I STATE PUBLISHING COMMITTEE

Kothi No. 1026 Sector 8–C

CHANDIGARH—160008

July 1984

Edition : 3000 Copies

Printed at : Gem Printers, Adda Tanda, Jalandhar.

ਧੰਨਵਾਦ

ਇਹ "ਦੀ ਨਿਊ ਗਾਰਡਨ" ਨਾਮਕ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਰੂਪ ਹੈ। ਮੌਲਿਕ ਪੁਸਤਕ ਮੇਰੇ ਉਨ੍ਹਾਂ ਸੋਧੇ ਹੋਏ ਨੋਟਾਂ ਤੇ ਆਧਾਰਿਤ ਸੀ ਜਿਹੜੇ ਮੈਂ ਇੰਦੌਰ, ਮਧਯ ਪ੍ਰਦੇਸ਼ ਦੀ ਬਹਾਈ ਟੀਚਿੰਗ ਇੰਸਟੀਚਿਊਟ ਲਈ ਤਿਆਰ ਕੀਤੇ ਸਨ। ਇਸ ਦਾ ਹਿੰਦੀ ਰੂਪ ਪਹਿਲਾਂ ਹੀ ਪ੍ਰਕਾਸ਼ਤ ਹੋ ਚੁਕਾ ਹੈ। ਅੰਗਰੇਜ਼ੀ ਐਡੀਸ਼ਨ ਲਈ ਮੈਂ ਹੈਂਡ ਆਫ਼ ਦੀ ਕਾਜ਼, ਡਾ: ਆਰ. ਮੋਹਾਜਿਰ ਦਾ ਰਿਣੀ ਹਾਂ ਜਿਨ੍ਹਾਂ ਨਾਂ ਕੇਵਲ ਮੈਨੂੰ ਆਪਣੇ ਇਹ ਲੈਕਚਰ ਤਿਆਰ ਕਰਨ ਲਈ ਉਤਸ਼ਾਹ ਦਿਤਾ ਸਗੋਂ ਆਪਣੇ ਸਿਆਣੇ ਸੁਝਾਵਾਂ ਨਾਲ ਵੀ ਮੈਂਨੂੰ ਨਿਵਾਜਿਆ ਤਾਂ ਜੋ ਮੁਨਾਸਬ ਅਦਲਾ ਬਦਲੀਆਂ ਕਰ ਕੇ ਇਹ ਲੈਕਚਰ ਉਨ੍ਹਾਂ ਦੇਸ਼ਾਂ ਵਿਚ ਵੀ ਵਰਤੇ ਜਾ ਸਕਣ ਜਿਨ੍ਹਾਂ ਵਿਚ ਰਬ ਦੇ ਸੁਨੇਹੇ ਦਾ ਸਰਗਰਮੀ ਨਾਲ ਪ੍ਰਚਾਰ ਹੋ ਰਿਹਾ ਹੈ।

ਇਸ ਸੰਬੰਧ ਵਿਚ ਸ਼੍ਰੀਮਤੀ ਗਲੋਰੀਆ ਫ਼ੈਜ਼ੀ ਨੇ ਵੀ ਮੈਨੂੰ ਖੁਲ੍ਹੇ ਦਿਲ ਆਪਣੀ ਮਿਲਵਰਤਨ ਦੇ ਕੇ ਮੇਰੇ ਕੰਮ ਨੂੰ ਬੜਾ ਸੌਖਿਆਂ ਬਣਾਇਆ ਹੈ। ਉਨ੍ਹਾਂ ਬੜੇ ਤਹੱਮਲ ਨਾਲ ਕਿਤਾਬ ਦੇ ਮਸੌਦੇ ਨੂੰ ਪੜ੍ਹਿਆ ਹੈ ਤੇ ਉਸ ਵਿਚ ਸੋਧਾਂ ਤੇ ਸੁਧਾਰ ਕੀਤੇ ਹਨ।

ਮੈਂ ਇਸ ਪੁਸਤੇਕ "ਨਵੀਂ ਫੁਲਵਾੜੀ" ਦੇ ਪ੍ਰਕਾਸ਼ਨ ਦੀ ਮਨਜ਼ੂਰੀ ਦੇਣ ਲਈ ਭਾਰਤ ਵਿਚ ਬਹਾਈਆਂ ਦੀ ਕੌਮੀ ਰੂਹਾਨੀ ਸਭਾ ਦਾ ਵੀ ਧੰਨਵਾਦੀ ਹਾਂ।

—ਲੇਖਕ

ਨਵੀਂ ਦਿੱਲੀ
ਰਿਦਵਾਨ ੧੧੯

ਸ਼ਰਧਾ ਦੇ ਬੱਚਿਆਂ ਵਿਚ ਐਲਾਨ ਕਰ ਦੇਵੋ ਕਿ ਪਵਿੱਤਰਤਾ ਦੇ ਰਾਜ ਵਿਚਕਾਰ...ਇਕ ਨਵੀਂ ਫੁਲਵਾੜੀ ਪ੍ਰਗਟ ਹੋਈ ਹੈ ਜਿਸ ਦੇ ਚਾਰੋਂ ਤਰਫ ਉੱਚ ਰਾਜ ਦੇ ਵਾਸੀ ਤੇ ਸਭ ਤੋਂ ਚੰਗ ਸਵਰਗ ਦੇ ਅਮਰ ਨਿਵਾਸੀ ਪਰਿਕਰਮਾ ਕਰਦੇ ਹਨ। ਇਸ ਲਈ ਯਤਨ ਕਰੋ ਤਾਂਕਿ ਤੁਸੀਂ ਵੀ ਇਸ ਪਦਵੀ ਨੂੰ ਪ੍ਰਾਪਤ ਕਰ ਸਕੋ ਜਿਸਦੇ ਫਲਸਵਰੂਪ ਤੁਸੀਂ ਇਸ ਦੇ ਹਵਾ ਦੇ ਝੋਂਕਿਆਂ ਨਾਲ ਹਿਲਣ ਵਾਲੇ ਫੁਲਾਂ ਦਾ ਭੇਦ ਸੁਲਝਾ ਸਕੋ ਅਤੇ ਇਸ ਦੇ ਅਮਰ ਫੁਲਾਂ ਦੇ ਦਿਵਯ ਅਤੇ ਉਚੇ ਭੇਦਾਂ ਨੂੰ ਸਿਖ ਸਕੋ.....

–'ਬਹਾਉੱਲਾਹ'

ਇਹ ਪੁਸਤਕ "ਨਵੀਂ ਫੁਲਵਾੜੀ" ਮੇਰੇ ਧੰਨਵਾਦ ਦੇ ਪ੍ਰਤੀਕ ਵਜੋਂ ਭਾਰਤ ਦੀ ਸੂਝਵਾਨ ਜਨਤਾ ਦੇ ਨਾਂ ਸਮਰਪਣ ਹੈ ਜਿਸ ਤੋਂ ਮੈਂ ਲਗਨ, ਸਾਫ-ਦਿਲੀ ਤੇ ਪਿਆਰ ਦੇ ਨੇਕ ਸਬਕ ਸਿਖੇ ਹਨ।

ਹੁਸ਼ਮੰਦ ਫਤਿਆਬਮ

ਤਤਕਰਾ

੧.	ਪਰਮਾਤਮਾ ਤੇ ਉਸ ਦਾ ਧਰਮ	੧—੧੫
੨.	ਈਸ਼ਵਰ ਅਵਤਾਰ	੧੬—੪੨
੩.	ਸੰਵਿਦਾ	੪੩—੫੪
੪.	ਕੁਝ ਸਿਖਿਆਵਾਂ ਤੇ ਨਿਯਮ	੫੫—੬੩
੫.	ਪ੍ਰਸ਼ਾਸ਼ਨ	੬੪—੧੪੧
੬.	ਕੁਝ ਨੇਮ ਤੇ ਫਰਜ਼	੧੪੨—੧੭੬

"ਪਰਮਾਤਮਾ ਤੇ ਉਸਦਾ ਧਰਮ"

ਸਾਡੇ ਜੀਵਨ ਦਾ ਉਦੇਸ਼

ਕੀ ਤੁਸੀਂ ਕਦੀ ਕਿਸੇ ਜੰਗਲ ਦੀ ਖੇਤ ਨਾਲ ਤੁਲਨਾ ਕੀਤੀ ਹੈ ? ਜੰਗਲ ਵਿਚ ਪੇੜ ਬੇਢੰਗ ਨਾਲ ਪੈਦਾ ਹੁੰਦੇ ਹਨ, ਸੰਘਣੀਆਂ ਝਾੜੀਆਂ ਤੇ ਉਲਝੀਆਂ ਹੋਈਆਂ ਵੇਲਾਂ ਹੁੰਦੀਆਂ ਹਨ। ਖੇਤ ਦੀ ਹੱਦ ਹੁੰਦੀ ਹੈ, ਹਲ ਚਲਿਆ ਹੁੰਦਾ ਹੈ, ਨਹਿਰਾਂ ਤੇ ਨਾਲਿਆਂ ਦਾ ਜਾਲ ਵਿਛਿਆ ਹੁੰਦਾ ਹੈ। ਕਿਤੇ ਮੱਕੀ ਬੋਈ ਹੁੰਦੀ ਹੈ ਤਾਂ ਕਿਤੇ ਗੰਨੇ ਦਾ ਖੇਤ ਹੁੰਦਾ ਹੈ।

ਬੇਢੰਗੇ ਜੰਗਲ ਤੇ ਖੇਤ ਵਿਚ ਕੀ ਫਰਕ ਹੈ ?

ਖੇਤ ਦੀ ਹਰ ਚੀਜ਼ ਵਿਚ ਤੁਸੀਂ ਇਕ ਢੰਗ ਦੇਖੋਗੇ ਜਦੋਂ ਕਿ ਜੰਗਲ ਵਿਚ ਕੋਈ ਢੰਗ ਨਹੀਂ ਹੁੰਦਾ। ਖੇਤ ਦੀ ਹਰ ਚੀਜ਼ ਵਲ ਧਿਆਨ ਦਿਤਾ ਜਾਂਦਾ ਹੈ ਅਤੇ ਚੌਕਸੀ ਕੀਤੀ ਜਾਂਦੀ ਹੈ ਜਦ ਕਿ ਜੰਗਲ ਵਿਚ ਹਰ ਚੀਜ਼ ਆਪਣੇ ਆਪ ਬਿਨਾਂ ਕਿਸੇ ਢੰਗ ਤੋਂ ਪੈਦਾ ਹੁੰਦੀ ਹੈ।

ਜਿਥੇ ਕਿਤੇ ਵੀ ਢੰਗ ਹੁੰਦਾ ਹੈ ਉਸ ਦੇ ਪਿਛੇ ਜ਼ਰੂਰ ਕੋਈ ਉਦੇਸ਼ ਹੁੰਦਾ ਹੈ।

ਅਸੀਂ ਖੇਤਾਂ ਨੂੰ ਬਿਨਾਂ ਮਤਲਬ ਨਹੀਂ ਬਣਾਂਦੇ। ਅਸੀਂ ਖੂਹ ਤੇ ਨਹਿਰਾਂ ਬਿਨਾਂ ਕਿਸੇ ਉਦੇਸ਼ ਤੋਂ ਨਹੀਂ ਖੋਦਦੇ। ਇਨ੍ਹਾਂ ਸਭ ਦੇ ਪਿਛੇ ਸਾਡਾ ਕੋਈ ਉਦੇਸ਼ ਹੈ।

ਜੇ ਇਨ੍ਹਾਂ ਦੇ ਪਿਛੇ ਸਾਡਾ ਕੋਈ ਮਤਲਬ ਨਾ ਹੁੰਦਾ ਤਾਂ ਅਸੀਂ ਇਨ੍ਹਾਂ ਨੂੰ ਬਾਰਸ਼, ਧੁੱਪ ਤੇ ਹਵਾ ਦੇ ਲਈ ਖੁੱਲ੍ਹਾ ਛਡ ਦੇਂਦੇ। ਅਸੀਂ ਇਸ ਨੂੰ ਜੰਗਲ ਬਣ ਜਾਣ ਦਿੰਦੇ ਜਿਸ ਵਿਚ ਜੰਗਲੀ ਜੀਵ ਰਹਿੰਦੇ।

ਖੇਤ ਵਿਚ ਇਕ ਢੰਗ ਹੁੰਦਾ ਹੈ। ਖੇਤ ਦਾ ਕੋਈ ਮਤਲਬ ਹੁੰਦਾ ਹੈ।

ਸ੍ਰਿਸ਼ਟੀ ਨੂੰ ਪੂਰੀ ਤਰ੍ਹਾਂ ਦੇਖੋ। ਕੀ ਤੁਹਾਨੂੰ ਹਰ ਚੀਜ਼ ਵਿਚ ਪੂਰੀ ਵਿਵਸਥਾ ਨਹੀਂ ਦਿਖਾਈ ਦੇਂਦੀ। ਚੰਨ ਵਲ ਵੇਖੋ, ਕਿਸ ਤਰ੍ਹਾਂ ਇਹ ਵਧਦਾ ਤੇ ਘਟਦਾ ਹੈ। ਅਗਲੇ ਮਹੀਨੇ ਪਹਿਲੇ ਦਿਨ ਦਾ ਚੰਨ ਆਕਾਸ਼ ਵਿਚ ਫਿਰ ਇਸ ਤਰ੍ਹਾਂ ਚਮਕੇਗਾ ਜਿਵੇਂ ਇਹ ਸੁਨਹਿਰੀ ਕਣਾਰ। ੧੪ ਦਿਨ ਹੋਰ ਇੰਤਜ਼ਾਰ ਕਰੋ ਤੇ

ਉਦੋਂ ਚੰਨ ਆਪਣੀ ਪੂਰਨ ਸੁੰਦਰਤਾ ਦੇ ਨਾਲ ਇਕ ਰੂਪ ਭਰੇ ਥਾਲ ਦੀ ਤਰ੍ਹਾਂ ਚੜ੍ਹਦਾ ਹੋਇਆ ਦੇਖੋ। ਤੁਸੀਂ ਚੰਨ ਤੋਂ ਦਿਨਾਂ ਦੀ ਗਿਣਤੀ ਕਰ ਸਕਦੇ ਹੋ, ਕਿਉਂਕਿ ਉਹ ਇਕ ਵਿਵਸਥਾ ਦੇ ਅਨੁਸਾਰ ਘਟਦਾ ਤੇ ਵਧਦਾ ਹੈ। ਸੂਰਜ ਤੋਂ ਮੌਸਮ ਦੇ ਪਰਿਵਰਤਨ ਨੂੰ, ਬੱਚੇ ਦੇ ਜਨਮ ਤੇ ਖੇਤ ਦੇ ਵਿਕਾਸ ਨੂੰ ਦੇਖੋ। ਹਰ ਸਥਾਨ ਤੇ ਇਕ ਵਿਵਸਥਾ ਹੈ ਅਤੇ ਇਸ ਲਈ ਇਨ੍ਹਾਂ ਸਭ ਚੀਜ਼ਾਂ ਪਿਛੇ ਕੋਈ ਮੰਤਵ ਹੈ : ਇਹ ਬੇਮਤਲਬ ਨਹੀਂ ਹੋ ਸਕਦੀਆਂ।

ਸਾਡੀ ਸ੍ਰਿਸ਼ਟੀ ਦਾ ਕੀ ਮੰਤਵ ਹੈ ? ਸਾਡੇ ਸਾਜਣਹਾਰ ਰੱਬ ਨੂੰ ਜਾਣਨਾ ਤੇ ਉਸ ਦੀ ਭਗਤੀ ਕਰਨਾ।

ਜੇ ਅਸੀਂ ਰੱਬ ਨੂੰ ਜਾਣਦੇ ਹਾਂ ਤਾਂ ਸਾਡੀ ਜ਼ਿੰਦਗੀ ਦਾ ਮਕਸਦ ਪੂਰਾ ਹੋ ਜਾਂਦਾ ਹੈ। ਦੀਵੇ ਦਾ ਮੰਤਵ ਹੈ ਰੋਸ਼ਨੀ ਦੇਣਾ। ਬੰਸਰੀ ਦਾ ਮੰਤਵ ਹੈ ਮਿੱਠੀਆਂ ਰਸਭਰੀਆਂ ਆਵਾਜ਼ਾਂ। ਜੇ ਸਾਡੇ ਜੀਵਨ ਦਾ ਮਕਸਦ ਪੂਰਾ ਹੋਣਾ ਹੈ ਤਾਂ ਸਾਨੂੰ ਰੱਬ ਨੂੰ ਜਾਣਨਾ ਚਾਹੀਦਾ ਹੈ। ਜੇ ਅਸੀਂ ਰੱਬ ਨੂੰ ਨਹੀਂ ਜਾਣਦੇ ਤਾਂ ਅਸੀਂ ਬੁਝਿਆਂ ਦੀਵਿਆਂ ਤੇ ਚੁੱਪ ਬੰਸਰੀਆਂ ਦੇ ਸਮਾਨ ਹਾਂ।

ਇਸ ਜੁਗ ਦੇ ਲਈ ਈਸ਼ਵਰ ਦੇ ਮਹਾਨ ਅਵਤਾਰ ਭਗਵਾਨ ਬਹਾਉੱਲਾਹ ਨੇ ਇਕ ਪ੍ਰਾਰਥਨਾ ਪ੍ਰਗਟ ਕੀਤੀ ਜਿਸ ਵਿਚ ਉਹ ਕਹਿੰਦੇ ਹਨ :—

"ਹੇ ਮੇਰੇ ਪ੍ਰਭੂ, ਮੈਂ ਸ਼ਹਾਦਤ ਦੇਂਦਾ ਹਾਂ ਕਿ ਤੈਨੂੰ ਪਹਿਚਾਣਨ ਅਤੇ ਤੇਰੀ ਹੀ ਪੂਜਾ ਕਰਨ ਵਾਸਤੇ ਤੂੰ ਮੈਨੂੰ ਪੈਦਾ ਕੀਤਾ ਹੈ। ਇਸ ਪਲ ਮੈਂ ਆਪਣੀ ਕਮਜ਼ੋਰੀ ਤੇ ਤੇਰੀ ਸਰਵ ਸ਼ਕਤੀ ਮਾਨਤਾ ਆਪਣੀ ਦਲਿੱਦ੍ਰਤਾ ਤੇ ਤੇਰੀ ਸਰਵ ਪੂਰਨਤਾ ਦੀ ਸ਼ਹਾਦਤ ਦਿੰਦਾ ਹਾਂ।"

"ਤੇਰੇ ਸਿਵਾ ਕੋਈ ਦੂਸਰਾ ਈਸ਼ਵਰ ਨਹੀਂ ਹੈ ਅਤੇ ਤੂੰ ਦੁਖਭੰਜਨ ਸ਼ਕਤੀਮਾਨ ਹੈਂ।"

ਭਗਵਾਨ ਬਹਾਉੱਲਾਹ ਨੇ ਹਰ ਰੋਜ਼ ਦੁਪਹਿਰ ਦੇ ਵਕਤ, ਇਹ ਪ੍ਰਾਥਨਾ ਪੜ੍ਹਨ ਦੀ ਆਗਿਆ ਦਿਤੀ ਹੈ, ਤਾਂ ਜੋ ਅਸੀਂ ਈਸ਼ਵਰ ਦੇ ਨਾਮ ਨਾਲ ਭਰਪੂਰ ਬੰਸਰੀਆਂ ਬਣੀਏ ! ਚੁਪ ਬੰਸਰੀਆਂ ਨਹੀਂ।

ਈਸ਼ਵਰ ਨੂੰ ਕਿਸ ਤਰ੍ਹਾਂ ਜਾਣੀਏ

ਧਰਤੀ ਤੇ ਸਾਡਾ ਜੀਵਨ ਮੁਖ ਤੌਰ ਤੇ ਸੂਰਜ ਤੇ ਨਿਰਭਰ ਹੈ। ਇਹ ਸਾਨੂੰ ਰੌਸ਼ਨੀ ਅਤੇ ਜ਼ਿੰਦਗੀ ਦੇਂਦਾ ਹੈ। ਜੇ ਇਕ ਪਲ ਲਈ ਵੀ ਸੂਰਜ ਦੀਆਂ

ਮੇਹਰਾਂ ਸਾਡੇ ਕੋਲੋਂ ਖੋਹ ਲਈਆਂ ਜਾਣ ਤਾਂ ਦੁਨੀਆਂ ਦੀ ਹਰ ਚੀਜ਼ ਮਰ ਜਾਵੇਗੀ। ਫਿਰ ਵੀ ਸੂਰਜ ਕੋਲ ਪਹੁੰਚਣਾ ਸਾਡੇ ਲਈ ਮੁਸ਼ਕਿਲ ਹੈ। ਸਿੱਧਾ ਉਸ ਦੇ ਕੋਲ ਜਾਣਾ ਅਸੰਭਵ ਹੈ। ਜੇ ਅਸੀਂ ਇਸ ਤਰ੍ਹਾਂ ਕਰਾਂਗੇ ਤਾਂ ਜ਼ਿੰਦਗੀ ਤੇ ਰੋਸ਼ਨੀ ਦਾ ਸੋਮਾ ਸੂਰਜ, ਸਾਨੂੰ ਜਲਾ ਕੇ ਸਵਾਹ ਕਰ ਦੇਵੇਗਾ। ਸ਼ਕਤੀਸ਼ਾਲੀ ਸੂਰਜ ਦੇ ਪ੍ਰਕਾਸ਼ ਤੇ ਗਰਮੀ ਨੂੰ ਸਹਿਨ ਕਰਨ ਵਾਸਤੇ ਅਸੀਂ ਬਹੁਤ ਕਮਜ਼ੋਰ ਹਾਂ। ਪਰ ਕਿਰਨਾਂ ਦੁਆਰਾ, ਸੂਰਜ ਸਾਨੂੰ ਸ਼ਕਤੀ, ਗਰਮੀ, ਰੋਸ਼ਨੀ ਤੇ ਜ਼ਿੰਦਗੀ ਦੇਂਦਾ ਹੈ। ਸੂਰਜ ਦੀਆਂ ਕਿਰਨਾਂ ਸੂਰਜ ਨਾਲ ਸਾਡਾ ਜੋੜ ਬਣਾਈ ਰਖਦੀਆਂ ਹਨ।

ਸਰਵ ਸ਼ਕਤੀਮਾਨ, ਮਹਾਂ ਬਲਵਾਨ ਈਸ਼ਵਰ ਸਾਡੀਆਂ ਸੋਚਾਂ ਤੋਂ ਬਹੁਤ ਉੱਚਾ ਹੈ। ਉਹ ਅਗਿਆਤ ਸਾਰ ਹੈ। ਅਸੀਂ ਖੁਦ ਆਪਣੇ ਜਤਨਾਂ ਨਾਲ ਉਸ ਪਾਸ ਕਿਸ ਤਰ੍ਹਾਂ ਪਹੁੰਚ ਸਕਦੇ ਹਾਂ। ਸੂਰਜ ਦੇ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦੇ ਹੋਏ ਅਸੀਂ ਜਲ ਕੇ ਸਵਾਹ ਹੋ ਜਾਵਾਂਗੇ। ਫਿਰ ਅਸੀਂ ਸਭ ਚੀਜ਼ਾਂ ਦੇ ਸਿਰਜਣਹਾਰ, ਮਹਾਨ ਤੇਜਸਵੀ, ਸਭ ਤੋਂ ਉਚੇ ਈਸ਼ਵਰ ਦੇ ਕੋਲ ਜਾਣ ਦੀ ਉਮੀਦ ਕਿਸ ਤਰ੍ਹਾਂ ਕਰ ਸਕਦੇ ਹਾਂ : ਅਸੀਂ ਉਸ ਦੇ ਕੋਲ ਨਹੀਂ ਜਾ ਸਕਦੇ, ਉਹ ਸਾਡੇ ਕੋਲ ਆ ਸਕਦਾ ਹੈ। ਸੂਰਜ ਆਪਣੀ ਸ਼ਕਤੀ, ਕਿਰਨਾਂ ਦੁਆਰਾ ਸਾਡੇ ਕੋਲ ਭੇਜਦਾ ਹੈ। ਈਸ਼ਵਰ ਦਾ ਮਾਰਗ-ਦਰਸ਼ਨ ਤੇ ਮਾਣ, ਉਸ ਦੇ ਅਵਤਾਰਾਂ, ਜਿਸ ਤਰ੍ਹਾਂ ਕਿ ਕ੍ਰਿਸ਼ਨ, ਮਸੀਹ, ਮੁਹੰਮਦ ਅਤੇ ਬਹਾਉੱਲਾਹ ਦੁਆਰਾ ਸਾਨੂੰ ਪ੍ਰਾਪਤ ਹੁੰਦਾ ਹੈ। ਈਸ਼ਵਰ ਦੇ ਅਵਤਾਰ ਹੀ ਇਕ ਮਾਤਰ ਤਰੀਕਾ ਹਨ ਜੋ ਸਾਨੂੰ ਈਸ਼ਵਰ ਦੇ ਕੋਲ ਲੈ ਜਾ ਸਕਦੇ ਹਨ। ਜੇਕਰ ਇਹ ਨਾ ਹੁੰਦੇ ਤਾਂ ਸਾਡਾ ਸੰਸਾਰ ਇਕ ਹਨੇਰੀ ਰਾਤ ਸਮਾਨ ਹੁੰਦਾ ਅਤੇ ਸਾਡੇ ਜੀਵਨ ਕੇਵਲ ਮੌਤ ਬਰਾਬਰ।

ਜੇ ਅਸੀ ਈਸ਼ਵਰ ਦੇ ਅਵਤਾਰਾਂ ਨੂੰ ਪਰਵਾਨ ਕਰਦੇ ਹਾਂ ਤਾਂ ਹੀ ਅਸੀਂ ਈਸ਼ਵਰ ਨੂੰ ਪਰਵਾਨ ਕਰਦੇ ਹਾਂ। ਜੇ ਅਸੀਂ ਉਨ੍ਹਾਂ ਦੀ ਨਿਖੇਧੀ ਕਰਦੇ ਹਾਂ ਤਾਂ ਅਸੀਂ ਈਸ਼ਵਰ ਦੀ ਨਿਖੇਧੀ ਕਰਦੇ ਹਾਂ।

ਸਾਡੇ ਜੁਗ ਦੇ ਈਸ਼ਵਰ, ਬਹਾਉੱਲਾਹ ਸਾਨੂੰ ਦਸਦੇ ਹਨ :—

ਪ੍ਰਾਚੀਨ ਪਰਮਾਤਮਾਂ ਦੇ ਪੂਰਨ ਗਿਆਨ ਦੇ ਬੂਹੇ ਮਨੁੱਖ ਤੇ ਹਮੇਸ਼ਾ ਬੰਦ ਰਹੇ ਤੇ ਭਵਿੱਖ ਵਿਚ ਵੀ ਹਮੇਸ਼ਾ ਬੰਦ ਰਹਿਣਗੇ। ਕਿਸੇ ਵੀ ਮਨੁੱਖ ਦੀ ਸਮਝ ਉਸ ਦੇ ਪਵਿੱਤਰ ਦਰਬਾਰ ਵਿਚ ਦਾਖਲਾ ਨਹੀਂ ਪਾ

ਸਕੇਗੀ। ਫਿਰ ਵੀ ਆਪਣੀ ਦਯਾ ਦੇ ਨਿਸ਼ਾਨ ਸਰੂਪ ਤੇ ਆਪਣੀ ਪਿਆਰ ਭਰੀ ਬਖਸ਼ਿਸ਼ ਦੇ ਪ੍ਰਮਾਨ ਸਰੂਪ ਉਸ ਨੇ ਆਪਣੇ ਦੈਵੀ ਮਾਰਗ ਦਰਸ਼ਨ ਦੇ ਸੂਰਜਾਂ ਨੂੰ ਮਨੁੱਖ ਦੇ ਵਾਸਤੇ ਪ੍ਰਗਟ ਕੀਤਾ ਹੈ ਜੋ ਉਸ ਦੀ ਦੈਵੀ ਏਕਤਾ ਦੇ ਨਿਸ਼ਾਨ ਹਨ ਅਤੇ ਇਨ੍ਹਾਂ ਪਵਿੱਤਰ ਜੀਵਾਂ ਦੇ ਗਿਆਨ ਨੂੰ ਆਪਣੇ ਗਿਆਨ ਦੇ ਬਰਾਬਰ ਬਣਾਇਆ ਹੈ। ਜਿਸ ਕਿਸੇ ਨੇ ਵੀ ਉਸ ਨੂੰ ਪਰਵਾਨ ਕੀਤਾ ਹੈ ਉਸ ਨੇ ਈਸ਼ਵਰ ਨੂੰ ਪਰਵਾਨ ਕੀਤਾ ਹੈ। ਜਿਸ ਕਿਸੇ ਨੇ ਉਨ੍ਹਾਂ ਦੀ ਆਵਾਜ਼ ਨੂੰ ਸੁਣਿਆਂ ਹੈ, ਉਸ ਨੇ ਈਸ਼ਵਰ ਦੀ ਆਵਾਜ਼ ਨੂੰ ਸੁਣਿਆਂ ਹੈ ਅਤੇ ਜਿਸ ਕਿਸੇ ਨੇ ਉਸ ਦੀ ਪ੍ਰਕਾਸ਼ਨਾਂ ਦੀ ਸੱਚਾਈ ਦੀ ਸ਼ਹਾਦਤ ਦਿਤੀ ਹੈ, ਉਸ ਨੇ ਆਪਣੇ ਆਪ ਈਸ਼ਵਰ ਦੀ ਸੱਚਾਈ ਦੀ ਸ਼ਹਾਦਤ ਦਿਤੀ ਹੈ। ਜੋ ਕੋਈ ਵੀ ਉਨ੍ਹਾਂ ਵਿਚ ਅਵਿਸ਼ਵਾਸ ਪ੍ਰਗਟ ਕਰਦਾ ਹੈ ਉਹ ਖੁਦ ਈਸ਼ਵਰ ਵਿਚ ਅਵਿਸ਼ਵਾਸ ਰਖਦਾ ਹੈ। ਉਨ੍ਹਾਂ (ਅਵਤਾਰਾਂ) ਵਿਚ, ਹਰ ਇਕ ਈਸ਼ਵਰ ਦਾ ਰਸਤਾ ਹੈ ਜੋ ਇਸ ਸੰਸਾਰ ਨੂੰ ਉਸ ਦੇ ਰਾਜ ਨਾਲ ਜੋੜਦਾ ਹੈ ਅਤੇ ਸਵਰਗ ਤੇ ਧਰਤੀ ਦੇ ਰਾਜ ਵਿਚ ਹਰ ਇਕ ਨੇ ਉਸ ਦੀ ਸਚਾਈ ਦੀ ਪ੍ਰਮਾਣਤਾ ਕੀਤੀ ਹੈ। ਮਨੁੱਖਾਂ ਦੇ ਵਿਚ ਉਹ ਈਸ਼ਵਰ ਦੇ ਅਵਤਾਰ ਹਨ, ਉਸ ਦੀ ਸਚਾਈ ਦੇ ਸਬੂਤ ਤੇ ਉਸ ਦੇ ਮਾਣ ਦੇ ਨਿਸ਼ਾਨ ਹਨ।

ਈਸ਼ਵਰ ਪ੍ਰੇਮ

ਈਸ਼ਵਰ ਅਵਤਾਰਾਂ ਦਾ ਗਿਆਨ ਸਾਡੇ ਦਿਲਾਂ ਵਿਚ ਪ੍ਰਮਾਤਮਾ ਵਾਸਤੇ ਪਿਆਰ ਪੈਦਾ ਕਰਦਾ ਹੈ। ਈਸ਼ਵਰ ਪ੍ਰੇਮ, ਬੇਅੰਤ ਖੁਸ਼ੀ ਦਾ ਸਾਧਨ ਹੈ। ਜਿਸ ਤਰ੍ਹਾਂ ਕਿ ਭਗਵਾਨ ਬਹਾਉੱਲਾਹ ਨੇ ਕਿਹਾ ਹੈ ਕਿ ਪਿਆਰ ਸਾਡੀ ਪੈਦਾਇਸ਼ ਦਾ ਕਾਰਣ ਹੈ :

> ਹੇ ਮਨੁੱਖ ਪੁੱਤਰ ! ਮੇਰੀ ਅਪਾਰ ਹੋਂਦ ਤੇ ਮੇਰੇ ਸਾਰ ਦੇ ਪੁਰਾਤਨਵ ਅੰਮਰਤਾ ਵਿਚ ਲੁਕੇ ਹੋਏ ਤੇਰੇ ਵਲ ਆਪਣੇ ਪਿਆਰ ਨੂੰ ਮੈਂ ਜਾਣਦਾ ਸੀ ਇਸ ਵਾਸਤੇ ਮੈਂ ਤੈਨੂੰ ਪੈਦਾ ਕੀਤਾ ਹੈ, ਆਪਣੇ ਆਕਾਰ ਨੂੰ ਤੇਰੇ ਵਿਚ ਰਚਿਆ ਤੇ ਤੇਰੇ ਉਤੇ ਆਪਣੀ ਸੁੰਦਰਤਾ ਦਾ ਪ੍ਰਗਟਾਵਾ ਕੀਤਾ ਹੈ।

ਈਸ਼ਵਰ ਨੇ ਸਾਨੂੰ ਪਿਆਰ ਕੀਤਾ ਸੀ ਤੇ ਜਨਮ ਦਿਤਾ ਸੀ, ਇਸ ਲਈ ਸਾਨੂੰ ਇਕੱਲਾ ਬੇਸਹਾਰਾ ਨਹੀਂ ਛਡੇਗਾ। ਉਹ ਵਕਤ ਵਕਤ ਤੇ ਆਪਣੇ ਆਪ ਨੂੰ ਸਾਡੇ ਤੇ ਪ੍ਰਗਟ ਕਰਦਾ ਹੈ। ਅਬਦੁਲਬਹਾ ਕਹਿੰਦੇ ਹਨ :—

> ਇਸ ਗੱਲ ਨੂੰ ਸੋਚੋ ਕਿ ਈਸ਼ਵਰ ਪ੍ਰੇਮ ਕਿਸ ਹੱਦ ਤਕ ਆਪਣੇ ਆਪ ਨੂੰ ਪ੍ਰਤੱਖ ਕਰਦਾ ਹੈ। ਸੰਸਾਰ ਵਿਚ ਪ੍ਰਗਟ ਹੋਣ ਵਾਲੇ ਉਸ ਦੇ ਪਿਆਰ ਨਿਸ਼ਾਨਾਂ ਵਿਚ ਉਸ ਦੇ ਅਵਤਾਰ ਰੂਪ ਉਦਯਾਚਲ ਵੀ ਹਨ। ਦੈਵੀ ਅਵਤਾਰਾਂ ਦੁਆਰਾ ਮਨੁੱਖ ਮਾਤਰ ਲਈ ਪਿਆਰ ਦੀ ਕਿੰਨੀ ਬੇਹੱਦ ਮਾਤਰਾ ਪ੍ਰਤੀਬਿੰਬਤ ਕੀਤੀ ਜਾਂਦੀ ਹੈ। ਮਨੁੱਖੀ ਦਿਲਾਂ ਨੂੰ ਦੁਬਾਰਾ ਜੀਵਨ ਦਾਨ ਕਰਨ ਦੇ ਵਾਸਤੇ, ਲੋਕਾਂ ਦੇ ਮਾਰਗ ਦਰਸ਼ਨ ਦੇ ਲਈ, ਈਸ਼ਵਰ ਅਵਤਾਰਾਂ ਨੇ ਆਪਣੀ ਇੱਛਾ ਨਾਲ ਆਪਣੇ ਜੀਵਨ ਕੁਰਬਾਨ ਕਰ ਦਿਤੇ। ਉਨ੍ਹਾਂ ਨੇ ਸੂਲੀ ਤੇ ਚੜ੍ਹਨਾ ਕਬੂਲ ਕੀਤਾ। ਮਨੁੱਖੀ ਆਤਮਾਵਾਂ ਦੇ ਵਿਕਾਸ ਦੀ ਉੱਚ ਪਦਵੀ ਪ੍ਰਾਪਤ ਕਰ ਸਕਣ ਦੇ ਯੋਗ ਬਨਾਣ ਵਾਸਤੇ ਉਨ੍ਹਾਂ ਨੇ ਆਪਣੇ ਜੀਵਨ ਦੇ ਥੋੜੇ ਸਾਲਾਂ ਵਿਚ ਮੁਸ਼ਿਕਲ ਤੋਂ ਮੁਸ਼ਕਿਲ ਇਮਤਿਹਾਨ ਸਹੇ ਹਨ।

> ਵਿਚਾਰ ਕਰੋ ਕਿ ਮਨੁੱਖੀ ਆਤਮਾਵਾਂ ਕਿੰਨੀ ਵਿਹਲਤਾ ਨਾਲ ਦੂਸਰਿਆਂ ਵਾਸਤੇ ਆਪਣੀ ਖੁਸ਼ੀ ਤੇ ਸੁਖ ਦਾ ਤਿਆਗ ਕਰਦੀਆਂ ਹਨ। ਇਹ ਕਿੰਨਾ ਮੁਸ਼ਕਿਲ ਹੈ ਕਿ ਕੋਈ ਮਨੁੱਖ ਕਿਸੇ ਦੂਸਰੇ ਦੇ ਹਿਤ ਵਾਸਤੇ ਆਪਣੀ ਅੱਖ ਦੇ ਦੇਵੇ ਯਾ ਖੁਦ ਅਪੰਗ ਬਣ ਜਾਵੇ। ਫਿਰ ਵੀ ਮਨੁੱਖ ਮਾਤਰ ਦੇ ਵਾਸਤੇ ਦੈਵੀ ਅਵਤਾਰਾਂ ਨੇ ਔਖਿਆਈਆਂ ਸਹੀਆਂ, ਆਪਣਾ ਜੀਵਨ ਤੇ ਖੂਨ ਦਿਤਾ ਆਪਣੀ ਹੋਂਦ, ਸੁਖ ਅਤੇ ਜੋ ਕੁਝ ਵੀ ਉਨ੍ਹਾਂ ਕੋਲ ਸੀ ਉਹ ਸਭ ਕੁਰਬਾਨ ਕਰ ਦਿਤਾ। ਇਸ ਲਈ ਜ਼ਰਾ ਸੋਚੋ ਕਿ ਪਿਆਰ ਕਿੰਨਾਂ ਡੂੰਘਾ ਹੈ। ਜੇ ਉਨ੍ਹਾਂ ਦਾ ਪ੍ਰਕਾਸ਼ ਨਾ ਹੁੰਦਾ ਤਾਂ ਮਨੁੱਖੀ ਆਤਮਾਵਾਂ ਜਾਗਰਤ ਨਾ ਹੁੰਦੀਆਂ। ਉਨ੍ਹਾਂ ਦਾ ਸਨੇਹ ਕਿੰਨਾਂ ਅਸਰ ਵਾਲਾ ਹੈ.....ਇਹ ਈਸ਼ਵਰ ਸਨੇਹ ਦਾ ਪ੍ਰਤੀਕ ਹੈ, ਸਚਾਈ ਦੇ ਸੂਰਜ ਦੀ ਇਕ ਕਿਰਨ ਹੈ।

ਪ੍ਰਮਾਤਮਾ ਸਾਡੇ ਨਾਲ ਪਿਆਰ ਕਰਦਾ ਹੈ। ਉਹ ਚਾਹੁੰਦਾ ਹੈ ਕਿ ਅਸੀਂ ਵੀ ਉਸ ਨਾਲ ਪਿਆਰ ਕਰੀਏ।

"ਐ ਅਦਭੁਤ ਨਜ਼ਰ ਦੇ ਪੁੱਤਰ" ਈਸ਼ਵਰ ਬਹਾਉੱਲਾਹ ਕਹਿੰਦ ਹਨ "ਮੈਂ ਤੇਰੇ ਅੰਦਰ ਆਪਣੇ ਆਪ ਆਪਣੀ ਆਤਮਾ ਦਾ ਇਕ ਸਾਹ ਫੂਕਿਆ ਹੈ ਤਾਂ ਜੋ ਤੂੰ ਮੇਰਾ ਪ੍ਰੇਮੀ ਬਣੇਂ। ਤੂੰ ਮੈਨੂੰ ਕਿਉਂ ਤਿਆਗ ਦਿਤਾ ਹੈ ਅਤੇ ਮੇਰੇ ਸਿਵਾ ਕਿਸੇ ਹੋਰ ਨੂੰ ਪ੍ਰੀਤਮ ਬਣਾ ਲਿਆਂ ਹੈ ?"

ਪ੍ਰਮਾਤਮਾ ਦਾ ਪ੍ਰੇਮੀ ਬਣਨਾ ਹੀ ਹਰ ਇਕ 'ਬਹਾਈ' ਦੇ ਜੀਵਨ ਦਾ ਇਕ ਮਾਤਰ ਮਕਸਦ ਹੈ। ਪ੍ਰਮਾਤਮਾ ਨੂੰ ਆਪਣਾ ਨੇੜੇ ਦਾ ਸਾਥੀ, ਆਪਣਾ ਪੱਕਾ ਦੋਸਤ, ਆਪਣਾ ਅਦਿਤੀਯ ਪ੍ਰੀਤਮ ਬਣਾਣਾ ਜਿਸ ਦੀ ਹਾਜਰੀ ਵਿਚ ਖੁਸ਼ੀ ਪੂਰਨ ਤੌਰ ਤੇ ਪ੍ਰਾਪਤ ਹੋ ਜਾਂਦੀ ਹੈ ਅਤੇ ਪ੍ਰਮਾਤਮਾ ਨਾਲ ਪਿਆਰ ਕਰਨ ਦਾ ਮਕਸਦ ਹੈ ਹਰ ਚੀਜ਼ ਤੇ ਹਰ ਇਕ ਮਨੁਖ ਨਾਲ ਪਿਆਰ ਕਰਨਾ, ਕਿਉਂਕਿ ਉਹ ਸਭ ਪ੍ਰਮਾਤਮਾ ਦੇ ਹੀ ਹਨ। ਅਸਲੀ ਬਹਾਈ ਸੰਪੂਰਨ ਪ੍ਰੇਮੀ ਹੋਵੇਗਾ। ਉਹ ਉਤਸ਼ਾਹ ਪੂਰਵਕ ਹਰ ਇਕ ਨਾਲ ਸਾਫ ਦਿਲ ਨਾਲ ਪਿਆਰ ਕਰੇਗਾ। ਉਹ ਕਿਸੀ ਤੋਂ ਘਿਰਣਾ ਨਹੀਂ ਕਰੇਗਾ। ਉਹ ਕਿਸੇ ਨਾਲ ਨਫਰਤ ਨਹੀਂ ਕਰੇਗਾ ਕਿਉਂਕਿ ਹਰ ਚੇਹਰੇ 'ਚ ਪ੍ਰੀਤਮ ਦਾ ਚੇਹਰਾ ਦੇਖਣਾ ਤੇ ਹਰ ਸਥਾਨ ਤੇ ਉਸ ਦੇ ਨਿਸ਼ਾਨ ਲਭਣਾ ਸਿੱਖ ਜਾਵੇਗਾ। ਉਸ ਦਾ ਪ੍ਰੇਮ ਫਿਰਕਾ, ਦੇਸ਼, ਵਰਗ ਤੇ ਜਾਤਿ ਦੀਆਂ ਹੱਦਾਂ ਤੋਂ ਪਰੇ ਹੋਵੇਗਾ।*

ਜੇ ਸਾਡੇ ਦਿਲਾਂ ਵਿਚ ਪ੍ਰਭੂ ਦਾ ਪਿਆਰ ਹੋਵੇਗਾ ਤਾਂ ਮਨੁੱਖ ਦਾ ਮਨੁੱਖ ਨਾਲ ਪਿਆਰ ਕਰਨਾ ਆਸਾਨ ਹੋਵੇਗਾ। ਅਬਦੁਲਬਹਾ ਦੇ ਸ਼ਬਦਾਂ ਵਿਚ "ਚੇਲਿਆਂ ਦੇ ਦਿਲਾਂ ਵਿਚ ਜੋ ਪਿਆਰ ਹੁੰਦਾ ਹੈ ਉਹ ਖਿਆਲਾਂ ਦੇ ਏਕੇ ਦੇ ਆਦਰਸ਼ ਤੋਂ ਉਤਸਾਹਿਤ ਹੁੰਦਾ ਹੈ। ਇਹ ਪਿਆਰ ਪ੍ਰਭੂ ਗਿਆਨ ਦੇ ਸਾਧਨ ਦੁਆਰਾ ਪ੍ਰਾਪਤ ਹੁੰਦਾ ਹੈ ਤਾਂ ਜੋ ਲੋਕ ਦੈਵੀ ਪਿਆਰ ਨੂੰ ਦਿਲਾਂ ਵਿਚ ਪ੍ਰਤੀਬਿੰਬਤ ਹੁੰਦਾ ਦੇਖਣ। ਹਰ ਇਨਸਾਨ ਦੂਸਰੇ ਇਨਸਾਨ ਦੀ ਆਤਮਾ ਵਿਚ ਪ੍ਰਮਾਤਮਾ ਦੀ ਸੁੰਦਰਤਾ ਦੀ ਝਲਕ ਦੇਖਦਾ ਹੈ ਅਤੇ ਇਸ ਸਮਾਨਬਿੰਦ ਨੂੰ ਪਾ ਕੇ ਇਕ ਦੂਜੇ ਵਲ ਪਿਆਰ ਬੰਧਨ ਵਿਚ ਖਿੱਚੇ ਜਾਂਦੇ ਹਨ। ਇਹ ਸਨੇਹ ਸਭ

*ਬਹਾਉੱਲਾਹ ਤੇ ਨਵਾਂ ਜੁਗ

ਨੂੰ ਇਕ ਹੀ ਸਮੁੰਦਰ ਦੀਆਂ ਲਹਿਰਾਂ ਬਣਾ ਦੇਵੇਗਾ। ਇਹ ਸਨੇਹ ਸਭ ਨੂੰ ਇਕ ਆਸਮਾਨ ਦੇ ਤਾਰੇ ਤੇ ਇਕ ਦਰੱਖਤ ਦੇ ਫਲ ਬਣਾ ਦੇਵੇਗਾ। ਇਹ ਸਨੇਹ ਅਸਲੀ ਏਕਤਾ ਦੀ ਨੀਂਹ ਅਰਥਾਤ ਸੱਚੀ ਸਹਿਮਤੀ ਦੀ ਪ੍ਰਾਪਤੀ ਨੂੰ ਪੱਕਾ ਬਣਾਵੇਗਾ।

ਈਸ਼ਵਰ ਦੀ ਆਵਾਜ਼ ਨੂੰ ਯਾਦ ਰਖੋ :

ਐ ਬੇਹੋਂਦ ਪੁੱਤਰ ! ਮੇਰੇ ਨਾਲ ਪਿਆਰ ਕਰ ਤਾਂ ਜੋ ਮੈਂ ਤੇਰੇ ਨਾਲ ਪਿਆਰ ਕਰਾਂ। ਜੇ ਤੂੰ ਮੇਰੇ ਨਾਲ ਪਿਆਰ ਨਹੀਂ ਕਰਦਾ ਤਾਂ ਮੇਰਾ ਪਿਆਰ ਕਿਸੇ ਵੀ ਤਰੀਕੇ ਨਾਲ ਤੇਰੇ ਕੋਲ ਨਹੀਂ ਪਹੁੰਚ ਸਕਦਾ। ਐ ਸੇਵਕ, ਇਸ ਗੱਲ ਨੂੰ ਜਾਣ ਲੈ।

ਧਰਮ ਦੀ ਏਕਤਾ

ਜਦ ਅਸੀਂ ਬਹਾਈ ਬਣਦੇ ਹਾਂ ਤਾਂ ਇਸ ਗੱਲ ਵਿਚ ਵਿਸ਼ਵਾਸ ਰਖਦੇ ਹਾਂ ਕਿ ਪਿਛਲੇ ਸਭ ਧਰਮ ਮੂਲ ਤੌਰ ਤੇ ਦੈਤਯ ਸਨ। ਬਹਾਈ ਬਣਨ ਦੇ ਲਈ ਅਸੀਂ ਇਸ ਕਾਰਣ ਆਪਣਾ ਧਰਮ ਨਹੀਂ ਬਦਲਦੇ ਕਿਉਂਕਿ ਸਾਨੂੰ ਭਰੋਸਾ ਹੈ ਕਿ ਈਸ਼ਵਰ ਦਾ ਕੇਵਲ ਇਕ ਧਰਮ ਹੈ ਜੋ ਵਕਤ ਵਕਤ ਤੇ ਸਾਡੇ ਕੋਲ ਆਉਂਦਾ ਹੈ। ਸਾਰੇ ਜੁਗਾਂ ਦੇ ਧਰਮਾਂ ਨੂੰ ਕਬੂਲ ਕਰਕੇ, ਪ੍ਰਭੂ ਵਿਚ ਆਪਣੇ ਵਿਸ਼ਵਾਸ ਨੂੰ ਅਸੀਂ ਹੋਰ ਪੂਰਨ ਬਣਾ ਲਿਆ ਹੈ। ਅਸਲ ਵਿਚ ਅਸੀਂ ਇਸ ਨੂੰ ਬਦਲਿਆ ਨਹੀਂ ਹੈ। ਬੀਜ ਤੋਂ ਜੜ੍ਹਾਂ ਬਣਦੀਆਂ ਹਨ ਫਿਰ ਤਣਾ ਤੇ ਟਾਹਣੀਆਂ ਬਣਦੀਆਂ ਹਨ ਅਤੇ ਇਸ ਤੇ ਪੱਤੇ ਫੁੱਲ ਤੇ ਫਲ ਲਗਦੇ ਹਨ। ਪੇੜ ਹਰ ਵਕਤ ਉਹੀ ਹੁੰਦਾ ਹੈ। ਉਹ ਬਦਲਦਾ ਨਹੀਂ ਹੈ। ਇਹ ਕੇਵਲ ਵਧਦਾ ਹੈ। ਸੂਰਜ ਉਹੀ ਸੂਰਜ ਹੈ, ਚਾਹੇ ਧਰਤੀ ਦੇ ਕਿਸੇ ਕੋਨੇ ਤੋਂ ਚੜ੍ਹਦਾ ਹੋਵੇ। ਅੰਧ-ਵਿਸ਼ਵਾਸ ਅਤੇ ਅਗਿਆਨਤਾ ਦੇ ਕਾਰਣ ਸੰਸਾਰ ਦੇ ਲੋਕ ਉਸ ਸ਼ਿਤਿਜ ਦੀ ਭਗਤੀ ਕਰਦੇ ਹਨ ਜਿਥੋਂ ਕਿ ਉਹਨਾਂ ਦੇ ਪੂਰਵਜਾਂ ਨੇ ਪ੍ਰਭੂ ਅਵਤਾਰ ਨੇ ਸੂਰਜ ਨੂੰ ਚੜ੍ਹਦੇ ਹੋਏ ਦੇਖਿਆ ਸੀ। ਜੇ ਓਹੀ ਸੂਰਜ ਧਰਤੀ ਦੇ ਕਿਸੀ ਹੋਰ ਕੋਨੇ ਤੋਂ ਚੜ੍ਹਦਾ ਤਾਂ ਇਹ ਉਸ ਦੀ ਨਿਖੇਧੀ ਕਰਦੇ ਅਤੇ ਗੁੰਝਲਾਂ ਵਿਚ ਫਸ ਜਾਂਦੇ। ਪਰ ਜਦੋਂ ਅਸੀਂ ਸੂਰਜ ਨੂੰ ਦੇਖਦੇ ਹਾਂ ਤਾਂ ਅਸੀਂ ਪਛਾਣ ਜਾਂਦੇ ਹਾਂ ਕਿ ਇਹ ਓਹੀ ਸੂਰਜ ਹੈ ਜੋ ਪਹਿਲੇ ਦੂਸਰਿਆਂ ਨਰਕਾਸੁਰਾਂ ਤੋਂ ਚੜ੍ਹਿਆ ਸੀ।

ਬਹਾਈਆਂ ਦਾ ਵਿਸ਼ਵਾਸ ਹੈ ਕਿ ਪਿਛਲੇ ਈਸ਼ਵਰ ਅਵਤਾਰਾਂ ਦੀ ਪਦਵੀ ਤੇ ਮਕਸਦ ਇਕੋ ਹੀ ਹੈ। ਉਹ ਸਭ ਪ੍ਰਭੂ ਦੇ ਪਵਿੱਤਰ ਪੇੜ ਦੇ ਵਿਕਾਸ ਵਿਚ ਸਹਾਇਤਾ ਕਰਨ ਵਾਲੇ ਦੈਵੀ ਮਾਲੀ ਹਨ। ਇਸ ਲਈ ਜਦੋਂ ਅਸੀਂ ਬਹਾਈ ਬਣਦੇ ਹਾਂ ਤਾਂ ਅਸੀਂ ਇਕ ਸਰਵਮਾਨ ਧਰਮ ਵਿਚ ਸ਼ਾਮਲ ਹੋ ਜਾਂਦੇ ਹਾਂ।

ਭਗਵਾਨ ਬਹਾਉੱਲਾਹ ਲਿਖਦੇ ਹਨ :

ਸੂਰਜ ਦਾ ਵਿਚਾਰ ਕਰੋ। ਜੇ ਇਹ ਕਹੇ ਕਿ ਮੈਂ ਗੁਜ਼ਰ ਚੁਕੇ ਕਲ੍ਹ ਵਾਲਾ ਸੂਰਜ ਹਾਂ ਤਾਂ ਇਹ ਸੱਚ ਬੋਲ ਰਿਹਾ ਹੈ। ਹਾਂ ਜੇ ਵਕਤ ਨੂੰ ਖਿਆਲ ਵਿਚ ਰਖਦੇ ਹੋਏ ਇਹ ਕਹਿ ਦੇਵੇ ਕਿ ਮੈਂ ਉਸ ਸੂਰਜ ਤੋਂ ਅਲੱਗ ਹਾਂ ਤਾਂ ਵੀ ਸੱਚ ਹੈ। ਇਸੇ ਤਰ੍ਹਾਂ ਜੇ ਇਹ ਕਿਹਾ ਜਾਵੇ ਕਿ ਸਭ ਦਿਨ ਬਰਾਬਰ ਤੇ ਇਕੋ ਹੀ ਹੈ ਤਾਂ ਇਹ ਠੀਕ ਤੇ ਸੱਚ ਹੈ ਅਤੇ ਜੇ ਉਨ੍ਹਾਂ ਦੇ ਖਾਸ ਨਾਵਾਂ ਤੇ ਪਦਵੀਆਂ ਨੂੰ ਖਿਆਲ ਕਰਦੇ ਹੋਏ ਇਹ ਕਿਹਾ ਜਾਵੇ ਕਿ ਉਹ ਅਲੱਗ ਹਨ ਤਾਂ ਵੀ ਸੱਚ ਹੈ। ਕਿਉਂਕਿ ਅਗਰ ਉਹ ਇਕ ਹੀ ਹਨ, ਫਿਰ ਵੀ ਮਨੁੱਖ ਹਰ ਦਿਨ ਦੀ ਅਲੱਗ ਪਦਵੀ, ਖਾਸ ਗੁਣ ਤੇ ਖਾਸ ਚਰਿੱਤ੍ਰ ਨੂੰ ਪਰਵਾਨ ਕਰਦਾ ਹੈ। ਉਸ ਤਰ੍ਹਾਂ ਹੀ ਪਵਿਤ੍ਰਤਾ ਦੇ ਅਵਤਾਰਾਂ ਦੀ ਖਾਸਤੀਯਤਾ, ਅਲੱਗਤਾ ਅਤੇ ਏਕਤਾ ਦੇ ਗੁਣਾਂ ਦਾ ਵਿਚਾਰ ਕਰੋ ਤਾਂ ਜੋ ਤੁਸੀਂ ਸਭ ਨਾਵਾਂ ਤੇ ਵਿਸ਼ੇਸ਼ਤਾਵਾਂ ਦੇ ਸਿਰਜਨਹਾਰ ਦਵਾਰਾ ਖਾਸੀਅਤ ਅਤੇ ਏਕਤਾ ਦੀ ਵਲ ਕੀਤੇ ਗਏ ਇਸ਼ਾਰਿਆਂ ਨੂੰ ਸਮਝ ਸਕੋ ਅਤੇ ਆਪਣੇ ਆਪ ਹੀ ਇਸ ਸਵਾਲ ਦਾ ਜਵਾਬ ਲਭ ਸਕੋ ਕਿ ਉਸ ਅਪਾਰ ਸੁੰਦਰਤਾ ਨੇ ਵੱਖ ਵੱਖ ਮੌਕਿਆਂ ਤੇ ਆਪਣੇ ਆਪ ਨੂੰ ਅਲੱਗ ਅਲੱਗ ਨਾਵਾਂ ਤੇ ਪਦਵੀਆਂ ਨਾਲ ਕਿਉਂ ਸੰਬੋਧਿਤ ਕੀਤਾ ਹੈ।

ਪਵਿੱਤਰ ਭਗਵਾਨ ਬਹਾਉੱਲਾਹ ਨੇ ਸਾਨੂੰ ਹੌਸਲਾ ਦਿਤਾ ਕਿ ਈਸ਼ਵਰ ਦੇ ਵੱਖ ਵੱਖ ਅਵਤਾਰਾਂ ਵਿਚ ਕੋਈ ਅਲੱਗਤਾ ਤੇ ਖਾਸੀਅਤ ਨਹੀਂ ਹੈ। ਉਨ੍ਹਾਂ ਦੇ ਨਾਂ ਚਾਹੇ ਅਲੱਗ ਹੋਣ ਪਰ ਉਹ ਉਸ ਇਕ ਯਥਾਰਥ ਪ੍ਰਮਾਤਮਾ ਦੀ ਪ੍ਰਤੀਨਿਧਤਾ ਕਰਦੇ ਹਨ। ਇਕ ਹੀ ਸਿੰਘਾਸਨ ਤੇ ਬਿਰਾਜਮਾਨ ਨੇ ਇਕ ਹੀ ਪ੍ਰਕਾਰ ਦੇ ਈਸ਼ਵਰ ਦੀ ਸਾਮੀਪਤਾ ਦਾ ਆਨੰਦ ਲੈਂਦੇ ਹਨ। ਜਦੋਂ ਉਹ ਇਹ

ਕਹਿੰਦੇ ਹਨ ਤਾਂ ਉਹ ਸਾਨੂੰ ਉਨ੍ਹਾਂ ਸਭ ਵਿਚ ਵਿਸ਼ਵਾਸ ਕਰਨ ਦਾ ਸੱਦਾ ਦੇਂਦੇ ਹਨ :

ਐ ਈਸ਼ਵਰ ਦੀ ਏਕਤਾ ਵਿਚ ਵਿਸ਼ਵਾਸ਼ ਰੱਖਣ ਵਾਲਿਓ, ਖਬਰਦਾਰ! ਇਸ ਤਰ੍ਹਾਂ ਨਾ ਹੋਵੇ ਕਿ ਤੁਸੀਂ ਉਨ੍ਹਾਂ ਧਰਮ ਦੇ ਅਵਤਾਰਾਂ ਵਿਚ ਭੇਦ ਭਾਵ ਕਰਨ ਦੇ ਵਲ ਨਾ ਖਿਚੇ ਜਾਓ ਯਾ ਉਨ੍ਹਾਂ ਨਿਸ਼ਾਨੀਆਂ ਵਿਚ ਭੇਦ ਕਰੋ ਜੋ ਉਨ੍ਹਾਂ ਦੇ ਪ੍ਰਕਾਸ਼ਨਾਂ ਦੇ ਨਾਲ ਆਏ ਤੇ ਉਨ੍ਹਾਂ ਪ੍ਰਕਾਸ਼ਨਾਂ ਦਾ ਐਲਾਨ ਕੀਤਾ। ਜੇ ਤੁਸੀਂ ਉਨ੍ਹਾਂ ਵਿਚੋਂ ਹੋ ਜੋ ਇਸ ਸੱਚ ਨੂੰ ਸਮਝਦੇ ਹਨ ਅਤੇ ਇਸ ਵਿਚ ਵਿਸ਼ਵਾਸ ਰਖਦੇ ਹਨ ਤਾਂ ਜ਼ਰੂਰੀ ਹੀ ਇਹ ਦੈਵੀ ਏਕਤਾ ਦਾ ਸੱਚਾ ਅਰਥ ਹੈ। ਇਸ ਦੇ ਇਲਾਵਾ ਤੁਸੀਂ ਵਿਸ਼ਵਾਸ ਰਖੋ ਕਿ ਈਸ਼ਵਰ ਦੇ ਹਰ ਇਕ ਅਵਤਾਰ ਦੇ ਕੰਮ, ਬਲਕਿ ਜੋ ਉਸ ਨਾਲ ਸੰਬੰਧਿਤ ਹੈ ਅਥਵਾ ਭਵਿੱਖ ਵਿਚ ਜੋ ਕੁਝ ਵੀ ਉਹ ਕਹਿਣਗੇ, ਉਹ ਸਭ ਈਸ਼ਵਰ ਦੀ ਇਛਿਆ ਅਨੁਸਾਰ ਹੀ ਹੈ ਅਤੇ ਉਸ ਦੀ ਇੱਛਾ ਤੇ ਮਕਸਦ ਦਾ ਇਕ ਪ੍ਰਤੀਬਿੰਬ ਹੈ। ਜੋ ਕੋਈ ਉਸ ਦੇ ਰੂਪ ਵਿਚ ਜ਼ਰਾ ਮਾਤਰ ਵੀ ਭੇਦ ਕਰਦਾ ਹੈ ਯਾ ਉਸ ਦੇ ਸ਼ਬਦਾਂ ਵਿਚ ਉਸਦੇ ਸੁਨੇਹਿਆਂ ਵਿਚ ਜਾਂ ਉਨ੍ਹਾਂ ਦੇ ਕੰਮ ਤੇ ਵਤੀਰੇ ਵਿਚ ਉਹ ਜ਼ਰੂਰ ਹੀ ਈਸ਼ਵਰ ਵਿਚ ਅਵਿਸ਼ਵਾਸ ਰਖਦਾ ਹੈ, ਉਸ ਦੀਆਂ ਨਿਸ਼ਾਨੀਆਂ ਦਾ ਖੰਡਨ ਕਰਦਾ ਹੈ ਅਤੇ ਉਸਦੇ ਸੁਨੇਹਾ ਪੁਕਾਊਆਂ ਦੇ ਧਰਮ ਨਾਲ ਵਿਸ਼ਵਾਸਘਾਤ ਕਰਦਾ ਹੈ।

ਧਰਮ ਆਪਣੇ ਆਪ ਨੂੰ ਦੋਹਰਾਂਦਾ ਹੈ—

ਹਰ ਇਕ ਸਾਲ ਵਿਚ ਵੱਖ ਵੱਖ ਮੌਸਮ ਹੁੰਦੇ ਹਨ। ਪਹਿਲਾਂ ਬਸੰਤ ਰੁੱਤ ਆਪਣੀ ਪੂਰਨ ਸੁੰਦਰਤਾ ਨਾਲ ਆਉਂਦੀ ਹੈ, ਫਿਰ ਫਸਲ ਤੇ ਧਨ ਨਾਲ ਭਰਪੂਰ ਗਰਮੀ ਦੀ ਰੁੱਤ ਆਉਂਦੀ ਹੈ। ਕੁਝ ਸਮਾਂ ਬਾਅਦ ਸ਼ਰਦ ਰੁੱਤ ਆਪਣਾ ਅਧਿਕਾਰ ਬਣਾ ਲੈਂਦੀ ਹੈ ਅਤੇ ਕੁਦਰਤ ਆਪਣੀ ਸੁੰਦਰਤਾ ਤੇ ਭਰਪੂਰਤਾ ਤੋਂ ਵੰਚਿਤ ਹੋ ਜਾਂਦੀ ਹੈ। ਹਰ ਸਰਦ ਰੁੱਤ ਤੋਂ ਬਾਅਦ ਬਸੰਤ ਰੁੱਤ ਦਾ ਆਰੰਭ ਹੁੰਦਾ ਹੈ ਤੇ ਫਿਰ ਫਸਲ ਦਾ ਮੌਸਮ।

ਸੂਰਜ ਹਰ ਰੋਜ਼ ਸਵੇਰੇ ਚੜ੍ਹਦਾ, ਇਥੋਂ ਤਕ ਕਿ ਹੌਲੀ ਹੌਲੀ ਸਿਖਰ ਤਕ ਪਹੁੰਚ ਜਾਂਦਾ ਹੈ ਅਤੇ ਫਿਰ ਹੌਲੀ ਹੌਲੀ ਘਟਣਾ ਸ਼ੁਰੂ ਹੋ ਜਾਂਦਾ ਹੈ। ਇਥੋਂ ਤਕ ਕਿ ਛੁਪ ਜਾਂਦਾ ਹੈ। ਸੂਰਜ ਦੇ ਡੁਬਦਿਆਂ ਹੀ ਸਾਰੀਆਂ ਸੰਸਾਰਕ ਚੀਜ਼ਾਂ ਹਨੇਰੇ ਵਿਚ ਡੁਬ ਜਾਂਦੀਆਂ ਹਨ। ਪਰ ਜਦੋਂ ਸੰਸਾਰ ਦੀਆਂ ਸਾਰੀਆਂ ਮੋਮਬਤੀਆਂ ਤੇ ਦੀਵੇ ਇਸ ਹਨੇਰੇ ਨੂੰ ਦੂਰ ਕਰਨ ਵਿਚ ਅਸਫਲ ਹੋ ਜਾਂਦੇ ਹਨ ਤਾਂ ਸੂਰਜ ਫਿਰ ਚੜ੍ਹਦਾ ਹੈ, ਉਹੀ ਸੁੰਦਰ ਤੇ ਤੇਜਸਵੀ ਸੂਰਜ। ਠੀਕ ਇਸੇ ਤਰ੍ਹਾਂ ਹੀ ਮਹਾਨ ਧਰਮਾਂ ਨਾਲ ਹੁੰਦਾ ਹੈ।

ਜਦੋਂ ਸਚਾਈ ਦੇ ਸੂਰਜ ਦਾ ਜਨਮ ਹੁੰਦਾ ਹੈ ਤਾਂ ਤੇਜ ਦੇ ਇਕ ਨਵੇਂ ਦਿਨ ਦਾ ਆਰੰਭ ਹੁੰਦਾ ਹੈ। ਹਰ ਜਗ੍ਹਾ ਤੇ ਰੋਸ਼ਨੀ ਹੁੰਦੀ ਹੈ। ਹਰ ਇਨਸਾਨ ਖੁਸ਼ ਹੈ ਕਿਉਂਕਿ ਇਕ ਹਨੇਰਾ ਜੁਗ ਬੀਤ ਗਿਆ ਹੈ। ਇਕ ਨਵਾਂ ਦਿਨ ਸ਼ੁਰੂ ਹੁੰਦਾ ਹੈ ਤੇ ਹੌਲੀ-ਹੌਲੀ ਖਤਮ ਹੋ ਜਾਂਦਾ ਹੈ। ਹਰੇਕ ਧਰਮ ਨਾਲ ਇਕ ਅਜਿਹਾ ਸਮਾਂ ਆਉਂਦਾ ਹੈ ਜਦੋਂ ਉਸ ਦੀ ਸਚਾਈ, ਇਨਸਾਨ ਦਵਾਰਾ ਬਣਾਈਆਂ ਗਈਆਂ ਸਿਖਿਆਵਾਂ ਨਾਲ ਢਕ ਜਾਂਦੀ ਹੈ। ਜਿੰਨਾ ਜ਼ਿਆਦਾ ਮਨੁੱਖ ਈਸ਼ਵਰ ਦੀਆਂ ਸਿਖਿਆਵਾਂ ਨੂੰ ਭੁਲਦਾ ਹੈ ਉਨਾ ਜ਼ਿਆਦਾ ਹੀ ਉਸ ਦਾ ਅਧਿਆਤਮਕ ਜੀਵਨ ਹਨੇਰਾ ਹੁੰਦਾ ਜਾਂਦਾ ਹੈ। ਜਦੋਂ ਮਨੁੱਖ ਖੁਦ ਆਪਣੀ ਸਿਖਿਆਵਾਂ ਦਾ ਜਾਣੂ ਕਰਾਂਦਾ ਹੈ ਤੇ ਆਪਣੇ ਸਵਾਰਥ ਵਾਸਤੇ ਧਰਮ ਦੀ ਵਿਆਖਿਆ ਕਰਦਾ ਹੈ ਤਾਂ ਸੰਸਾਰ ਵਿਚ ਹਨੇਰਾ ਫੈਲ ਜਾਂਦਾ ਹੈ। ਇਸ ਤਰ੍ਹਾਂ ਦੀ ਹਨੇਰੀ ਰਾਤ ਵਿਚ, ਰੋਸ਼ਨੀ ਦੇ ਸਾਧਨ ਉਹ ਥੋੜੇ ਜਿਹੇ ਰਿਸ਼ੀ ਤੇ ਮਹਾਤਮਾ ਹੀ ਹਨ ਜੋ ਸੂਰਜ ਡੁਬਣ ਦੇ ਬਾਅਦ ਮਿੱਟੀ ਦੇ ਦੀਵਿਆਂ ਤੇ ਮੋਮਬਤੀਆਂ ਵਾਂਗੂੰ ਜਗ ਪੈਂਦੇ ਹਨ। ਇਕ ਇਕ ਕਰਕੇ ਇਹ ਛੋਟੀਆਂ ਛੋਟੀਆਂ ਰੋਸ਼ਨੀਆਂ ਵੀ ਖਤਮ ਹੋ ਜਾਂਦੀਆਂ ਹਨ ਅਤੇ ਸੰਸਾਰ ਅਗਿਆਨ ਦੀ ਡੂੰਘੀ ਨੀਂਦ ਵਿਚ ਸੌਂ ਜਾਂਦਾ ਹੈ। ਇਹੀ ਸਮਾਂ ਹੈ ਜਦੋਂ ਸਚਾਈ ਦੇ ਸੂਰਜ ਦਾ ਪੁਨਰ ਜਨਮ ਹੁੰਦਾ ਹੈ। ਪਿਛਲੇ ਜੁਗਾਂ ਵਿਚ ਸਚਾਈ ਦਾ ਸੂਰਜ ਕ੍ਰਿਸ਼ਨ, ਮਸੀਹ, ਮੁਹੰਮਦ ਅਤੇ ਹੋਰ ਅਵਤਾਰਾਂ ਦੇ ਰੂਪ ਵਿਚ ਚਮਕਿਆ ਹੈ। ਇਸ ਹਨੇਰੇ ਜੁਗ ਵਿਚ ਇਕ ਵਾਰੀ ਫਿਰ ਸਚਾਈ ਦਾ ਸੂਰਜ ਈਸ਼ਵਰ ਗੌਰਵ ਭਗਵਾਨ ਬਹਾਉੱਲਾਹ ਦੇ ਰੂਪ ਵਿਚ ਚਮਕਿਆ ਹੈ। ਸਾਨੂੰ ਆਪਣੇ ਮਿੱਟੀ ਦੇ ਦੀਵਿਆਂ ਤੇ ਘਟਦੀਆਂ ਹੋਈਆਂ ਮੋਮਬਤੀਆਂ ਤੇ ਹੀ ਸਬਰ ਨਹੀਂ ਕਰ ਲੈਣਾ ਚਾਹੀਦਾ

ਸੂਰਜ ਚਮਕ ਰਿਹਾ ਹੈ। ਜਾਗੋ ! ਜਾਗੋ !!

ਭਗਵਾਨ ਬਹਾਉੱਲਾਹ ਐਲਾਨ ਕਰਦੇ ਹਨ :—

ਨਿਰਸੰਦੇਹ ਮੈਂ ਕਹਿੰਦਾ ਹਾਂ ਕਿ ਇਹੀ ਉਹ ਦਿਨ ਹੈ ਜਦੋਂ ਕਿ ਮਾਨਵਮਾਤਰ ਪ੍ਰਤੀਗਤ ਦਾ ਮੁਖਾਰਬਿੰਦ ਦੇਖ ਸਕਦੇ ਹਨ ਤੇ ਉਸ ਦੀ ਬਾਣੀ ਸੁਣ ਸਕਦੇ ਹਨ। ਈਸ਼ਵਰ ਦੀ ਆਵਾਜ਼ ਬੁਲੰਦ ਹੋ ਚੁਕੀ ਹੈ ਤੇ ਉਸ ਦੇ ਚੇਹਰੇ ਦੀ ਸ਼ੋਭਾ ਮਨੁੱਖਾਂ ਤੇ ਪ੍ਰਗਟ ਹੋ ਚੁਕੀ ਹੈ। ਹਰ ਇਕ ਮਨੁਖ ਲਈ ਇਹ ਉਚਿਤ ਹੈ ਕਿ ਉਹ ਆਪਣੀ ਦਿਲ ਰੂਪੀ ਤਖਤੀ ਤੋਂ ਹਰ ਇਕ ਨਿਰਾਰਥਕ ਸ਼ਬਦ ਮਿਟਾ ਦੇਵੇ। ਅਤੇ ਖੁਲੇ ਅਤੇ ਭੇਦਭਾਵ ਤੋਂ ਰਹਿਤ ਮਨ ਨਾਲ ਉਸ ਦੇ ਪ੍ਰਕਾਸ਼ਨ ਨਿਸ਼ਾਨੀਆਂ, ਉਸ ਦੇ ਮਕਸਦ ਦੇ ਸਬੂਤਾਂ ਤੇ ਉਸ ਦੇ ਗੌਰਵ ਦੇ ਪ੍ਰਤੀਕਾਂ ਉੱਤੇ ਨਜ਼ਰ ਟਿਕਾਵੇ।

ਉੱਨਤਸ਼ੀਲ ਧਰਮ

ਅਬਦੁਲਬਹਾ ਕਹਿੰਦੇ ਹਨ :

ਸਚਾਈ ਦੇ ਵਿਚੋਂ ਧਰਮ ਇਕ ਪੇੜ ਦੇ ਰੂਪ ਵਿਚ ਪੈਦਾ ਹੋਇਆ ਹੈ, ਜਿਸ ਤੇ ਪੱਤੇ, ਟਹਿਣੀਆਂ, ਫੁੱਲ ਤੇ ਫਲ ਲਗੇ ਹਨ। ਕੁਝ ਸਮੇਂ ਬਾਦ ਇਸ ਪੇੜ ਦੀ ਦਸ਼ਾ ਕਮਜ਼ੋਰ ਹੋ ਗਈ ਹੈ ਪੱਤੇ ਫੁੱਲ ਮੁਰਝਾ ਕੇ ਗਿਰ ਗਏ ਤੇ ਪੇੜ ਰੁੰਡ ਮੁੰਡ ਤੇ ਫਲ-ਰਹਿਤ ਹੋ ਗਿਆ ਹੈ। ਇਹ ਠੀਕ ਨਹੀਂ ਕਿ ਇਨਸਾਨ ਇਹ ਕਹਿੰਦਾ ਹੋਇਆ ਕਿ ਇਸ ਦੀਆਂ ਜੀਵਨ ਸ਼ਕਤੀਆਂ ਘਟ ਨਹੀਂ ਹੋਈਆਂ, ਇਸ ਦਾ ਫਲ ਅਜੀਬ ਹੈ ਅਤੇ ਇਸ ਦਾ ਜੀਵਨ ਦੈਵੀ ਹੈ, ਇਸੇ ਪੁਰਾਣੇ ਪੇੜ ਨਾਲ ਚਿਪਕਿਆ ਰਹੇ। ਮਨਖ ਦੇ ਦਿਲ ਵਿਚ ਸਚਾਈ ਦਾ ਬੀਜ, ਜ਼ਰੂਰ ਹੀ ਦੁਬਾਰਾ ਬੀਜਿਆ ਜਾਵੇ ਤਾਂ ਜੋ ਉਸ ਤੋਂ ਨਵਾਂ ਪੇੜ ਉਗੇ ਤੇ ਨਵੇਂ ਦੈਵੀ ਫਲ ਸੰਸਾਰ ਨੂੰ ਤਾਜ਼ਗੀ ਦੇਣ, ਇਸ ਦਾ ਮਕਸਦ ਇਹ ਹੈ ਕਿ ਰਾਸ਼ਟਰ ਦੇ ਲੋਕ ਜੋ ਇਸ ਵਕਤ ਵੱਖ-ਵੱਖ ਧਰਮਾਂ ਦਾ ਪਾਲਣ ਕਰ ਰਹੇ ਹਨ, ਉਹ ਸਭ ਇਕ ਰੂਪ ਹੋ ਜਾਣਗੇ, ਵੈਰ ਵਿਰੋਧ ਤੇ ਨਕਲਾਂ ਛਡ ਚਿਤੀਆਂ ਜਾਣਗੀਆਂ ਅਤੇ ਇਕ ਸੱਚੀ ਸਰਵਲੌਕਿਕ ਬਰਾਦਰੀ

ਕਾਇਮ ਹੋਵੇਗੀ । ਮਨੁਖ ਮਾਤਰ ਵਿਚ ਲੜਾਈ ਅਤੇ ਮਤਭੇਦ ਸਮਾਪਤ ਹੋ ਜਾਣਗੇ ਅਤੇ ਸਭ ਈਸਵਰ ਦੇ ਸੇਵਕਾਂ ਦੇ ਰੂਪ ਵਿਚ ਦਬਾਰਾ ਦੋਸਤ ਬਣ ਜਾਣਗੇ ।

ਧਰਮ ਇਕ ਅਧਿਆਤਮਕ ਪਾਠਸ਼ਾਲਾ ਹੈ ਜਿਸ ਵਿਚ ਮਾਨਵਮਾਤਰ ਦੈਵੀ ਸਿਖਿਆਵਾਂ ਅਤੇ ਸਰੀਰ ਤੇ ਆਤਮਾ ਦੀ ਤਰੱਕੀ ਪ੍ਰਾਪਤ ਕਰਦੇ ਹਨ । ਇਸ ਪਾਠਸ਼ਾਲਾ ਦਾ ਸੰਸਥਾਪਕ ਈਸ਼ਵਰ ਹੈ । ਜੇ ਇਨਸਾਨ ਦੇ ਬੱਚੇ ਉਨਤੀ ਤੇ ਪ੍ਰਸੰਨਤਾ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਉਨ੍ਹਾ ਨੂੰ ਇਸ ਪਾਠਸ਼ਾਲਾ ਵਿਚੋਂ ਪਾਸ ਹੋਣਾ ਪਵੇਗਾ । ਸ਼ੁਰੂ ਵਿਚ ਹਰ ਕਿਸੇ ਨੂੰ ਪਹਿਲੀ ਜਮਾਤ ਵਿਚ ਜਾਣਾ ਪੈਂਦਾ ਹੈ ਅਤੇ ਉਥੇ ਅਧਿਆਪਕ ਮੂਲ ਅਖਰ ਵਰਣਮਾਲਾ ਤੇ ਜ਼ਰੂਰੀ ਵਿਸ਼ਿਆਂ ਤੇ ਪੜ੍ਹਾਈ ਸ਼ੁਰੂ ਕਰਦਾ ਹੈ । ਜਦੋਂ ਸਾਡੇ ਅਧਿਆਪਕ ਦੀ ਕਿਰਪਾ ਤੇ ਧਿਆਨ ਨਾਲ ਸਾਡਾ ਦਿਮਾਗ ਪੂਰਨ ਰੂਪ ਤੇ ਵਿਕਸਤ ਹੋ ਜਾਂਦਾ ਹੈ ਤਾਂ ਸਾਨੂੰ ਦੂਜੀ ਜਮਾਤ ਵਿਚ ਭੇਜਿਆ ਜਾਂਦਾ ਹੈ ਜਿਥੇ ਅਸੀਂ ਦੂਸਰਾ ਅਧਿਆਪਕ ਪਾਂਦੇ ਹਾਂ ਜੋ ਆਪਣੀਆਂ ਸਿਖਿਆਵਾਂ ਉਨ੍ਹਾਂ ਹੀ ਗੱਲਾਂ ਤੇ ਆਧਾਰਿਤ ਕਰਦਾ ਹੈ ਜੋ ਅਸੀਂ ਪਿਛਲੀ ਜਮਾਤ ਵਿਚ ਸਿਖੀਆਂ ਸਨ, ਪਰ ਉਨ੍ਹਾਂ ਵਿਚ ਗਿਆਨ ਦੀ ਨਵੀਂ ਮਾਤਰਾ ਦੀ ਜ਼ਿਆਦਤੀ ਕਰਦਾ ਹੈ । ਇਸ ਤਰ੍ਹਾਂ ਇਸ ਪਾਠਸ਼ਾਲਾ ਵਿਚ ਆਪਣੇ ਅਧਿਆਪਕਾਂ ਦੀ ਨਿਗਰਾਨੀ ਹੇਠ ਸਾਡੇ ਮਨ ਤੇ ਸਰੀਰ ਦਾ ਵਿਕਾਸ ਹੁੰਦਾ ਹੈ ।

ਕੀ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਅਲੱਗ ਜਮਾਤਾਂ ਵਿਚ ਪੜ੍ਹਾਣ ਵਾਲਾ ਕੋਈ ਇਕ ਅਧਿਆਪਕ ਦੂਸਰੇ ਤੋਂ ਅੱਛਾ ਹੈ ? ਕੀ ਅਸੀਂ ਦੂਜੀ ਜਮਾਤ ਦੇ ਅਧਿਆਪਕ ਨੂੰ ਕੇਵਲ ਇਸ ਲਈ ਨਾਪਸੰਦ ਕਰ ਸਕਦੇ ਹਾਂ ਕਿ ਅਸੀਂ ਪਹਿਲੀ ਜਮਾਤ ਦੇ ਅਧਿਆਪਕ ਨੂੰ ਪਿਆਰ ਕਰਦੇ ਸਾਂ ? ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਪਹਿਲੀ ਜਮਾਤ ਦੀ ਪੜ੍ਹਾਈ ਦੂਜੀ ਜਮਾਤ ਨਾਲੋਂ ਉੱਤਮ ਸੀ ? ਨਹੀਂ । ਇਹ ਅਲੱਗ ਜਮਾਤਾਂ ਇਕ ਪਾਠਸ਼ਾਲਾ ਦੀਆਂ ਹੀ ਹਨ । ਇਹ ਇਕ ਹੀ ਸਿਖਿਆ ਪ੍ਰਣਾਲੀ ਦਾ ਪਾਲਨ ਕਰਦੀਆਂ ਹਨ । ਪਰ ਅਲੱਗ ਜਮਾਤਾਂ ਵਿਚ ਸਾਡੀ ਉਮਰ ਤੇ ਯੋਗਤਾ ਦਾ ਫਰਕ ਹੁੰਦਾ ਹੈ । ਜਦੋਂ ਸਾਡੀ ਉਮਰ ਛੇ ਸਾਲ ਦੀ ਸੀ ਤਾਂ ਸਾਡੀ ਸਮਰਥਾ ਬਹੁਤ ਘਟ ਸੀ, ਇਸ ਲਈ ਪਾਠਸ਼ਾਲਾ ਦੇ ਬੁਧੀਮਾਨ ਸੰਸਥਾਪਕ ਨੇ ਸਾਡੀ ਜਮਾਤ ਦੇ ਅਧਿਆਪਕ ਨੂੰ ਸਲਾਹ ਦਿਤੀ ਕਿ

ਉਨਾ ਹੀ ਗਿਆਨ ਦੇਵੇ ਜਿੰਨਾ ਕਿ ਅਸੀਂ ਸਮਝ ਸਕਦੇ ਹਾਂ । ਉਸ ਜਮਾਤ ਵਿਚ ਸਾਨੂੰ ਜੋ ਕੁਝ ਪੜ੍ਹਾਇਆ ਗਿਆ, ਉਹ ਸਾਡੇ ਲਈ ਸਭ ਤੋਂ ਚੰਗੇ ਪਾਠ ਸਨ ਜੋ ਅਸੀਂ ਉਸ ਖਾਸ ਉਮਰ ਵਿਚ ਸਿਖ ਸਕਦੇ ਸਾਂ । ਜੇ ਸ਼ੁਰੂ ਵਿਚ ਹੀ ਤੀਜੀ ਜਮਾਤ ਦੇ ਪਾਠ ਪੜ੍ਹਾਏ ਜਾਂਦੇ ਤਾਂ ਅਸੀਂ ਕਦੀ ਤਰੱਕੀ ਨਹੀਂ ਕਰ ਸਕਦੇ ਸੀ । ਧਰਮ ਵਿਚ ਵੀ ਇਹ ਗੱਲ ਹੀ ਸੱਚੀ ਹੈ । ਈਸ਼ਵਰ ਇਕ ਹੈ ਅਤੇ ਉਸ ਦੇ ਧਰਮ ਦੀ ਸੰਸਥਾ ਵੀ ਇਕੋ ਹੀ ਹੈ । ਇਹ ਅਸੀਂ ਹਾਂ ਜਿਨ੍ਹਾਂ ਦੀਆਂ ਸ਼ਮਤਾਵਾਂ ਵੱਖ ਵੱਖ ਉਮਰ ਵਿਚ ਅਲੱਗ ਅਲੱਗ ਹੁੰਦੀਆਂ ਹਨ ।

ਸਾਡੇ ਦੈਵੀ ਸਿਖਿਅਕ ਈਸ਼ਵਰ ਅਵਤਾਰ, ਵਿਦਿਅਕ ਸਿਖਿਅਕ ਹਨ । ਉਨ੍ਹਾਂ ਸਾਰਿਆਂ ਦਾ ਉਦੇਸ਼ ਇਕ ਹੈ ਅਰਥਾਤ ਪ੍ਰਭੂ-ਰਾਜ ਵਿਚ ਉਨਤੀ ਲਈ ਸਾਡੀ ਮਦਦ ਕਰਨਾ । ਪਰ ਮਨੁੱਖ ਜੁਗਾਂ ਤੋਂ ਵਿਕਾਸ ਕਰਦਾ ਆ ਰਿਹਾ ਹੈ ਤੇ ਉਸ ਦੇ ਵਿਕਾਸ ਨਾਲ ਉਸ ਦੀ ਸਮਤਾ ਵਿਚ ਵੀ ਫਰਕ ਆ ਗਿਆ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਉਨਤੀ ਦੇ ਇਸ ਵਿਕਾਸਵਾਦੀ ਨਿਯਮ ਦੀ ਬੁਧੀਮਤਾ ਨੂੰ ਸਮਝੀਏ ਜੋ ਈਸ਼ਵਰ ਨੇ ਵੱਖ ਵੱਖ ਜੁਗਾਂ ਵਿਚ ਆਪਣ ਅਵਤਾਰਾਂ ਦਵਾਰਾ ਸਾਡੇ ਵਾਸਤੇ ਜੋੜੀ ਹੈ । ਸਾਨੂੰ ਆਪਣੇ ਆਪ ਨੂੰ ਇਸ ਦੈਵੀ ਸੰਸਥਾ ਦੀ ਕਿਸੇ ਇਕ ਜਮਾਤ ਵਿਚ ਕੇਵਲ ਇਸ ਲਈ ਨਹੀਂ ਰਹਿਣਾ ਚਾਹੀਦਾ ਕਿਉਂਕਿ ਉਸ ਜਮਾਤ ਦੇ ਅਧਿਆਪਕ ਨਾਲ ਸਾਨੂੰ ਪਿਆਰ ਹੈ । ਸਾਡੇ ਅਧਿਆਪਕ ਦੇ ਵਲ ਸਾਡਾ ਇਹ ਪਿਆਰ ਸੱਚਾ ਨਹੀਂ ਕਿਉਂਕਿ ਓਸੇ ਜਮਾਤ ਵਿਚ ਰਹਿਣ ਨਾਲ ਉਸ ਨੂੰ ਦਖ ਹੋਵੇਗਾ । ਉਹ ਚਾਹੁੰਦਾ ਹੈ ਕਿ ਅਸੀਂ ਅਗੇ ਵਧੀਏ ਅਤੇ ਅਗਲੀਆਂ ਜਮਾਤਾਂ ਦੇ ਅਧਿਆਪਕਾਂ ਤੋਂ ਵੀ ਸਿਖਿਆ ਪ੍ਰਾਪਤ ਕਰੀਏ । ਇਸ ਦਾ ਇਹ ਮਤਲਬ ਨਹੀਂ ਕਿ ਇਕ ਅਧਿਆਪਕ ਦਾ ਗਿਆਨ ਦੂਜੇ ਨਾਲੋਂ ਘਟ ਹੈ । ਨਹੀਂ ! ਇਨ੍ਹਾਂ ਸਭ ਅਧਿਆਪਕਾਂ ਦੀ ਗਿਆਨ ਮਾਤਰਾ ਇਕ ਹੀ ਹੈ । ਸਾਰੇ ਬਰਾਬਰ ਦੇ ਵਿਦਵਾਨ ਤੇ ਮਹੱਤਵਪੂਰਨ ਹਨ ਕਿਉਂਕਿ ਉਹ ਵਿਦਵਾਨ ਹਨ ਇਸ ਲਈ ਉਹ ਸਾਨੂੰ ਉਨਾ ਹੀ ਗਿਆਨ ਦੇਂਦੇ ਹਨ ਜਿੰਨੀ ਕਿ ਸਾਨੂੰ ਉਸ ਵਕਤ ਤੇ ਜ਼ਰੂਰਤ ਹੁੰਦੀ ਹੈ । ਪਰੰਤੂ ਉਹ ਸਾਨੂੰ ਹੌਸਲਾ ਦੇਂਦੇ ਹਨ ਕਿ ਜੇ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਦਾ ਪੂਰਾ ਪਾਲਣ ਕਰਾਂਗੇ ਤਾਂ ਸਾਨੂੰ ਇਕ ਹੋਰ ਅਧਿਆਪਕ ਮਿਲੇਗਾ । ਜੋ ਸਾਡੀ ਜ਼ਿਆਦਾ ਉੱਨਤੀ ਵਿਚ ਸਾਡੀ ਸਹਾਇਤਾ ਕਰੇਗਾ । ਆਪਣੀ ਵਾਰੀ ਤੇ

ਸਾਡਾ ਅਗਲਾ ਅਧਿਆਪਕ ਸਾਡੇ ਪਿਛਲੇ ਅਧਿਆਪਕ ਦੀ ਕੋਸ਼ਿਸ਼ ਤੇ ਯੋਗਤਾ ਦੀ ਪ੍ਰਸੰਸਾ ਕਰਦਾ ਹੈ ਜਿਸ ਨੇ ਸਾਨੂੰ ਗਿਆਨ ਦਿੱਤਾ। ਇਸ ਤਰ੍ਹਾਂ ਸਾਨੂੰ ਪਤਾ ਚਲਦਾ ਹੈ ਕਿ ਈਸ਼ਵਰ ਦੇ ਅਵਤਾਰਾਂ ਨੇ ਉਨ੍ਹਾਂ ਸਭ ਈਸ਼ਵਰ ਅਵਤਾਰਾਂ ਦੀ ਪ੍ਰਸੰਸਾ ਕੀਤੀ ਜੋ ਉਨ੍ਹਾਂ ਤੋਂ ਪਹਿਲਾਂ ਆਏ ਅਤੇ ਇਕ ਹੋਰ ਸਿਖਸ਼ਕ ਦਵਾਰਾ ਜੋ ਉਨ੍ਹਾਂ ਤੋਂ ਬਾਅਦ ਆਵੇਗਾ ਅਤੇ ਹੋਰ ਸਿਖਿਆ ਦਾ ਵਚਨ ਦਿਤਾ।

ਜੇ ਸਾਡੇ ਵਿਚੋਂ ਕੋਈ ਪ੍ਰਭੂ ਧਰਮ ਦੀ ਪਾਠਸ਼ਾਲਾ ਵਿਚ ਆਪਣੀ ਉੱਨਤੀ ਰੋਕ ਦੇਂਦਾ ਹੈ ਤਾਂ ਉਹ ਅਸਫਲ ਹੋਵੇਗਾ। ਪਰ ਜੇ ਉਹ ਦੈਵੀ ਅਵਤਾਰਾਂ ਦੀ ਉੱਨਤੀ ਤੇ ਵਿਦਵਤਾ ਵਿਚ ਵਿਸ਼ਵਾਸ ਰਖਦਾ ਹੈ ਤੇ ਉਹ ਆਪਣੇ ਆਪ ਨੂੰ ਇਸ ਯੋਗ ਬਣਾਉਣ ਦੀ ਕੋਸ਼ਿਸ਼ ਕਰੇਗਾ ਕਿ ਉਹ ਦੈਵੀ ਸ਼ਿਖਸ਼ਕ ਦੇ ਗਿਆਨ ਦੀ ਜ਼ਿਆਦਾ ਤੋਂ ਜ਼ਿਆਦਾ ਮਾਤਰਾ ਪ੍ਰਾਪਤ ਕਰ ਸਕੇ ਜੋ ਉਸ ਦੇ ਸਮੇਂ ਵਾਸਤੇ ਪਾਠ ਲਿਆਇਆ ਹੈ।

ਭਗਵਾਨ ਬਹਾਉੱਲਾਹ ਨੇ ਸਾਨੂੰ ਦਸਿਆ ਹੈ ਕਿ ਸਭ ਧਰਮਾਂ ਦੀ ਨੀਂਹ ਇਕੋ ਹੀ ਹੈ। ਪਾਠਸ਼ਾਲਾ ਦੀਆਂ ਸਾਰੀਆਂ ਜਮਾਤਾਂ ਵਿਚ ਸਾਨੂੰ ਈਮਾਨਦਾਰ, ਸੱਚਾ ਤੇ ਚੰਗਾ ਬਣਨਾ ਸਿਖਾਇਆ ਜਾਂਦਾ ਹੈ। ਉੱਚ ਜਮਾਤਾਂ ਵਿਚ ਜਾਣ ਤੇ ਇਹ ਮੌਲਿਕ ਨੇਮ ਬਦਲਦੇ ਨਹੀਂ। ਜਮਾਤ ਚਾਹੇ ਪਹਿਲੀ ਹੋਵੇ ਜਾਂ ਦੂਸਰੀ ਜਾਂ ਤੀਸਰੀ, ਸਾਰਿਆਂ ਵਿਚ ਉਹਨਾਂ ਰੂਹਾਨੀ ਖਾਸੀਅਤਾਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਉਹ ਦੈਵੀ ਸਚਾਈਆਂ ਹਨ ਤੇ ਸਾਰਿਆਂ ਸਮਿਆਂ ਵਾਸਤੇ ਸੱਚ। ਇਹ ਨੀਂਹਾਂ ਹਨ, ਪਰ ਕੇਵਲ ਨੀਂਹਾਂ ਹੀ ਕਾਫੀ ਨਹੀਂ। ਇਸ ਨੀਂਹ ਤੇ ਸਾਨੂੰ ਜ਼ਰੂਰ ਕੁਝ ਬਣਾਨਾ ਚਾਹੀਦਾ ਹੈ ਜੋ ਅਲੱਗ ਅਲੱਗ ਜੁਗਾਂ ਵਿਚ ਸਾਡੀਆਂ ਜ਼ਰੂਰਤਾਂ ਦੇ ਅਨੁਸਾਰ ਹੋਵੇ। ਈਸ਼ਵਰ ਦੇ ਧਰਮ ਇਹ ਕਰਦੇ ਹਨ। ਸੱਚ ਦੀ ਨੀਂਹ ਤੇ ਜੋ ਨਾ ਬਦਲਣ ਯੋਗ ਹੈ, ਉਹ ਮਨੁਖ ਦੇ ਗਿਆਨ ਤੇ ਸ਼ਮਤਾ ਦਾ ਉਸ ਦੇ ਵਿਕਾਸ ਦੇ ਹਰ ਚਰਣ ਵਿਚ ਉਚੇ ਦਰਜੇ ਤਕ ਵਿਕਾਸ ਕਰਦੇ ਹਨ। ਇਸ ਤਰ੍ਹਾਂ ਕਰਨ ਵਿਚ ਉਹ ਆਪਣੇ ਨੇਮਾਂ ਨੂੰ ਪਿਛਲੇ ਈਸ਼ਵਰ ਅਵਤਾਰਾਂ ਦੇ ਗਿਆਨ ਤੇ ਆਧਾਰਿਤ ਕਰਦੇ ਹਨ ਜਿਸ ਤਰ੍ਹਾਂ ਕਿ ਉੱਚ ਜਮਾਤਾਂ ਵਿਚ ਪੜ੍ਹਾਇਆ ਜਾਣ ਵਾਲਾ ਬੀਜ ਗਣਿਤ ਦਾ

ਆਧਾਰ ਗਣਿਤ ਦੇ ਉਨ੍ਹਾਂ ਪਹਿਲੇ ਨੇਮਾਂ ਤੇ ਹੁੰਦਾ ਹੈ ਜੋ ਅਸੀਂ ਬਚਪਨ ਵਿਚ ਸਿਖਦੇ ਹਾਂ।

ਹੁਣ ਅਸੀਂ ਮਾਨਵ ਸ਼ਕਤੀ ਦੇ ਨਵੇਂ ਯੁਗ ਵਿਚ ਰਹਿ ਰਹੇ ਹਾਂ, ਯਾਨੀ ਕਿ ਅਸੀਂ ਉਸ ਨਵੇਂ ਜੁਗ ਵਿਚ ਰਹਿ ਰਹੇ ਹਾਂ ਜਿਥੇ ਸਾਨੂੰ ਪਹਿਲਾਂ ਨਾਲੋਂ ਜ਼ਿਆਦਾ ਸ਼ਕਤੀਆਂ ਤੇ ਸ਼ਮਤਾਵਾਂ ਪ੍ਰਾਪਤ ਹਨ। ਪਿਛਲੇ ਈਸ਼ਵਰ ਅਵਤਾਰਾਂ ਨੂੰ ਧੰਨਵਾਦ ਕਿ ਅਸੀਂ ਪ੍ਰਭੂ ਗਿਆਨ ਦੇ ਨਵੇਂ ਪ੍ਰਵਕਤਾ-ਭਗਵਾਨ ਬਹਾਉੱਲਾਹ ਦਵਾਰਾ ਜ਼ਿਆਦਾ ਮਾਤਰਾ ਵਿਚ ਪ੍ਰਾਪਤ ਕਰਨ ਵਾਸਤੇ ਯੋਗ ਤੇ ਤਿਆਰ ਹਾਂ।

ਭਗਵਾਨ ਬਹਾਉੱਲਾਹ ਸਾਨੂੰ ਈਸ਼ਵਰ ਏਕਤਾ, ਧਰਮ ਏਕਤਾ ਤੇ ਮਨੁਖਮਾਤ੍ਰ ਦੀ ਏਕਤਾ ਦੀ ਸਿਖਿਆ ਦੇਂਦੇ ਹਨ। ਉਨ੍ਹਾਂ ਨੇ ਪਿਛਲੇ ਸਭ ਅਵਤਾਰਾਂ ਦੀ ਪ੍ਰਸੰਸਾ ਕੀਤੀ ਹੈ ਤੇ ਸਾਨੂੰ ਦਸਿਆ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਇਹ ਸ਼ੁਭ ਸਮਾਚਾਰ ਦਿਤਾ ਕਿ ਸਮਾਂ ਪੂਰਾ ਹੋਣ ਤੇ ਉਨ੍ਹਾਂ ਦਾ ਪਿਆਰਾ ਪ੍ਰਤੀਗਤ ਆਵੇਗਾ। ਅਵਤਾਰਾਂ ਦੀ ਸੁਨਹਿਰੀ ਜੰਜ਼ੀਰ ਭਗਵਾਨ ਬਹਾਉੱਲਾਹ ਦਵਾਰਾ ਜੁੜ ਗਈ ਹੈ। ਇਹ ਇਕ ਸੁੰਦਰ ਕਥਾ ਹੈ।

(ਨਵਾਂ ਪਾਠ)

ਈਸ਼ਵਰ ਅਵਤਾਰ

ਭਗਵਾਨ ਸ਼੍ਰੀ ਕ੍ਰਿਸ਼ਨ

ਭਗਵਾਨ ਸ਼੍ਰੀ ਕ੍ਰਿਸ਼ਨ ਈਸ਼ਵਰ ਦੇ ਦੂਤ ਸਨ, ਉਨ੍ਹਾਂ ਦਾ ਸੰਦੇਸ਼ ਪਿਆਰ ਦਾ ਸੰਦੇਸ਼ ਸੀ। ਉਨ੍ਹਾਂ ਦਾ ਜਨਮ ਬੰਦੀਖਾਨੇ ਵਿਚ ਹੋਇਆ। ਇਹ ਸਾਡੇ ਲਈ ਇਸ ਗੱਲ ਨੂੰ ਜਾਨਣ ਦਾ ਇਸ਼ਾਰਾ ਸੀ ਕਿ ਅਸੀਂ ਸਭ ਅਹੰ ਦੇ ਜੇਲ੍ਹ, ਇਸ ਸੰਸਾਰ ਦੀ ਜੇਲ੍ਹ ਵਿਚ ਪੈਦਾ ਹੋਏ ਹਾਂ। ਸ਼੍ਰੀ ਕ੍ਰਿਸ਼ਨ ਅਜੀਬ ਤਰੀਕੇ ਨਾਲ ਇਸ ਬੰਦੀਖਾਨੇ ਤੋਂ ਮੁਕਤ ਹੋਏ। ਜੇ ਅਸੀਂ ਚੰਗਾ ਬਣਨ ਦੀ ਕੋਸ਼ਿਸ਼ ਕਰੀਏ, ਧਰਮਾਤਮਾ ਬਣਨ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਵੀ ਅਹੰ ਦੇ ਬੰਦੀਖਾਨੇ ਤੋਂ ਮੁਕਤੀ ਪਾ ਸਕਦੇ ਹਾਂ।

ਈਸ਼ਵਰ ਦੇ ਦੂਜੇ ਅਵਤਾਰਾਂ ਵਾਂਗ, ਸ਼੍ਰੀ ਕ੍ਰਿਸ਼ਨ ਨੂੰ ਵੀ ਬੁਰੀਆਂ ਸ਼ਕਤੀਆਂ ਦਾ ਮੁਕਾਬਲਾ ਕਰਨਾ ਪਿਆ। ਉਨ੍ਹਾਂ ਨੇ ਬੁਰਾਈ ਦਾ ਮੁਕਾਬਲਾ ਕੀਤਾ ਤੇ ਜੇਤੂ ਹੋਏ। ਬੁਰਾਈ ਚਾਹੇ ਕਿਤਨੀ ਤਾਕਤਵਰ ਹੋਵੇ, ਸਚਾਈ ਦੀ ਤਾਕਤ ਸਦਾ ਸਫਲ ਹੁੰਦੀ ਹੈ।

ਸ਼੍ਰੀ ਕ੍ਰਿਸ਼ਨ ਦਵਾਰਿਕਾ ਅਰਥਾਤ ਛੋਟੇ ਦਰਵਾਜ਼ੇ ਦੇ ਰਾਜੇ ਬਣੇ। ਉਹ ਖੁਦ ਈਸ਼ਵਰ ਦੇ ਗਿਆਨ ਦਵਾਰ ਸਨ। ਉਨ੍ਹਾਂ ਦੀਆਂ ਸਿਖਿਆਵਾਂ ਮਨੁਖ ਦੀ ਭਲਾਈ ਲਈ ਸਨ। ਪਰ ਦੁਖ ਹੈ ਕਿ ਮਨੁੱਖ ਨੇ ਉਨ੍ਹਾਂ ਨੂੰ ਅਸਵੀਕਾਰ ਕਰ ਦਿਤਾ।

ਸ਼੍ਰੀ ਕ੍ਰਿਸ਼ਨ ਨੂੰ ਦੁਖ ਸੀ ਕਿ ਲੋਕ ਉਨ੍ਹਾਂ ਨੂੰ ਸਮਝ ਨਹੀਂ ਸਕੇ। ਉਨ੍ਹਾਂ ਨੇ ਕਿਹਾ ਕਿ ਲੋਕ ਉਨ੍ਹਾਂ ਵਿਚ ਵਿਸ਼ਵਾਸ ਨਹੀਂ ਕਰਦੇ ਸਨ ਕਿਉਂਕਿ ਉਹ ਮਨੁਖੀ ਰੂਪ ਵਿਚ ਆਏ ਸਨ। ਈਸ਼ਵਰ ਤੇ ਉਸ ਦੇ ਅਵਤਾਰਾਂ ਬਾਰੇ ਉਨ੍ਹਾਂ ਦੀਆਂ ਕੁਝ ਆਪਣੀਆਂ ਕਲਪਨਾਵਾਂ ਸਨ। ਇਸ ਲਈ ਜਦੋਂ ਸ਼੍ਰੀ ਕ੍ਰਿਸ਼ਨ ਨੇ ਇਹ ਕਿਹਾ ਕਿ ਉਹ ਖੁਦ ਈਸ਼ਵਰ ਅਵਤਾਰ ਸਨ ਤਾਂ ਲੋਕਾਂ ਨੇ ਉਨ੍ਹਾਂ ਨੂੰ ਕਬੂਲ ਨਹੀਂ ਕੀਤਾ। ਗੀਤਾ ਵਿਚ ਸ਼੍ਰੀ ਕ੍ਰਿਸ਼ਨ ਕਹਿੰਦੇ ਹਨ :

ਸਰਵ ਭੂਤਾਂ ਦੇ ਮਹਾਨ ਈਸ਼ਵਰ ਇਸ ਤਰ੍ਹਾਂ ਮੇਰੇ ਪਰਮ ਭਾਵ ਨੂੰ ਨਾ ਜਾਨਣ ਵਾਲੇ ਮੂਰਖ ਲੋਕ ਮਨੁਖ ਦਾ ਸਰੀਰ ਧਾਰਨ ਕੀਤੇ ਹੋਏ ਮੈਨੂੰ ਪ੍ਰਮਾਤਮਾ ਦੀ ਆਗਿਆ ਨਹੀਂ ਮੰਨਦੇ। (ਗੀਤਾ ੭/੧੧)

ਉਨ੍ਹਾਂ ਦਾ ਪਿਆਰਾ ਚੇਲਾ ਅਰਜੁਨ ਵੀ ਸ਼੍ਰੀ ਕ੍ਰਿਸ਼ਨ ਦੀ ਦੈਵੀ ਸ਼ਕਤੀ ਨੂੰ ਨਾ ਸਮਝ ਸਕਿਆ। ਅਰਜੁਨ ਇਹ ਵਿਸ਼ਵਾਸ ਨਾ ਕਰ ਸਕਿਆ ਕਿ ਮਨੁੱਖੀ ਚਿੱਤ ਵੀ ਦੈਵੀ ਅਸਿਸਤਵ ਦਾ ਸਿੰਘਾਸਣ ਬਣ ਸਕਦਾ ਹੈ। ਕਹਿੰਦੇ ਹਨ ਕਿ ਸ਼੍ਰੀ ਕ੍ਰਿਸ਼ਨ ਨੂੰ ਵਿਰਾੜ੍ਹ ਰੂਪ ਧਾਰਨ ਕਰਨਾ ਪਿਆ ਤਾਂ ਜੋ ਅਰਜੁਨ ਉਨ੍ਹਾਂ ਵਿਚ ਪ੍ਰਮਾਤਮਾ ਦੀ ਸ਼ਕਤੀ ਦੇਖ ਸਕੇ ਤੇ ਉਨ੍ਹਾਂ ਵਿਚ ਵਿਸ਼ਵਾਸ ਕਰ ਸਕੇ।

ਇਸ ਦਾ ਮਤਲਬ ਇਹ ਹੈ ਕਿ ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਆਪਣੇ ਗੌਰਵ ਤੇ ਸ੍ਰੇਸ਼ਠਤਾ (ਉੱਚਤਾ) ਨੂੰ ਸਮਝਣ ਵਿਚ ਸਹਾਇਤਾ ਦਿਤੀ ਤਾਂ ਜੋ ਅਰਜੁਨ ਭਗਵਾਨ ਵਿਚ ਵਿਸ਼ਵਾਸ ਕਰ ਸਕੇ। ਪ੍ਰਮਾਤਮਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਜਦੋਂ ਅਰਜੁਨ ਨੇ ਹਥਿਆਰ ਉਠਾਇਆ ਤਾਂ ਕੁਰੁਕਸ਼ੇਤਰ ਦੇ ਯੁੱਧ ਦਾ ਰੂਪ ਹੀ ਬਦਲ ਗਿਆ।

ਤੁਸੀਂ ਜਾਣਦੇ ਹੀ ਹੋ ਕਿ ਯੁੱਧ ਚੰਗਿਆਈ ਤੇ ਬੁਰਾਈ ਦੇ ਵਿਚ ਸੰਘਰਸ਼ ਸੀ। ਪਾਂਡੂ ਦੇ ਭਰਾਵਾਂ ਕੌਰਵਾਂ ਨੇ ਇਸ ਨੂੰ ਸ਼ੁਰੂ ਕੀਤਾ। ਸ਼੍ਰੀ ਕ੍ਰਿਸ਼ਨ ਨੇ ਅੰਧਕਾਰ ਦੀਆਂ ਸੈਨਾਵਾਂ ਦਾ ਸਾਹਮਣਾ ਕਰਨ ਵਾਸਤੇ ਅਰਜੁਨ ਦਾ ਜੋ ਪਾਂਡੂਆਂ ਵਿਚ ਸਭ ਤੋਂ ਜ਼ਿਆਦਾ ਤਾਕਤਵਰ ਸੀ, ਰਾਹ ਸੰਚਾਲਨ ਕੀਤਾ। ਸ਼੍ਰੀ ਕ੍ਰਿਸ਼ਨ ਅਰਜੁਨ ਦੇ ਸਾਰਥੀ ਬਣੇ। ਪਰ ਅਰਜੁਨ ਆਪਣੇ ਸਕਿਆਂ ਨਾਲ ਲੜਾਈ ਕਰਨਾ ਨਹੀਂ ਚਾਹੁੰਦਾ ਸੀ। ਉਸ ਦੇ ਪਿਆਰੇ ਦੋਸਤ ਤੇ ਗੁਰੂ ਕੌਰਵਾਂ ਦੀ ਸੈਨਾ ਵਿਚ ਸਨ। ਅਰਜੁਨ ਨੇ ਬਹਿਸ ਕਰਨੀ ਚਾਹੀ ਤੇ ਆਪਣਾ ਸ਼ਕਤੀਸ਼ਾਲੀ ਗਾਂਡੀਵ ਧਨੁਸ਼ ਥਲੇ ਰਖ ਦਿਤਾ। ਪਰੰਤੂ ਸ਼੍ਰੀ ਕ੍ਰਿਸ਼ਨ ਨੇ ਆਗਿਆ ਦਿਤੀ ਕਿ ਅਰਜੁਨ ਉਨ੍ਹਾਂ ਦੇ ਵਲ ਆਤਮ ਸਮਰਪਣ ਕਰ ਦੇਵੇ ਅਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰੇ।

ਜਦ ਅਸੀਂ ਈਸ਼ਵਰ ਅਵਤਾਰ ਨੂੰ ਪਾ ਲੈਂਦੇ ਹਾਂ ਅਤੇ ਉਨ੍ਹਾਂ ਦਾ ਧਰਮ ਸਵੀਕਾਰ ਕਰ ਲੈਂਦੇ ਹਾਂ ਤਾਂ ਜ਼ਰੂਰੀ ਹੀ ਉਨ੍ਹਾਂ ਦੀਆਂ ਆਗਿਆਵਾਂ ਦਾ ਪਾਲਣ ਕਰੀਏ। ਗੀਤਾ ਵਿਚ ਸ਼੍ਰੀ ਕ੍ਰਿਸ਼ਨ ਨੇ ਸਾਨੂੰ ਇਹ ਸਿਖਿਆ

ਦਿਤੀ ਹੈ :

"ਸਾਰੇ ਕਰਮਾਂ ਨੂੰ ਮਨ ਤੋਂ ਮੇਰੇ ਅਰਪਣ ਕਰਕੇ ਮੇਰੇ ਪ੍ਰਾਇਣ ਹੋਇਆ ਸਮਤਵ ਬੁੱਧੀ ਰੂਪ, ਨਿਸ਼ਕਾਮ ਕਰਮਯੋਗ ਦਾ ਸਹਾਰਾ ਛਡ ਕੇ ਲਗਾਤਾਰ ਮੇਰੇ ਵਿਚ ਚਿੱਤ ਵਾਲਾ ਹੋਵੇ।"

(ਗੀਤਾ ੧੮/੫੭)

ਸ਼੍ਰੀ ਕ੍ਰਿਸ਼ਨ ਸ਼ਾਂਤੀ ਦੇ ਸਾਗਰ ਸਨ। ਉਨ੍ਹਾਂ ਨੇ ਇਹ ਕਹਿ ਕੇ ਸਾਨੂੰ ਆਪਣੇ ਕੋਲ ਬੁਲਾਇਆ:

ਸਭ ਧਰਮਾਂ ਨੂੰ ਤਿਆਗ ਕੇ ਕੇਵਲ ਇਕ ਮੇਰੀ ਹੀ ਸ਼ਰਨ ਨੂੰ ਪ੍ਰਾਪਤ ਕਰ, ਮੈਂ ਤੈਨੂੰ ਤੇਰੇ ਸਾਰੇ ਪਾਪਾਂ ਤੋਂ ਮੁਕਤ ਕਰ ਦੇਵਾਂਗਾ, ਤੂੰ ਅਫਸੋਸ ਨਾ ਕਰ।

(ਗੀਤਾ ੧੮/੬੬)

ਈਸ਼ਵਰ ਅਵਤਾਰ ਸ਼੍ਰੀ ਕ੍ਰਿਸ਼ਨ ਇਕ ਨਵੀਂ ਸਭਿਅਤਾ ਲਿਆਏ। ਉਨ੍ਹਾਂ ਨੇ ਮਨੁੱਖ ਨੂੰ ਬੁਰਾਈਆਂ ਤੇ ਦੁਖਾਂ ਤੋਂ ਮੁਕਤੀ ਦਿਵਾਈ। ਸ਼੍ਰੀ ਕ੍ਰਿਸ਼ਨ ਨੇ ਆਪਣੇ ਚੇਲਿਆਂ ਨੂੰ ਹੌਸਲਾ ਦਿਤਾ ਕਿ ਉਨ੍ਹਾਂ ਦਵਾਰਾ ਕੀਤੇ ਗਏ ਕੰਮ ਦੁਹਰਾਣ ਲਈ ਈਸ਼ਵਰ ਫਿਰ ਅਵਤਾਰ ਧਾਰੇਗਾ। ਸੰਸਾਰ ਦੇ ਰਾਹ ਭੁਲ ਚੁਕੇ ਲੋਕਾਂ ਨੂੰ ਈਸ਼ਵਰ ਦੇ ਰਾਹ ਵਿਚ ਚਲਣ ਦੀ ਖਾਤਰ ਉਨ੍ਹਾਂ ਨੇ ਕਿਹਾ :

ਐ ਭਗਤ (ਅਰਜਨ), ਜਦੋਂ ਜਦੋਂ ਧਰਮ ਦੀ ਹਾਨੀ (ਅਤੇ) ਅਧਰਮ ਦੀ ਜ਼ਿਆਦਤੀ ਹੁੰਦੀ ਹੈ, ਤਦੋਂ ਮੈਂ ਆਪਣੀ ਆਤਮਾ ਨੂੰ ਸਿਰਜਦਾ ਹਾਂ ਅਰਥਾਤ ਭੇਜਦਾ ਜਾਂ ਪ੍ਰਗਟ ਕਰਦਾ ਹਾਂ।

(ਗੀਤਾ ੪/੭)

ਮੈਨੂੰ ਪ੍ਰਾਪਤ ਕਰਨ ਵਾਲਿਆਂ ਦਾ ਉਧਾਰ ਕਰਨ ਲਈ ਤੇ ਬੁਰੇ ਕੰਮ ਕਰਨ ਵਾਲਿਆਂ ਦਾ ਨਾਸ ਕਰਨ ਲਈ (ਅਤੇ) ਧਰਮ ਦੀ ਸਥਾਪਨਾ ਕਰਨ ਦੇ ਲਈ ਜੁਗ ਜੁਗ ਵਿਚ ਮੈਂ ਪ੍ਰਗਟ ਹੁੰਦਾ ਹਾਂ।

(ਗੀਤਾ ੪/੮)

ਅਗਲੇ ਸਫਿਆਂ ਵਿਚ ਅਸੀਂ ਦੇਖਾਂਗੇ ਕਿ ਭਗਵਾਨ ਦਾ ਇਹ ਵਚਨ ਕਿਸ ਤਰ੍ਹਾਂ ਪੂਰਾ ਹੋਇਆ।

ਮਹਾਤਮਾ ਬੁੱਧ :—

ਮਹਾਤਮਾ ਬੁੱਧ ਹਿਮਾਲਾਈ ਰਾਜ ਦੇ ਰਾਜਵੰਸ਼ ਵਿਚ ਪੈਦਾ ਹੋਏ।

ਉਹ ਅਜੇ ਛੋਟੇ ਹੀ ਸਨ ਜਦੋਂ ਅਸਿਤ ਨਾਂ ਦੇ ਇਕ ਬੁਢੇ ਰਿਸ਼ੀ ਮਹਿਲ ਵਿਚ ਆਏ। ਉਹ ਧਰਮਾਤਮਾ ਪੁਰਸ਼ ਸਨ ਤੇ ਉਨ੍ਹਾਂ ਨੇ ਮਹਾਤਮਾ ਬੁੱਧ ਦੇ ਪਿਤਾ ਨੂੰ ਸ਼ੁਭ ਸਮਾਚਾਰ ਦਿਤਾ ਕਿ ਉਨ੍ਹਾਂ ਦਾ ਪੁੱਤਰ ਮਨੁਖ ਦਾ ਮੁਕਤੀਦਾਤਾ ਹੋਵੇਗਾ।

ਮਹਾਤਮਾ ਬੁੱਧ ਉਸ ਸਮੇਂ ਰਾਜਕੁਮਾਰ ਗੌਤਮ ਕਹਿਲਾਂਦੇ ਸਨ। ਉਨ੍ਹਾਂ ਦੇ ਪਿਆਰੇ ਪਿਤਾ ਨੇ ਜੀਵਨ ਦਾ ਮਜ਼ਾ ਲੈਣ ਵਾਸਤੇ ਆਪਣੇ ਪਿਆਰੇ ਪੁੱਤਰ ਦੇ ਲਈ ਸਭ ਸਾਧਨ ਜੁਟਾਏ। ਉਹ ਆਪਣੇ ਪੁੱਤਰ ਨੂੰ ਇਕ ਅੱਛਾ ਰਾਜਾ ਬਣਾਨਾ ਚਾਹੁੰਦੇ ਸਨ। ਪਰੰਤੂ ਗੌਤਮ ਨੇ ਮਹਿਸੂਸ ਕੀਤਾ ਕਿ ਕੇਵਲ ਸਰੀਰਕ ਅਨੰਦ ਹੀ ਸੁਖ ਦਾ ਕਾਰਣ ਨਹੀਂ। ਇਕ ਦਿਨ ਉਨ੍ਹਾਂ ਨੇ ਇਕ ਬੀਮਾਰ ਰੋਗੀ ਤੇ ਫਿਰ ਇਕ ਬਜ਼ੁਰਗ ਤੇ ਇਕ ਮ੍ਰਿਤਕ ਨੂੰ ਦੇਖਿਆ, ਉਨ੍ਹਾਂ ਨੂੰ ਪਤਾ ਚਲਿਆ ਕਿ ਸਭੀ ਮਨੁਖ ਦੁਖ ਤੇ ਮੌਤ ਅਧੀਨ ਹਨ ਅਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਕੇਵਲ ਅਧਿਆਤਮਕ ਪ੍ਰਸੰਨਤਾ ਹੀ ਅਸਲ ਵਿਚ ਸਾਰੇ ਮਨੁਖਾਂ ਨੂੰ ਖੁਸ਼ ਕਰ ਸਕਦੀ ਹੈ। ਆਪਣਾ ਘਰ, ਤੀਵੀਂ ਤੇ ਬੱਚੇ ਛਡ ਕੇ ਉਹ ਅਧਿਆਤਮਕ ਸਚਾਈ ਦੀ ਖੋਜ ਵਿਚ ਨਿਕਲ ਪਏ। ਸ਼ੁਰੂ ਸ਼ੁਰੂ ਵਿਚ ਉਹ ਦੂਰ ਜੰਗਲਾਂ ਵਿਚ ਗਏ ਤੇ ਆਪਣੇ ਆਪ ਨੂੰ ਸੁਖ ਤੇ ਭੋਜਨ ਤੋਂ ਵੰਚਿਤ ਰਖਿਆ। ਇਸ ਤੋਂ ਕੋਈ ਲਾਭ ਨਹੀਂ ਹੋਇਆ। ਕਿਉਂਕਿ ਜੇ ਸਰੀਰ ਕਮਜ਼ੋਰ ਹੋਵੇ ਤਾਂ ਮਾਨਸਿਕ ਸ਼ਕਤੀ ਵੀ ਕਮਜ਼ੋਰ ਹੋ ਜਾਂਦੀ ਹੈ। ਭਾਰਤ ਵਿਚ ਬੋਧੀ ਪੇੜ ਦੇ ਥੱਲੇ ਮਹਾਤਮਾ ਬੁੱਧ ਨੂੰ ਗਿਆਨ ਦਾ ਪ੍ਰਕਾਸ਼ ਹੋਇਆ। ਉਸ ਦਿਨ ਤੋਂ ਉਨ੍ਹਾਂ ਨੇ ਮਨੁੱਖ ਮਾਤਰ ਨੂੰ ਦੁਖਾਂ ਤੋਂ ਬਚਾਣ ਦਾ ਮਹਾਨ ਕੰਮ ਸ਼ੁਰੂ ਕਰ ਦਿਤਾ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਆਪਣੇ ਮਨ ਤੇ ਆਤਮਾ ਨੂੰ ਸ਼ੁਧ ਕਰਨ, ਲਾਲਚ ਤੇ ਬੇਈਮਾਨੀ ਤੋਂ ਦੂਰ ਰਹਿਣ ਅਤੇ ਮਹਿਸੂਸ ਕਰਨ ਕਿ ਸੰਸਾਰ ਦੁਖਾਂ ਦਾ ਘਰ ਹੈ ਜਿਥੇ ਉਨ੍ਹਾਂ ਨੂੰ ਆਪਣੇ ਆਪ ਨੂੰ ਅਨੰਤ ਤੇ ਅਧਿਆਤਮਕ ਆਨੰਦ ਤੇ ਪ੍ਰਸੰਨਤਾ ਦੇ ਲਈ ਤਿਆਰ ਕਰਨਾ ਚਾਹੀਦਾ ਹੈ।

ਆਪਣੇ ਪਵਿੱਤਰ ਜੀਵਨ ਕਾਲ ਵਿਚ ਉਨ੍ਹਾਂ ਨੇ ਸਾਡੇ ਲਈ ਉਦਾਹਰਣ ਸਥਾਪਿਤ ਕੀਤਾ। ਜਦੋਂ ਉਹ ਪੇੜ ਦੇ ਥੱਲੇ ਆਰਾਧਾਨਾ ਵਿਚ ਮਗਨ ਸਨ ਤਾ ਦੁਸ਼ਟ 'ਮਾਰਾ' ਨੇ ਉਨ੍ਹਾਂ ਨੂੰ ਸੰਸਾਰ ਦੇ ਧਨ ਤੇ ਇੰਦਰੀਆਂ ਦੇ ਸੁਖ ਦਾ ਲੋਭ ਦੇਣ ਦੀ ਕੋਸ਼ਿਸ਼ ਕੀਤੀ ਪਰ ਗਿਆਨਯੁਕਤ ਮਹਾਤਮਾ ਬੁੱਧ ਨੇ

ਬੁਰਾਈ ਦੀ ਸ਼ਕਤੀਆਂ ਤੇ ਫਤਹਿ ਪਾਈ। ਉਨ੍ਹਾਂ ਦੀ ਸ਼ਕਤੀ ਆਤਮਾ ਦੀ ਸ਼ਕਤੀ ਸੀ।

ਆਪਣੀਆਂ ਮਹਾਨ ਸਿਖਿਆਵਾਂ ਦਵਾਰਾ ਮਹਾਤਮਾ ਬੁੱਧ ਨੇ ਕਈ ਰਾਸ਼ਟਰਾਂ ਦੇ ਲਖਾਂ ਕਰੋੜਾਂ ਲੋਕਾਂ ਨੂੰ ਅਧਿਆਤਮਕ ਮੁਕਤੀ ਪ੍ਰਾਪਤ ਕਰਨ ਵਿਚ ਸਹਾਇਤਾ ਕੀਤੀ।

ਮਹਾਤਮਾ ਬੁੱਧ ਦੇ ਵਕਤ ਉਨ੍ਹਾਂ ਦੇ ਦੇਸ਼ ਦੇ ਲੋਕ, ਪ੍ਰਮਾਤਮਾ ਦੇ ਨਾਂ ਤੇ ਆਪਸ ਵਿਚ ਲੜਾਈ ਕਰ ਰਹੇ ਸਨ। ਅਸਲ ਵਿਚ ਉਨ੍ਹਾਂ ਨੇ ਆਪਣੇ ਵਾਸਤੇ ਵਖੋ ਵੱਖ ਦੇਵੀ ਦੇਵਤੇ ਬਣਾ ਲਏ ਸਨ। ਮਹਾਤਮਾ ਬੁੱਧ ਜਾਣਦੇ ਸਨ ਕਿ ਈਸ਼ਵਰ ਪ੍ਰਾਪਤੀ ਦਾ ਰਸਤਾ ਕੇਵਲ ਈਸ਼ਵਰ ਅਵਤਾਰ ਹੀ ਹੈ। ਉਹ ਈਸ਼ਵਰ ਅਵਤਾਰ ਸਨ ਇਸ ਲਈ ਉਹ ਇਹ ਨਹੀਂ ਸਨ ਚਾਹੁੰਦੇ ਕਿ ਪ੍ਰਭੂ ਦੇ ਨਾਂ ਤੇ, ਜਿਸ ਦਾ ਗਿਆਨ ਉਹ ਉਸ ਤੋਂ ਬਿਨਾਂ ਨਹੀਂ ਪ੍ਰਾਪਤ ਕਰ ਸਕਦੇ, ਆਪਸ ਵਿਚ ਲੜਨ। ਉਹ ਵਿਦਵਾਨ ਸ਼ਿਖਸ਼ਕ ਸਨ। ਲੋਕਾਂ ਨੂੰ ਝਗੜੇ ਤੋਂ ਬਚਾਣ ਲਈ ਉਹ ਈਸ਼ਵਰ ਦੇ ਬਾਰੇ ਚੁਪ ਸਨ ਪਰ ਉਨ੍ਹਾਂ ਨੇ ਲੋਕਾਂ ਨੂੰ ਪਰਮ ਸਚ ਦੇ ਅਵਤਾਰ ਖੁਦ ਆਪਣੀ ਆਗਿਆ ਪਾਲਣ ਕਰਨ ਦਾ ਆਦੇਸ਼ ਦਿਤਾ। ਇਸ ਤਰ੍ਹਾਂ ਉਹ ਉਨ੍ਹਾਂ ਲੱਖਾਂ ਕਰੋੜਾਂ ਇਨਸਾਨਾਂ ਨੂੰ ਇਕੱਠੇ ਕਰਨ ਵਿਚ ਸਫਲ ਹੋਏ ਜੋ ਈਸ਼ਵਰ ਤੇ ਜਾਤੀ ਦੇ ਨਾਂ ਤੇ ਆਪਸ ਵਿਚ ਵੰਡੇ ਹੋਏ ਸਨ। ਉਨ੍ਹਾਂ ਨੇ ਕਿਹਾ : "ਜਨਮ ਤੋਂ ਹੀ ਕੋਈ ਇਨਸਾਨ ਬ੍ਰਾਹਮਣ ਨਹੀਂ ਬਣਦਾ, ਜਨਮ ਤੋਂ ਹੀ ਕੋਈ ਇਨਸਾਨ ਅਛੂਤ ਨਹੀਂ ਬਣਦਾ, ਹਰ ਇਕ ਆਪਣੇ ਕੰਮਾਂ ਤੋਂ ਬ੍ਰਾਹਮਣ ਤੇ ਅਛੂਤ ਬਣਦਾ ਹੈ।"

ਆਪਣੇ ਸਵਰਗਵਾਸ ਤੋਂ ਕੁਝ ਸਮਾਂ ਪਹਿਲਾਂ ਮਹਾਤਮਾ ਬੁੱਧ ਨੇ ਆਪਣੇ ਚੇਲਿਆਂ ਨੂੰ, ਜੋ ਇਸ ਗੱਲ ਤੋਂ ਡਰਦੇ ਸਨ ਕਿ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦਾ ਧਰਮ ਹੌਲੀ ਹੌਲੀ ਖਤਮ ਹੋ ਜਾਵੇਗਾ, ਇਕ ਮਹਾਨ ਵਚਨ ਦਿਤਾ। ਉਨ੍ਹਾਂ ਨੇ ਕਿਹਾ :

> "ਮੈਂ ਪਹਿਲਾ ਬੁੱਧ ਨਹੀਂ ਜੋ ਧਰਤੀ ਤੇ ਆਇਆ ਤੇ ਨਾ ਹੀ ਆਖਰੀ। ਸਮਾਂ ਪੂਰਾ ਹੋਣ ਤੇ ਇਕ ਹੋਰ ਬੁੱਧ ਸੰਸਾਰ ਵਿਚ ਆਵੇਗਾ ਜੋ ਪਵਿਤਰ, ਮਹਾਨ, ਗਿਆਨਯੁਕਤ, ਆਚਾਰ ਵਿਵਹਾਰ ਦੇ ਗਿਆਨ ਤੋਂ ਪੂਰਨ, ਪੁੰਨ, ਸੰਸਾਰ ਦਾ ਗਿਆਨ ਰਖਣ

> ਵਾਲਾ, ਮਨੁੱਖਾਂ ਦਾ ਅਦੁਤੀ ਨੇਤਾ ਤੇ ਦੇਵਦੂਤਾਂ ਤੇ ਨਸ਼ਵਰਾਂ ਦਾ ਸਵਾਮੀ ਹੋਵੇਗਾ। ਉਹ ਤੁਹਾਡੇ ਤੇ ਅਨੰਤ ਸਚਾਈਆਂ ਪ੍ਰਗਟ ਕਰੇਗਾ ਜਿਸਦੀ ਸਿਖਿਆ ਮੈਂ ਤੁਹਾਨੂੰ ਦਿਤੀ ਹੈ। ਉਹ ਤੁਹਾਡੇ ਵਿਚ ਇਸ ਧਰਮ ਦਾ ਪ੍ਰਚਾਰ ਕਰੇਗਾ ਜੋ ਭਾਵਾਰਥ ਤੇ ਅੱਖਰਾਂ ਵਿਚ ਉੱਚ ਹੈ, ਸਿਖਰ ਤੇ ਮਕਸਦ ਵਿਚ ਉੱਚ ਹੈ। ਉਹ ਇਕ ਪੂਰਨ ਤੇ ਸ਼ੁਧ ਧਾਰਮਿਕ ਜੀਵਨ ਦੀ ਘੋਸ਼ਣਾ (ਐਲਾਨ) ਕਰੇਗਾ ਜਿਸ ਤਰ੍ਹਾਂ ਕਿ ਮੈਂ ਹੁਣ ਐਲਾਨ ਕਰਦਾ ਹਾਂ। ਉਸ ਦੇ ਚੇਲਿਆਂ ਦੀ ਗਿਣਤੀ ਕਈ ਹਜ਼ਾਰ ਹੋਵੇਗੀ ਜਦਕਿ ਮੇਰੇ ਚੇਲਿਆਂ ਦੀ ਗਿਣਤੀ ਕੁਛ ਹੀ ਸੌ ਹੈ।

ਇਸ ਵਚਨ ਤੇ ਬੋਧੀਆਂ ਨੂੰ ਉਮੀਦ ਹੋਈ ਕਿ ਉਹ ਇਸ ਧਰਤੀ ਤੇ ਇਕੱਲੇ ਨਹੀਂ ਛਡ ਦਿਤੇ ਜਾਣਗੇ ਸਗੋਂ ਉਨ੍ਹਾਂ ਨੂੰ ਇਕ ਤੇਜਸਵੀ ਬੁਧੀ ਤੋਂ ਹੁਕਮ ਪ੍ਰਾਪਤ ਹੋਵੇਗਾ। ਮਹਾਤਮਾ ਬੁੱਧ ਇਸ ਵਕਤ ਆਪਣੇ ਦੈਵੀ ਸਥਾਨ ਤੇ ਪ੍ਰਸੰਨ ਹੋ ਰਹੇ ਹਨ ਕਿਉਂਕਿ ਉਹ ਆਪਣੇ ਪ੍ਰਤਾਪੀ ਵਚਨ ਨੂੰ ਈਸ਼ਵਰ ਦੇ ਬਹਾਉਲਾਹ ਵਿਚ ਪੂਰਾ ਹੁੰਦਾ ਦੇਖ ਰਹੇ ਹਨ।

ਈਸ਼ਵਰ ਅਵਤਾਰ ਮੂਸਾ :—

ਇਕ ਦੂਰ ਦੇਸ਼ ਵਿਚ ਇਕ ਗੁਲਾਮਾਂ ਦਾ ਇਕੱਠ ਬੜੀ ਮੁਸ਼ਕਿਲ ਨਾਲ ਜ਼ਿੰਦਗੀ ਗੁਜ਼ਾਰ ਰਿਹਾ ਸੀ। "ਉਹ ਇਸਰਾਈਲ ਦੀ ਸੰਤਾਨ" ਕਹਿਲਾਂਦੇ ਸਨ ਤੇ ਮਿਸਰ ਦੇਸ਼ ਦੇ ਸ਼ਕਤੀਸ਼ਾਲੀ ਸ਼ਹਿਨਸ਼ਾਹ ਹੇਠ ਗੁਲਾਮਾਂ ਦਾ ਕੰਮ ਕਰ ਰਹੇ ਸਨ। ਉਹ ਕਿਸੇ ਹੋਰ ਦੇਸ਼ ਦੇ ਵਾਸੀ ਸਨ ਜੋ ਅਜਕਲ 'ਇਸਰਾਈਲ' ਕਹਿਲਾਂਦਾ ਹੈ ਪਰੰਤੂ ਉਨ੍ਹਾਂ ਨੂੰ ਜ਼ੋਰੀਂ ਤੇ ਘਰਾਂ ਤੋਂ ਦੂਰ ਲਿਜਾਇਆ ਗਿਆ ਸੀ। ਕੇਵਲ ਈਸ਼ਵਰ ਦਾ ਅਵਤਾਰ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਦੁੱਖਾਂ ਤੋਂ ਛੁਡਾ ਸਕਦਾ ਸੀ ਅਤੇ ਮਹਾਤਮਾ ਮੂਸਾ ਲਈ ਇਹ ਨਿਰਧਾਰਿਤ ਕੀਤਾ ਗਿਆ ਕਿ ਉਹ ਇਨ੍ਹਾਂ ਲੋਕਾਂ ਦੀ ਮੁਕਤੀ ਲਈ ਉਠ ਖੜੇ ਹੋਣ। ਉਹ ਇਕੱਲੇ ਸਨ ਤੇ ਮਿਸਰ ਦੇ ਸ਼ਹਿਨਸ਼ਾਹ ਪਾਸ ਉਨ੍ਹਾਂ ਨੂੰ ਖਤਮ ਕਰਨ ਵਾਸਤੇ ਸਭ ਸਾਧਨ ਮੌਜੂਦ ਸਨ। ਪਰ ਜਦੋਂ ਈਸ਼ਵਰ ਦਾ ਅਵਤਾਰ ਪ੍ਰਗਟ ਹੁੰਦਾ ਹੈ ਤਾਂ ਉਸ ਨੂੰ ਇਕ ਐਸੀ ਸ਼ਕਤੀ ਪ੍ਰਾਪਤ ਹੁੰਦੀ ਹੈ ਜਿਸ ਦਾ ਕੋਈ ਦੁਨਿਆਵੀ ਸ਼ਕਤੀ ਅੰਤ ਨਹੀਂ

ਪਾ ਸਕਦੀ। ਹਜ਼ਰਤ ਮੂਸਾ ਬਿਨਾਂ ਮਦਦ ਦੇ ਇਕੱਲੇ ਹੀ ਆਪਣੇ ਲੋਕਾਂ ਨੂੰ ਪ੍ਰਭੂ ਰਾਜ ਦੇ ਸ਼ੁਭ ਸਮਾਚਾਰ ਦੇਣ ਵਾਸਤੇ ਉਠ ਖੜੇ ਹੋਏ।

ਜਦੋਂ ਹਜ਼ਰਤ ਮੂਸਾ ਨੇ ਪ੍ਰਭੂ ਅਵਤਾਰ ਹੋਣ ਦਾ ਐਲਾਨ ਕੀਤਾ ਤਾਂ 'ਇਸਰਾਈਲ ਦੀ ਸੰਤਾਨ' ਨੇ ਸਮਝ ਲਿਆ ਕਿ ਉਨ੍ਹਾਂ ਦੇ ਦੁਖਾਂ ਦਾ ਸਮਾਂ ਬੀਤ ਗਿਆ ਹੈ। ਉਨ੍ਹਾਂ ਨੇ ਉਸ ਦਾ ਪਾਲਣ ਕੀਤਾ। ਉਹ ਪਵਿੱਤਰ ਜ਼ਮੀਨ 'ਇਸਰਾਈਲ' ਆ ਗਏ ਤੇ ਨਵੀਂ ਜ਼ਿੰਦਗੀ ਸ਼ੁਰੂ ਕੀਤੀ। ਇੰਨਾ ਸ਼ਕਤੀਸ਼ਾਲੀ ਤੇ ਬਲਵਾਨ ਹੁੰਦਾ ਹੋਇਆ ਵੀ ਮਿਸਰ ਦਾ ਤਾਨਾਸ਼ਾਹ ਉਨ੍ਹਾਂ ਨੂੰ ਰੋਕ ਨਾ ਸਕਿਆ। ਜਦੋਂ ਉਸ ਨੇ ਤੇ ਉਸ ਦੀ ਸੈਨਾ ਨੇ ਪਿੱਛਾ ਕਰਨ ਦਾ ਯਤਨ ਕੀਤਾ ਤਾਂ ਲਾਲ ਸਾਗਰ ਵਿਚ ਡੁਬ ਗਏ।

ਪ੍ਰਭੂ ਦੇ ਸ਼ਬਦਾਂ ਨੇ ਇਸਰਾਈਲ ਦੀ ਸੰਤਾਨ ਦੇ ਜੀਵਨ ਵਿਚ ਪਰੀਵਰਤਨ ਕਰ ਦਿਤਾ। ਜਦਕਿ ਉਹ ਗੁਲਾਮ ਮਾਤਰ ਹੀ ਸਨ ਤਾਂ ਵੀ ਉਨ੍ਹਾਂ ਨੇ ਇਕ ਐਸ਼ਵਰਯ ਪੂਰਣ ਰਾਜ ਦੀ ਸਥਾਪਨਾ ਕੀਤੀ। ਉਹ ਮਾਨਵ ਮਾਤਰ ਦੇ ਮਹਾਨ ਸਿਖਿਅਕ ਬਣ ਗਏ। ਦੂਸਰੇ ਦੇਸ਼ਾਂ ਦੇ ਬਹੁਤ ਸਾਰੇ ਦਾਰਸ਼ਨਿਕਾਂ ਤੇ ਸਿਖਿਅਕਾਂ ਨੇ ਹਜ਼ਰਤ ਮੂਸਾ ਦੇ ਚੈਲਿਆਂ ਤੋਂ ਗਿਆਨ ਪ੍ਰਾਪਤ ਕੀਤਾ। ਕਿਉਂਕਿ ਆਪਣੇ ਪ੍ਰਗਟਤਾ ਦੇ ਨਾਲ ਨਾਲ ਈਸ਼ਵਰ ਅਵਤਾਰ ਕੇਵਲ ਖੁਸ਼ੀ ਹੀ ਨਹੀਂ ਦੇਂਦੇ ਬਲਕਿ ਗਿਆਨ ਅਤੇ ਵਿਦਵਤਾ ਦੇ ਮਹਾਨ ਸਾਧਨ ਵੀ ਪ੍ਰਦਾਨ ਕਰਦੇ ਹਨ।

ਹਜ਼ਰਤ ਮੂਸਾ ਨੇ ਆਪਣੀਆਂ ਸਿਖਿਆਵਾਂ ਨੂੰ ਦਸ ਦੈਵੀ ਨੇਮਾਂ ਵਿਚ ਸੰਖੇਪ ਕੀਤਾ। ਉਹ ਅਤਿ ਸੁੰਦਰ ਨਿਯਮ ਸਨ। ਉਨ੍ਹਾਂ ਨੇ ਸਾਨੂੰ ਸਿਖਿਆ ਦਿਤੀ ਕਿ ਅਸੀਂ ਰੱਬ ਨਾਲ ਪਿਆਰ ਕਰੀਏ, ਰੱਬ ਤੋਂ ਜ਼ਿਆਦਾ ਕਿਸੇ ਹੋਰ ਚੀਜ਼ ਨਾਲ ਪ੍ਰੇਮ ਨਾ ਕਰੀਏ। ਆਪਣੇ ਮਾਤਾ-ਪਿਤਾ ਨਾਲ ਪ੍ਰੇਮ ਕਰੀਏ ਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰੀਏ। ਉਨ੍ਹਾਂ ਨੇ ਸਾਨੂੰ ਸਿਖਿਆ ਦਿਤੀ ਕਿ ਅਸੀਂ ਚੋਰੀ ਨਾ ਕਰੀਏ, ਦੂਜੇ ਲੋਕਾਂ ਨੂੰ ਦੁਖ ਨਾ ਪਹੁੰਚਾਈਏ, ਸ਼ੁਧ ਤੇ ਸਾਫ ਹੋਈਏ, ਹਮੇਸ਼ਾ ਸੱਚਵਾਦੀ ਹੋਈਏ। ਇਨ੍ਹਾਂ ਸੁੰਦਰ ਸਿਖਿਆਵਾਂ ਤੋਂ ਸਿਵਾ ਹਜ਼ਰਤ ਮੂਸਾ ਨੇ ਆਪਣੇ ਚੇਲਿਆਂ ਨੂੰ ਵਚਨ ਦਿਤਾ ਕਿ ਸਮਾਂ ਪੂਰਾ ਹੋਣ ਤੇ ਸੈਨਾਵਾਂ ਦਾ ਸਵਾਮੀ (ਈਸ਼ਵਰ) ਉਨ੍ਹਾਂ ਦੇ ਸਭ ਦੁਖਾਂ ਦਾ ਛੁਟਕਾਰਾ ਦਿਵਾਣ ਆਵੇਗਾ। ਉਨ੍ਹਾਂ ਨੇ ਵਚਨ ਦਿਤਾ ਕਿ ਜਦੋਂ ਸੈਨਾਵਾਂ ਦਾ ਸਵਾਮੀ (ਈਸ਼ਵਰ) ਆਵੇਗਾ

ਤਾਂ ਇਸਰਾਈਲ ਤੋਂ ਵਖਰੇ ਹੋਏ ਤੇ ਜੁਗਾਂ ਤੋਂ ਵਿਛੜੇ ਹੋਏ ਲੋਕ ਦੁਬਾਰਾ ਆਪਣੀ ਪਵਿੱਤਰ ਜ਼ਮੀਨ ਨੂੰ ਵਾਪਸ ਆ ਜਾਣਗੇ ਅਤੇ ਆਪਣੀ ਪਿਤ੍ਰਭੂਮੀ ਤੇ ਮਿਲ ਕੇ ਇਕ ਹੋ ਜਾਣਗੇ।

ਸੈਨਾਵਾਂ ਦਾ ਸਵਾਮੀ ਆ ਗਿਆ ਹੈ, ਭਗਵਾਨ ਬਹਾਉੱਲਾਹ ਨੇ ਐਲਾਨ ਕੀਤਾ ਹੈ ਕਿ ਪ੍ਰਭੂ ਦਾ ਉਹ ਦਿਨ ਆ ਗਿਆ ਹੈ। ਜਿਸ ਦੇ ਬਾਰੇ ਪਿਛਲੇ ਗ੍ਰੰਥਾਂ ਵਿਚ ਵਚਨ ਦਿਤਾ ਸੀ। ਉਨ੍ਹਾਂ ਨੇ ਮੂਸਾ ਦੇ ਚੇਲਿਆਂ ਨੂੰ ਇਹ ਖਬਰ ਸੁਣਾਈ ਕਿ ਉਨ੍ਹਾਂ ਦੇ ਪਿਆਰੇ ਵਚਨ ਦੀ ਪੂਰਤੀ ਹੋ ਗਈ ਹੈ। ਸਾਰੇ ਦੇਸ਼ਾਂ ਦੇ ਯਹੂਦੀ, ਲੰਬੇ ਵਕਤ ਦੀ ਅਲੱਗਤਾ, ਅਪਮਾਨ ਦੇ ਦੁੱਖਾਂ ਤੋਂ ਬਾਅਦ ਦੁਬਾਰਾ ਉਸ ਜ਼ਮੀਨ ਤੇ ਇਕੱਠੇ ਹੋ ਗਏ ਹਨ। ਉਨ੍ਹਾਂ ਨੇ ਆਪਣੇ ਲਈ ਇਕ ਅਲੱਗ ਦੇਸ਼ ਦੀ ਸਥਾਪਨਾ ਕੀਤੀ ਹੈ ਜੋ ਇਸਰਾਈਲ ਕਹਿਲਾਂਦਾ ਹੈ। ਹਜ਼ਰਤ ਮੂਸਾ ਦੇ ਵਚਨ ਅਨੁਸਾਰ ਇਹ ਸਭ ਕੁਝ ਉਦੋਂ ਹੋਣਾ ਸੀ ਜਦੋਂ ਦੈਵੀ ਸੈਨਾਵਾਂ ਦਾ ਸਵਾਮੀ ਇਸ ਧਰਤੀ ਤੇ ਨਿਆਂ ਦੇ ਸਿੰਘਾਸਨ ਤੇ ਬਿਰਾਜਮਾਨ ਹੋਣਾ ਸੀ। ਆਪਣੇ ਪਵਿੱਤਰ ਗ੍ਰੰਥ ਦੇ ਅਨੁਸਾਰ ਜਦੋਂ ਕਈ ਯਹੂਦੀਆਂ ਨੇ ਦੇਖਿਆ ਕਿ ਇਸਰਾਈਲ ਦੀ ਸੰਤਾਨ ਪਵਿੱਤਰ ਭੂਮੀ ਤੇ ਇਕੱਠੀ ਹੋ ਗਈ ਹੈ ਤਾਂ ਉਹ ਸਮਝ ਗਏ ਕਿ ਦੈਵੀ ਸੈਨਾਵਾਂ ਦਾ ਸਵਾਮੀ ਆ ਗਿਆ ਹੈ। ਨਹੀਂ ਤਾਂ ਉਨ੍ਹਾਂ ਵਾਸਤੇ ਇਹ ਅਸੰਭਵ ਸੀ ਕਿ ਉਹ ਆਪਸ ਵਿਚ ਇਕੱਠੇ ਹੋ ਜਾਂਦੇ।

ਬਹਾਈ ਵਿਸ਼ਵ ਸਮਾਜ ਵਿਚ ਬਹੁਤ ਸਾਰੇ ਇਸ ਤਰ੍ਹਾਂ ਦੇ ਯਹੂਦੀ ਹਨ ਜਿਨ੍ਹਾਂ ਨੇ ਭਗਵਾਨ ਬਹਾਉੱਲਾਹ ਨੂੰ ਆਪਣੀ ਤੇਜਸਵੀ ਪ੍ਰਤੀਗਤ ਪ੍ਰਵਾਨ ਕਰ ਲਿਆ ਹੈ।

ਈਸਾ ਮਸੀਹ :—

ਈਸਾ ਮਸੀਹ ਦੀ ਕਥਾ ਬਹੁਤ ਸੁੰਦਰ ਹੈ। ਇਹ ਪ੍ਰਭੂ ਪਿਆਰੇ ਤੇ ਮਨੁਖੀ ਪਿਆਰ ਦੀ ਕਥਾ ਹੈ। ਇਹ ਇਕ ਈਸ਼ਵਰ ਅਵਤਾਰ ਦੀ ਕਥਾ ਹੈ।

ਈਸਾ ਮਸੀਹ ਦੁਆਰਾ ਮਨੁੱਖ ਮਾਤਰ ਦੇ ਵਲ ਆਪਣੇ ਮਕਸਦ ਦੇ ਐਲਾਨ ਤੋਂ ਪਹਿਲਾਂ ਇਕ ਮਹਾਤਮਾ ਸਨ ਜਿਨ੍ਹਾਂ ਦਾ ਨਾਮਕਰਣ ਰਸਮ ਕਰਨ ਵਾਲਾ 'ਜਾਨ' ਸੀ। ਮਹਾਤਮਾ ਬੁੱਧ ਦੀ ਕਥਾ ਵਿਚ ਅਸੀਂ ਦੇਖ ਚੁਕੇ ਹਾਂ ਕਿ ਇਕ ਮਹਾਤਮਾ ਨੇ ਕਿਸ ਤਰ੍ਹਾਂ ਇਹ ਸਮਾਚਾਰ ਦਿਤਾ ਕਿ ਮਨੁੱਖ ਮਾਤਰ ਦਾ

ਰਖਵਾਲਾ ਜਲਦੀ ਪ੍ਰਗਟ ਹੋਵੇਗਾ। ਈਸਾ ਮਸੀਹ ਦੁਆਰਾ ਆਪਣੇ ਧਰਮ ਦੇ ਐਲਾਨ ਤੋਂ ਪਹਿਲੇ ਠੀਕ ਇਸ ਤਰ੍ਹਾਂ ਹੀ ਹੋਇਆ। ਨਾਮਕਰਣ ਵਾਲੇ 'ਜਾਨ' ਨੇ ਆਪਣੇ ਵੇਲੇ ਦੇ ਲੋਕਾਂ ਨੂੰ ਇਹ ਸਮਾਚਾਰ ਦਿਤਾ ਕਿ ਜਲਦੀ ਹੀ ਈਸ਼ਵਰ ਦਾ ਦੂਤ ਉਨ੍ਹਾਂ ਸਭ ਦੇ ਦੁਖ ਦੂਰ ਕਰਨ ਵਾਸਤੇ ਆਵੇਗਾ। ਉਦੋਂ ਦੇ ਲੋਕ ਆਪਣੇ ਵਿਚਾਰਾਂ ਨੂੰ ਬਦਲਣਾ ਨਹੀਂ ਚਾਹੁੰਦੇ ਸਨ ਤੇ ਉਨ੍ਹਾਂ ਹੀ ਗੱਲਾਂ ਦਾ ਪਾਲਣ ਕਰਨਾ ਚਾਹੁੰਦੇ ਸਨ ਜੋ ਉਨ੍ਹਾਂ ਦੇ ਬਜ਼ੁਰਗ ਸੈਂਕੜੇ ਸਾਲਾਂ ਤੋਂ ਕਰਦੇ ਆਏ ਸਨ। ਲੋਕਾਂ ਦੀ ਨੇਤਾਗਿਰੀ ਕਰਨ ਵਾਲੇ ਪੰਡਿਤ ਨਹੀਂ ਚਾਹੁੰਦੇ ਸਨ ਕਿ ਈਸ਼ਵਰ ਦਾ ਦੂਤ ਆਏ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਉਹਦੇ ਆਉਣ ਤੇ ਉਹ ਆਪਣੀਆਂ ਪਦਵੀਆਂ ਖੋ ਬੈਠਣਗੇ। ਇਸ ਕਰਕੇ ਉਨ੍ਹਾਂ ਨੇ ਨਾਮਕਰਣ ਵਾਲੇ 'ਜਾਨ' ਨੂੰ ਕੈਦ ਕਰ ਦਿਤਾ। ਕੁਝ ਸਮੇਂ ਬਾਅਦ ਉਸ ਦਾ ਸਿਰ ਕੱਟ ਦਿਤਾ ਗਿਆ। ਪ੍ਰਭੂ ਦੇ ਰਸਤੇ ਵਿਚ ਆਪਣੇ ਸਿਰ ਦਾ ਬਲੀਦਾਨ ਕਰਕੇ ਵੀ 'ਜਾਨ' ਖੁਸ਼ ਸੀ।

ਈਸਾ ਮਸੀਹ ਇਕ ਸਾਧਾਰਨ ਘਰਾਣੇ ਵਿਚ ਪੈਦਾ ਹੋਏ। ਜ਼ੋਜਫ ਜੋ ਉਨ੍ਹਾਂ ਦਾ ਪਿਤਾ ਸੀ, ਇਕ ਤਰਖਾਣ ਸੀ। ਈਸਾ ਪਵਿੱਤਰ ਭੂਮੀ ਤੇ ਜਨਮੇ। ਬਚਪਨ ਤੋਂ ਹੀ ਜਦੋਂ ਉਹ ਆਪਣੇ ਪਿਤਾ ਨਾਲ ਤਰਖਾਣੀ ਦਾ ਕੰਮ ਕਰਦੇ ਤਾਂ ਲੋਕਾਂ ਵਲ ਉਦਾਰ ਤੇ ਕ੍ਰਿਪਾ ਪੂਰਵਕ ਸਨ। ਜਵਾਨ ਹੋਣ ਤੇ ਉਨ੍ਹਾਂ ਕਿਹਾ : ਮੇਰੇ ਵਾਸਤੇ ਹੁਣ ਵਕਤ ਆ ਗਿਆ ਹੈ ਕਿ ਮੈਂ ਆਪਣੇ ਅਸਲ ਅਧਿਆਤਮਕ ਪਿਤਾ ਦੇ ਕੰਮ ਦੀ ਦੇਖਭਾਲ ਕਰਾਂ। ਆਰਾਧਨਾ ਕਰਨ ਵਾਸਤੇ ਉਹ ਕਈ ਦਿਨਾਂ ਲਈ ਬਾਹਰ ਚਲੇ ਗਏ। ਫਿਰ ਵਾਪਸ ਆਏ ਤੇ ਆਪਣੇ ਅਸਲ ਮਕਸਦ (ਧਰਮ) ਦਾ ਐਲਾਨ ਕੀਤਾ। ਉਨ੍ਹਾਂ ਨੇ ਪ੍ਰਭੂ ਰਾਜ ਦੇ ਸ਼ੁਭ ਸਮਾਚਾਰ ਦਿਤੇ। ਇਕ ਵਾਰ ਉਹ ਕਿਸੇ ਪਵਿੱਤਰ ਧਰਮ ਸਥਾਨ ਤੇ ਗਏ। ਇਹ ਯਹੂਦੀਆਂ ਵਾਸਤੇ ਆਦਰ ਵਾਲਾ ਤੇ ਤੀਰਥ ਸਥਾਨ ਸੀ ਪਰ ਉਨ੍ਹਾਂ ਨੇ ਇਸ ਨੂੰ ਵਪਾਰਿਕ ਕੇਂਦਰ ਬਣਾ ਲਿਆ ਸੀ। ਹਜ਼ਰਤ ਈਸਾ ਉਥੇ ਗਏ ਤੇ ਉਨ੍ਹਾਂ ਦੀਆਂ ਦੁਕਾਨਾਂ ਨੂੰ ਗਿਰਾ ਦਿਤਾ ਅਤੇ ਉਨ੍ਹਾਂ ਨੂੰ ਉਸ ਪਵਿੱਤਰ ਜਗ੍ਹਾ ਤੋਂ ਭਜਾ ਦਿਤਾ। ਉਨ੍ਹਾਂ ਕਿਹਾ : ਇਹ ਪ੍ਰਮਾਤਮਾ ਦਾ ਘਰ ਹੈ। ਆਪਣੀਆਂ ਸੰਸਾਰਕ ਦਿਲਚਸਪੀਆਂ ਕਰਕੇ ਇਸ ਨੂੰ ਗੰਦਾ ਨਹੀਂ ਕਰਨਾ ਚਾਹੀਦਾ। ਉਹ ਦਿਖਾਣਾ ਚਾਹੁੰਦੇ ਸਨ ਕਿ ਪ੍ਰਭੂ ਧਰਮ ਨੂੰ ਭੌਤਿਕ ਲਾਭ ਦਾ ਤਰੀਕਾ

ਨਹੀਂ ਬਣਾਉਣਾ ਚਾਹੀਦਾ।

ਮਹਾਤਮਾ ਈਸਾ ਦੇ ਵਕਤ ਵਿਚ ਬਹੁਤੇ ਲੋਕ ਅਧਿਆਤਮਕ ਤੌਰ ਤੇ ਰੋਗੀ ਤੇ ਮ੍ਰਿਤਕ ਸਨ। ਉਨ੍ਹਾਂ ਨੇ ਇਨ੍ਹਾਂ ਦਾ ਇਲਾਜ ਕੀਤਾ ਤੇ ਪ੍ਰਭੂ ਸ਼ਬਦ ਦੀ ਸ਼ਕਤੀ ਦੁਆਰਾ ਜੀਵਨ ਪ੍ਰਦਾਨ ਕੀਤਾ। ਜਲਦੀ ਹੀ ਉਹ ਬਹਤ ਲੋਕ-ਪ੍ਰਿਯ ਹੋ ਗਏ। ਪੰਡਿਤ ਲੋਕ ਉਨ੍ਹਾਂ ਤੋਂ ਈਰਖਾ ਕਰਨ ਲਗ ਪਏ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਚੇਲੇ ਇਸ ਸਾਦਾ ਆਦਮੀ ਵਲ ਖਿੱਚੇ ਜਾਣ ਜੋ ਲੋਕਾਂ ਨੂੰ ਜੀਵਨ ਦੀ ਨਵੀਂ ਵਿਧੀ ਦੀ ਸਿਖਿਆ ਦੇ ਰਿਹਾ ਸੀ। ਜਦ ਉਨ੍ਹਾਂ ਨੇ ਲੋਕਾਂ ਨੂੰ ਦਸਿਆ ਕਿ ਉਹ ਪਵਿੱਤਰ ਧਰਮ ਗ੍ਰੰਥਾਂ ਵਿਚ ਪ੍ਰਦਰਸ਼ਿਤ ਉਨ੍ਹਾਂ ਦੇ ਅਧਿਆਤਮਕ ਅਧਿਪਤੀ ਹਨ ਤਾਂ ਪੰਡਿਤ ਲੋਕ ਨਾਰਾਜ਼ ਹੋ ਗਏ ਕਿਉਂਕਿ ਉਨ੍ਹਾਂ ਦਾ ਖਿਆਲ ਸੀ ਕਿ ਉਨ੍ਹਾਂ ਦਾ ਪ੍ਰਤੀਗਤ ਦੈਵੀ ਅਧਿਪਤੀ ਸੰਸਾਰਿਕ ਐਸ਼ਵਰਯ ਦਾ ਸਵਾਮੀ ਹੋਵੇਗਾ ਜਦੋਂ ਕਿ ਈਸਾ ਇਕ ਸਾਧਾਰਣ ਆਦਮੀ ਸਨ। ਉਨ੍ਹਾਂ ਦੇ ਪਾਸ ਜੁੱਤੇ ਤਕ ਨਹੀਂ ਸਨ। ਫਿਰ ਵੀ ਉਨ੍ਹਾਂ ਐਲਾਨ ਕਰ ਦਿਤਾ ਕਿ ਉਹ ਇਸਰਾਈਲ ਦੇ ਰਾਜਾ ਸਨ। ਉਨ੍ਹਾਂ ਕਿਹਾ : ਮੈਂ ਨਵੇਂ ਈਸ਼ਵਰ ਰਾਜ ਦਾ ਸਵਾਮੀ ਹਾਂ. ਪ੍ਰਭੂ ਦੇ ਅਨੰਤ ਰਾਜ ਦੇ ਸਾਹਮਣੇ ਇਹ ਸੰਸਾਰਿਕ ਰਾਜ ਤੁੱਛ ਹੈ। ਪਰ ਯਹੂਦੀ ਉਨ੍ਹਾਂ ਵਿਚ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ ਸਨ। ਉਹ ਉਨ੍ਹਾਂ ਦੇ ਵਿਰੁਧ ਉਠ ਖੜੇ ਹੋਏ ਤੇ ਦੋ ਡਾਕੂਆਂ ਦੇ ਨਾਲ ਉਨ੍ਹਾਂ ਨੂੰ ਸੂਲੀ ਤੇ ਚੜ੍ਹਾ ਦਿਤਾ। ਸੂਲੀ ਤੇ ਵੀ ਈਸਾ ਨੇ ਆਪਣੇ ਦੁਸ਼ਮਣਾਂ ਨੂੰ ਮਾਫ ਕਰਨ ਵਾਸਤੇ ਪ੍ਰਭੂ ਅਗੇ ਪ੍ਰਾਰਥਨਾ ਕੀਤੀ।

ਯਹੂਦੀਆਂ ਨੇ ਉਨ੍ਹਾਂ ਦੇ ਪਵਿੱਤਰ ਧਰਮ ਦਾ ਅਸਲ ਉਦੇਸ਼ ਨਹੀਂ ਸਮਝਿਆ। ਉਹ ਇਹ ਵੀ ਨਹੀਂ ਸਨ ਜਾਣਦੇ ਕਿ ਈਸ਼ਵਰ-ਅਵਤਾਰ ਦੀ ਹੱਤਿਆ ਤੋਂ ਬਾਅਦ ਵੀ ਉਸ ਦੀ ਆਵਾਜ਼ ਨੂੰ ਨਹੀਂ ਦਬਾ ਸਕੇ ਕਿਉਂਕਿ ਇਹ ਈਸ਼ਵਰ ਦੀ ਆਵਾਜ਼ ਸੀ ਅਤੇ ਸਭ ਦੇਸ਼ਾਂ ਵਿਚ ਸੁਣੀ ਜਾਵੇਗੀ।

ਜਦੋਂ ਈਸ਼ਵਰ ਅਵਤਾਰ ਮਸੀਹ ਦਾ ਦੇਹਾਂਤ ਹੋਇਆ ਤਾਂ ਉਨ੍ਹਾਂ ਦੇ ਚੇਲੇ ਬਹੁਤ ਸਾਦੇ ਤੇ ਸਿਧੇ ਆਦਮੀ ਸਨ। ਉਨ੍ਹਾਂ ਨੂੰ ਈਸਾ ਦੇ ਸ਼ਬਦ ਤੇ ਸ਼ਕਤੀ ਦੁਆਰਾ ਨਵਾਂ ਅਧਿਆਤਮਕ ਜੀਵਨ ਪ੍ਰਾਪਤ ਹੋਇਆ ਸੀ ਅਤੇ ਉਹ ਅਗਿਆਨਤਾ ਦੀਆਂ ਕਬਰਾਂ ਵਿਚੋਂ ਉਠ ਖੜੇ ਹੋਏ ਸਨ। ਹਾਲਾਂਕਿ ਈਸਾ

ਦੇ ਇਹ ਸ਼ੁਰੂ ਦੇ ਚੇਲੇ ਨਿਮਾਣੇ ਮਛੂਏ, ਸੇਵਾਦਾਰ, ਕਿਸਾਨ ਤੇ ਮਜ਼ਦੂਰ ਸਨ, ਉਨ੍ਹਾਂ ਨੂੰ ਪ੍ਰਭੂ ਅਵਤਾਰ ਦਾ ਆਗੂ ਤੇ ਉਸ ਦੁਆਰਾ ਨਵੀਆਂ ਸ਼ਕਤੀਆਂ ਪ੍ਰਾਪਤ ਹੋਈਆਂ ਸਨ। ਉਹ ਸੰਸਾਰ ਵਿਚ ਦੂਰ ਦੂਰ ਫੈਲ ਗਏ ਤੇ ਆਪਣੇ ਸਵਾਮੀ ਈਸਾ ਦਾ ਸੁਨੇਹਾ ਫੈਲਾਇਆ। ਉਨ੍ਹਾਂ ਵਿਚੋਂ ਬਹੁਤਿਆਂ ਨੇ ਧਰਮ ਖਾਤਰ ਆਪਣੇ ਜੀਵਨ ਬਲੀਦਾਨ ਕਰ ਦਿਤੇ। ਮੁਸ਼ਕਲਾਂ ਤੇ ਜਾਨ ਦਾ ਖਤਰਾ ਹੁੰਦੇ ਹੋਏ ਵੀ ਉਨ੍ਹਾਂ ਇਸ ਸੁਨੇਹੇ ਨੂੰ ਵੱਖ ਵੱਖ ਲੋਕਾ ਤਕ ਪਹੁੰਚਾਇਆ ਅਤੇ ਪੁਕਾਰ ਪੁਕਾਰ ਕੇ ਕਿਹਾ ਕਿ ਈਸਾ ਦੁਆਰਾ ਧਰਤੀ ਤੇ ਪ੍ਰਭੂ ਰਾਜ ਸਥਾਪਿਤ ਹੋ ਗਿਆ ਹੈ। ਹਾਲਾਂਕਿ ਉਹ ਮਛੂਏ ਤੇ ਕਿਸਾਨ ਹੀ ਸਨ ਪਰ ਫਿਰ ਵੀ ਉਨ੍ਹਾਂ ਸਾਰੇ ਸੰਸਾਰ ਦੀਆਂ ਤਾਕਤਾਂ ਦਾ ਮੁਕਾਬਲਾ ਕੀਤਾ। ਪ੍ਰਭੂ ਸ਼ਬਦ ਦੀ ਸ਼ਕਤੀ ਦੁਆਰਾ ਉਨ੍ਹਾਂ ਇਕ ਤੋਂ ਬਾਅਦ ਹਰ ਦੇਸ਼ ਤੇ ਫਤਹ ਪਾਈ ਤੇ ਜੋ ਉਨ੍ਹਾਂ ਦੇ ਪ੍ਰਭਾਵ ਹੇਠ ਆਏ, ਉਨ੍ਹਾਂ ਸਭ ਨੂੰ ਨਵਾਂ ਅਧਿਆਤਮਕ ਜੀਵਨ ਪ੍ਰਦਾਨ ਕੀਤਾ। ਇਹ ਸੀ ਪ੍ਰਭੂ ਅਵਤਾਰ ਈਸਾ ਦੀ ਦੈਵੀ ਸ਼ਕਤੀ।

ਇਸ ਸੰਸਾਰ ਨੂੰ ਛਡਣ ਤੋਂ ਪਹਿਲਾਂ ਸ਼੍ਰੀ ਕ੍ਰਿਸ਼ਨ ਬੁੱਧ ਤੇ ਮਹਾਤਮਾ ਮੂਸਾ ਦੀ ਤਰ੍ਹਾਂ ਈਸਾ ਨੇ ਵੀ ਲੋਕਾਂ ਨੂੰ ਹੌਂਸਲਾ ਦਿਤਾ ਕਿ ਸਮਾਂ ਪੂਰਾ ਹੋਣ ਤੇ ਉਹ ਦੈਵੀ ਪਿਤਾ ਦੇ ਗੌਰਵ ਸਹਿਤ ਦੁਬਾਰਾ ਪ੍ਰਗਟ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਜੁਗ ਦੇ ਲੋਕਾਂ ਨੂੰ ਕਈ ਗੱਲਾਂ ਕਹਿਣੀਆਂ ਸਨ ਪਰ ਉਹ ਸਮਝ ਨਹੀਂ ਪਾਉਣਗੇ। ਤਾਂ ਵੀ ਉਨ੍ਹਾਂ ਨੇ ਵਚਨ ਦਿਤਾ ਕਿ ਬਾਅਦ ਵਿਚ ਇਹ ਮਹਾਨ ਦੇਵਦੂਤ ਪ੍ਰਭੂ ਤੇ ਧਰਮ ਬਾਰੇ ਉਨ੍ਹਾਂ ਦੇ ਗਿਆਨ ਨੂੰ ਵਧਾਣ ਆਵੇਗਾ।

ਬਹਾਈ ਆਪਣੇ ਈਸਾਈ ਦੋਸਤਾਂ ਨੂੰ ਇਹ ਸਮਾਚਾਰ ਦੇਂਦੇ ਹਨ ਕਿ ਈਸਾ ਪਿਤਾ ਦੇ ਗੌਰਵ ਸਹਿਤ ਦੁਬਾਰਾ ਆ ਗਏ ਹਨ। ਭਗਵਾਨ ਬਹਾਉੱਲਾਹ ਨੇ ਈਸਾਈ ਮੱਤ ਦੇ ਨੇਤਾਵਾਂ ਨੂੰ ਕਿਹਾ : "ਜ਼ਰੂਰੀ ਹੀ ਪਿਤਾ ਆ ਗਿਆ ਹੈ ਅਤੇ ਉਸ ਗੱਲ ਨੂੰ ਪੂਰਾ ਕੀਤਾ ਹੈ ਜਿਸ ਦਾ ਤੁਹਾਨੂੰ ਪ੍ਰਭੂ ਰਾਜ ਵਿਚ ਵਚਨ ਦਿਤਾ ਗਿਆ ਸੀ।

ਹਜ਼ਰਤ ਮੁਹੰਮਦ :—

ਇਕ ਦੇਸ਼ ਹੈ ਜੋ ਅਰਬ ਕਹਿਲਾਂਦਾ ਹੈ। ਇਹ ਜ਼ਿਆਦਾਤਰ ਮਾਰੂਥਲ

ਹੈ। ਇਥੇ ਪਾਣੀ ਘਟ, ਮੌਸਮ ਖਰਾਬ ਤੇ ਗਰਮ ਰਹਿੰਦਾ ਹੈ। ਇਸ ਕਠਿਨ ਦੇਸ਼ ਵਿਚ ਜਾਹਲ ਕਬੀਲੇ ਰਹਿੰਦੇ ਸਨ ਜੋ ਹਮੇਸ਼ਾ ਇਕ ਦੂਸਰੇ ਨਾਲ ਲੜਾਈ ਵਿਚ ਰੁਝੇ ਰਹਿੰਦੇ ਸਨ। ਉਹ ਇੰਨੇ ਜ਼ਾਲਮ ਤੇ ਅਗਿਆਨੀ ਸਨ ਕਿ ਆਪਣੀਆਂ ਜਿਊਂਦੀਆਂ ਕੁੜੀਆਂ ਨੂੰ ਜ਼ਮੀਨ ਵਿਚ ਦਬਾ ਦੇਂਦੇ ਸਨ। ਉਨ੍ਹਾਂ ਦਿਨਾਂ ਵਿਚ ਇਸਤਰੀਆਂ ਨੂੰ ਗੁਲਾਮਾਂ ਤੋਂ ਜ਼ਿਆਦਾ ਨਹੀਂ ਸਮਝਿਆ ਜਾਂਦਾ ਸੀ। ਉਹ ਚਾਹੇ ਕਿੰਨੇ ਹੀ ਜ਼ਾਲਮ ਸਨ ਪਰ ਈਸ਼ਵਰ ਦੀ ਸੰਤਾਨ ਸਨ ਉਹਨਾਂ ਨੂੰ ਸਿਖਿਆ ਦਿਤੀ ਜਾਣੀ ਸੀ। ਇਸ ਵਾਸਤੇ ਈਸ਼ਵਰ ਅਵਤਾਰ ਹਜ਼ਰਤ ਮੁਹੰਮਦ ਉਹਨਾਂ ਦੇ ਵਿਚ ਪੈਦਾ ਹੋਏ।

ਮੁਹੰਮਦ ਇਕ ਸਾਧਾਰਨ ਆਦਮੀ ਸਨ। ਉਹ ਇਕ ਕਾਫਲੇ ਦੇ ਮੁਖੀ ਸਨ ਜੋ ਅਰਬ ਤੋਂ ਦੂਜੇ ਦੇਸ਼ਾਂ ਨੂੰ ਵੇਚਣ ਵਾਸਤੇ ਸਾਮਾਨ ਊਠਾਂ ਤੇ ਲੱਦ ਕੇ ਲਿਜਾਂਦਾ ਸੀ। ਪ੍ਰਭੂ ਦੇ ਜ਼ਿਆਦਾਤਰ ਅਵਤਾਰ ਸਾਧਾਰਣ ਆਦਮੀ ਸਨ। ਉਨ੍ਹਾਂ ਨੇ ਵੀ ਮਹਾਤਮਾ ਬੁੱਧ ਵਾਂਗ ਉੱਚ ਜੀਵਨ ਸਤਰ ਤਿਆਗ ਦਿਤਾ ਤੇ ਰਾਜਸੀ ਪਦਵੀਆਂ ਦਾ ਤਿਆਗ ਕੀਤਾ। ਈਸ਼ਵਰ ਦਿਖਾਣਾ ਚਾਹੁੰਦਾ ਹੈ ਕਿ ਇਹ ਉਸ ਦਾ ਐਸ਼ਵਰਯ ਤੇ ਪ੍ਰਭਾਵ ਹੈ ਜੋ ਉਸ ਦੇ ਅਵਤਾਰਾਂ ਦੁਆਰਾ ਕੰਮ ਕਰਦੇ ਹਨ। ਜਦ ਕਿਸੇ ਨੂੰ ਪ੍ਰਭੂ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਨਿੰਮਰ ਤੋਂ ਨਿੰਮਰ ਆਦਮੀ ਵੀ ਸੰਸਾਰਿਕ ਸ਼ਕਤੀਆਂ ਤੇ ਫਤਹਿ ਪਾ ਲੈਂਦਾ ਹੈ।

ਇਕ ਦਿਨ ਜਦੋਂ ਹਜ਼ਰਤ ਪਹਾੜੀ ਦੀ ਚੋਟੀ ਤੇ ਪ੍ਰਾਰਥਨਾ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਪ੍ਰਮਾਤਮਾ ਵਲੋਂ ਪ੍ਰੇਰਣਾ ਪ੍ਰਾਪਤ ਹੋਈ। ਉਹ ਕਿਸੇ ਪਾਠਸ਼ਾਲਾ ਵਿਚ ਨਹੀਂ ਪੜ੍ਹੇ ਸਨ। ਇਥੋਂ ਤਕ ਕਿ ਆਪਣਾ ਨਾਂ ਵੀ ਨਹੀਂ ਲਿਖ ਸਕਦੇ ਸਨ, ਪਰ ਉਸ ਸਮੇਂ ਤੋਂ ਪਵਿੱਤ੍ਰ ਕੁਰਾਨ ਦੇ ਸ਼ਲੋਕ ਉਨ੍ਹਾਂ ਦੁਆਰਾ ਪ੍ਰਕਾਸ਼ਿਤ ਹੋਏ। ਉਸ ਤੋਂ ਬਾਅਦ ਹਜ਼ਰਤ ਕਾਫਿਲੇ ਦੇ ਮੁਖੀ ਨਾ ਰਹੇ। ਉਹ ਪ੍ਰਭੂ ਦੇ ਦੂਤ ਸਨ। ਉਹ ਭਗਵਾਨ ਦਾ ਸੁਨੇਹਾ ਲੈ ਕੇ ਲੋਕਾਂ ਦੇ ਪਾਸ ਗਏ : ਸ਼ੁਰੂ ਵਿਚ ਕਿਸੇ ਨੇ ਉਨ੍ਹਾਂ ਵਲ ਖਿਆਲ ਨਾ ਕੀਤਾ। ਜਦੋਂ ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਲੋਕ ਆਪਣੀਆਂ ਬਨਾਈਆਂ ਮੂਰਤੀਆਂ ਦੀ ਪੂਜਾ ਕਰਨਾ ਛਡ ਦੇਣ ਤਾਂ ਲੋਕ ਉਨ੍ਹਾਂ ਦੇ ਵਿਰੁਧ ਖੜੇ ਹੋ ਗਏ। ਲੋਕਾਂ ਨੇ ਉਨ੍ਹਾਂ ਨੂੰ ਪਾਗਲ ਕਿਹਾ ਤੇ ਗਰੀਬ ਕਵੀ ਦਾ ਮਜ਼ਾਕ ਉਡਾਇਆ ਪਰ ਹਜ਼ਰਤ ਮੁਹੰਮਦ ਇਹੀ

ਕਹਿੰਦੇ ਰਹੇ। "ਐ ਲੋਕੋ ਮੈਂ ਪ੍ਰਭੂ ਦਾ ਦੂਤ ਹਾਂ।" ਮੈਂ ਤੁਹਾਨੂੰ ਬਚਾਣ ਵਾਸਤੇ ਤੇ ਸੱਚੇ ਰਸਤੇ ਤੇ ਲੈ ਜਾਣ ਵਾਸਤੇ ਆਇਆ ਹਾਂ। ਘਮੰਡੀ ਅਰਬੀਆਂ ਵਾਸਤੇ ਇਹ ਅਸਹਨੀਯ ਸੀ। ਸ਼ੁਰੂ ਵਿਚ ਉਨ੍ਹਾਂ ਹਜ਼ਰਤ ਨੂੰ ਸਹਿਣ ਕੀਤਾ ਅਤੇ ਫਿਰ ਉਨ੍ਹਾਂ ਦੇ ਚੇਲਿਆਂ ਨੂੰ ਯਾਤਨਾਵਾਂ ਦਿਤੀਆਂ ਪਰ ਤੇਰਾਂ ਸਾਲ ਦੇ ਲੰਬੇ ਸਮੇਂ ਦੀਆਂ ਮੁਸ਼ਕਿਲਾਂ ਦੇ ਬਾਅਦ ਵੀ ਉਹ ਲੋਕਾ ਨੂੰ ਇਹੀ ਕਹਿੰਦੇ ਰਹੇ ਕਿ ਉਹ ਇਸ ਕ੍ਰਿਪਾਮਯ ਈਸ਼ਵਰ ਦੇ ਸਾਮ੍ਹਣੇ ਝੁਕਣ ਅਤੇ ਉਸ ਦੀ ਆਗਿਆ ਦਾ ਪਾਲਣ ਕਰਨ ਆਏ ਹਨ, ਉਨ੍ਹਾਂ ਲੋਕਾਂ ਨੇ ਸੋਚਿਆ ਕਿ ਉਹ ਦੇਵਤਿਆਂ ਨੂੰ ਕਿਉਂ ਛਡਣ। ਇਸ ਦੇ ਸਿਵਾ ਉਹ ਨਿਰੰਤਰ ਆਪਣੇ ਝਗੜਿਆਂ ਵਿਚ ਉਲਝੇ ਰਹੇ। ਹਜ਼ਰਤ ਨੂੰ ਸਹਿਨ ਕਰਨ ਦਾ ਹੌਸਲਾ ਉਨ੍ਹਾਂ ਵਿਚ ਨਹੀਂ ਸੀ ਅਤੇ ਉਨ੍ਹਾ ਨੇ ਹਜ਼ਰਤ ਨੂੰ ਚੇਲਿਆਂ ਸਮੇਤ ਮਾਰਨ ਦਾ ਫੈਸਲਾ ਕਰ ਲਿਆ। ਪਰ ਹਜ਼ਰਤ ਦਾ ਉਦੇਸ਼ ਅਜੇ ਪੂਰਣ ਨਹੀਂ ਹੋਇਆ ਸੀ। ਆਪਣੇ ਜੁਗ ਦੇ ਲੋਕਾਂ ਨੂੰ ਅਜੇ ਸਿਖਿਆਵਾਂ ਦੇਣੀਆਂ ਸਨ। ਉਹ ਆਪਣਾ ਜਨਮ ਸਥਾਨ ਮੱਕਾ ਛਡ ਕੇ ਮਦੀਨਾ ਚਲੇ ਗਏ।

ਹਜ਼ਰਤ ਤੇ ਉਸ ਦੇ ਚੇਲਿਆਂ ਦੀ ਹੱਤਿਆ ਵਾਸਤੇ ਪ੍ਰਭੂ ਧਰਮ ਦੇ ਦੁਸ਼ਮਨਾਂ ਨੇ ਸ਼ਕਤੀਸ਼ਾਲੀ ਸੈਨਾ ਦਾ ਪ੍ਰਬੰਧ ਕੀਤਾ। ਹਜ਼ਰਤ ਨੂੰ ਪ੍ਰਭੂ ਧਰਮ ਤੇ ਸਰਵ ਸ਼ਕਤੀਮਾਨ ਪ੍ਰਭੂ ਵਿਚ ਵਿਸ਼ਵਾਸ ਰਖਣ ਵਾਲਿਆਂ ਦੀ ਰਖਿਆ ਕਰਨੀ ਸੀ, ਇਸ ਲਈ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਉਨ੍ਹਾਂ ਜਾਹਲ ਲੋਕਾਂ ਨਾਲ ਲੜਾਈ ਕਰਨ ਦੀ ਆਗਿਆ ਦੇ ਦਿਤੀ ਜੋ ਉਨ੍ਹਾਂ ਦਾ ਨਾਸ਼ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ ਹਜ਼ਰਤ ਦੇ ਵਕਤ ਵਿਚ ਵੀ, ਜਿਸ ਤਰ੍ਹਾਂ ਕਿ ਸ਼੍ਰੀ ਕ੍ਰਿਸ਼ਨ ਦੇ ਜੀਵਨ ਕਾਲ ਵਿਚ ਹੋਇਆ, ਇਕ ਵਾਰ ਫਿਰ ਪ੍ਰਕਾਸ਼ ਤੇ ਅੰਧਕਾਰ ਦੀ ਸੈਨਾਵਾਂ ਨੇ ਇਕ ਦੂਸਰੇ ਨਾਲ ਯੁੱਧ ਕਰਨ ਵਾਸਤੇ ਆਪਣੀਆਂ ਸ਼ਕਤੀਆਂ ਪੰਕਤੀਬੰਦ ਕਰ ਲਈਆਂ।

ਹਜ਼ਰਤ ਇਕ ਦੈਵੀ ਗਡਰੀਆ ਸਨ। ਭਿਆਨਕ ਭੇੜੀਏ ਤੋਂ ਉਨ੍ਹਾਂ ਨੇ ਆਪਣੀਆਂ ਨਿਰਦੋਸ਼ ਭੇਡਾਂ ਦੀ ਰੱਖਿਆ ਕਰਨੀ ਸੀ। ਸ਼ੁਰੂ ਵਿਚ ਹਜ਼ਰਤ ਤੇ ਉਸ ਦੇ ਚੇਲਿਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਵਿਚੋਂ ਕਈ ਦੁਸ਼ਮਨਾਂ ਦਾ ਮੁਕਾਬਲਾ ਕਰਦੇ ਹੋਏ ਮਾਰੇ ਗਏ। ਪਰ ਹਰ ਸਮੇਂ ਹਜ਼ਰਤ ਨੇ ਉਨ੍ਹਾਂ ਨੂੰ ਹੌਸਲਾ ਦਿਤਾ ਕਿ ਪ੍ਰਭੂ ਧਰਮ ਹਮੇਸ਼ਾਂ ਜੇਤੂ

ਹੁੰਦਾ ਹੈ ਤੇ ਜੇਤੂ ਹੁੰਦਾ ਰਹੇਗਾ। ਜਦ ਉਨ੍ਹਾਂ ਦੇ ਚੇਲੇ ਮੁਸਲਮਾਨ, ਤਾਕਤਵਰ ਦੁਸ਼ਮਣਾਂ ਨਾਲ ਘਿਰ ਗਏ ਤਾਂ ਹਜ਼ਰਤ ਨੇ ਭਵਿਖ ਬਾਣੀ ਕੀਤੀ ਕਿ ਸ਼ਕਤੀਸ਼ਾਲੀ ਸਾਮਰਾਜ ਉਨ੍ਹਾਂ ਦੇ ਸਾਹਮਣੇ ਭਿੰਨ ਭਿੰਨ ਹੋ ਜਾਣਗੇ ਕਿਉਂਕਿ ਉਨ੍ਹਾਂ ਨੂੰ ਈਸ਼ਵਰ ਦੀ ਦੈਵੀ ਆਤਮਾ ਪ੍ਰਾਪਤ ਸੀ ਜਦੋਂ ਕਿ ਦੂਸਰੇ ਅਧਿਆਤਮਕ ਤੌਰ ਤੇ ਮ੍ਰਿਤਕ ਸਨ।

ਜਿਸ ਤਰ੍ਹਾਂ ਕਿ ਅਸੀਂ ਜਾਣਦੇ ਹਾਂ ਉਸੇ ਤਰ੍ਹਾਂ ਹੀ ਹੋਇਆ : ਈਰਾਨ ਤੇ ਰੋਮ ਦੇ ਮਹਾਨ ਸਾਮਰਾਜ, ਮੁੱਠੀ ਭਰ ਅਰਬ ਵਾਸੀਆਂ ਦੇ ਹਥੋਂ ਹਾਰ ਗਏ ਜਿਨ੍ਹਾਂ ਦੇ ਜੀਵਨ ਵਿਚ, ਈਸ਼ਵਰ ਦੂਤ ਹਜ਼ਰਤ ਵਿਚ ਵਿਸ਼ਵਾਸ ਰਖਣ ਤੇ ਉਸ ਦੇ ਦੈਵੀ ਸੰਦੇਸ਼ ਨੂੰ ਸਵੀਕਾਰ ਕਰਨ ਦੇ ਬਾਅਦ ਪਰੀਵਰਤਨ ਆ ਗਿਆ ਸੀ ਪ੍ਰਭੂ ਸੰਦੇਸ਼ ਨੇ ਹੋਰ ਲੱਖਾਂ ਕਰੋੜਾਂ ਲੋਕਾਂ ਦੇ ਜੀਵਨ ਵਿਚ ਪ੍ਰੀਵਰਤਨ ਪੈਦਾ ਕੀਤਾ। ਇਉਂ ਇਸਲਾਮ ਦੀਆਂ ਸਿਖਿਆਵਾਂ ਭਾਰਤ ਤੋਂ ਸਪੇਨ ਤਕ ਫੈਲ ਗਈਆਂ, ਇਸਲਾਮ ਦੀ ਸ਼ਨਹਿਰੀ ਸਭਿਅਤਾ ਵਿਚ ਕਈ ਦੇਸ਼ ਇਕ ਮਹਾਨ ਬਰਾਦਰੀ ਵਿਚ ਸੰਗਠਿਤ ਹੋ ਗਏ। ਉਹ ਹਰ ਰੋਜ਼ ਇਕ ਮਾਤਰ, ਦਯਾਵਾਨ, ਕ੍ਰਿਪਾਮਯ ਪ੍ਰਭੂ ਦੀ ਪ੍ਰਾਰਥਨਾ ਕਰਦੇ ਸਨ। ਉਹ ਪਵਿੱਤਰ ਕੁਰਾਨ ਦਾ ਅਧਿਅਨ ਕਰਦੇ ਹਨ ਜੋ ਸਦਾਚਾਰੀ ਜੀਵਨ ਤੇ ਸਰਵ ਸ਼ਕਤੀਮਾਨ ਪ੍ਰਭੂ ਦੀ ਇੱਛਾ ਸਾਮ੍ਹਣੇ ਸਿਰ ਝੁਕਾਣ ਦੀ ਆਗਿਆ ਦੇਂਦਾ ਹੈ। ਅਜ ਵੀ ਸੰਸਾਰ ਦੇ ਕਰੋੜਾਂ ਲੋਕ ਉਸੇ ਪ੍ਰਾਥਨਾ ਦਾ ਪਾਠ ਕਰਦੇ ਹਨ ਅਤੇ ਉਸੇ ਪਵਿੱਤਰ ਗ੍ਰੰਥ ਦਾ ਅਧਿਐਨ ਕਰਦੇ ਹਨ। ਪਿਛਲੇ ਦੂਜੇ ਅਵਤਾਰਾਂ ਵਾਂਗੂੰ ਹਜ਼ਰਤ ਨੇ ਆਪਣੇ ਚੇਲਿਆਂ ਨੂੰ ਹੌਸਲਾ ਦਿਤਾ ਕਿ ਉਨ੍ਹਾਂ ਦੇ ਬਾਅਦ ਇਕ ਮਹਾਨ ਸੰਦੇਸ਼ ਵਾਹਕ' ਆਵੇਗਾ। ਉਨ੍ਹਾਂ ਕਿਹਾ ਕਿ ਪ੍ਰਭ ਧਰਮ ਜੋ ਸਵਰਗ ਤੋਂ ਉਨ੍ਹਾਂ ਦਵਾਰਾ ਪ੍ਰਾਪਤ ਹੋਇਆ, ਇਕ ਹਜ਼ਾਰ ਸਾਲ ਪੂਰਾ ਹੋਣ ਤੋਂ ਬਾਅਦ ਵਾਪਸ ਹੋ ਜਾਵੇਗਾ। ਇਸ ਵਿਚ ਉਨ੍ਹਾਂ ਦਾ ਮਤਲਬ ਸੀ ਕਿ ਹਜ਼ਾਰ ਸਾਲ ਦੇ ਸਮੇਂ ਵਿਚ ਲੋਕ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਭੁਲ ਜਾਣਗੇ। ਇਸ ਤੋਂ ਬਾਅਦ ਉਨ੍ਹਾਂ ਕਿਹਾ ਕਿ ਜਦੋਂ ਧਰਤੀ ਤੋਂ ਪ੍ਰਭੂ ਦਾ ਨਿਸ਼ਾਨ ਮਿਟ ਜਾਵੇਗਾ ਤਾਂ ਇਕ ਸ਼ਕਤੀਸ਼ਾਲੀ ਤੁਰਹੀ ਦੀ ਆਵਾਜ਼ ਇਕ ਵਾਰ ਨਹੀਂ ਬਲਕਿ ਦੋ ਵਾਰ ਸੁਣਾਈ ਦੇਵੇਗੀ ਅਤੇ ਸੰਸਾਰ ਦੇ ਲੋਕ ਖੁਦ ਈਸ਼ਵਰ ਦੇ ਮੁਖਾਰਬਿੰਦ ਦਾ ਦਰਸ਼ਨ ਕਰਨਗੇ।

ਤੁਰਹੀ ਦੀ ਆਵਾਜ਼ ਦਾ ਅਰਥ ਹੈ ਈਸ਼ਵਰ ਦੀ ਆਵਾਜ਼। ਹਜ਼ਰਤ ਦੀ ਭਵਿੱਖਬਾਣੀ ਅਨੁਸਾਰ ਇਸ ਜੁਗ ਵਿਚ ਇਹ ਦੋ ਬਾਰ (ਬੁਲੰਦ) ਪ੍ਰਗਟ ਹੋ ਚੁਕੀ ਹੈ। ਇਸਲਾਮ ਦੇ ਪ੍ਰਗਟ ਹੋਣ ਦੇ ਠੀਕ ਹਜ਼ਾਰ ਸਾਲ ਬਾਅਦ ਮਹਾਤਮਾ ਬਾਬ ਪ੍ਰਗਟ ਹੋਏ। ਉਨ੍ਹਾਂ ਦੇ ਬਾਅਦ ਜਲਦੀ ਹੀ ਭਗਵਾਨ ਬਹਾਉੱਲਾਹ ਨੇ ਆਪਣੇ ਉਦੇਸ਼ ਦਾ ਐਲਾਨ ਕੀਤਾ। ਕੀ ਇਹ ਮਹਾਤਮਾ ਬਾਬ ਨਹੀਂ ਸਨ ਜਿਨ੍ਹਾਂ ਨੇ ਮਨੁਖਾਂ ਨੂੰ ਰੱਬ ਵਲ ਬੁਲਾਇਆ ਤੇ ਈਸ਼ਵਰ ਦੇ ਮਹਾਨ ਵਚਨ ਦੀ ਯਾਦ ਦਿਵਾਈ ? ਅਤੇ ਕੀ ਇਹ ਭਗਵਾਨ ਬਹਾਉੱਲਾਹ ਨਹੀਂ ਸਨ ਜਿਨ੍ਹਾਂ ਨੇ ਮਹਾਤਮਾ ਬਾਬ ਦੇ ਬਾਅਦ ਦੂਜੀ ਆਵਾਜ਼ ਬੁਲੰਦ ਕੀਤੀ ਤੇ ਈਸ਼ਵਰ ਦੀ ਸੰਤਾਨ ਨੂੰ ਆਪਣਾ ਮੁਖਾਰਬਿੰਦ ਨਿਹਾਰਨੇ ਨੂੰ ਕਿਹਾ।

ਮਹਾਤਮਾ 'ਬਾਬ' :—

'ਬਾਬ' ਦਾ ਮਤਲਬ ਹੈ 'ਦਰਵਾਜ਼ਾ'। ਮਹਾਤਮਾ ਬਾਬ ਇਕ ਨਵੇਂ ਰਾਜ-ਧਰਤੀ ਤੇ ਪ੍ਰਭੂ ਰਾਜ ਦੇ ਦਰਵਾਜ਼ੇ ਸਨ।

ਮਹਾਤਮਾ ਬਾਬ ਅਜੇ ਨੌਜਵਾਨ ਹੀ ਸਨ ਜਦੋਂ ਉਨ੍ਹਾਂ ਨੇ ਲੋਕਾਂ ਨੂੰ ਉਸ ਸੰਦੇਸ਼ ਬਾਰੇ ਦਸਿਆ ਜੋ ਪ੍ਰਭੂ ਨੇ ਉਨ੍ਹਾਂ ਨੂੰ ਦਿਤਾ ਸੀ। ਉਨ੍ਹਾਂ ਦੀ ਉਮਰ ਕੇਵਲ ੨੫ ਸਾਲ ਦੀ ਸੀ। ਦੱਖਣ ਈਰਾਨ ਦਾ ਸੁੰਦਰ ਨਗਰ 'ਸ਼ੀਰਾਜ਼' ਮਹਾਤਮਾ ਬਾਬ ਦਾ ਜਨਮ ਸਥਾਨ ਸੀ। ਚੂੰਕਿ ਈਰਾਨ ਵਾਸੀ ਮੁਸਲਮਾਨ ਸਨ ਇਸ ਲਈ ਉਨ੍ਹਾਂ ਦਾ ਨਾਂ ਐਸਾ ਰਖਿਆ ਗਿਆ ਜੋ ਉਸ ਦੇਸ਼ ਵਿਚ ਪ੍ਰਚਲਤ ਸੀ। ਉਹ ਮੁਹੰਮਦ ਅਲੀ ਕਹਿਲਾਂਦੇ ਸਨ ਤੇ ਖੁਦ ਈਸ਼ਵਰ ਅਵਤਾਰ ਹਜ਼ਰਤ ਮੁਹੰਮਦ ਦੇ ਵੰਸ਼ ਦੇ ਸਨ। ਉਨ੍ਹਾਂ ਦੇ ਜਨਮ ਦੇ ਕੁਝ ਸਮਾਂ ਬਾਦ ਹੀ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਤੇ ਉਨ੍ਹਾਂ ਨੂੰ ਮਾਤਾ ਦੀ ਦੇਖ ਭਾਲ ਵਿਚ ਰਖਿਆ ਗਿਆ। ਬਾਲ ਅਵਸਥਾ ਵਿਚ ਉਨ੍ਹਾਂ ਨੂੰ ਸਿਖਿਅਕ ਪਾਸ ਭੇਜਿਆ ਗਿਆ ਜੋ ਕੁਰਾਨ ਤੇ ਪਹਿਲੇ ਵਿਸ਼ੇ ਪੜ੍ਹਾਂਦਾ ਸੀ। ਪਰ ਬਾਲ ਅਵਸਥਾ ਵਿਚ ਹੀ ਮਹਾਤਮਾ ਬਾਬ ਦੂਜੇ ਬੱਚਿਆਂ ਤੋਂ ਅਲੱਗ ਸਨ। ਉਹ ਹਮੇਸ਼ਾ ਔਖੇ ਸਵਾਲ ਪੁਛਦੇ ਤੇ ਖੁਦ ਹੀ ਜਵਾਬ ਦੇਂਦੇ, ਜਿਨ੍ਹਾਂ ਨਾਲ ਬੁਢੇ ਵੀ ਹੈਰਾਨ ਰਹਿ ਜਾਂਦੇ। ਅਕਸਰ ਜਦੋਂ ਦੂਜੇ ਬੱਚੇ ਖੇਡਾਂ ਵਿਚ ਮਗਨ ਹੁੰਦੇ ਤਾਂ ਉਹ ਕਿਸੇ ਪੇੜ ਥੱਲੇ ਜਾਂ ਕਿਸੇ ਹੋਰ ਸ਼ਾਂਤ ਸਥਾਨ ਤੇ ਪ੍ਰਾਰਥਨਾ ਵਿਚ ਮਗਨ ਮਿਲਦੇ

ਜਲਦੀ ਹੀ ਜਦੋਂ ਮਹਾਤਮਾ ਬਾਬ ਨੇ ਈਸ਼ਵਰ **ਅਵਤਾਰ ਦੇ ਰੂਪ ਵਿਚ** ਆਪਣੀ ਅਸਲੀਅਤ ਪ੍ਰਗਟ ਕੀਤੀ ਤਾਂ ਉਨ੍ਹਾਂ ਦੇ ਮਾਮਾ ਤੇ ਸਿਖਿਅਕ ਨੇ ਵਿਸ਼ਵਾਸ ਕੀਤਾ ਕਿਉਂਕਿ ਉਹ ਬਚਪਨ ਤੋਂ ਹੀ ਜਾਣਦੇ ਸਨ ਅਤੇ ਉਨ੍ਹਾਂ ਨੇ ਦੂਜੇ ਬੱਚਿਆਂ ਤੇ ਇਨ੍ਹਾਂ ਵਿਚ ਭੇਦ ਕੀਤਾ ਸੀ। ਉਨ੍ਹਾਂ ਦੇ ਮਾਮੇ ਉਸ ਪ੍ਰਭੂ ਧਰਮ ਵਾਸਤੇ ਸ਼ਹੀਦ ਹੋ ਗਏ ਜੋ ਉਨ੍ਹਾਂ ਦੇ ਭਾਣਜੇ ਮਹਾਤਮਾ ਬਾਬ ਦਵਾਰਾ ਪ੍ਰਗਟ ਹੋਇਆ ਸੀ।

ਮਹਾਤਮਾ ਬਾਬ ਦਵਾਰਾ, ਈਸ਼ਵਰ ਦੇ ਸੰਦੇਸ਼ ਵਾਹਕ ਦੇ ਰੂਪ ਵਿਚ ਆਪਣੇ ਮਿਸ਼ਨ ਦੇ ਐਲਾਨ ਤੋਂ ਪਹਿਲਾਂ, ਦੋ ਮਸ਼ਹੂਰ ਸਿਖਿਅਕ ਸਨ ਜਿਨ੍ਹਾਂ ਨੇ ਕਿਹਾ ਕਿ ਕੁਰਾਨ ਤੇ ਪਵਿੱਤਰ ਪਰੰਪਰਾਵਾਂ ਦੇ ਮੁਤਾਬਿਕ ਜਲਦੀ ਹੀ ਇਸਲਾਮ ਦਾ ਪ੍ਰਤੀਗਤ ਪ੍ਰਗਟ ਹੋਵੇਗਾ। ਇਹ ਦੋ ਸਿਖਿਅਕ ਸਨ, ਸ਼ੇਖ ਅਹਿਮਦ ਤੇ ਉਨ੍ਹਾਂ ਦਾ ਪ੍ਰਮੁੱਖ ਚੇਲਾ ਸੱਯਦ ਕਾਜ਼ਿਮ। ਕਿਉਂਕਿ ਉਹ ਸੰਤ ਤੇ ਬਹੁਤ ਹੀ ਗਿਆਨੀ ਪੁਰਸ਼ ਸਨ ਇਸ ਲਈ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੀ ਗੱਲ ਦਾ ਵਿਸ਼ਵਾਸ ਕੀਤਾ ਤੇ ਪ੍ਰਤੀਗਤ ਦਾ ਸਵਾਗਤ ਕਰਨ ਵਾਸਤੇ ਆਪਣੇ ਆਪ ਨੂੰ ਤਿਆਰ ਕੀਤਾ।

ਜਦੋਂ ਸੱਯਦ ਕਾਜ਼ਿਮ ਦਾ ਸਵਰਗਵਾਸ ਹੋਇਆ ਤਾਂ ਉਨ੍ਹਾਂ ਦੇ ਚੇਲੇ ਪ੍ਰਤੀਗਤ ਦੀ ਤਲਾਸ਼ ਵਿਚ ਵੱਖ ਵੱਖ ਦਿਸ਼ਾਵਾਂ ਵਲ ਫੈਲ ਗਏ। ਉਨ੍ਹਾਂ ਵਿਚੋਂ ਮੁੱਲਾ ਹੁਸੈਨ ਨਾਮਕ ਵਿਦਵਾਨ ਤੇ ਧਰਮਾਤਮਾ ਨਵਯੁਵਕ ਹੇਠ ਕੁਝ ਲੋਕਾਂ ਨੇ ਚਾਲ੍ਹੀ ਦਿਨ ਵਰਤ ਤੇ ਪ੍ਰਾਰਥਨਾ ਵਿਚ ਬਿਤਾਣ ਤੋਂ ਬਾਅਦ 'ਸ਼ੀਰਾਜ਼' ਵਲ ਚਲ ਪਏ।

ਉਨ੍ਹਾਂ ਦੀਆਂ ਪ੍ਰਾਰਥਨਾਵਾਂ ਦਾ ਜਵਾਬ ਮਿਲ ਗਿਆ। ਸ਼ੀਰਾਜ਼ ਦੇ ਦਰਵਾਜ਼ੇ ਦੇ ਨੇੜੇ ਮੁੱਲਾ ਹੁਸੈਨ ਦੀ ਮੁਲਾਕਾਤ ਇਕ ਦੀਪਤਮਾਨ ਨੌਜਵਾਨ ਨਾਲ ਹੋਈ ਜੋ ਉਨ੍ਹਾਂ ਦੇ ਸਵਾਗਤ ਲਈ ਆਇਆ ਸੀ। ਉਹ ਨੌਜਵਾਨ ਕੋਈ ਹੋਰ ਨਹੀਂ ਬਲਕਿ ਮਹਾਤਮਾ ਬਾਬ ਹੀ ਸਨ।

ਉਨ੍ਹਾਂ ਨੇ ਮੁੱਲਾ ਹੁਸੈਨ ਨੂੰ ਆਪਣੇ ਘਰ ਆਉਣ ਦਾ ਸੱਦਾ ਦਿਤਾ ਤੇ ਉਥੇ ਲਗਭਗ ੧੪੦ ਸਾਲ ਪਹਿਲਾਂ ੨੩ ਮਈ ੧੮੪੪ ਨੂੰ ਮਹਾਤਮਾ ਬਾਬ ਨੇ ਆਪਣੇ ਆਪ ਨੂੰ ਪ੍ਰਤੀਗਤ ਹੋਣ ਦਾ ਐਲਾਨ ਕੀਤਾ।

ਸ਼ੀਰਾਜ਼ ਦੇ ਦਰਵਾਜ਼ੇ ਦੇ ਬਾਹਰ ਮਹਾਤਮਾ ਬਾਬ ਤੇ ਨਜ਼ਰ ਪੈਂਦੇ ਹੀ ਮੁੱਲਾਂ

ਹੁਸੈਨ ਦਾ ਦਿਲ ਉਨ੍ਹਾਂ ਵਲ ਖਿਚਿਆ ਗਿਆ ਸੀ, ਪਰ ਜਦੋਂ ਉਨ੍ਹਾਂ ਨੇ ਆਗਮਨ ਦੀ ਮਹਾਨ ਘੋਸ਼ਣਾ ਕੀਤੀ ਤਾਂ ਮੁੱਲਾਂ ਨੇ ਕੋਈ ਸਬੂਤ ਮੰਗਿਆ ਤਾਂ ਜੋ ਉਹ ਜਾਣ ਸਕਣ ਕਿ ਉਹੀ ਪ੍ਰਤੀਗਤ ਹਨ। ਮਹਾਤਮਾ ਬਾਬ ਨੇ ਕਿਹਾ ਕਿ ਕਿਸੇ ਪ੍ਰਭੂ ਅਵਤਾਰ ਦਵਾਰਾ ਪਰਗਟ ਹੋਏ ਸ਼ਲੋਕਾਂ ਤੋਂ ਹੋਰ ਵੱਡਾ ਸਬੂਤ ਨਹੀਂ। ਤਦ ਕਲਮ ਤੇ ਕਾਗਜ਼ ਉਠਾ ਕੇ ਉਨ੍ਹਾਂ ਪਹਿਲਾ ਪਵਿੱਤਰ ਸ਼ਲੋਕ ਲਿਖਿਆ। ਹਾਲਾਂਕਿ ਬਾਲ ਅਵਸਥਾ ਦੇ ਥੋੜੇ ਸਮੇਂ ਤੋਂ ਸਿਵਾ ਕਿਸੇ ਪਾਠਸ਼ਾਲਾ ਵਿਚ ਨਹੀਂ ਪੜ੍ਹੇ ਸਨ, ਫਿਰ ਵੀ ਈਸ਼ਵਰ ਦੇ ਸਭ ਅਵਤਾਰਾਂ ਵਾਂਗੂੰ ਮਹਾਤਮਾ ਬਾਬ ਨੂੰ ਵੀ ਗੂੜ੍ਹ ਗਿਆਨ ਪ੍ਰਾਪਤ ਸੀ ਜੋ ਈਸ਼ਵਰ ਦੀ ਭੇਟਾ ਸੀ। ਉਨ੍ਹਾਂ ਨੇ ਤੇਜ਼ੀ ਨਾਲ ਲਿਖਿਆ ਤੇ ਲਿਖਣ ਦੇ ਨਾਲ ਨਾਲ ਉਨ੍ਹਾਂ ਸ਼ਲੋਕਾਂ ਦਾ ਹੌਲੀ ਹੌਲੀ ਉਚਾਰਣ ਕੀਤਾ। ਮੁੱਲਾ ਹੁਸੈਨ ਨੂੰ ਕਿਸੇ ਪ੍ਰਮਾਣ ਦੀ ਜ਼ਰੂਰਤ ਨਹੀਂ ਸੀ। ਅਥਰੂਪੂਰਣ ਅੱਖਾਂ ਨਾਲ ਈਸ਼ਵਰ ਅਵਤਾਰ ਦੇ ਸਾਹਮਣੇ ਝੁਕ ਗਏ।

ਮੁੱਲਾ ਹੁਸੈਨ ਮਹਾਤਮਾ ਬਾਬ ਦੇ ਪਹਿਲੇ ਚੇਲੇ ਸਨ। ਮਹਾਤਮਾ ਬਾਬ ਨੇ ਉਨ੍ਹਾਂ ਨੂੰ 'ਬਾਬਲੁਬਾਬ' ਅਰਥਾਤ 'ਦਰਵਾਜ਼ੇ ਦੇ ਦਰਵਾਜ਼ੇ' ਦਾ ਨਾਮ ਦਿਤਾ। ਉਹ ਰਾਤ ਇਕ ਨਵੇਂ ਜੁਗ ਦੀ ਰੋਸ਼ਨੀ ਸੀ। ਬਹਾਈ ਕੈਲੰਡਰ (ਪੰਚਾਂਗ) ਉਸ ਸਾਲ ਤੋਂ ਸ਼ੁਰੂ ਹੁੰਦਾ ਹੈ।

ਇਸ ਤੋਂ ਥੋੜਾ ਸਮਾਂ ਬਾਅਦ ਹੀ ਬਹੁਤ ਲੋਕਾਂ ਨੇ 'ਮਹਾਤਮਾ ਬਾਬ' ਵਿਚ ਵਿਸ਼ਵਾਸ ਕੀਤਾ। ਕੁਝ ਉਨ੍ਹਾਂ ਨੂੰ ਮਿਲੇ, ਕੁਝ ਨੇ ਉਨ੍ਹਾਂ ਦੇ ਪਵਿੱਤਰ ਲੇਖ ਪੜ੍ਹੇ ਅਤੇ ਕੁਝ ਨੇ ਉਨ੍ਹਾਂ ਨੂੰ ਕਲਪਨਾ ਤੇ ਸੁਪਨੇ ਵਿਚ ਪਹਿਚਾਨਿਆ।

ਈਸ਼ਵਰ ਅਵਤਾਰ ਸੂਰਜ ਦੀ ਤਰ੍ਹਾਂ ਹੁੰਦਾ ਹੈ। ਜਦੋਂ ਸੂਰਜ ਨਿਕਲਦਾ ਹੈ ਤਾਂ ਉਨ੍ਹਾਂ ਤੋਂ ਸਿਵਾ ਜੋ ਡੂੰਘੀ ਨੀਂਦ ਵਿਚ ਮਗਨ ਹੁੰਦੇ ਹਨ, ਸਭ ਦੇਖਦੇ ਹਨ। ਇਥੋਂ ਤਕ ਕਿ ਸੁੱਤੇ ਲੋਕ ਵੀ ਜਲਦੀ ਜਾਂ ਦੇਰ ਨਾਲ ਜਾਣ ਜਾਂਦੇ ਹਨ ਕਿ ਸੂਰਜ ਚਮਕ ਰਿਹਾ ਹੈ।

ਮਹਾਤਮਾ ਬਾਬ ਨੇ ਸਭ ਤੋਂ ਪਹਿਲਾਂ ਈਰਾਨੀ ਲੋਕਾਂ ਨੂੰ ਸੰਦੇਸ਼ ਦਿਤਾ। ਪਰ ਦੂਜੇ ਦੇਸ਼ਾਂ ਦੇ ਮੁਸਲਮਾਨ ਅਜੇ ਤਕ ਨਹੀਂ ਜਾਣਦੇ ਸਨ ਕਿ ਉਨ੍ਹਾਂ ਦਾ ਪ੍ਰਤੀਗਤ ਆ ਗਿਆ ਹੈ। ਇਸ ਲਈ ਜਦੋਂ ਵੱਖ ੨ ਦੇਸ਼ਾਂ ਦੇ ਹਜ਼ਾਰਾਂ ਮੁਸਲਮਾਨ ਤੀਰਥ ਯਾਤਰਾ ਦੇ ਸਿਲਸਿਲੇ ਵਿਚ ਮੱਕੇ ਇਕੱਠੇ ਹੋਏ ਤਾਂ ਮਹਾਤਮਾ ਬਾਬ ਵੀ ਇਸਲਾਮ ਦੇ ਪਵਿੱਤ੍ਰ ਸਥਾਨ ਤੇ ਪਹੁੰਚੇ ਤੇ ਉਥੇ ਇਕੱਠੇ ਹੋਏ ਲੋਕਾਂ ਵਿਚ ਐਲਾਨ

ਕੀਤਾ ਕਿ ਉਨ੍ਹਾਂ ਦੀ ਭਗਤੀ ਦਾ ਉਦੇਸ਼ ਪ੍ਰਗਟ ਹੋ ਗਿਆ ਹੈ ਤੇ ਉਹ ਉਨ੍ਹਾਂ ਦੇ ਪ੍ਰਤੀਗਤ ਹਨ। ਕਿਸੇ ਨੇ ਉਨ੍ਹਾਂ ਵਲ ਖਿਆਲ ਨਾ ਕੀਤਾ ਪਰ ਮਹਾਤਮਾ ਬਾਬ ਆਪਣਾ ਐਲਾਨ ਪੂਰਾ ਕਰ ਚੁਕੇ ਸਨ।

ਜਦੋਂ ਬਾਬ ਆਪਣੀ ਮਾਤਰਭੂਮੀ ਪਹੁੰਚੇ ਤਾਂ ਸਿਪਾਹੀਆਂ ਦੇ ਇਕ ਦਸਤੇ ਨਾਲ ਭੇਂਟ ਹੋਈ ਜੋ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਆਇਆ ਸੀ, ਕਿਉਂਕਿ ਕੱਟੜ ਮੁੱਲਾਂ ਨਹੀਂ ਚਾਹੁੰਦੇ ਸਨ ਕਿ ਇਕ ਨਵੇਂ ਧਰਮ ਦਾ ਫੈਲਾਓ ਹੋਵੇ। ਇਹਨਾਂ ਮੁਲਿਆਂ ਨੇ ਹਰ ਤਰ੍ਹਾਂ ਨਾਲ ਈਸ਼ਵਰ ਦੇ ਪ੍ਰਕਾਸ਼ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ ਜੋ ਮਹਾਤਮਾ ਬਾਬ ਦੇ ਦਿਲ ਵਿਚ ਚਮਕ ਰਿਹਾ ਸੀ। ਉਸ ਦਿਨ ਤੋਂ ਬਾਬ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਐਲਾਨ ਤੋਂ ਬਾਦ ਬਾਬ ਦਾ ਥੋੜਾ ਜੀਵਨ ਪਰੰਤੂ ਪ੍ਰਕਾਸ਼ਮਾਨ, ਜ਼ਿਆਦਾਤਰ ਕੈਦਖਾਨੇ ਵਿਚ ਗੁਜ਼ਰਿਆ। ਦੋ ਵਾਰ ਉਨ੍ਹਾਂ ਨੂੰ ਬਹੁਤ ਠੰਡੇ ਤੇ ਕਠਿਨ ਪਹਾੜੀ ਕੈਦਖਾਨਿਆਂ ਵਿਚ ਭੇਜਿਆ ਗਿਆ। ਪਰ ਕੋਈ ਜ਼ੰਜੀਰ ਤੇ ਕੈਦ ਪ੍ਰਭੂਧਵਨੀ ਨੂੰ ਫੈਲਣ ਤੋਂ ਕਦੇ ਰੋਕ ਨਹੀਂ ਸਕੀ। ਜਦੋਂ ਬਾਬ ਕੈਦਖਾਨੇ ਵਿਚ ਸਨ ਤਾਂ ਉਨ੍ਹਾਂ ਦੇ ਵਫਾਦਾਰ ਚੇਲਿਆਂ ਨੇ ਉਨ੍ਹਾਂ ਦੇ ਸੰਦੇਸ਼ ਨੂੰ ਸਾਰੇ ਦੇਸ਼ ਵਿਚ ਫੈਲਾਇਆ ਤੇ ਉਸ ਥੋੜੇ ਸਮੇਂ ਵਿਚ ਹਜ਼ਾਰਾਂ ਆਦਮੀਆਂ ਨੇ ਉਨ੍ਹਾਂ ਦੇ ਧਰਮ ਹੇਤੂ ਆਪਣੇ ਪ੍ਰਾਣ ਨਿਛਾਵਰ ਕਰ ਦਿਤੇ।

ਮਹਾਤਮਾ ਬਾਬ ਅਜੇ ੩੧ ਸਾਲ ਦੇ ਹੀ ਸਨ ਜਦੋਂ ਉਹਨਾਂ ਦੀ ਹੱਤਿਆ ਦਾ ਫੈਸਲਾ ਕੀਤਾ ਗਿਆ। ਬਾਬ ਜਾਣਦੇ ਸਨ ਕਿ ਰੱਬ ਦੇ ਰਸਤੇ ਵਿਚ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਵੇਗਾ। ਉਹ ਆਪਣੀ ਜਾਨ ਦੇ ਕੇ ਵੀ ਖੁਸ਼ ਸਨ ਤਾਂ ਜੋ ਸੰਸਾਰ ਦੇ ਲੋਕ ਉਨ੍ਹਾਂ ਦੇ ਉਦੇਸ਼ ਨੂੰ ਸਮਝ ਸਕਣ ਤੇ ਈਸ਼ਵਰ ਤੇ ਉਸ ਦੇ ਅਨੰਤ ਰਾਜ਼ ਵਲ ਮੁੱਖ ਮੋੜਨ। ੯ ਜੁਲਾਈ ੧੮੫੦ ਉਨ੍ਹਾਂ ਦੇ ਬਲੀਦਾਨ ਦਾ ਦਿਨ ਸੀ। ਸਵੇਰੇ, ਉਹ ਅਫਸਰ ਜੋ ਫਾਂਸੀ ਲਗਾਣ ਦਾ ਮੁਖੀ ਸੀ, ਉਨ੍ਹਾਂ ਦੇ ਪਾਸ ਜੇਲ੍ਹ ਵਿਚ ਆਇਆ। ਬਾਬ ਉਸ ਵਕਤ ਆਪਣੇ ਚੇਲੇ ਨਾਲ ਗੱਲ-ਬਾਤ ਕਰ ਰਹੇ ਸਨ, ਜੋ ਉਨ੍ਹਾਂ ਦੀਆਂ ਆਖਰੀ ਆਗਿਆਵਾਂ ਲਿਖ ਰਿਹਾ ਸੀ। ਅਫਸਰ ਨੇ ਕਿਹਾ ਕਿ ਫਾਂਸੀ ਲਗਾਣ ਦਾ ਸਮਾਂ ਹੋ ਗਿਆ ਹੈ ਅਤੇ ਸੈਨਿਕ ਆਗਿਆ ਪਾਲਣ ਵਾਸਤੇ ਮੈਦਾਨ ਵਿਚ ਖੜੇ ਹਨ। ਬਾਬ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਚੇਲੇ ਨਾਲ ਗੱਲ ਪੂਰੀ ਕਰਨੀ ਹੈ ਪਰ ਉਹ ਅਫਸਰ ਹੱਸਣ ਲੱਗਾ

ਤੇ ਕਿਹਾ ਇਕ ਕੈਦੀ ਆਪਣੀ ਮਨਮਾਨੀ ਨਹੀਂ ਕਰ ਸਕਦਾ। ਜਦੋਂ ਬਾਬ ਨੂੰ ਲੈ ਜਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਕਿਹਾ ਕਿ ਜਦੋਂ ਤਕ ਇਸ ਸੰਸਾਰ ਵਿਚ ਉਨ੍ਹਾਂ ਦਾ ਉਦੇਸ਼ ਪੂਰਾ ਨਹੀਂ ਹੋ ਜਾਂਦਾ ਅਤੇ ਉਹ ਆਪਣੀ ਗਲਬਾਤ ਪੂਰੀ ਨਹੀਂ ਕਰ ਲੈਂਦੇ ਤਦ ਤਕ ਧਰਤੀ ਦੀ ਕੋਈ ਤਾਕਤ ਉਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੀ। ਅਫਸਰ ਨੇ ਬਾਬ ਦੀ ਗੱਲ ਵੱਲ ਕੋਈ ਧਿਆਨ ਨਹੀਂ ਦਿਤਾ ਤੇ ਚੌਕ ਵਿਚ ਲੈ ਆਇਆ। ਉਸ ਵਕਤ ਬਾਬ ਦਾ ਨੌਜਵਾਨ ਚੇਲਾ ਜਿਸ ਦਾ ਨਾਂ ਮੁਹੰਮਦ ਅਲੀ ਜ਼ਨੂਜ਼ੀ ਸੀ, ਦੌੜ ਕੇ ਉਨ੍ਹਾਂ ਕੋਲ ਆਇਆ ਤੇ ਪਿਆਰੇ ਸਵਾਮੀ ਦੇ ਪੈਰ ਪਕੜ ਕੇ ਯਾਚਨਾ ਕੀਤੀ ਕਿ ਉਸ ਨੂੰ ਵੀ ਨਾਲ ਹੀ ਮਰਨ ਦੀ ਆਗਿਆ ਦਿਤੀ ਜਾਵੇ। ਅਫਸਰ ਨੇ ਉਸ ਨੂੰ ਪਰ੍ਹੇ ਧੱਕਣ ਦੀ ਕੋਸ਼ਿਸ਼ ਕੀਤੀ ਪਰ ਜ਼ਨੂਜ਼ੀ ਰੋਂਦਾ ਰਿਹਾ ਅਤੇ ਇੰਨੀ ਯਾਚਨਾ ਕੀਤੀ ਕਿ ਅਫਸਰ ਨੂੰ ਉਸ ਨੂੰ ਨਾਲ ਲਿਜਾਣਾ ਪਿਆ।

ਚੌਕ ਵਿਚ, ਜਿਥੇ ਸੈਨਿਕ ਬਾਬ ਤੇ ਗੋਲੀ ਚਲਾਣ ਦੀ ਇੰਤਜ਼ਾਰ ਵਿਚ ਸਨ, ਲੋਕਾਂ ਦੀ ਅਪਾਰ ਭੀੜ ਜਮ੍ਹਾਂ ਹੋ ਗਈ। ਉਨ੍ਹਾਂ ਸਭ ਨੇ ਦੇਖਿਆ ਕਿ ਬਾਬ ਤੇ ਉਸ ਦੇ ਚੇਲੇ ਨੂੰ ਇਸ ਤਰ੍ਹਾਂ ਬੰਨ੍ਹਿਆ ਗਿਆ ਹੈ ਕਿ ਉਸ ਦਾ ਸਿਰ ਆਪਣੇ ਪ੍ਰੀਤਮ ਦੀ ਛਾਤੀ ਤੇ ਸੀ। ਫਿਰ ਉਹ ਮਹਾਨ ਪਲ ਆਇਆ। ਢੋਲ ਪਿੱਟੇ ਗਏ, ਤੂਤੀਆਂ ਵਜਾਈਆਂ ਗਈਆਂ। ਜਿਉਂ ਹੀ ਤੂਤੀਆਂ ਦੀ ਆਵਾਜ਼ ਬੰਦ ਹੋਈ ਤਾਂ ਭਿਅੰਕਰ ਆਗਿਆ ਸੁਣਾਈ ਦਿਤੀ : ਗੋਲੀ ਚਲਾਓ। ਨਿਸ਼ਾਨਾ ਲਗਾਏ ਹੋਏ ਸੈਂਕੜੇ ਸੈਨਿਕਾਂ ਨੇ ਗੋਲੀਆਂ ਚਲਾਈਆਂ। ਧੂਏਂ ਦਾ ਇਕ ਵਡਾ ਬੱਦਲ ਸਾਰੀ ਜਗ੍ਹਾ ਤੇ ਫੈਲ ਗਿਆ। ਸਾਰਾ ਵਾਤਾਵਰਣ ਬਾਰੂਦ ਦੀ ਬੋ ਨਾਲ ਭਰ ਗਿਆ। ਕੁਛ ਸਮਾਂ ਬਾਅਦ ਜਦੋਂ ਧੂੰਏਂ ਦਾ ਬੱਦਲ ਸਾਫ ਹੋਇਆ ਤਾਂ ਬੜੀ ਹੈਰਾਨੀ ਵਾਲੀ ਗੱਲ ਹੋਈ। ਮਹਾਤਮਾ ਬਾਬ ਦਾ ਉਥੇ ਨਿਸ਼ਾਨ ਤਕ ਨਹੀਂ ਸੀ ਤੇ ਉਨ੍ਹਾਂ ਦਾ ਚੇਲਾ ਬਿਨਾਂ ਕਿਸੇ ਹਾਨੀ ਉਥੇ ਖੜਾ ਸੀ। ਸਭ ਹੈਰਾਨ ਸੀ। ਬਹੁਤ ਲੋਕਾਂ ਨੇ ਕਿਹਾ ਕਿ ਚਮਤਕਾਰ ਹੋਇਆ ਹੈ ਤੇ ਮਹਾਤਮਾ ਬਾਬ ਸਵਰਗ ਨੂੰ ਚਲੇ ਗਏ ਹਨ। ਗੋਲੀ ਚਲਾਣ ਵਾਲੀ ਟੁਕੜੀ ਤੇ ਉਸ ਦੇ ਨਾਇਕ ਨੇ ਐਸੀ ਅਸਾਧਾਰਣ ਘਟਨਾ ਪਹਿਲੋਂ ਕਦੀ ਨਹੀਂ ਦੇਖੀ ਸੀ। ਮਹਾਤਮਾ ਬਾਬ ਨੂੰ ਦੇਖਣ ਵਾਸਤੇ ਹਰ ਦਿਸ਼ਾ ਵਿਚ ਅਧਿਕਾਰੀਆਂ ਨੂੰ ਭੇਜਿਆ ਗਿਆ। ਉਸ ਅਫਸਰ ਨੇ, ਜੋ ਬਾਬ ਨੂੰ ਕੋਠੜੀ

ਵਿਚੋਂ ਲੈ ਕੇ ਆਇਆ ਸੀ, ਉਥੇ ਉਨ੍ਹਾਂ ਨੂੰ ਹੌਸਲੇ ਨਾਲ ਗਲਬਾਤ ਖਤਮ ਕਰਦੇ ਹੋਏ ਪਾਇਆ, ਜਿਥੇ ਪਹਿਲੇ ਵਿਘਨ ਪਾਇਆ ਗਿਆ ਸੀ। ਬਾਬ ਅਫਸਰ ਵਲ ਮੁੜ ਕੇ ਮੁਸਕਰਾਂਦੇ ਹੋਏ ਬੋਲੇ ਕਿ ਧਰਤੀ ਉਨ੍ਹਾਂ ਦਾ ਕੰਮ ਪੂਰਾ ਹੋ ਚੁਕਿਆ ਹੈ ਤੇ ਆਪਣੇ ਮਕਸਦ ਦੀ ਸਚਾਈ ਪ੍ਰਮਾਣਿਤ ਕਰਨ ਵਾਸਤੇ ਆਪਣਾ ਬਲੀਦਾਨ ਦੇਣ ਵਾਸਤੇ ਤਿਆਰ ਹਨ।

ਮਹਾਤਮਾ ਬਾਬ ਨੂੰ ਇਕ ਵਾਰੀ ਫਿਰ ਚੌਕ ਵਿਚ ਲਜਾਇਆ ਗਿਆ ਪਰ ਇਸ ਵਾਰ ਗੋਲੀ ਚਲਾਣ ਵਾਲੀ ਟੁਕੜੀ ਨੇ ਹੱਤਿਆ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਦਾ ਨਾਇਕ ਆਪਣੇ ਸੈਨਿਕਾਂ ਨੂੰ ਚੌਕ ਤੋਂ ਬਾਹਰ ਲੈ ਗਿਆ ਤੇ ਸੋਚ ਚੁਕੀ ਕਿ ਚਾਹੇ ਜੋ ਵੀ ਹੋ ਜਾਵੇ ਉਹ ਇਸ ਨਿਰਦੋਸ਼ ਤੇ ਧਰਮਾਤਮਾ ਯੁਵਕ ਦੇ ਖੂਨ ਨਾਲ ਆਪਣੇ ਹੱਥ ਨਹੀਂ ਰੰਗੇਗਾ। ਕਤਲ ਵਾਸਤੇ ਇਕ ਹੋਰ ਟੁਕੜੀ ਬੁਲਾਈ ਗਈ ਤੇ ਇਸ ਵਾਰ ਸੈਂਕੜੇ ਗੋਲੀਆਂ ਨੇ ਮਹਾਤਮਾ ਬਾਬ ਤੇ ਵਫਾਦਾਰ ਚੇਲੇ ਦੇ ਸਰੀਰਾਂ ਨੂੰ ਛਲਨੀ ਕਰ ਦਿਤਾ। ਉਨ੍ਹਾਂ ਦੇ ਸੁੰਦਰ ਚੇਹਰੇ ਤੇ, ਜਿਨ੍ਹਾਂ ਤੇ ਗੋਲੀਆਂ ਦੇ ਨਿਸ਼ਾਨ ਨਹੀਂ ਪਏ ਸਨ, ਅਜੇ ਵੀ ਸੁੰਦਰ ਮੁਸਕਾਨ ਛਾਈ ਹੋਈ ਸੀ, ਜਿਸ ਤੋਂ ਐਸੇ ਇਨਸਾਨ ਦੀ ਸ਼ਾਂਤੀ ਤੇ ਖੁਸ਼ੀ ਪ੍ਰਗਟ ਹੋ ਰਹੀ ਸੀ, ਜਿਸ ਨੇ ਮਾਨਵ ਮਾਤਰ ਦੇ ਵਾਸਤੇ ਇਕ ਨਵੇਂ ਜੁਗ ਦੇ ਐਲਾਨ ਹੇਤ ਆਪਣਾ ਜੀਵਨ ਬਲੀਦਾਨ ਕਰ ਦਿਤਾ ਹੋਵੇ।

ਮਹਾਤਮਾ ਬਾਬ ਈਸ਼ਵਰ ਦੇ ਮਹਾਨ ਅਵਤਾਰ ਸਨ। ਆਪਣੇ ਸਭ ਦੈਵੀ ਲੇਖਾਂ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪ੍ਰਗਟ ਹੋਣ ਦਾ ਸਭ ਤੋਂ ਵਡਾ ਉਦੇਸ਼ ਜਗਤ ਨੂੰ ਇਹ ਸ਼ੁਭ ਸਮਾਚਾਰ ਦੇਣਾ ਸੀ ਕਿ ਜਲਦੀ ਹੀ ਸਭਨਾਂ ਜੁਗਾਂ ਤੇ ਧਰਮਾਂ ਦਾ ਪ੍ਰਤੀਗਤ ਈਸ਼ਵਰ ਅਵਤਾਰ ਪ੍ਰਗਟ ਹੋਵੇਗਾ। ਉਨ੍ਹਾਂ ਚੇਲਿਆਂ ਨੂੰ ਚੇਤਾਵਨੀ ਦਿਤੀ ਕਿ ਐਸਾ ਨਾ ਹੋਵੇ ਕਿ ਉਸ ਨੂੰ ਜਿਸ ਨੂੰ ਪ੍ਰਮਾਤਮਾ ਪ੍ਰਗਟ ਕਰੇਗਾ, ਪਹਿਚਾਨਣ ਵਿਚ ਅਸਫਲ ਹੋ ਜਾਣ। ਉਨ੍ਹਾਂ ਕਿਹਾ ਕਿ ਜਦੋਂ ਹੀ ਉਸ ਦਾ ਸੁਨੇਹਾ ਸੁਨਣ ਤਾਂ ਸਭ ਕੁਝ ਛਡ ਕੇ ਉਸ ਦਾ ਪਾਲਣ ਕਰਨ, ਖੁਦ ਮਹਾਤਮਾ ਬਾਬ ਨੇ ਬਹੁਤ ਸਾਰੀਆਂ ਪ੍ਰਾਰਥਨਾਵਾਂ ਲਿਖੀਆਂ ਜਿਨ੍ਹਾਂ ਵਿਚ ਉਨ੍ਹਾਂ ਨੇ ਖੁਦ ਪ੍ਰਮਾਤਮਾ ਅਗੇ ਯਾਚਨਾ ਕੀਤੀ ਕਿ ਉਨ੍ਹਾਂ ਦਾ ਜੀਵਨ ਉਸ ਵਾਸਤੇ ਨਿਛਾਵਰ ਹੋਏ ਜਿਸ ਨੂੰ ਪ੍ਰਮਾਤਮਾ ਪ੍ਰਗਟ

ਕਰੇਗਾ। ਆਪਣੇ ਲੇਖਾਂ ਵਿਚ ਉਨ੍ਹਾਂ ਭਗਵਾਨ ਬਹਾਉੱਲਾਹ ਦੀ ਹਾਲਤ ਦਾ ਵੀ ਬਿਆਨ ਕੀਤਾ ਤੇ ਕਿਹਾ : ਉਨ੍ਹਾਂ ਲਈ ਬਹੁਤ ਚੰਗਾ ਹੈ ਜੋ ਭਗਵਾਨ ਬਹਾਉੱਲਾਹ ਦਾ ਪਾਲਣ ਕਰਦਾ ਹੈ।

ਮਹਾਤਮਾ ਬਾਬ ਦਾ ਵਚਨ ਪੂਰਾ ਹੋਇਆ ਤੇ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਪਰਵਾਨ ਹੋਈਆਂ। ਉਨ੍ਹਾਂ ਦੇ ਪ੍ਰਯੋਜਨ ਦੇ ੧੯ ਸਾਲ ਬਾਅਦ ਬਹਾਉੱਲਾਹ ਨੇ ਖੁਲੇ ਆਮ ਐਲਾਨ ਕੀਤਾ ਕਿ ਉਹ ਵੀ ਈਸ਼ਵਰ ਅਵਤਾਰ ਸਨ, ਜਿਨ੍ਹਾਂ ਬਾਰੇ ਪਿਛਲੇ ਜੁਗਾਂ ਵਿਚ ਈਸ਼ਵਰ ਅਵਤਾਰ ਨੇ ਭਵਿੱਖ ਬਾਣੀਆਂ ਕੀਤੀਆਂ ਸਨ।

ਭਗਵਾਨ ਬਹਾਉੱਲਾਹ :—

੨੧ ਅਪਰੈਲ ੧੮੬੩ ਨੂੰ ਭਗਵਾਨ ਬਹਾਉੱਲਾਹ ਨੇ ਸੰਸਾਰ ਵਿਚ ਐਲਾਨ ਕੀਤਾ ਕਿ "ਉਹ ਈਸ਼ਵਰ ਵਿਭਾਰਣ ਜੋ ਅਨਾਦਿ ਕਾਲ ਤੋਂ ਈਸ਼ਵਰ ਦੇ ਸਭ ਅਵਤਾਰਾਂ ਦਾ ਮਕਸਦ ਤੇ ਵਚਨ ਮੰਨਿਆ ਜਾਂਦਾ ਸੀ ਤੇ ਉਸ ਦੇ ਸੰਦੇਸ਼ ਪ੍ਰਚਾਣ ਵਾਲਿਆਂ ਦੀ ਦਿਲੀ ਇੱਛਾ ਹੈ ਹੁਣ ਮਨੁਖਾਂ ਤੇ ਪ੍ਰਗਟ ਹੋ ਗਿਆ ਹੈ। ਜਿਸ ਵਕਤ ਭਗਵਾਨ ਬਹਾਉੱਲਾਹ ਨੇ ਇਹ ਅਦਭੁਤ ਐਲਾਨ ਕੀਤਾ ਤਾਂ ਉਸ ਵਕਤ ਉਹ ਦੇ ਤਾਕਤਵਰ ਰਾਜਿਆਂ ਦੀ ਕੈਦ ਵਿਚ ਸਨ ਤੇ ਉਨ੍ਹਾਂ ਨੂੰ 'ਬਹੁਤ ਨਿਰਜਨ ਦੇਸ਼' ਅੱਕਾ ਵਿਚ ਦੇਸ਼ ਨਿਕਾਲਾ ਦਿਤਾ ਜਾ ਰਿਹਾ ਸੀ।

ਇਸ ਐਲਾਨ ਤੋਂ ਲਗਭਗ ੪੬ ਸਾਲ ਪਹਿਲਾਂ ਭਗਵਾਨ ਬਹਾਉੱਲਾਹ ਈਰਾਨੀ ਰਾਜ ਦਰਬਾਰ ਦੇ ਇਕ ਪ੍ਰਸਿਧ ਮੰਤਰੀ ਦੇ ਘਰ ਪੈਦਾ ਹੋਏ। ਜਦਕਿ ਉਨ੍ਹਾਂ ਦੇ ਬਾਲ ਅਵਸਥਾ ਵਿਚ ਹੀ ਹਰ ਕੋਈ ਦੇਖ ਸਕਦਾ ਸੀ ਕਿ ਭਗਵਾਨ ਬਹਾਉੱਲਾਹ ਦੂਜੇ ਬੱਚਿਆਂ ਤੋਂ ਵਖ ਹਨ, ਅਸਲ ਵਿਚ ਇਹ ਕੋਈ ਨਹੀਂ ਸੀ ਜਾਣਦਾ ਕਿ ਇਹ ਬਾਲਕ ਮਾਨਵ ਮਾਤਰ ਦਾ ਪੂਰਾ ਭਾਗ ਹੀ ਬਦਲ ਦੇਵੇਗਾ। ਅਜੇ ਉਹ ੧੪ ਸਾਲ ਦੇ ਹੀ ਸਨ ਕਿ ਆਪਣੇ ਗਿਆਨ ਤੇ ਵਿਦਵਤਾ ਕਾਰਣ, ਰਾਜ ਦਰਬਾਰ ਵਿਚ ਮਸ਼ਹੂਰ ਹੋ ਗਏ। ਉਹ ੨੨ ਸਾਲ ਦੇ ਸਨ ਜਦੋਂ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋਇਆ। ਸਰਕਾਰ ਚਾਹੁੰਦੀ ਸੀ ਕਿ ਉਹ ਪਿਤਾ ਦੀ ਪਦਵੀ ਪ੍ਰਵਾਨ ਕਰਣ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਤੇਜਸਵੀ ਯੁਵਕ ਅੱਛਾ

ਮੰਤ੍ਰੀ ਸਿੱਧ ਹੋਵੇਗਾ ਪਰ ਸੰਸਾਰਿਕ ਕੰਮਾਂ ਦੇ ਪ੍ਰਬੰਧ ਕਰਨ ਵਿਚ ਸਮਾਂ ਗਵਾਣ ਦੀ ਭਗਵਾਨ ਬਹਾਉੱਲਾਹ ਦੀ ਇੱਛਾ ਨਹੀਂ ਸੀ। ਈਸ਼ਵਰ ਇਨਸਾਨ ਹੋਣ ਦੇ ਕਾਰਣ ਉਨ੍ਹਾਂ ਰਾਜਸੀ ਠਾਠ ਬਾਠ ਦੇ ਜੀਵਨ ਵਿਚ, ਜੋ ਉਨ੍ਹਾਂ ਨੂੰ ਪੇਸ਼ ਕੀਤਾ ਗਿਆ ਸੀ, ਕੋਈ ਦਿਲਚਸਪੀ ਨਾ ਲਈ। ਦਰਬਾਰ ਤੇ ਮੰਤਰੀਆਂ ਨੂੰ ਛਡ ਕੇ ਉਹ ਰੱਬ ਦਵਾਰਾ ਨਿਰਧਾਰਤ ਆਪਣੇ ਰਸਤੇ ਤੇ ਚਲ ਪਏ।

ਜਦੋਂ ਮਹਾਤਮਾ ਬਾਬ ਨੇ ਆਪਣੇ ਧਰਮ ਦੀ ਘੋਸ਼ਣਾ ਕੀਤੀ ਤਾਂ ਉਸ ਵਕਤ ਭਗਵਾਨ ਬਹਾਉੱਲਾਹ ਦੀ ਉਮਰ ੨੭ ਸਾਲ ਦੀ ਸੀ। ਉਨ੍ਹਾਂ ਤੁਰੰਤ ਬਾਬ ਨੂੰ ਈਸ਼ਵਰ ਦਾ ਅਵਤਾਰ ਮੰਨ ਲਿਆ ਤੇ ਜਲਦੀ ਹੀ ਉਨ੍ਹਾਂ ਦੇ ਸ਼ਕਤੀਸ਼ਾਲੀ ਤੇ ਪ੍ਰਸਿਧ ਚੇਲੇ ਬਣ ਗਏ।

ਜਿਸ ਵਕਤ ਕੱਟੜ ਮੁੱਲਾਂ ਤੇ ਸਰਕਾਰ ਬਾਗੀਆਂ ਨੂੰ ਕਸ਼ਟ ਪਹੁੰਚਾ ਰਹੇ ਸਨ ਉਨ੍ਹਾਂ ਭਗਵਾਨ ਬਹਾਉੱਲਾਹ ਨੂੰ ਵੀ ਕਿਸੇ ਤਰੀਕੇ ਨਾਲ ਨਾ ਛਡਿਆ। ਉਨ੍ਹਾਂ ਨੂੰ ਦੋ ਵਾਰ ਕੈਦ ਕੀਤਾ ਗਿਆ ਤੇ ਇਕ ਵਾਰ ਬੈਂਤਾਂ ਤੇ ਕੋੜਿਆਂ ਨਾਲ ਇੰਨਾ ਕੁਟਿਆ ਗਿਆ ਕਿ ਉਨ੍ਹਾਂ ਦੇ ਪੈਰਾਂ ਦੀਆਂ ਤਲੀਆਂ ਲਹੂ ਲੁਹਾਨ ਹੋ ਗਈਆਂ। ਬਾਬ ਦੀ ਘੋਸ਼ਣਾ ਦੇ ੯ ਸਾਲ ਬਾਅਦ ਭਗਵਾਨ ਬਹਾਉੱਲਾਹ ਨੂੰ ਇਕ ਕਾਲ ਕੋਠੜੀ ਵਿਚ ਕੈਦ ਕਰ ਦਿਤਾ ਗਿਆ। ਜ਼ਮੀਨ ਦੇ ਥੱਲੇ ਇਹ ਇਕ ਭਿਆਨਕ ਕਮਰਾ ਸੀ, ਜਿਸ ਵਿਚ ਕੋਈ ਦਰਵਾਜ਼ਾ ਯਾ ਬਾਰੀ ਨਹੀਂ ਸੀ ਕੇਵਲ ਇਕ ਅੰਦਰ ਜਾਣ ਵਾਸਤੇ ਦਰਵਾਜ਼ਾ ਹੀ ਸੀ। ਇਸ ਕਮਰੇ ਵਿਚ ਉਨ੍ਹਾਂ ਨੂੰ ਲਗਭਗ ੧੫੦ ਕਾਤਲਾਂ, ਡਾਕੂਆਂ ਤੇ ਅਪਰਾਧੀਆਂ ਦੇ ਨਾਲ ਰਖਿਆ ਗਿਆ। ਉਨ੍ਹਾਂ ਦੇ ਗਲੇ ਵਿਚ ਜੋ ਸੰਗਲ ਪਾਏ ਸਨ ਉਹ ਇੰਨੇ ਭਾਰੀ ਸਨ ਕਿ ਉਹ ਆਪਣਾ ਸਿਰ ਵੀ ਨਹੀਂ ਉਠਾ ਸਕਦੇ ਸਨ। ਇਸ ਕੋਠੜੀ ਵਿਚ ਭਗਵਾਨ ਬਹਾਉੱਲਾਹ ਨੇ ਦੁਖਾਂ ਤੇ ਕਸ਼ਟਾਂ ਦੇ ਚਾਰ ਮਹੀਨੇ ਬਿਤਾਏ। ਇਹੀ ਕਾਲ ਕੋਠੜੀ ਸੀ, ਜਿਥੇ ਉਨ੍ਹਾਂ ਦੀ ਆਤਮਾ ਈਸ਼ਵਰ ਪ੍ਰਕਾਸ਼ ਨਾਲ ਪੂਰਨ ਹੋਈ। ਉਹ ਲਿਖਦੇ ਹਨ ਕਿ ਇਕ ਰਾਤ ਉਨ੍ਹਾਂ ਨੇ ਸੁਪਨੇ ਵਿਚ ਆਪਣੇ ਚਾਰੋਂ ਤਰਫ ਇਹ ਸ਼ਬਦ ਗੂੰਜਦੇ ਸੁਣੇ :—

"ਬਿਨਾਂ ਕਿਸੇ ਸ਼ਕ ਤੋਂ ਅਸੀਂ ਤੈਨੂੰ ਖੁਦ ਤੇਰੇ ਤੇ ਤੇਰੀ ਕਲਮ ਦਵਾਰਾ ਜੇਤੂ ਬਣਾਵਾਂਗੇ।"

ਭਗਵਾਨ ਬਹਾਉੱਲਾਹ ਨੇ ਇਹ ਸਭ ਕਸ਼ਟ ਸਾਡੇ ਤੇ ਆਉਣ ਵਾਲੀਆਂ

ਪੀੜ੍ਹੀਆਂ ਵਾਸਤੇ ਸਹੇ। ਉਨ੍ਹਾਂ ਆਪਣੇ ਪਵਿੱਤਰ ਗਲੇ ਵਿਚ ਜ਼ੰਜੀਰਾਂ ਪਹਿਨੀਆਂ ਤਾਂ ਜੋ ਉਹ ਸਾਨੂੰ ਭੇਦਭਾਵ, ਹਠਧਰਮੀ ਤੇ ਵੈਰ ਦੇ ਸੰਗਲਾਂ ਤੋਂ ਮੁਕਤ ਕਰਾ ਸਕਣ।

ਅਖੀਰ ਵਿਚ ਭਗਵਾਨ ਬਹਾਉੱਲਾਹ ਤੇ ਉਨ੍ਹਾਂ ਦੇ ਪ੍ਰਵਾਰ ਤੋਂ ਸਾਰੀ ਜੱਦੀ ਜਾਇਦਾਦ ਤੇ ਦੌਲਤ ਖੋਹ ਲਈ ਗਈ ਤੇ ਉਨ੍ਹਾਂ ਨੂੰ ਦੇਸ਼ ਤੋਂ ਚਲੇ ਜਾਣ ਵਾਸਤੇ ਆਗਿਆ ਦਿਤੀ ਗਈ। ਸਖਤ ਸਰਦੀ ਵਿਚ ਉਨ੍ਹਾਂ ਨੂੰ ਬਗਦਾਦ ਵਾਸਤੇ ਕਢ ਦਿਤਾ ਗਿਆ। ਇਹ ਰਸਤਾ ਈਰਾਨ ਦੇ ਉਨ੍ਹਾਂ ਪਹਾੜਾਂ ਵਿਚੋਂ ਹੋ ਕੇ ਜਾਂਦਾ ਸੀ ਜਿਥੇ ਧਰਤੀ ਬਰਫ ਦੀ ਮੋਟੀ ਤਹਿ ਹੇਠ ਛੁਪੀ ਰਹਿੰਦੀ ਸੀ। ਭਗਵਾਨ ਬਹਾਉੱਲਾਹ, ਉਨ੍ਹਾਂ ਦੀ ਪਤਨੀ ਤੇ ਛੋਟੇ ਛੋਟੇ ਬੱਚਿਆਂ ਨੂੰ ਮੰਜ਼ਿਲ ਤਕ ਪਹੁੰਚਣ ਵਾਸਤੇ ਸੈਂਕੜੇ ਮੀਲ ਚਲਣਾ ਪਿਆ ਤੇ ਉਚਿਤ ਕਪੜੇ ਨਾ ਹੋਣ ਕਰਕੇ ਉਨ੍ਹਾਂ ਦਾ ਸਫਰ ਹੋਰ ਔਖਾ ਤੇ ਅਸਹਨੀਯ ਹੋ ਗਿਆ। ਅਖੀਰ ਵਿਚ ਉਹ ਬਗਦਾਦ ਪਹੁੰਚੇ ਪਰ ਉਥੇ ਵੀ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਅੰਤ ਨਾ ਹੋਇਆ। ਪਰ ਜੇ ਭਗਵਾਨ ਬਹਾਉੱਲਾਹ ਨੂੰ ਇਨ੍ਹਾਂ ਤਕਲੀਫਾਂ ਤੇ ਔਖਿਆਈਆਂ ਦਾ ਡਰ ਹੁੰਦਾ ਤਾਂ ਉਹ ਈਰਾਨ ਦੇ ਰਾਜ ਦਰਬਾਰ ਦੇ ਵਿਲਾਸੀ ਜੀਵਨ ਦਾ ਮਜ਼ਾ ਉਡਾ ਸਕਦੇ ਸਨ। ਰੱਬ ਦੇ ਰਸਤੇ ਵਿਚ ਹਰ ਪ੍ਰਕਾਰ ਦੇ ਦੁਖ ਝਲਣ ਨੂੰ ਤਿਆਰ ਸਨ।

ਜਲਦੀ ਹੀ ਭਗਵਾਨ ਬਹਾਉੱਲਾਹ ਦੀ ਮਸ਼ਹੂਰੀ ਸਾਰੇ ਬਗਦਾਦ ਤੇ ਈਰਾਨ ਦੇ ਦੂਜੇ ਸ਼ਹਿਰਾਂ ਵਿਚ ਫੈਲ ਗਈ ਤੇ ਆਸ਼ੀਰਵਾਦ ਲੈਣ ਲਈ ਬਹੁਤ ਸਾਰੇ ਲੋਕ ਇਸ ਕੈਦੀ ਦੇ ਘਰ ਆਣ ਲਗ ਪਏ। ਈਰਾਨ ਤੇ ਈਰਾਕ ਦੇ ਵੱਖ ਵੱਖ ਹਿਸਿਆਂ ਵਿਚੋਂ ਪੋਚਣਾ ਤੇ ਰਾਹ-ਦਰਸ਼ਨ ਪਾਣ ਲਈ ਮਹਾਤਮਾ ਬਾਬ ਦੇ ਚੇਲੇ ਇਨ੍ਹਾਂ ਪਾਸ ਇਕੱਠੇ ਹੋਏ। ਪਰ ਕੁਛ ਲੋਕ ਇਹੋ ਜਿਹੇ ਵੀ ਸਨ ਜੋ ਇਨ੍ਹਾਂ ਦੀ ਮਸ਼ਹੂਰੀ ਤੋਂ ਈਰਖਾ ਖਾਂਦੇ ਸਨ। ਉਨ੍ਹਾਂ ਵਿਚ ਉਨ੍ਹਾਂ ਦਾ ਆਪਣਾ ਭਰਾ 'ਯਹਯਾ' ਵੀ ਸੀ, ਜੋ ਉਨ੍ਹਾਂ ਦੀ ਪ੍ਰੇਮਮਈ ਦੇਖ ਭਾਲ ਵਿਚ ਰਹਿ ਰਿਹਾ ਸੀ। ਯਹਯਾ ਨੇ ਸੋਚਿਆ, ਚੂੰਕਿ ਮਹਾਤਮਾ ਬਾਬ ਦੇ ਚੇਲੇ ਉਸ ਦਾ ਆਦਰ ਕਰਦੇ ਹਨ ਇਸ ਲਈ ਜੇ ਉਹ ਭਗਵਾਨ ਬਹਾਉੱਲਾਹ ਦਾ ਖੰਡਨ ਕਰੇ ਤਾਂ ਉਹ ਉਨ੍ਹਾਂ ਦਾ ਨੇਤਾ ਬਣ ਸਕਦਾ ਹੈ। ਉਸ ਨੇ ਇਹ ਮਹਿਸੂਸ ਨਾ ਕੀਤਾ ਕਿ ਈਸ਼ਵਰ ਅਵਤਾਰ ਤੋਂ ਬੇਮੁਖ ਹੋ ਕੇ ਆਪਣੇ ਦੁਰਭਾਗ ਨੂੰ ਬੁਲਾਵਾ ਦੇ ਰਿਹਾ

ਹੈ। ਕਿਉਂਕਿ ਈਸ਼ਵਰ ਅਵਤਾਰ ਪ੍ਰਗਟ ਹੁੰਦਾ ਤਾਂ ਕੇਵਲ ਉਹੀ ਲੋਕ ਅਸਲੀ ਮਹਾਨਤਾ ਦੀ ਆਸ਼ਾ ਕਰ ਸਕਦੇ ਹਨ ਜੋ ਉਸ ਦੀ ਗੁਲਾਮੀ ਸਵੀਕਾਰ ਕਰਦੇ ਹਨ। ਇਥੋਂ ਤਕ ਕਿ ਈਸ਼ਵਰ ਅਵਤਾਰ ਦੇ ਨੇੜੇ ਦੇ ਸੰਬੰਧੀ ਵੀ ਇਸ ਨੇਮ ਤੋਂ ਨਹੀਂ ਬਚ ਸਕਦੇ। ਕਿਉਂਕਿ ਉਹ ਸਭ ਮਨੁੱਖਾਂ ਤੋਂ ਅਲੱਗ ਹੁੰਦਾ ਹੈ ਤੇ ਉਸ ਜਗ੍ਹਾ ਨੂੰ ਕੋਈ ਵੰਡ ਨਹੀਂ ਸਕਦਾ। ਪਿਛਲੇ ਸਭ ਅਵਤਾਰਾਂ ਦੇ ਭਰਾ, ਭੈਣਾਂ ਤੇ ਰਿਸ਼ਤੇਦਾਰ ਸਨ, ਪਰ ਸਭ ਦੇ ਨਾਂ ਤਕ ਭੁਲਾਏ ਜਾ ਚੁਕੇ ਹਨ।

ਯਹਯਾ ਦੀ ਯੋਜਨਾ, ਮਹਾਤਮਾ ਬਾਬ ਦੇ ਚੇਲਿਆਂ ਵਿਚ ਫੁਟ ਦਾ ਕਾਰਣ ਬਣੀ ਤੇ ਭਗਵਾਨ ਬਹਾਉੱਲਾਹ ਬਹੁਤ ਦੁਖੀ ਹੋਏ। ਇਕ ਰਾਤ ਬਿਨਾਂ ਕਿਸੇ ਨੂੰ ਦੱਸੇ ਆਪਣਾ ਘਰ ਬਾਰ ਛਡ ਕੇ ਕੁਦਰਿਸਤਾਨ ਦੇ ਪਹਾੜਾਂ ਵਲ ਚਲੇ ਗਏ। ਇਨ੍ਹਾਂ ਪਹਾੜਾਂ ਵਿਚ ਦੋ ਸਾਲ ਤਕ ਏਕਾਂਤਵਾਸ ਕੀਤਾ ਤੇ ਸਾਰਾ ਸਮਾਂ ਧਿਆਨ ਦੋ ਪ੍ਰਾਰਥਨਾ ਵਿਚ ਬਿਤਾਇਆ। ਉਹ ਇਕ ਛੋਟੀ ਜਹੀ ਗੁਫਾ ਵਿਚ ਰਹਿੰਦੇ ਸਨ ਤੇ ਸਾਦਾ ਭੋਜਨ ਕਰਦੇ ਸਨ। ਕੋਈ ਵੀ ਉਨ੍ਹਾਂ ਦਾ ਨਾਮ ਨਹੀਂ ਸੀ ਜਾਣਦਾ। ਕੋਈ ਇਹ ਵੀ ਨਹੀਂ ਸੀ ਜਾਣਦਾ ਕਿ ਇਹ ਕਿਥੋਂ ਆਏ ਹਨ। ਪਰ ਜਲਦੀ ਹੀ ਹਨੇਰੀ ਰਾਤ ਵਿਚ ਚੰਦਰਮਾ ਦੇ ਪ੍ਰਕਾਸ਼ ਦੀ ਤਰ੍ਹਾਂ ਉਨ੍ਹਾਂ ਦਾ ਪ੍ਰਕਾਸ਼ ਸਾਰੇ ਕੁਦਰਿਸਤਾਨ ਵਿਚ ਫੈਲ ਗਿਆ ਤੇ ਹਰ ਇਨਸਾਨ ਨੇ 'ਬਿਨਾਂ ਨਾਮ ਦੇ ਇਨਸਾਨ' ਬਾਰੇ ਸੁਣਿਆ। ਇਸ ਵਕਤ ਬਗਦਾਦ ਵਿਚ ਉਨ੍ਹਾਂ ਦੇ ਪਰਵਾਰ ਦੇ ਲੋਕ ਤੇ ਦੋਸਤ ਉਨ੍ਹਾਂ ਦੇ ਚਲੇ ਜਾਣ ਤੇ ਬਹੁਤ ਦੁਖੀ ਸਨ ਤੇ ਨਾ ਹੀ ਜਾਣਦੇ ਸਨ ਕਿ ਉਹ ਕਿਥੇ ਹਨ। ਉਨ੍ਹਾਂ ਲੋਕਾਂ ਨੇ ਵੀ ਉਸ 'ਬਿਨਾਂ ਨਾਮ ਦੇ ਇਨਸਾਨ' ਬਾਰੇ ਸੁਣਿਆ ਜਿਸ ਦੇ ਬਾਰੇ ਇਹ ਮਸ਼ਹੂਰ ਸੀ ਕਿ ਉਸ ਨੂੰ ਈਸ਼ਵਰ ਗਿਆਨ ਪ੍ਰਾਪਤ ਹੈ। ਭਗਵਾਨ ਬਹਾਉੱਲਾਹ ਦੇ ਜੇਠੇ ਪੁੱਤਰ ਅਬਦੁਲਬਹਾ ਜਲਦੀ ਜਾਣ ਗਏ ਕਿ ਇਹ ਇਨਸਾਨ ਉਨ੍ਹਾਂ ਦੇ ਪਿਆਰੇ ਪਿਤਾ ਤੋਂ ਸਿਵਾ ਹੋਰ ਕੋਈ ਨਹੀਂ ਹੋ ਸਕਦਾ। ਉਸ ਨੇ ਕਈ ਪੱਤਰ ਤੇ ਇਕ ਖਾਸ ਦੂਤ ਭੇਜਿਆ ਤੇ ਪ੍ਰਾਰਥਨਾ ਕੀਤੀ ਕਿ ਵਾਪਸ ਆ ਜਾਣ ਕਿਉਂਕਿ ਕੇਵਲ ਘਰ ਦੇ ਲੋਕ ਹੀ ਨਹੀਂ, ਸਗੋਂ ਮਹਾਤਮਾ ਬਾਬ ਦੇ ਚੇਲੇ ਵੀ ਬਹੁਤ ਦੁਖੀ ਸਨ।

ਇਸ ਤਰ੍ਹਾਂ ਪ੍ਰਾਰਥਨਾ ਤੇ ਭਗਤੀ ਵਿਚ ਦੋ ਸਾਲ ਬਿਤਾਣ ਤੋਂ ਬਾਦ ਭਗਵਾਨ ਬਹਾਉੱਲਾਹ ਵਾਪਸ ਬਗਦਾਦ ਆ ਗਏ ਤੇ ਨਾਲ ਹੀ ਮਹਾਤਮਾ ਬਾਬ ਦੇ ਚੇਲਿਆਂ ਦੀ ਖੁਸ਼ੀ ਆ ਗਈ। ਉਹ ਲੋਕ ਜੋ ਉਨ੍ਹਾਂ ਦੀ ਵਾਪਸੀ ਤੇ ਗੁਸੇ ਹੋਏ,

ਕੇਵਲ ਹਠਧਰਮੀ ਮੁੱਲਾਂ ਤੇ ਬਹਾਉੱਲਾਹ ਦਾ ਗੱਦਾਰ ਤੇ ਈਰਖਾਲੂ ਭਰਾ ਯਹਯਾ ਹੀ ਸਨ। ਮੁੱਲਾਂ ਨਹੀਂ ਚਾਹੁੰਦੇ ਸਨ ਕਿ ਭਗਵਾਨ ਬਹਾਉੱਲਾਹ ਬਗਦਾਦ ਵਿਚ ਰਹਿਣ ਕਿਉਂਕਿ ਕੁਝ ਮੁਸਲਮਾਨਾਂ ਦੇ ਤੀਰਥ ਦੇ ਨਜ਼ਦੀਕ ਸਨ ਤੇ ਉਨ੍ਹਾਂ ਸਥਾਨਾਂ ਤੇ ਆਣ ਵਾਲੇ ਯਾਤ੍ਰੀ ਅਕਸਰ ਭਗਵਾਨ ਬਹਾਉੱਲਾਹ ਦੇ ਆਕਰਸ਼ਣ ਤੇ ਵਿਅਕਤੀਤਵ ਵਲ ਖਿਚੇ ਜਾਂਦੇ ਸਨ। ਉਹ ਸ਼ਿਕਾਇਤਾਂ ਕਰਨ ਲਗ ਪਏ। ਇਥੋਂ ਤਕ ਕਿ ਈਰਾਨੀ ਸਰਕਾਰ ਨੇ ਤੁਰਕੀ ਸਾਮਰਾਜ ਨਾਲ ਇਸ ਗੱਲ ਦੀ ਸਹਿਮਤੀ ਪ੍ਰਗਟ ਕੀਤੀ ਕਿ ਭਗਵਾਨ ਬਹਾਉੱਲਾਹ ਨੂੰ ਹੋਰ ਵੀ ਦੂਰ ਇਸਤੰਬੂਲ ਨਗਰ ਵਿਚ ਭੇਜਿਆ ਜਾਵੇ। ਇਸਤੰਬੂਲ, ਜੋ ਮੁਸਲਮਾਨ ਖਲੀਫਿਆਂ ਦਾ ਰਾਜਸਥਾਨ ਸੀ, ਇਹੋ ਗੱਲ ਹੋਈ। ਭਗਵਾਨ ਬਹਾਉੱਲਾਹ ਦੀ ਮਹਾਨ ਵਿਦਵਤਾ ਤੇ ਨਿਜੀ ਆਕਰਸ਼ਣ ਨੇ ਬਹੁਤ ਸਾਰੇ ਲੋਕਾਂ ਨੂੰ ਖਿੱਚ ਲਿਆ। "ਉਨ੍ਹਾਂ ਨੂੰ ਇਸਤੰਬੂਲ ਵਿਚ ਹੋਰ ਜ਼ਿਆਦਾ ਦੇਰ ਨਹੀਂ ਰਹਿਣ ਦੇਣਾ ਚਾਹੀਦਾ" ਹੱਠਧਰਮੀ ਮੁਲਿਆਂ ਨੇ ਕਿਹਾ ਅਤੇ ਇਕ ਵਾਰ ਫਿਰ ਉਨ੍ਹਾਂ ਨੂੰ ਛੋਟੇ ਸ਼ਹਿਰ ਐਡ੍ਰੀਨੋਪਲ ਭੇਜਿਆ ਗਿਆ। ਇਥੋਂ ਉਨ੍ਹਾਂ ਨੂੰ ਫਿਰ ਕਢਿਆ ਗਿਆ ਪਰ ਇਸ ਵਾਰ ਪਵਿਤਰ ਭੂਮੀ ਦੇ ਸ਼ਹਿਰ 'ਅੱਕਾ' ਵਿਚ ਭੇਜਿਆ ਗਿਆ ਜੋ ਇਕ ਖਾਸ ਦੰਡ ਨਗਰ ਯਾਨੀ ਕਾਲਾ ਪਾਣੀ ਸੀ ਤੇ ਕਾਤਿਲਾਂ, ਡਾਕੂਆਂ ਤੇ ਚੋਰਾਂ ਵਾਸਤੇ ਰਖਿਆ ਗਿਆ ਸੀ, ਜਿਥੇ ਉਹ ਉਮਰ ਕੈਦ ਭੁਗਤ ਰਹੇ ਸਨ। ਇਹ ਇਕ ਭਿਆਨਕ ਸਥਾਨ ਸੀ ਤੇ ਪਹਿਲੇ ਪਹਿਲ ਉਨ੍ਹਾ ਦੇ ਪਰਵਾਰ ਦੇ ਲੋਕਾਂ ਨੂੰ ਪਾਣੀ ਤਕ ਨਾ ਦਿਤਾ ਗਿਆ। ਅੱਕਾ ਵਿਚ ਬਹਾਉੱਲਾਹ ਦੀਆਂ ਕਠਿਨਾਈਆਂ ਤੇ ਯਾਤਨਾਵਾਂ ਅਸੰਖ ਹੀ ਸਨ। ਸ਼ੁਰੂ ਵਿਚ ਉਨ੍ਹਾਂ ਨੂੰ ਇਕ ਅਲੱਗ ਕੋਠੜੀ ਵਿਚ ਰਖਿਆ ਗਿਆ, ਜਿਥੇ ਉਨ੍ਹਾਂ ਦੇ ਬੱਚਿਆਂ ਨੂੰ ਮਿਲਣ ਦੀ ਆਗਿਆ ਨਹੀਂ ਸੀ। ਉਨ੍ਹਾਂ ਲਈ ਆਰਾਮ ਦਾ ਕੋਈ ਸਾਧਨ ਨਹੀਂ ਸੀ ਤੇ ਉਹ ਦਿਨ ਰਾਤ ਵੈਰੀਆਂ ਨਾਲ ਘਿਰੇ ਰਹਿੰਦੇ। ਫਿਰ ਵੀ ਅੱਕਾ ਤੋਂ ਹੀ ਉਨ੍ਹਾਂ ਨੇ ਆਪਣੇ ਵਕਤ ਦੇ ਪ੍ਰਸਿਧ ਰਾਜਿਆਂ ਨੂੰ ਆਪਣੇ ਮਸ਼ਹੂਰ ਪੱਤ੍ਰ ਭੇਜੇ ਜਿਸ ਵਿਚ ਉਨ੍ਹਾਂ ਨੂੰ ਪ੍ਰਭੂ ਦੇ ਸੰਦੇਸ਼ ਦੀ ਵਲ ਖਿਆਲ ਦੇਣ ਦੀ ਤੇ ਬਾਦਸ਼ਾਹਾਂ ਦੇ ਬਾਦਸ਼ਾਹ ਦੀ ਆਗਿਆ ਪਾਲਣ ਵਾਸਤੇ ਕਿਹਾ। ਆਪਣੇ ਕੈਦ ਕਰਨ ਵਾਲਿਆਂ ਨੂੰ ਈਸ਼ਵਰ-ਅਵਤਾਰ ਦੇ ਸਿਵਾ ਹੋਰ ਕੋਈ ਇਸ ਤਰ੍ਹਾਂ ਸੰਬੋਧਿਤ ਨਹੀਂ ਕਰ ਸਕਦਾ ਜਿਸ ਤਰ੍ਹਾਂ ਇਕ ਰਾਜਾ ਆਪਣੀ ਪਰਜਾ ਨਾਲ ਕਰਦਾ ਹੈ।

ਜੇਲ੍ਹ ਵਿਚ ਉਨ੍ਹਾਂ ਨੇ ਵਿਸ਼ਵ ਸ਼ਾਂਤੀ ਤੇ ਭਾਈਚਾਰੇ ਦਾ ਝੰਡਾ ਫਹਿਰਾਇਆ, ਹਾਲਾਂਕਿ ਉਸ ਵਕਤ ਸੰਸਾਰ ਦੀਆਂ ਸਭ ਤਾਕਤਾਂ ਉਨ੍ਹਾਂ ਦੇ ਵਿਰੁਧ ਸੰਗਠਿਤ ਹੋ ਗਈਆਂ ਸਨ। ਫਿਰ ਵੀ ਸੁਪਨੇ ਵਿਚ ਦਿਤੇ ਗਏ ਪ੍ਰਮਾਤਮਾ ਦੇ ਵਚਨ ਅਨੁਸਾਰ ਉਹ ਜੇਤੂ ਹੋਏ। ਭਗਵਾਨ ਬਹਾਉੱਲਾਹ ਦੇ ਸੰਦੇਸ਼ ਨੇ ਹਜ਼ਾਰਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ ਤੇ ਉਨ੍ਹਾਂ ਵਿਚ ਕਈਆਂ ਨੇ ਉਨ੍ਹਾਂ ਦੇ ਧਰਮ ਵਾਸਤੇ ਜੀਵਨ ਬਲੀਦਾਨ ਕਰ ਦਿਤੇ। ਪ੍ਰਭੂ-ਸ਼ਬਦ ਦੀ ਸ਼ਕਤੀ ਤੇ ਬਹਾਉੱਲਾਹ ਦੇ ਚੇਲਿਆਂ ਦੇ ਬਲੀਦਾਨ ਦੇ ਕਾਰਣ, ਲੱਖਾਂ ਲੋਕ ਜੋ ਇਕ ਸਮੇਂ ਵੱਖ-ਵੱਖ ਨਾਵਾਂ ਵਿਚ ਵੰਡੇ ਹੋਏ ਸਨ, ਅਜ ਇਕ ਪਰਵਾਰ ਦੇ ਮੈਂਬਰ ਦੀ ਤਰ੍ਹਾਂ ਬਣ ਗਏ ਹਨ।

ਹਾਲਾਂਕਿ ਭਗਵਾਨ ਬਹਾਉੱਲਾਹ ਨੂੰ ਉਮਰ ਕੈਦ ਵਾਸਤੇ ਅੱਕਾ ਭੇਜਿਆ ਗਿਆ ਸੀ ਪਰ ਉਨ੍ਹਾਂ ਨੇ ਉਸ ਕਿਲ੍ਹੇ ਸਮਾਨ ਸ਼ਹਿਰ ਨੂੰ ਨੌਂ ਸਾਲ ਬਾਅਦ ਛੱਡ ਦਿਤਾ। ਉਸ ਸਮੇਂ ਤਕ ਉਨ੍ਹਾਂ ਦੇ ਨਿਜੀ ਆਕਰਸ਼ਣ ਨੇ ਆਸ ਪਾਸ ਦੇ ਸਭ ਲੋਕਾਂ ਤੇ ਉਨ੍ਹਾਂ ਦੇ ਸਖਤ ਦਿਲ ਜੇਲ੍ਹਰ ਨੂੰ ਇਸ ਤਰ੍ਹਾਂ ਦਾ ਦੋਸਤ ਬਣਾ ਲਿਆ ਕਿ ਉਨ੍ਹਾਂ ਨੇ ਬਹਾਉੱਲਾਹ ਦੇ ਜੇਲ੍ਹ ਛਡਣ ਤੇ ਕੋਈ ਮੁਸ਼ਕਿਲ ਨਾ ਸਮਝੀ। ਭਗਵਾਨ ਬਹਾਉੱਲਾਹ ਨੇ ਬਾਕੀ ਦਾ ਸਮਾਂ ਅੱਕਾ ਸ਼ਹਿਰ ਤੋਂ ਬਾਹਰ ਬਿਤਾਇਆ ਜਿਥੇ ਉਹ ੨੯ ਮਈ ਸੰਨ ੧੮੯੨ ਨੂੰ ਉਹ ਆਪਣੇ ਸਵਰਗੀਯ ਅਮਰਰਾਜ ਦੀ ਵਲ ਚਲੇ ਗਏ।

ਪ੍ਰਾਚੀਨ ਪਵਿੱਤਰ ਧਰਮ ਗ੍ਰੰਥਾਂ ਵਿਚ ਦਿਤੀਆਂ ਗਈਆਂ ਭਵਿਖ ਬਾਣੀਆਂ ਦੇ ਅਨੁਸਾਰ ਭਗਵਾਨ ਬਹਾਉੱਲਾਹ ਦਾ ਸੰਦੇਸ਼ ਪਵਿੱਤਰ ਭੂਮੀ ਤੋਂ ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਫੈਲ ਗਿਆ। ਬੌਧ ਗ੍ਰੰਥਾਂ ਦੇ ਅਨੁਸਾਰ ਪਵਿੱਤਰ ਭੂਮੀ ਪੱਛਮ ਦੇ ਵਲ ਹੈ ਜੋ ਪ੍ਰਤੀਗਤ ਅਮਿਤਾਭ ਦਾ ਆਸਣ ਹੈ। ਯਹੂਦੀਆਂ ਲਈ ਇਹ ਪ੍ਰਤੀਗਤ ਦੇਸ਼ ਹੈ, ਜਿਥੇ ਇਕ ਵਾਰ ਫਿਰ ਪ੍ਰਭੂ ਦਾ ਕਾਨੂੰਨ ਸੰਸਾਰ ਭਰ ਵਿਚ ਪ੍ਰਸਾਰਿਤ ਹੋਵੇਗਾ। ਈਸਾਈਆਂ ਤੇ ਮੁਸਲਮਾਨਾਂ ਵਿਚ ਵੀ ਇਸ ਪਵਿੱਤ੍ਰ ਦੇਸ਼ ਦੇ ਬਾਰੇ ਅਦਭੁਤ ਭਵਿਖ ਬਾਣੀਆਂ ਹਨ ਜੋ ਕਈ ਸਦੀਆਂ ਤੋਂ ਉਨ੍ਹਾਂ ਦੀ ਪਵਿੱਤਰ ਭੂਮੀ ਹੈ। ਭਗਵਾਨ ਬਹਾਉੱਲਾਹ ਦੇ ਅੱਕਾ ਵਿਚ ਕੱਢੇ ਜਾਣ ਦੇ ਸਮੇਂ ਤੋਂ ਪਿਛਲੇ ਧਰਮਾਂ ਦੀ ਪਵਿੱਤਰ ਭੂਮੀ ਬਹਾਈ ਧਰਮ ਦਾ ਵਿਸ਼ਵ-ਕੇਂਦਰ ਬਣ ਗਈ ਹੈ।

ਭਗਵਾਨ ਬਹਾਉੱਲਾਹ ਈਸ਼ਵਰ ਦਾ ਉਹ ਮਹਾਨ ਅਵਤਾਰ ਹੈ ਜਿਸ ਦੇ ਪ੍ਰਗਟ ਹੋਣ ਦੀ ਭਵਿਖ ਬਾਣੀ ਪਿਛਲੇ ਸਭ ਅਵਤਾਰਾਂ ਨੇ ਕੀਤੀ ਹੈ। ਸਭਨਾਂ ਜੁਗਾਂ ਦੇ ਦੈਵੀ ਧਰਮ ਇਕ ਹੀ ਦਿਸ਼ਾ ਵਿਚ ਲੈ ਜਾਂਦੇ ਹਨ ਜੋ ਇਕ ਹੀ ਮਕਸਦ ਦੀ ਸਿਖਿਆ ਦੇਂਦੇ ਹਨ। ਉਹ ਸਾਗਰ ਵਿਚ ਮਿਲਣ ਵਾਲੀਆਂ ਕਈ ਨਦੀਆਂ ਦੇ ਸਮਾਨ ਹਨ। ਹਰ ਨਦੀ ਹਜ਼ਾਰਾਂ ਏਕੜ ਜ਼ਮੀਨ ਦੀ ਸਿੰਚਾਈ ਕਰਦੀ ਹੈ ਪਰ ਕੋਈ ਇਕੱਲੀ ਨਦੀ ਐਸੀ ਮਹਾਨ ਤੇ ਸ਼ਕਤੀਸ਼ਾਲੀ ਨਹੀਂ ਜੋ ਸਮੁੰਦਰ ਦਾ ਮੁਕਾਬਲਾ ਕਰ ਸਕੇ ਕਿਉਂਕਿ ਸਮੁੰਦਰ ਸਾਰੀਆਂ ਨਦੀਆਂ ਦਾ ਸੰਗਮ ਹੈ। ਬਹਾਈ ਧਰਮ ਵੀ ਇਸ ਤਰ੍ਹਾਂ ਦਾ ਸਾਗਰ ਹੈ। ਬਹਾਈ ਸਮਾਜ ਵਿਚ ਆ ਕੇ ਸਭ ਧਰਮਾਂ ਦੇ ਚੇਲੇ ਮਿਲ ਕੇ ਸੰਗਠਿਤ ਹੋ ਗਏ ਹਨ। ਚਾਹੇ ਉਹ ਸੰਸਾਰ ਦੇ ਵੱਖ ਵੱਖ ਲੋਕ ਹਨ, ਪਰ ਉਹ ਹੁਣ ਇਕ ਮਹਾਨ ਬਰਾਦਰੀ ਤੇ ਇਕ ਹੀ ਬਰਾਬਰੀ ਦੇ ਧਰਮ ਵਿਚ ਮਿਲ ਗਏ ਹਨ।

ਜਦੋਂ ਵੱਖ ਵੱਖ ਨਦੀਆਂ ਸਮੁੰਦਰ ਵਿਚ ਮਿਲਦੀਆਂ ਹਨ, ਉਨ੍ਹਾਂ ਦਾ ਪਾਣੀ ਆਪਸ ਵਿਚ ਮਿਲ ਕੇ ਇਕ ਹੋ ਜਾਂਦਾ ਹੈ।

ਸੰਵਿਦਾ

ਅਬਦੁੱਲਬਹਾ

ਭਗਵਾਨ ਬਹਾਉੱਲਾਹ ਈਸ਼ਵਰ ਦੇ ਸ਼ਿਲਪੀ ਸਨ। ਉਹਨਾਂ ਨੇ ਮਨੁੱਖੀ ਏਕਤਾ ਦੀ ਮਹਾਨ ਯੋਜਨਾ ਦੀ ਰਚਨਾ ਕੀਤੀ। ਉਨ੍ਹਾਂ ਨੇ ਇਸ ਪਵਿਤ੍ਰ ਭਵਨ ਦੀ ਪੱਕੀ ਨੀਂਹ ਪਾਈ ਤੇ ਉਸ ਲਈ ਜ਼ਰੂਰੀ ਸਮਾਨ ਚੁਣਿਆ।

ਪਰ ਬਹਾਉੱਲਾਹ ਦੇ ਸਾਡੇ ਵਿਚੋਂ ਚਲੇ ਜਾਣ ਤੋਂ ਬਾਅਦ ਇਸ ਸੁੰਦਰ ਭਵਨ ਨੂੰ ਕਿਸ ਨੇ ਬਨਾਉਣਾ ਸੀ ? ਇਹ ਸੱਚ ਹੈ ਕਿ ਉਨ੍ਹਾਂ ਦੀ ਯੋਜਨਾ ਪੂਰਨ ਸੀ ਪਰ ਕੋਈ ਵੀ ਪੂਰਣ ਯੋਜਨਾ ਕਿਸੇ ਯੋਗ ਆਦਮੀ ਨੂੰ ਸਿਰੇ ਚਾੜ੍ਹਨ ਵਾਸਤੇ ਦਿਤੀ ਜਾਣੀ ਚਾਹੀਦੀ ਹੈ ਨਹੀਂ ਤੇ ਭਵਨ ਡਿਗ ਜਾਵੇਗਾ। ਕਿਸੀ ਵੀ ਭਵਨ ਦੀ ਯੋਜਨਾ ਚਾਹੇ ਕਿਤਨੀ ਹੀ ਪੂਰਣ ਹੈ, ਨੀਂਹ ਕਿੰਨੀ ਹੀ ਮਜ਼ਬੂਤ ਕਿਉਂ ਨਾ ਹੋਵੇ, ਜੇ ਉਸ ਦੇ ਨਿਰਮਾਣ ਦੇ ਦੇਖ ਰੇਖ ਯੋਗ ਆਦਮੀ ਹੇਠ ਨਾ ਹੋਵੇ ਤਾਂ ਨਿਰਮਾਣ, ਸ਼ਿਲਪਕਾਰ ਦੀ ਯੋਜਨਾ ਤੋਂ ਅਲੱਗ (ਵੱਖ) ਹੋ ਸਕਦਾ ਹੈ।

ਜਦੋਂ ਭਗਵਾਨ ਬਹਾਉੱਲਾਹ ਸਵਰਗ ਸਿਧਾਰੇ ਤਾਂ ਉਨ੍ਹਾਂ ਨੇ ਆਪਣੀ ਦੈਵੀ ਯੋਜਨਾ ਦਾ ਭਾਰ ਆਪਣੇ ਪੁੱਤਰ ਨੂੰ ਸੌਂਪਿਆ। ਉਨ੍ਹਾਂ ਨੇ ਅਬਦੁਲਬਹਾ ਨੂੰ ਆਪਣੀ ਸੰਵਿਦਾ ਦਾ ਕੇਂਦਰ ਨਿਯੁਕਤ ਕੀਤਾ ਤੇ ਆਪਣੇ ਚੇਲਿਆਂ ਨੂੰ ਉਨ੍ਹਾਂ ਤੋਂ ਰਾਹ ਦਰਸ਼ਨ ਹਾਸਿਲ ਕਰਨ ਦੀ ਆਗਿਆ ਦਿਤੀ।

ਅਬਦੁੱਲਬਹਾ ਦਾ ਅਰਥ ਹੈ 'ਪਰਮਾਤਮਾ ਦਾ ਸੇਵਕ'। ਉਹ ਬਹਾਉੱਲਾਹ ਦੇ ਸਭ ਤੋਂ ਵਡੇ ਪੁੱਤਰ ਸਨ। ਉਨ੍ਹਾਂ ਦਾ ਜਨਮ ੨੩ ਮਈ ੧੮੪੪ ਨੂੰ ਹੋਇਆ। ਇਹ ਉਹ ਰਾਤ ਸੀ ਜਦੋਂ ਮਹਾਤਮਾ ਬਾਬ ਨੇ ਆਪਣੇ ਧਰਮ ਦਾ ਐਲਾਨ ਕੀਤਾ ਇਕ ਪੁੰਨ ਘੜੀ ਵਿਚ, ਇਕ ਪੁੰਨ ਪੁੱਤਰ ਦੇ ਇਕ ਪੁੰਨ ਘਰਾਣੇ ਵਿਚ ਜਨਮ ਲਿਆ।

ਅਬਦੁਲਬਹਾ ਅਜੇ ੮ ਸਾਲ ਦੇ ਸਨ ਜਦੋਂ ਉਨ੍ਹਾਂ ਦੇ ਪਿਤਾ ਨੂੰ ਭਿਆਨਕ ਕੋਠਰੀ ਵਿਚ ਸੁੱਟ ਦਿੱਤਾ ਗਿਆ। ਬਚਪਨ ਤੋਂ ਉਨ੍ਹਾਂ ਨੇ ਆਪਣੇ ਪਿਤਾ ਦੇ

ਦੁੱਖਾਂ ਵਿਚ ਸਵੈ-ਇੱਛਾ ਨਾਲ ਹਿੱਸਾ ਲਿਆ। ਤੇਹਰਾਨ ਤੋਂ ਬਗਦਾਦ ਦੇ ਔਖੇ ਸਫਰ ਵਿਚ ਉਨ੍ਹਾਂ ਆਪਣੇ ਪਿਤਾ ਦਾ ਸਾਥ ਦਿੱਤਾ ਤੇ ਆਪਣੀ ਜ਼ਿੰਦਗੀ ਦੇ ੪੦ ਸਾਲ ਜੇਲ੍ਹ ਵਿਚ ਬਿਤਾਏ। ਅਖੀਰ ਵਿਚ ਜਦੋਂ ਅਬਦੁਲਬਹਾ ਨੂੰ ਛੱਡਿਆ ਗਿਆ ਤਾਂ ਉਹ ਬੁੱਢੇ ਹੋ ਚੁਕੇ ਸਨ। ਪਰ ਜੀਵਨ ਦੀਆਂ ਬਹੁਤ ਹੀ ਹਨੇਰੀਆਂ ਘੜੀਆਂ ਵਿਚ ਵੀ ਪ੍ਰਭੂ ਪ੍ਰੇਮ ਨੇ ਉਨ੍ਹਾਂ ਨੂੰ ਪ੍ਰਸੰਨਚਿਤ ਰਖਿਆ। ਅਬਦੁਲਬਹਾ ਚਾਹੁੰਦੇ ਸਨ ਕਿ ਅਸੀਂ ਸਭ ਵੀ ਉਸੇ ਤਰ੍ਹਾਂ ਦੀ ਖੁਸ਼ੀ ਤੋਂ ਆਨੰਦਿਤ ਹੋਈਏ। ਉਹ ਕਹਿੰਦੇ ਹਨ :

> "ਪ੍ਰਸੰਨਤਾ ਦੋ ਤਰ੍ਹਾਂ ਦੀ ਹੁੰਦੀ ਹੈ। ਸਰੀਰਕ ਤੇ ਅਧਿਆਤਮਕ। ਸਰੀਰਿਕ ਪ੍ਰਸੰਨਤਾ ਸੀਮਿਤ ਹੁੰਦੀ ਹੈ। ਇਸ ਦਾ ਜ਼ਿਆਦਾ ਤੋਂ ਜ਼ਿਆਦਾ ਸਮਾਂ ਇਕ ਦਿਨ, ਇਕ ਮਹੀਨਾ, ਇਕ ਸਾਲ ਹੁੰਦਾ ਹੈ। ਇਸ ਦਾ ਕੋਈ ਨਤੀਜਾ ਨਹੀਂ ਨਿਕਲਦਾ। ਅਧਿਆਤਮਕ ਖੁਸ਼ੀ ਕਿਸੀ ਇਨਸਾਨ ਦੀ ਆਤਮਾ ਵਿਚ ਪ੍ਰਭੂ ਪ੍ਰੇਮ ਦੁਆਰਾ ਪੈਦਾ ਹੁੰਦੀ ਹੈ ਤੇ ਮਨੁੱਖੀ ਜੀਵਨ ਦੀਆਂ ਪੂਰਨਤਾਵਾਂ ਤੇ ਚੰਗੇ ਗੁਣ ਪ੍ਰਾਪਤ ਕਰਨ ਦੇ ਯੋਗ ਬਣਾਂਦੀ ਹੈ। ਇਸ ਲਈ ਜਿੰਨਾ ਹੋ ਸਕੇ, ਆਪਣੇ ਦਿਲ ਰੂਪੀ ਦੀਵੇ ਨੂੰ ਪ੍ਰਭੂ ਪ੍ਰੇਮ ਦੀ ਜੋਤੀ ਨਾਲ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕਰੋ।"

ਭਗਵਾਨ ਬਹਾਉੱਲਾਹ ਨੇ ਬਗਦਾਦ ਵਿਚ ਅਬਦੁਲਬਹਾ ਤੇ ਪ੍ਰਭੂ ਬਾਣੀ ਦੀ ਘੋਸ਼ਣਾ ਕੀਤੀ। ਹਾਲਾਂਕਿ ਉਹ ਨੌਜਵਾਨ ਹੀ ਸਨ, ਫਿਰ ਵੀ ਅਬਦੁਲ-ਬਹਾ ਨੇ ਭਗਵਾਨ ਬਹਾਉੱਲਾਹ ਦੀ ਪਦਵੀ ਨੂੰ ਪਹਿਚਾਨ ਹੀ ਲਿਆ ਤੇ ਉਨ੍ਹਾਂ ਦੇ ਪੈਰਾਂ ਵਿਚ ਡਿਗ ਕੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਨੂੰ ਭਗਵਾਨ ਬਹਾਉੱਲਾਹ ਦੇ ਧਰਮ ਹੇਤੂ ਬਲੀਦਾਨ ਦੇ ਰੂਪ ਵਿਚ ਸਵੀਕਾਰ ਕੀਤਾ ਜਾਏ। ਉਸ ਦਿਨ ਤੋਂ ਅਬਦੁਲਬਹਾ ਨੇ ਆਪਣਾ ਸਾਰਾ ਜੀਵਨ ਬਹਾਉੱਲਾਹ ਦੀ ਸੇਵਾ ਵਿਚ ਸਮਰਪਣ ਕਰ ਦਿਤਾ ਤੇ ਆਪਣੇ ਹਰ ਸੁੱਖ ਨੂੰ ਉਨ੍ਹਾਂ ਦੇ ਰਸਤੇ ਵਿਚ ਕੁਰਬਾਨ ਕਰ ਦਿੱਤਾ। ਛੋਟੀ ਉਮਰ ਵਿਚ ਹੀ ਉਹ ਬਹਾਉੱਲਾਹ ਦੇ ਚੇਲਿਆਂ ਦੇ ਪ੍ਰੇਮ ਤੇ ਸਮਾਨ ਦੇ ਪਾਤਰ ਬਣ ਗਏ ਤੇ ਬਾਦ ਵਿਚ ਉਨ੍ਹਾਂ ਦੇ ਵਿਚ 'ਮਾਸਟਰ' (ਸਵਾਮੀ) ਦੇ ਨਾਂ ਨਾਲ ਮਸ਼ਹੂਰ ਹੋ ਗਏ। ਬਹਾਉੱਲਾਹ ਦੇ ਸਵਰਗ ਸਿਧਾਰਨੇ ਦੇ ਬਾਦ ਜਦ ਉਨ੍ਹਾਂ ਦੀ ਵਸੀਅਤ ਜੋ 'ਸੰਵਿਦਾ ਕਿਤਾਬ' ਕਹਿਲਾਂਦੀ ਹੈ, ਖੋਲ੍ਹੀ ਗਈ ਤਾਂ ਬਹਾਈ ਇਹ ਜਾਣ ਕੇ ਖੁਸ਼ ਹੋਏ ਕਿ ਬਹਾਉੱਲਾਹ ਨੇ ਅਬਦੁਲਬਹਾ

ਨੂੰ ਆਪਣੀ ਸੰਵਿਦਾ ਦਾ ਕੇਂਦਰ ਤੇ ਸਿਖਿਆਵਾਂ ਦਾ ਵਿਆਖਿਆਕਾਰ ਨਿਯੁਕਤ ਕੀਤਾ ਹੈ।

ਸੰਵਿਦਾ ਦੇ ਕੇਂਦਰ ਦੀ ਨਿਯੁਕਤੀ ਬਹਾਈ ਧਰਮ ਦੀ ਅਦੁੱਤੀ ਖਾਸੀਅਤ ਹੈ। ਆਪਣੀ ਸੰਸਥਾਵਾਂ ਦੇ ਸਵਰਗਵਾਸ ਦੇ ਬਾਦ ਸਾਰੇ ਧਰਮ ਵੰਡੇ ਗਏ ਕਿਉਂਕਿ ਉਨ੍ਹਾਂ ਦੇ ਚੇਲੇ ਪ੍ਰਭੂ ਅਵਤਾਰ ਦੇ ਚਲੇ ਜਾਣ ਦੇ ਬਾਦ ਇਹ ਨਹੀਂ ਸਨ ਜਾਣਦੇ ਕਿ ਰਾਹ-ਦਰਸ਼ਨ ਵਾਸਤੇ ਕਿਸ ਵਲ ਦੇਖਣ। ਉਨ੍ਹਾਂ ਪ੍ਰਭੂ ਸਿਖਿਆਵਾਂ ਨੂੰ ਆਪਣੀ ਸਮਝ ਦੁਆਰਾ ਵਿਖਿਆਨ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਉਨ੍ਹਾਂ ਨੂੰ ਇਕ ਸਮਾਨ ਤਰੀਕੇ ਨਾਲ ਨਹੀਂ ਸਨ ਸਮਝਦੇ, ਇਸ ਲਈ ਪ੍ਰਭੂ ਸਿਖਿਆਵਾਂ ਦੀ ਵੱਖ ਵੱਖ ਤਰ੍ਹਾਂ ਨਾਲ ਵਿਆਖਿਆ ਕੀਤੀ ਗਈ। ਪਿਛਲੇ ਧਰਮਾਂ ਦੇ ਚੇਲਿਆਂ ਵਿਚ ਇਹ ਗੱਲ ਫੁੱਟ ਦਾ ਕਾਰਨ ਬਣ ਗਈ। ਬਹਾਈ ਧਰਮ ਦੀ ਗਲ ਹੀ ਅਲੱਗ ਹੈ। ਬਹਾਉੱਲਾਹ ਨੇ, ਜੋ ਸੰਸਾਰ ਦੀ ਸਾਰੀ ਫੁੱਟ ਦੂਰ ਕਰਨ ਆਏ ਸਨ, ਖੁਦ ਬਹਾਈ ਧਰਮ ਨੂੰ ਵੰਡ ਨਹੀਂ ਹੋਣ ਦਿੱਤਾ। ਉਨ੍ਹਾਂ ਇਕ ਦਸਤਾਵੇਜ਼ ਲਿਖਿਆ ਜਿਸ ਵਿਚ ਉਨ੍ਹਾਂ ਨੇ ਸਭ ਬਹਾਈਆਂ ਦੇ ਨੇਤਰਤਵ ਤੇ ਆਪਣੀਆਂ ਸਿਖਿਆਵਾਂ ਦੀ ਵਿਆਥਿਆ ਹੇਤੂ ਅਬਦੁਲਬਹਾ ਨੂੰ ਨਿਯੁਕਤ ਕੀਤਾ। ਇਸ ਦਸਤਾਵੇਜ਼ "ਸੰਵਿਦਾ ਦੀ ਕਿਤਾਬ" ਨੇ ਫੁੱਟ ਤੋਂ ਬਹਾਈਆਂ ਦੀ ਰਖਿਆ ਕੀਤੀ। ਸੰਵਿਦਾ ਦੀ ਕਿਤਾਬ ਨੇ ਭਗਵਾਨ ਬਹਾਉੱਲਾਹ ਦੇ ਚੇਲਿਆਂ ਦੀ ਏਕਤਾ ਨੂੰ ਬਣਾਈ ਰਖਿਆ, ਪਰ ਅਬਦੁਲਬਹਾ ਦੇ ਭਰਾ ਮੋਹੰਮਦ ਅਲੀ ਦੀ ਈਰਖਾ ਦਾ ਕਾਰਣ ਬਣੀ। ਬਹਾਉੱਲਾਹ ਦੇ ਸਮੇਂ ਵਿਚ ਯਾਹਯਾ ਦੀ ਤਰ੍ਹਾਂ ਅਬਦੁਲਬਹਾ ਦੇ ਸਮੇਂ ਮੋਹੰਮਦ ਅਲੀ ਨੇ ਬਹਾਈਆਂ ਵਿਚ ਫੁੱਟ ਪਾਣ ਦਾ ਯਤਨ ਕੀਤਾ। ਉਸ ਨੇ ਸੋਚਿਆ, ਚੂੰਕਿ ਉਹ ਵੀ ਬਹਾਉੱਲਾਹ ਦਾ ਪੁੱਤਰ ਹੈ ਇਸ ਲਈ ਨੇਤਾ ਹੋਣ ਦਾ ਦਾਵਾ ਕਰ ਸਕਦਾ ਹੈ। ਪਰ ਉਸ ਦੇ ਯਤਨ ਵਿਅਰਥ ਗਏ ਕਿਉਂਕਿ ਉਨ੍ਹਾਂ ਦਾ ਪ੍ਰਭੂ ਅਵਤਾਰ ਦਾ ਬਾਹਰੀ ਸਬੰਧ ਨਿਰਮੂਲ ਸੀ ਜਦੋਂ ਕਿ ਉਹ ਬਹਾਉੱਲਾਹ ਦੀ ਆਗਿਆ ਦਾ ਪਾਲਣ ਨਹੀਂ ਕਰਦਾ ਸੀ। ਮੋਹੰਮਦ ਉਸ ਦੀ ਟਾਹਣੀ ਦੇ ਸਮਾਨ ਸੀ ਜੋ ਇਕ ਮਹਾਨ ਪੇੜ ਵਿਚ ਲੱਗੀ ਸੀ, ਪਰ ਸੁੱਕ ਕੇ ਬੇਕਾਰ ਹੋ ਜਾਣ ਦੇ ਕਾਰਣ ਫੁੱਲ ਨਹੀਂ ਸੀ ਲੱਗ ਸਕਦਾ ਅਤੇ ਕਿਸੀ ਵੀ ਸੁੱਕੀ ਟਾਹਣੀ ਦੀ ਤਰ੍ਹਾਂ ਹੀ ਉਸ ਨੂੰ ਕੱਟ ਕੇ ਸੁੱਟ ਦਿੱਤਾ ਗਿਆ।

ਜਦੋਂ ਮੋਹੰਮਦ ਅਲੀ ਬਹਾਈਆਂ ਵਿਚ ਫੁੱਟ ਪਾਣ ਵਿਚ ਅਸਫਲ ਰਿਹਾ

ਤਾਂ ਉਹ ਧਰਮ ਦੇ ਵੈਰੀਆਂ ਨਾਲ ਮਿਲ ਗਿਆ ਤੇ ਅਬਦੁਲਬਹਾ ਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਨੇ 'ਮਾਸਟਰ' ਦੇ ਵਿਰੁਧ ਸਰਕਾਰੀ ਅਧਿਕਾਰੀਆਂ ਨੂੰ ਭੜਕਾਇਆ ਤੇ ਕਿਹਾ ਕਿ ਅਬਦੁਲਬਹਾ ਲੋਕਾਂ ਨੂੰ ਇਕੱਠਾ ਕਰ ਰਹੇ ਹਨ ਤਾਂ ਜੋ ਸਰਕਾਰ ਵਿਰੁੱਧ ਖੜੇ ਹੋ ਸਕਣ। ਜਦੋਂ ਅਬਦੁਲਬਹਾ ਕਾਮਰਲ ਪਹਾੜ ਤੇ ਬਾਬ ਦੀ ਸਮਾਧੀ ਬਣਾ ਰਹੇ ਸਨ ਤਾਂ ਸਰਕਾਰ ਨੂੰ ਇਹ ਦਸਿਆ ਗਿਆ ਕਿ ਉਹ ਇਕ ਕਿਲ੍ਹਾ ਬਣਾ ਰਹੇ ਹਨ। ਇਸ ਤੇ ਤੁਰਕੀ ਸਰਕਾਰ ਨੇ ਇਸ ਗੱਲ ਦੀ ਪੜਤਾਲ ਵਾਸਤੇ ਇਕ ਖਾਸ ਦਸਤਾ ਪਵਿੱਤਰ ਭੂਮੀ ਵਲ ਭੇਜਿਆ। ਮੋਹੰਮਦ ਅਲੀ ਇਸ ਦਸਤੇ ਦੇ ਨੇਤਾ ਜਨਰਲ ਨੂੰ ਰਿਸ਼ਵਤ ਦੇਣ ਵਿਚ ਸਫਲ ਹੋਇਆ ਤੇ ਅਬਦੁਲਬਹਾ ਵਿਰੁਧ ਝੂਠੀ ਰਿਪੋਰਟ ਤੁਰਕੀ ਭੇਜੀ ਗਈ।

ਇਸ ਦੌਰਾਨ ਅਬਦੁਲਬਹਾ ਆਪਣੇ ਜੀਵਨ ਦੀ ਹਰ ਘੜੀ ਪ੍ਰਭੂ ਧਰਮ ਦੀ ਸੇਵਾ ਵਿਚ ਬਤੀਤ ਕਰ ਰਹੇ ਸਨ। ਉਨ੍ਹਾਂ ਦੀ ਕਲਮ ਤੋਂ ਨਿਕਲੀਆਂ ਸੁੰਦਰ ਸ਼ਲੋਕਾਵਾਂ ਸੰਸਾਰ ਵਿਚ ਹਜ਼ਾਰਾਂ ਬਹਾਈਆਂ ਦੀ ਪ੍ਰੇਰਣਾ ਤੇ ਆਨੰਦ ਦਾ ਕਾਰਣ ਸਨ। ਆਪਣੇ ਅਮੁੱਲ ਪੱਤਰਾਂ ਦੁਆਰਾ ਉਨ੍ਹਾਂ ਪ੍ਰਭੂ ਧਰਮ ਵਿਚ ਉਨ੍ਹਾਂ ਦੇ ਕਦਮਾਂ ਦਾ ਰਾਹ-ਦਰਸ਼ਨ ਕੀਤਾ ਅਤੇ ਸ਼ਕਤੀਸ਼ਾਲੀ ਬਣਾਇਆ। ਜਦ ਉਹ ਲਿਖਣ ਤੋਂ ਛੁੱਟੀ ਪਾਂਦੇ ਤਾਂ ਰੋਗੀਆਂ ਦੀ ਦੇਖ ਰੇਖ ਤੇ ਗਰੀਬਾਂ ਦੀਆਂ ਜ਼ਰੂਰਤਾਂ ਪੂਰਾ ਕਰਣ ਵਿਚ ਲੱਗ ਜਾਂਦੇ। ਆਪਣੀ ਥੋੜ੍ਹੀ ਜਿਹੀ ਪੂੰਜੀ ਨਾਲ ਉਹ ਦੂਸਰਿਆਂ ਨੂੰ ਖੁਲ੍ਹਦਿਲੀ ਨਾਲ ਸਹਾਇਤਾ ਕਰਦੇ ਤੇ ਕੋਈ ਵੀ 'ਮਾਸਟਰ' ਦੇ ਦਰਵਾਜ਼ੇ ਤੋਂ ਖਾਲੀ ਹੱਥ ਨਾ ਮੁੜਦਾ। ਅਬਦੁਲਬਹਾ ਨੇ ਉਨ੍ਹਾਂ ਅਫਸਰਾਂ ਦੇ ਦਸਤੇ ਵਲ ਕੋਈ ਧਿਆਨ ਨਾ ਦਿੱਤਾ ਜੋ ਛਾਨਬੀਨ ਕਰਨ ਵਾਸਤੇ ਆਏ ਸੀ। ਦੂਜੀ ਤਰਫ ਮੋਹੰਮਦ ਅਲੀ ਨੇ ਉਨ੍ਹਾਂ ਦਾ ਆਦਰ ਸਤਿਕਾਰ ਕੀਤਾ ਤੇ ਤੋਹਫੇ ਭੇਟ ਕੀਤੇ। ਵਾਪਸ ਜਾਣ ਤੋਂ ਪਹਿਲਾਂ ਦਸਤੇ ਦੇ ਨੇਤਾ ਨੇ ਸੋਂਹ ਖਾਧੀ ਕਿ ਉਹ ਅਬਦੁਲਬਹਾ ਨੂੰ ਸ਼ਹਿਰ ਦੇ ਦਰਵਾਜ਼ੇ ਤੇ ਫਾਂਸੀ ਲਟਕਾਣ ਵਾਸਤੇ ਵਾਪਸ ਆਵੇਗਾ। ਇਸ ਤੋਂ ਧਰਮ ਦੇ ਵੈਰੀ ਖੁਸ਼ ਤੇ ਅਬਦੁਲਬਹਾ ਨਾਲ ਪਿਆਰ ਕਰਨ ਵਾਲੇ ਚਿੰਤਿਤ ਹੋ ਉਠੇ। ਬੜੇ ਮਿੱਤਰਾਂ ਨੇ ਅਬਦੁਲਬਹਾ ਨੂੰ ਯਾਚਨਾ ਕੀਤੀ ਕਿ ਸਮਾਂ ਰਹਿੰਦੇ ਤਕ ਉਹ ਪੁੰਨ ਭੂਮੀ ਛੱਡ ਕੇ ਚਲੇ ਜਾਣ ਪਰ 'ਮਾਸਟਰ' ਜੋ ਸਦਾ ਪ੍ਰਭੂ ਵਿਚ ਵਿਸ਼ਵਾਸ ਰੱਖਦੇ ਸਨ ਬਿਲਕੁਲ ਚਿੰਤਿਤ

ਨਾ ਸਨ। ਉਨ੍ਹਾਂ ਕਿਹਾ :

"ਮੇਰੇ ਵਾਸਤੇ ਕੈਦ ਆਜ਼ਾਦੀ ਹੈ। ਬੰਦੀ ਜੀਵਨ ਮੇਰੇ ਵਾਸਤੇ ਖੁਲ੍ਹਾ ਦਰਬਾਰ ਹੈ। ਅਪਮਾਨ ਮੇਰੇ ਵਾਸਤੇ ਗੌਰਵ ਸਮਾਨ ਹੈ। ਤਕਲੀਫ ਮੇਰੇ ਵਾਸਤੇ ਤੋਹਫਾ ਹੈ ਤੇ ਖੁਦ ਮੌਤ ਹੀ ਜ਼ਿੰਦਗੀ ਹੈ।"

ਉਹ ਜਨਰਲ ਜੋ ਅਬਦੁਲਬਹਾ ਨੂੰ ਫਾਂਸੀ ਦੇਣਾ ਚਾਹੁੰਦਾ ਸੀ, ਕੁਝ ਸਮਾਂ ਬਾਦ ਇਕ ਲੜਾਈ ਵਿਚ ਮਾਰਿਆ ਗਿਆ। ਖੁਦ ਤੁਰਕੀ ਰਾਜ ਛਿੰਨ ਭਿੰਨ ਹੋ ਗਿਆ ਤੇ ਇਕ ਨਵੀਂ ਸਰਕਾਰ ਨੇ ਰਾਜ ਸੰਭਾਲ ਲਿਆ। ਮੋਹੰਮਦ ਅਲੀ ਤੇ ਹੋਰ ਲੋਕਾਂ ਨੇ ਜਿਨ੍ਹਾਂ ਨੇ ਭਗਵਾਨ ਬਹਾਉੱਲਾਹ ਦੀ ਸੰਵਿਦਾ ਨੂੰ ਤੋੜਿਆ ਸੀ, ਅਬਦੁਲਬਹਾ ਨੂੰ ਨੁਕਸਾਨ ਪਹੁੰਚਾਣ ਤੇ ਬਹਾਈਆਂ ਵਿਚ ਫੁੱਟ ਪਾਣ ਦੇ ਯਤਨਾਂ ਵਿਚ ਨਿਰਾਸ਼ ਹੋ ਗਏ। ਉਹ ਅਪਮਾਨਿਤ ਹੋਏ ਤੇ ਹਰ ਕੋਈ ਉਨ੍ਹਾਂ ਦੇ ਨਿਰਲਜ ਕਪਟਾਂ ਦੇ ਬਾਰੇ ਜਾਣ ਗਿਆ।

ਰਾਜ ਬਦਲੇ ਦੇ ਨਾਲ ਨਾਲ ਅਬਦੁਲਬਹਾ ਨੂੰ ਵੀ ਲੰਬੇ ਕੈਦੀ ਜੀਵਨ ਤੋਂ ਮੁਕਤੀ ਮਿਲੀ। ਆਖਿਰਕਾਰ 'ਮਾਸਟਰ' ਜਿਨ੍ਹਾਂ ਇਤਨੇ ਦੁੱਖ ਝੇਲ ਕੇ ਵੀ ਭਗਵਾਨ ਬਹਾਉੱਲਾਹ ਦੇ ਨਾਲ ਧਰਮ ਦੀ ਸੇਵਾ ਕੀਤੀ ਸੀ, ਘੁੰਮਣ ਫਿਰਨ ਤੇ ਦੂਜੇ ਦੇਸ਼ਾਂ ਵਿਚ ਆਪਣੇ ਪਿਤਾ ਦੇ ਸੰਦੇਸ਼ ਦਾ ਪ੍ਰਸਾਰ ਕਰਨ ਵਾਸਤੇ ਆਜ਼ਾਦ ਹੋਏ। ਪੱਛਮ ਦੇ ਬਹਾਈਆਂ ਨੇ ਉਨ੍ਹਾਂ ਨੂੰ ਯੂਰਪ ਤੇ ਅਮਰੀਕਾ ਦੀ ਯਾਤਰਾ ਦਾ ਅਨੁਰੋਧ ਕੀਤਾ। ਜਦਕਿ ਬੁਢਾਪੇ ਤੇ ਲੰਬੇ ਕੈਦੀ ਜੀਵਨ ਦੇ ਕਾਰਣ ਕਮਜ਼ੋਰ ਹੋ ਚੁਕੇ ਸਨ, ਫਿਰ ਵੀ ਅਬਦੁਲਬਹਾ ਨੇ ਕ੍ਰਿਪਾ ਪੂਰਵਕ ਉਨ੍ਹਾਂ ਦਾ ਸ਼ੁੱਦਾ ਪ੍ਰਵਾਨ ਕੀਤਾ।

ਆਪਣੀ ਪੱਛਮ ਯਾਤਰਾ ਦੌਰਾਨ ਅਬਦੁਲਬਹਾ ਨੇ ਹਜ਼ਾਰਾਂ ਲੋਕਾਂ ਨੂੰ ਬਹਾਈ ਧਰਮ ਬਾਰੇ ਦਸਿਆ। ਕਈ ਵਾਰ ਉਨ੍ਹਾਂ ਨੇ ਇਕ ਦਿਨ ਵਿਚ ਕਈ ਕਈ ਭਾਸ਼ਣ ਦਿੱਤੇ। ਉਨ੍ਹਾਂ ਨੂੰ ਮਿਲਣ ਤੇ ਪ੍ਰੇਰਣਾ ਪੂਰਵਕ ਵਚਨ ਸੁਣਨ ਵਾਸਤੇ ਬਹਾਈ ਤੇ ਗੈਰ ਬਹਾਈ ਦੂਰ ਦੂਰ ਤੋਂ ਆਂਦੇ ਸਨ। ਜਿਥੇ ਵੀ ਉਹ ਜਾਂਦੇ ਸਵੇਰ ਤੋਂ ਰਾਤ ਤਕ ਉਹ ਧਰਮ ਪ੍ਰਸ਼ਿਖਸ਼ਣ ਕੰਮ ਵਿਚ ਮਸ਼ਗੂਲ ਰਹਿੰਦੇ ਬੀਮਾਰੀ ਦੇ ਸਮੇਂ ਵੀ ਜਦੋਂ ਉਨ੍ਹਾਂ ਦੇ ਦੋਸਤ ਉਨ੍ਹਾਂ ਨੂੰ ਆਰਾਮ ਕਰਨ ਵਾਸਤੇ ਕਹਿੰਦੇ ਉਹ ਆਪਣੇ ਬਾਰੇ ਕਦੀ ਨਾ ਸੋਚਦੇ।

ਅਮਰੀਕਾ ਵਿਚ ਅਬਦੁਲਬਹਾ ਨੇ ਪੱਛਮ ਵਿਚ ਪਹਿਲੇ ਪ੍ਰਾਰਥਨਾ-ਘਰ ਦੀ

ਨੀਂਹ ਰੱਖੀ, ਜੋ ਹੁਣ ਪ੍ਰਭੂ ਧਰਮ ਦੇ ਮਹੱਤਵ ਦੇ ਵਲ ਅਰਪਿਤ ਇਹ ਅਤੀ ਸੁੰਦਰ ਇਮਾਰਤ ਹੈ।

ਅਬਦੁਲਬਹਾ ਦੀ ਯੂਰਪ ਤੇ ਅਮਰੀਕਾ ਯਾਤਰਾ ਦੇ ਹੈਰਾਨ ਕਰਨ ਵਾਲੇ ਨਤੀਜੇ ਨਿਕਲੇ। ਬਹੁਤ ਸਾਰੇ ਦੇਸ਼ਾਂ ਵਿਚ ਬਹਾਈ ਧਰਮ ਦੀ ਸਥਾਪਨਾ ਹੋ ਗਈ ਤੇ ਸਵਰਗਵਾਸ ਹੋਣ ਤੋਂ ਪਹਿਲੇ ਅਬਦੁਲਬਹਾ ਨੇ ਚੇਲਿਆਂ ਨੂੰ ਇਸ ਨਵੇਂ ਸੰਦੇਸ਼ ਨੂੰ ਦੂਜੇ ਨਵੇਂ ਦੇਸ਼ਾਂ ਵਿਚ ਲੈ ਜਾਣ ਵਾਸਤੇ ਹੌਸਲਾ ਦਿੱਤਾ।

ਮਾਸਟਰ ੨੮ ਨਵੰਬਰ ੧੯੨੧ ਨੂੰ ਪੈਂਨ ਭੂਮੀ ਵਿਚ ਸਵਰਗ ਸਿਧਾਰੇ। ਉਨ੍ਹਾਂ ਦੀ ਸਮਾਧੀ, ਮਹਾਤਮਾ ਬਾਬ ਦੀ ਸਮਾਧੀ ਦੇ ਨਾਲ ਵਾਲੇ ਕਮਰੇ ਵਿਚ, ਉਸੇ ਭਵਨ ਵਿਚ ਹੈ ਜੋ ਉਨ੍ਹਾ ਨੇ ਖੁਦ ਆਪਣੀ ਜ਼ਿੰਦਗੀ ਦੇ ਦੌਰਾਨ ਬਣਾਇਆ ਸੀ।

ਅਬਦੁਲਬਹਾ ਪ੍ਰਭੂ ਧਰਮ ਤੇ ਭਗਵਾਨ ਬਹਾਉੱਲਾਹ ਦੀਆਂ ਸਿਖਿਆਵਾਂ ਦੇ ਵਿਆਖਿਆਕਾਰ ਤੇ ਉਨ੍ਹਾਂ ਦੀਆਂ ਸਿਖਿਆਵਾਂ ਦੇ ਪ੍ਰਤੱਖ ਮੂਰਤੀਮਾਨ ਸਰੂਪ ਸਨ। ਭਗਵਾਨ ਬਹਾਉੱਲਾਹ ਨੇ ਉਨ੍ਹਾਂ ਨੂੰ "ਪ੍ਰਭੂ ਦਾ ਭੇਦ" ਕਿਹਾ ਹੈ।

ਧਰਮ ਰਖਿਅਕ-ਸ਼ੌਗੀ ਅਫੈਂਦੀ :--

ਬਹਾਈਆਂ ਦੇ ਵਾਸਤੇ ਅਬਦੁਲਬਹਾ ਪਿਆਰੇ ਪਿਤਾ ਦੇ ਸਮਾਨ ਸਨ। ਜਦੋਂ ਉਨ੍ਹਾਂ ਦਾ ਦੇਹਾਂਤ ਹੋਇਆ ਤਾਂ ਸੰਸਾਰ ਭਰ ਦੇ ਬਹਾਈ ਬਹੁਤ ਦੁਖੀ ਹੋਏ। ਅਬਦੁਲਬਹਾ ਦਾ ਜੁਗ ੩੦ ਸਾਲ ਤਕ ਰਿਹਾ ਜਿਸ ਵਿਚ ਬਹਾਈਆਂ ਨੇ ਉਨ੍ਹਾਂ ਦੇ ਨੇਤਰਤਵ ਵਿਚ ਉੱਨਤੀ ਕੀਤੀ ਤੇ ਭਗਵਾਨ ਬਹਾਉੱਲਾਹ ਦੀਆਂ ਸਿਖਿਆਵਾਂ ਨਾਲ ਆਪਣੇ ਗਿਆਨ ਵਿਚ ਵਾਧਾ ਕੀਤਾ। ਜਦੋਂ ਅਬਦੁਲਬਹਾ ਨੇ ਇਹ ਸੰਸਾਰ ਛਡਿਆ ਤਾਂ ਬਹਾਈਆਂ ਨੇ ਆਪਣੇ ਆਪ ਨੂੰ ਉਸ ਅਨਾਥ ਵਾਂਗੂ ਸਮਝਿਆ ਜਿਸ ਦਾ ਵਿਦਵਾਨ ਤੇ ਪਿਆਰਾ ਪਿਤਾ ਉਨ੍ਹਾਂ ਨੂੰ ਛਡ ਕੇ ਚਲ ਵਸਿਆ ਹੋਵੇ। ਦੂਜੀ ਤਰਫ ਧਰਮ ਦੇ ਦੁਸ਼ਮਨਾਂ ਤੇ ਭਗਵਾਨ ਬਹਾਉੱਲਾਹ ਦੀ ਸੰਵਿਦਾ ਤੋੜਨ ਵਾਲਿਆਂ ਨੇ ਸੋਚਿਆ ਕਿ ਇਹ ਉਨ੍ਹਾਂ ਦੇ ਅਗੇ ਵਧਣ ਤੇ ਬੁਰੀਆਂ ਯੋਜਨਾਵਾਂ ਪੂਰਾ ਕਰਨ ਦਾ ਸਮਾਂ ਹੈ। ਉਨ੍ਹਾਂ ਸੋਚਿਆ ਕਿ ਹੁਣ, ਜਦੋਂ ਕਿ ਬਹਾਈਆਂ ਦੀ ਏਕਤਾ ਦੀ ਰਖਿਆ ਕਰਨ ਵਾਲਾ ਅਬਦੁਲਬਹਾ ਨਹੀਂ ਰਿਹਾ, ਉਨ੍ਹਾਂ ਦੇ ਧਰਮ ਤੇ ਹਮਲਾ ਕਰਨਾ ਆਸਾਨ ਰਹੇਗਾ। ਉਹ

ਨਹੀਂ ਜਾਣਦੇ ਸਨ ਕਿ ਇਸ ਜੁਗ ਵਿਚ ਪ੍ਰਭੂ ਆਪਣੇ ਧਰਮ ਦੀ ਏਕਤਾ ਦਾ ਖੰਡਨ ਨਹੀਂ ਹੋਣ ਦੇਵੇਗਾ।

ਅਬਦੁਲਬਹਾ ਨੇ ਭਗਵਾਨ ਬਹਾਉੱਲਾਹ ਦੇ ਚੇਲਿਆਂ ਦੀ ਏਕਤਾ ਦਾ ਪਹਿਲੇ ਹੀ ਪ੍ਰਬੰਧ ਕਰ ਲਿਆ ਸੀ। ਉਨ੍ਹਾਂ ਨੇ ਵੀ ਵਿਸ਼ਵ ਦੇ ਬਹਾਈਆਂ ਦੇ ਨਾਲ ਇਕ ਦ੍ਰਿੜ੍ਹ ਪ੍ਰਤਿੱਗਿਆ ਕੀਤੀ। ਆਪਣੇ ਪਿੱਛੇ ਇਕ ਅਜੀਬ ਪਾਟੀ "ਵਿਲ ਐਂਡ ਟੈਸਟਾਮੈਂਟ" ਛਡੀ ਜਿਸ ਵਿਚ ਉਨ੍ਹਾਂ ਨੇ ਆਪਣੇ ਨਵਾਸੇ ਸ਼ੌਗੀ ਅਫੈਂਦੀ ਨੂੰ ਧਰਮ ਦਾ ਰਖਿਅਕ ਨਿਯੁਕਤ ਕੀਤਾ।

ਅਬਦੁਲਬਹਾ ਦੇ ਸਵਰਗਵਾਸ ਤੇ ਬਹਾਈਆਂ ਨੇ ਪਿਆਰੇ ਪਿਤਾ ਨੂੰ ਖੋ ਦਿਤਾ, ਪਰ ਸ਼ੌਗੀ ਅਫੈਂਦੀ ਵਿਚ ਉਨ੍ਹਾਂ ਨੇ ਇਕ 'ਸੱਚਾ ਭਾਈ' ਪਾਇਆ।

ਸ਼ੌਗੀ ਅਫੈਂਦੀ ਅਬਦੁਲਬਹਾ ਦੇ ਪਵਿਤਰ ਪਰਵਾਰ ਵਿਚ ਪੈਦਾ ਹੋਏ। ਉਨ੍ਹਾਂ ਦੀ ਮਾਤਾ ਅਬਦੁਲਬਹਾ ਦੀ ਪੁਤਰੀ ਤੇ ਪਿਤਾ ਮਹਾਤਮਾ ਬਾਬ ਦੇ ਨੇੜੇ ਦੇ ਸਬੰਧੀ ਸਨ। ਅਬਦੁਲਬਹਾ ਨੇ ਉਸ ਨੂੰ "ਦੋ ਛਲਕਦੇ ਹੋਏ ਸਮੁੰਦਰਾਂ ਤੋਂ ਪੈਦਾ ਹੋਣ ਵਾਲਾ ਅਦਭੁਤ, ਅਦਿਤੀ ਤੇ ਅਮੁੱਲ ਰਤਨ" ਤੇ "ਦੋ ਪਵਿੱਤਰ ਪੇੜਾਂ ਤੇ ਲਗਣ ਵਾਲੀ ਪਵਿੱਤਰ ਸ਼ਾਖਾ" ਕਿਹਾ, ਕਿਉਂਕਿ ਉਨ੍ਹਾਂ ਵਿਚ ਅਬਦੁਲਬਹਾ ਤੇ ਮਹਾਤਮਾ ਬਾਬ ਦੇ ਪਰਵਾਰ ਮਿਲ ਗਏ ਸਨ। ਸ਼ੌਗੀ ਅਫੈਂਦੀ ਖੁਦ ਅਬਦੁਲਬਹਾ ਦੀ ਦੇਖ-ਭਾਲ ਵਿਚ ਵੱਡੇ ਹੋਏ, ਪਰ ਕੋਈ ਵੀ ਉਨ੍ਹਾਂ ਦੀ ਪਦਵੀ ਬਾਰੇ ਨਹੀਂ ਜਾਣਦਾ ਸੀ, ਜਿਸ ਵਿਚ ਅਬਦੁਲਬਹਾ ਉਨ੍ਹਾਂ ਨੂੰ ਤਿਆਰ ਕਰ ਰਹੇ ਸਨ। ਹਾਲਾਂਕਿ ਅਬਦੁਲਬਹਾ ਦੇ ਸਵਰਗਵਾਸ ਤੋਂ ਬਹੁਤ ਪਹਿਲਾਂ ਹੀ ਕਈ ਲੋਕਾਂ ਨੇ ਸ਼ੌਗੀ ਅਫੈਂਦੀ ਵਿਚ ਮਹਾਨਤਾ ਦੇ ਨਿਸ਼ਾਨ ਦੇਖੇ। ਇਕ ਅਮਰੀਕੀ ਬਹਾਈ ਨੇ ਚਿੱਠੀ ਲਿਖ ਕੇ ਅਬਦੁਲਬਹਾ ਤੋਂ ਪੁਛਿਆ ਕਿ, ਕੀ ਉਸ ਨੇ ਬਾਈਬਲ ਦੀ ਉਹ ਭਵਿਖਬਾਣੀ ਠੀਕ ਸਮਝੀ ਹੈ ਜਿਸ ਦੇ ਅਨੁਸਾਰ ਉਸ ਵਕਤ ਇਕ ਐਸਾ ਜੀਵਿਤ ਬੱਚਾ ਹੋਣਾ ਚਾਹੀਦਾ ਹੈ ਜੋ ਅਬਦੁਲਬਹਾ ਤੋਂ ਬਾਅਦ ਧਰਮ ਦਾ ਸੰਚਾਲਕ ਹੋਵੇਗਾ। ਜਵਾਬ ਵਿਚ ਮਾਸਟਰ ਨੇ ਲਿਖਿਆ ਕਿ ਉਹ ਠੀਕ ਹੈ ਤੇ ਉਹ ਪਵਿੱਤਰ ਬਾਲਕ ਜੀਵਿਤ ਹੈ ਤੇ ਜਲਦੀ ਹੀ ਉਹ ਆਪਣੇ ਤੇਜ ਦਵਾਰਾ ਸੰਸਾਰ ਨੂੰ ਰੋਸ਼ਨੀਮਾਨ ਕਰੇਗਾ। ਇਕ ਹੋਰ ਆਦਮੀ ਨੂੰ ਅਬਦੁਲਬਹਾ ਨੇ ਵਿਸ਼ਵਾਸ ਦਿਵਾਇਆ ਕਿ ਪਵਿੱਤਰ ਬਾਲਕ "ਪ੍ਰਭੂ ਧਰਮ ਨੂੰ ਮਹਾਨ ਉਚਾਈਆਂ ਤਕ ਲੈ ਜਾਵੇਗਾ।"

ਸ਼ੌਗੀ ਅਫੇਂਦੀ ਅਜੇ ਛੋਟੇ ਹੀ ਸਨ, ਜਦੋਂ ਪਿਆਰੇ ਮਾਸਟਰ ਨੇ ਆਪਣੀ ਵਸੀਅਤ ਤੇ ਇੱਛਾ ਪੱਤ੍ਰ ਲਿਖਿਆ। 24 ਸਾਲ ਦੀ ਉਮਰ ਵਿਚ ਹੀ ਉਹ ਪ੍ਰਭੂ ਧਰਮ ਦੇ ਰਖਿਅਕ ਬਣ ਗਏ ਪਰ ਕਿਉਂਕਿ ਹਮੇਸ਼ਾਂ ਉਨ੍ਹਾਂ ਨੂੰ ਭਗਵਾਨ ਬਹਾਉੱਲਾਹ ਦੀ ਮਦਦ ਪ੍ਰਾਪਤ ਸੀ, ਇਸ ਵਾਸਤੇ ਇਸ ਗੱਲ ਦੀ ਕੋਈ ਮਹੱਤਾ ਨਹੀਂ ਸੀ ਕਿ ਉਨ੍ਹਾਂ ਦੀ ਉਮਰ ਘਟ ਸੀ ਜਾਂ ਵਧ। ਅਬਦੁਲਬਹਾ ਨੇ ਸ਼ੌਗੀ ਅਫੇਂਦੀ ਨੂੰ ਧਰਤੀ ਤੇ ਪ੍ਰਮਾਤਮਾ ਦਾ ਪ੍ਰਤੀਕ ਕਿਹਾ ਅਤੇ ਇਹ ਵੀ ਕਿਹਾ ਕਿ ਜੋ ਵੀ ਉਨ੍ਹਾਂ ਦੀ ਆਗਿਆ ਦਾ ਪਾਲਣ ਕਰੇਗਾ ਉਹ ਖੁਦ ਪ੍ਰਭੂ ਦੀ ਆਗਿਆ ਦਾ ਪਾਲਣ ਕਰੇਗਾ। ਸ਼ੌਗੀ ਅਫੇਂਦੀ ਦੀ ਮਹਾਨ ਵਿਦਵਤਾ ਤੇ ਅਧਿਆਤਮਕ ਨੇਤਰਤਵ ਦੇ ਕਾਰਣ ਭਗਵਾਨ ਬਹਾਉੱਲਾਹ ਦਾ ਸੰਦੇਸ਼ ਸੰਸਾਰ ਦੇ ਹਰ ਇਕ ਦੇਸ਼ ਵਿਚ ਪਹੁੰਚ ਗਿਆ।

ਜਦੋਂ ਅਬਦੁਲਬਹਾ ਦਾ ਸਵਰਗਵਾਸ ਹੋਇਆ ਤਾਂ ਸ਼ੌਗੀ ਅਫੇਂਦੀ ਇੰਗਲੈਂਡ ਦੇ ਆਕਸਫੋਰਡ ਵਿਸ਼ਵ ਵਿਦਿਆਲੇ ਵਿਚ ਸਿਖਿਆ ਪ੍ਰਾਪਤ ਕਰ ਰਹੇ ਸਨ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਸਾਰਾ ਜੀਵਨ ਆਪਣੇ ਪਿਆਰੇ ਸਤਿਗੁਰੂ ਅਬਦੁਲਬਹਾ ਦੀ ਸੇਵਾ ਕਰਨ ਤੇ ਉਨ੍ਹਾਂ ਹਜ਼ਾਰਾਂ ਚੇਲਿਆਂ ਲਈ ਬਹਾਈ ਧਰਮ ਦੇ ਪਵਿੱਤਰ ਲੇਖਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਜੋ ਅਰਬੀ ਜਾਂ ਫਾਰਸੀ ਵਿਚ ਉਨ੍ਹਾਂ ਨੂੰ ਨਹੀਂ ਪੜ੍ਹ ਸਕਦੇ ਸਨ। ਅਬਦੁਲਬਹਾ ਦੇ ਸਵਰਗਵਾਸ ਦੇ ਦੁਖੀ ਸਮਾਚਾਰ ਤੋਂ ਉਨ੍ਹਾਂ ਨੂੰ ਇਤਨਾ ਆਘਾਤ ਪਹੁੰਚਿਆ ਕਿ ਉਹ ਬੀਮਾਰ ਪੈ ਗਏ। ਪਿਆਰੇ ਮਾਸਟਰ ਤੋਂ ਅਚਾਨਕ ਵਿਛੜ ਜਾਣ ਦੇ ਆਘਾਤ ਤੋਂ ਪੂਰੀ ਤਰ੍ਹਾਂ ਸੰਭਲਣ ਤੋਂ ਪਹਿਲਾਂ ਹੀ ਉਹ 'ਪਵਿੱਤਰ ਭੂਮੀ' ਪਹੁੰਚ ਗਏ ਜਿਥੇ ਉਨ੍ਹਾਂ ਨੂੰ ਪਤਾ ਚਲਿਆ ਕਿ ਅਬਦੁਲਬਹਾ ਨੇ ਉਨ੍ਹਾਂ ਦੇ ਮੋਢਿਆਂ ਤੇ ਪ੍ਰਭੂ ਧਰਮ ਦੇ ਰਖਿਅਕ ਦੇ ਪਦ ਦੀ ਭਾਰੀ ਜ਼ਿੰਮੇਂਵਾਰੀ ਪਾ ਦਿਤੀ ਹੈ। ਪਰ ਜਦੋਂ ਪ੍ਰਮਾਤਮਾ ਸੰਸਾਰ ਵਿਚ ਕਿਸੇ ਆਦਮੀ ਤੇ ਕਿਸੇ ਕੰਮ ਨੂੰ ਪੂਰਾ ਕਰਨ ਦਾ ਭਾਰ ਪਾਉਂਦਾ ਹੈ ਤਾਂ ਉਸ ਨੂੰ ਪੂਰਾ ਕਰਨ ਵਾਸਤੇ ਸ਼ਕਤੀ ਵੀ ਦੇਂਦਾ ਹੈ। ਕਈ ਹਫਤਿਆਂ ਤਕ ਪ੍ਰਾਰਥਨਾ ਤੇ ਭਗਤੀ ਵਿਚ ਮਗਨ ਰਹਿਣ ਤੋਂ ਬਾਦ, ਸ਼ੌਗੀ ਅਫੇਂਦੀ ਆਪਣੀ ਜ਼ਿੰਦਗੀ ਦੇ ਮਹਾਨ ਕੰਮ ਨੂੰ ਸ਼ੁਰੂ ਕਰਨ ਵਾਸਤੇ ਤਿਆਰ ਹੋ ਗਏ ਤੇ ਆਪਣੇ ਧਰਮ ਦੀ ਪ੍ਰਗਤੀ ਤੇ ਹਰ ਕਦਮ ਤੇ ਪ੍ਰਮਾਤਮਾ ਨੇ ਦੈਵੀ ਵਿਦਵਤਾ ਤੇ ਪ੍ਰੇਰਣਾ ਦਿਤੀ।

ਧਰਮ ਰਖਿਅਕ ਦੇ ੩੬ ਸਾਲਾਂ ਵਿਚ ਸ਼ੌਗੀ ਅਫੇਂਦੀ ਦੇ ਮਨ ਵਿਚ ਪ੍ਰਭੂ ਧਰਮ ਦੀ ਤਰੱਕੀ ਤੋਂ ਸਿਵਾ ਕੋਈ ਹੋਰ ਵਿਚਾਰ ਨਹੀਂ ਸੀ। ਉਹ ਦਿਨ ਰਾਤ ਕੰਮ ਕਰਨ ਵਿਚ ਲਗੇ ਰਹਿੰਦੇ ਤੇ ਕਿਸੀ ਪ੍ਰਕਾਰ ਵੀ ਆਪਣੀ ਬਚਤ ਨਾ ਕਰਦੇ। ਉਨ੍ਹਾਂ ਦਾ ਨਿਜੀ ਜੀਵਨ ਬੜਾ ਸਾਦਾ ਸੀ, ਕਦੀ ਕਦੀ ਉਹ 24 ਘੰਟਿਆਂ ਵਿਚ ਇਕ ਤੋਂ ਜ਼ਿਆਦਾ ਵਾਰ ਭੋਜਨ ਨਾ ਕਰਦੇ। ਰਾਤ ਨੂੰ ਕੁਝ ਘੰਟਿਆਂ ਤੋਂ ਜ਼ਿਆਦਾ ਨਾ ਸੌਂਦੇ। ਉਨ੍ਹਾਂ ਦਾ ਬਾਕੀ ਦਾ ਸਮਾਂ ਬਹਾਉੱਲਾਹ ਦੇ ਵਧਦੇ ਧਰਮ ਦੇ ਕੰਮਾਂ ਵਿਚ ਬੀਤਦਾ। ਉਹ ਲੋਕ ਜੋ ਉਨ੍ਹਾਂ ਨੂੰ ਹਰ ਰੋਜ਼ ਕੰਮ ਕਰਦੇ ਦੇਖਦੇ ਸਨ, ਮਹਿਸੂਸ ਕਰਦੇ ਸਨ ਕਿ ਕੇਵਲ ਪ੍ਰਭੂ ਸ਼ਕਤੀ ਦਵਾਰਾ ਹੀ ਕੋਈ ਸਾਦਾ ਆਦਮੀ ਹਰ ਰੋਜ਼ ਤੇ ਹਰ ਸਾਲ ਇਤਨਾ ਕੰਮ ਕਰ ਸਕਦਾ ਹੈ।

ਧਰਮ ਵੈਰੀਆਂ ਨੇ, ਜਿਨ੍ਹਾਂ ਨੂੰ ਅਬਦੁਲਬਹਾ ਦੇ ਸਵਰਗਵਾਸ ਤੋਂ ਬਾਦ ਆਪਣੀਆਂ ਬੁਰੀਆਂ ਯੋਜਨਾਵਾਂ ਪੂਰੀਆਂ ਕਰਨਾ ਚਾਹੁੰਦੇ ਸਨ, ਜਲਦੀ ਹੀ ਮਹਿਸੂਸ ਕਰ ਲਿਆ ਕਿ ਬਹਾਉੱਲਾਹ ਦਾ ਧਰਮ ਹੁਣ ਸ਼ੌਗੀ ਅਫੇਂਦੀ ਦੀਆਂ ਲੋਹੇ ਦੀਆਂ ਬਾਹਵਾਂ ਵਿਚ ਸੁਰਖਿਅਤ ਹੈ। ਉਨ੍ਹਾਂ ਨੇ ਸੰਸਾਰ ਦੇ ਬਹਾਈਆਂ ਨੂੰ ਬਹਾਉੱਲਾਹ ਦੀ ਵਿਸ਼ਵ ਢਾਂਚੇ ਦੀ ਸਥਾਪਨਾ ਦੀ ਹੇਤੂ ਮਿਲ ਕੇ ਕੰਮ ਕਰਨਾ ਤੇ ਦੈਵੀ ਯੋਜਨਾ ਦੀ ਪਾਟੀ ਵਿਚ ਦਿਤੇ ਗਏ ਅਬਦੁਲਬਹਾ ਦੇ ਨਿਯਮਾਂ ਦਾ ਪਾਲਣ ਕਰਨਾ ਸਿਖਾਇਆ। ਇਸ ਪਾਟੀ ਵਿਚ, ਜੋ ਅਬਦੁਲਬਹਾ ਦੇ ਸਵਰਗਵਾਸ ਤੋਂ ਪਹਿਲਾਂ ਬਹਾਈਆਂ ਨੇ ਲਿਖੀ, ਉਨ੍ਹਾਂ ਨੇ ਉਨ੍ਹਾਂ ਸਭ ਨੂੰ ਪ੍ਰਭੂ ਧਰਮ ਦੀ ਤਰੱਕੀ ਲਈ ਉੱਠ ਖੜਾ ਹੋਣ, ਆਪਣਾ ਸੁਖ ਤੇ ਘਰਾਂ ਨੂੰ ਤਿਆਗ ਦੇਣ ਤੇ ਭਗਵਾਨ ਬਹਾਉੱਲਾਹ ਦੇ ਸੰਦੇਸ਼ ਨੂੰ ਸੰਸਾਰ ਵਿਚ ਦੂਰ ਦੂਰ ਤਕ ਲੈ ਜਾਣ ਦੀ ਆਗਿਆ ਦਿਤੀ। ਬਹਾਈਆਂ ਨੂੰ ਇਸ ਮਹਾਨ ਕੰਮ ਵਾਸਤੇ ਤਿਆਰ ਕਰਨ ਲਈ ਸ਼ੌਗੀ ਅਫੇਂਦੀ ਨੇ ਸਾਲਾਂ ਤਕ ਉਨ੍ਹਾਂ ਨੂੰ ਸਿਖਿਆ ਦਿਤੀ। ਉਨ੍ਹਾਂ ਨੂੰ ਰਾਸ਼ਟਰੀਯ ਤੇ ਸਥਾਨਿਕ ਸਭਾਵਾਂ ਦੁਆਰਾ ਕੰਮ ਕਰਨਾ ਸਿਖਾਇਆ, ਕਿਉਂਕਿ ਬਹਾਈ ਜਦੋਂ ਤਕ ਇਕ ਰੂਪ ਹੋ ਕੇ ਕੰਮ ਕਰਨਾ ਨਹੀਂ ਸਿਖਦੇ ਤਦ ਤਕ ਉਨ੍ਹਾਂ ਵਾਸਤੇ ਸਫਲਤਾ ਪ੍ਰਾਪਤ ਕਰਨਾ ਮੁਸ਼ਕਿਲ ਸੀ ਅਤੇ ਜਦੋਂ ਉਹ ਤਿਆਰ ਹੋ ਗਏ ਤਾਂ ਪਿਆਰੇ ਰਖਿਅਕ ਨੇ ਉਨ੍ਹਾਂ ਨੂੰ ਸੰਸਾਰ ਭਰ ਵਿਚ ਫੈਲ ਜਾਣ ਤੇ ਸੰਸਾਰ ਭਰ ਵਿਚ ਭਗਵਾਨ ਬਹਾਉੱਲਾਹ ਦਾ

ਝੰਡਾ ਫਹਰਾਣ ਵਾਸਤੇ ਉਕਸਾਇਆ। ਉਨ੍ਹਾਂ ਦੇ ਦੈਵੀ ਨੇਤਰਤਵ ਹੇਠ ਹਜ਼ਾਰਾਂ ਬਹਾਈ ਪ੍ਰਭੂ ਧਰਮ ਦੀ ਮਸ਼ਾਲ ਫੜ ਕੇ ਉਠ ਖੜੇ ਹੋਏ ਤੇ ਦੂਰ ਇਲਾਕਿਆਂ ਤੇ ਦੀਪਾਂ ਵਿਚ ਜਾ ਕੇ ਵਸ ਗਏ ਤਾਂ ਜੋ ਹਰ ਜਗ੍ਹਾ ਤੇ ਨਵਾਂ ਸੰਦੇਸ਼ ਦੇ ਸਕਣ।

ਜਦੋਂ ਅਬਦੁਲਬਹਾ ਦਾ ਸਵਰਗਵਾਸ ਹੋਇਆ ਤਾਂ ਬਹਾਈ ਧਰਮ ੩੫ ਦੇਸ਼ਾਂ ਵਿਚ ਫੈਲ ਚੁਕਾ ਸੀ, ਪਰ ਪਿਆਰੇ ਰਖਿਅਕ ਦੇ ਜੀਵਨ ਕਾਲ ਵਿਚ ਭਗਵਾਨ ਬਹਾਉੱਲਾਹ ਦਾ ਸੰਦੇਸ਼ ਸੰਸਾਰ ਦੇ ੨੫੧ ਦੇਸ਼ਾਂ ਵਿਚ ਫੈਲ ਗਿਆ ਜਿਨ੍ਹਾਂ ਵਿਚ ਉਹ ਸਾਰੇ ਸਥਾਨ ਵੀ ਸ਼ਾਮਿਲ ਸਨ, ਜਿਨ੍ਹਾਂ ਦਾ ਵਰਣਨ ਅਬਦੁਲਬਹਾ ਨੇ ਦੈਵੀ ਯੋਜਨਾ ਦੀ ਪਾਟੀ ਵਿਚ ਕੀਤਾ ਸੀ।

ਆਪਣੀ ਵਸੀਅਤ ਤੇ ਇੱਛਾ ਪੱਤ੍ਰ ਵਿਚ ਸੰਸਾਰ ਦੇ ਬਹਾਈਆਂ ਨੂੰ ਅਬਦੁਲਬਹਾ ਨੇ ਆਗਿਆ ਦਿਤੀ ਕਿ ਉਹ ਪ੍ਰਭੂ ਧਰਮ ਦੀ ਸੇਵਾ ਵਿਚ ਉਠ ਖੜੇ ਹੋਣ ਅਤੇ ਜਦੋਂ ਤਕ ਪ੍ਰਭੂ ਧਰਮ ਦਾ ਝੰਡਾ ਹਰ ਦੇਸ਼ ਵਿਚ ਨਾ ਗੱਡ ਦੇਣ ਇਕ ਪਲ ਦੇ ਲਈ ਵੀ ਆਰਾਮ ਨਾ ਕਰਨ। ਸਾਡੇ ਪਿਆਰੇ ਰਖਿਅਕ ਨੇ ਅਬਦੁਲਬਹਾ ਦੇ ਇਸ ਅਨੁਰੋਧ ਨੂੰ ਇਸ ਸੰਸਾਰ ਵਿਚ ਆਪਣੇ ਅਖੀਰਲੇ ਪਲ ਤਕ ਪੂਰਾ ਕੀਤਾ। ਪੁੰਨ ਭੂਮੀ ਵਿਚ ਬਹਾਈ ਸੰਸਥਾਵਾਂ ਦੇ ਨਿਰਮਾਣ ਹੇਤੂ ਕੁਝ ਸਮਾਨ ਖਰੀਦਣ ਵਾਸਤੇ ਜਦੋਂ ਉਸ ਲੰਦਨ ਗਏ ਤਾਂ ਉਥੇ ੪ ਨਵੰਬਰ ੧੯੫੭ ਨੂੰ ਉਨ੍ਹਾਂ ਦਾ ਸਵਰਗਵਾਸ ਹੋ ਗਿਆ।

ਪਿਆਰੇ ਰਖਿਅਕ ਉਸ ਵਕਤ ਸਾਡੇ ਤੋਂ ਵਿਦਾ ਹੋਏ ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਉਨ੍ਹਾਂ ਦੇ ਦੇਖ ਰੇਖ ਦੇ ੩੬ ਸਾਲਾਂ ਦੇ ਯਤਨਾਂ ਨੇ ਭਗਵਾਨ ਬਹਾਉੱਲਾਹ ਦੇ ਧਰਮ ਦੀ ਨੀਂਹ ਨੂੰ ਇਤਨਾ ਪੱਕਾ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਚਲੇ ਜਾਣ ਬਾਦ ਇਹ ਬਹਾਈਆਂ ਦਵਾਰਾ ਜਾਰੀ ਰਖਿਆ ਜਾ ਸਕੇਗਾ। ਜਹਾਜ਼ ਦੇ ਨਿਪੁੰਣ ਕਪਤਾਨ ਦੀ ਤਰ੍ਹਾਂ ਆਰਾਮ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਸਾਡੇ ਰਸਤੇ ਦੀਆਂ ਦਿਸ਼ਾਵਾ ਨਿਯੁਕਤ ਕਰ ਦਿਤੀਆਂ ਤੇ ਜ਼ਰੂਰੀ ਹੁਕਮ ਦੇ ਦਿੱਤੇ। ਸਾਨੂੰ ਰਸਤਾ ਭਟਕਣ ਦਾ ਕੋਈ ਡਰ ਨਹੀਂ ਸੀ ਕਿਉਂਕਿ ਦਿਸ਼ਾ ਤੇ ਰਸਤਾ ਖੁਦ ਰਖਿਅਕ ਨੇ ਨਿਯੁਕਤ ਕਰ ਦਿੱਤਾ ਸੀ। ਉਨ੍ਹਾਂ ਦੇ ਅਧਿਆਤਮਕ ਨੇਤਰਤਵ ਵਿਚ ਪ੍ਰਭੂ ਦੀ ਇਹ ਬੇੜੀ ਜ਼ਰੂਰ ਹੀ ਆਪਣੇ ਟੀਚੇ ਤੇ ਪਹੁੰਚੇਗੀ। ਆਪਣੇ ਜੀਵਨ ਕਾਲ ਵਿਚ ਸ਼ੌਗੀ ਅਫੇਂਦੀ ਨੇ ਇਕ ਦਸ ਸਾਲਾ

ਧਰਮ ਪ੍ਰਸਾਰ ਯੋਜਨਾ ਬਣਾਈ ਜੋ ੧੯੬੩ ਵਿਚ ਸੰਪੂਰਨ ਹੋਈ। ਇਸ ਯੋਜਨਾ ਦੇ ਅਨੁਸਾਰ ਸੰਸਾਰ ਭਰ ਦੇ ਬਹਾਈਆਂ ਨੂੰ ਸੰਸਾਰ ਦੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਪ੍ਰਭੂ ਧਰਮ ਦੀ ਅਜੇ ਸਥਾਪਨਾ ਨਹੀਂ ਹੋਈ ਸੀ, ਭਗਵਾਨ ਬਹਾਉੱਲਾਹ ਦਾ ਸੰਦੇਸ਼ ਲੈ ਜਾਣ ਲਈ ਇਕ ਰੂਪ ਹੋ ਕੇ ਕੰਮ ਕਰਨਾ ਸੀ। ਖੁਦ ਪਿਆਰੇ ਰਖਿਅਕ ਨੇ ਇਸ ਯੋਜਨਾ ਦੇ ਪਹਿਲੇ ਚਰਣ ਦੀ ਉੱਨਤੀ ਦੀ ਦੇਖ ਭਾਲ ਕੀਤੀ ਤੇ ਉਨ੍ਹਾਂ ਦੇ ਸਵਰਗਵਾਸ ਤੋਂ ਪਹਿਲਾਂ ਸੰਸਾਰ ਵਿਚ ੪੨੦੦ ਹੋਰ ਬਹਾਈ ਕੇਂਦਰ ਸਥਾਪਿਤ ਹੋ ਚੁੱਕੇ ਸਨ ਅਤੇ ੨੦੦ ਤੋਂ ਜ਼ਿਆਦਾ ਭਾਸ਼ਾਵਾਂ ਵਿਚ ਬਹਾਈ ਸਾਹਿਤ ਅਨੁਵਾਦ ਹੋ ਚੁੱਕਾ ਸੀ।

ਪ੍ਰਭੂ ਧਰਮ ਦੇ ਵਿਸ਼ਵ ਕੇਂਦਰ ਤੇ ਪੁੰਨ ਭੂਮੀ ਵਿਚ ਰਖਿਅਕ ਨੇ ਮਹਾਤਮਾ ਬਾਬ ਦੀ ਸਮਾਧੀ ਤੇ ਇਕ ਅਤੀ ਸੁੰਦਰ ਇਮਾਰਤ ਬਣਵਾਈ ਤੇ ਇਕ ਅੰਤਰ-ਰਾਸ਼ਟਰੀਯ ਗਰੰਥ ਰਖਿਆਗ੍ਰਹਿ (Archives) ਦਾ ਨਿਰਮਾਣ ਕਰਵਾਇਆ ਜਿਥੇ ਮਹਾਤਮਾ ਬਾਬ ਤੇ ਬਹਾਉੱਲਾਹ ਦਵਾਰਾ ਲਿਖੇ ਗਏ ਮੌਲਿਕ ਲੇਖ ਤੇ ਹੋਰ ਅਮਲ ਚੀਜ਼ਾਂ ਰੱਖੀਆਂ ਜਾਂਦੀਆਂ ਹਨ। ਇਹ ਇਮਾਰਤਾਂ ਤੇ ਇਸ ਦੇ ਆਸ ਪਾਸ ਦੇ ਸੁੰਦਰ ਬਾਗ ਸੰਸਾਰ ਦੇ ਸਭ ਤੋਂ ਸੁੰਦਰ ਸਥਾਨਾਂ ਵਿਚੋਂ ਹਨ ਅਤੇ ਹਰ ਸਾਲ ਕਈ ਹਜ਼ਾਰ ਲੋਕ ਦੇਖਣ ਵਾਸਤੇ ਆਉਂਦੇ ਹਨ।

ਸ਼ੌਗੀ ਅਫੇਂਦੀ ਨੇ ੨੭ ਧਰਮ ਭੁਜਾਵਾਂ ਨਿਯੁਕਤ ਕਰਕੇ ਜਿਨ੍ਹਾਂ ਨੂੰ ਉਚ ਧਰਮ ਦੇ "ਪ੍ਰਮੁੱਖ ਕਾਰਜਕਾਰੀ" ਕਹਿੰਦੇ ਸਨ, ਆਪਣਾ ਕੰਮ ਪੂਰਾ ਕੀਤਾ ਜਿਨ੍ਹਾਂ ਨੂੰ ਉਨ੍ਹਾਂ ਨੇ ਪ੍ਰਭੂ ਧਰਮ ਦੀ ਰਖਿਆ ਤੇ ਭਗਵਾਨ ਬਹਾਉੱਲਾਹ ਦੀਆਂ ਸਿਖਿਆਵਾਂ ਦੇ ਪ੍ਰਸਾਰ ਦੀ ਜ਼ਿੰਮੇਵਾਰੀ ਸੌਂਪੀ। ਜਦੋਂ ਪਿਆਰੇ ਸੁਰਖਿਅਕ ਦਾ ਸਵਰਗਵਾਸ ਹੋਇਆ ਤਾਂ ਧਰਮ ਭੁਜਾਵਾਂ ਨੇ ਪੁੰਨ ਭੂਮੀ ਵਿਚ ਰਹਿਣ ਤੇ ਵਿਸ਼ਵ ਕੇਂਦਰ ਦੇ ਕੰਮ-ਕਾਜ ਦੀ ਦੇਖ ਭਾਲ ਲਈ ਆਪਣੇ ਵਿਚੋਂ ੯ ਆਦਮੀਆਂ ਨੂੰ ਚੁਣ ਲਿਆ। ਉਹ "ਕਸਟੋਡੀਅਨ" ਕਹਿਲਾਂਦੇ ਸਨ। ਦੂਜੀਆਂ ਧਰਮ ਭੁਜਾਵਾਂ ਪਿਆਰੇ ਰਖਿਅਕ ਦੀ ਦਸ ਸਾਲਾ ਯੋਜਨਾ ਦੀ ਪੂਰਤੀ ਵਿਚ ਸਹਾਇਤਾ ਦੇਣ ਵਾਸਤੇ ਸੰਸਾਰ ਭਰ ਵਿਚ ਫੈਲ ਗਈਆਂ।

੧੯੬੩ ਵਿਚ ਦਸ ਸਾਲਾ ਯੋਜਨਾ ਦੀ ਪੂਰਤੀ ਬਹਾਈ ਧਰਮ ਦੇ ਇਤਿਹਾਸ ਦੀ ਇਕ ਨਵੀਂ ਮਹੱਤਵਪੂਰਨ ਘਟਨਾ ਹੈ। ਇਸ ਦਿਨ ਬਹਾਉੱਲਾਹ ਦਵਾਰਾ ਆਪਣੇ ਪ੍ਰਯੋਜਨ ਦੀ ਘੋਸ਼ਣਾ ਨੂੰ ਪੂਰੇ ਸੌ ਸਾਲ ਹੋ ਗਏ ਤੇ ਸੰਸਾਰ

ਭਰ ਦੇ ਬਹਾਈਆਂ ਨੇ ਪਹਿਲੇ ਵਿਸ਼ਵ-ਨਿਆਂ ਮੰਦਿਰ ਦਾ ਚੁਨਾਵ ਕੀਤਾ। ਉਹ ਸਰਵਉੱਚ ਸੰਸਥਾ ਜਿਸ ਦੇ ਬਾਰੇ ਅਬਦੁਲਬਹਾ ਨੇ ਇਹ ਹੌਸਲਾ ਦਿੱਤਾ ਸੀ ਕਿ ਇਹ ਸਿੱਧੀ ਪ੍ਰਭੂ ਦੀ ਦੇਖ ਰੇਖ ਵਿਚ ਹੋਵੇਗੀ ਅਤੇ ਇਸ ਦੇ ਸਾਰੇ ਫੈਸਲੇ ਠੀਕ ਹੋਣਗੇ।

ਇਸ ਮੌਕੇ ਨੂੰ ਮਨਾਉਣ ਵਾਸਤੇ ੨੪ ਅਪ੍ਰੈਲ ਤੋਂ ੨ ਮਈ ੧੯੬੩ ਤਕ ਸੰਸਾਰ ਦੇ ਬਹਾਈਆਂ ਨੂੰ ਲੰਡਨ ਵਿਚ ਇਕ ਮਹਾਨ ਸਹਭੋਜ ਵਾਸਤੇ ਸੱਦਾ ਦਿੱਤਾ ਗਿਆ। ਸਾਰੇ ਸੰਸਾਰ ਤੋਂ ੬੨੦੦ ਤੋਂ ਜ਼ਿਆਦਾ ਲੋਕਾਂ ਨੇ ਭਾਗ ਲਿਆ। ਇਸ ਮਹਾਨ ਉਤਸਵ ਵਿਚ ਮਾਨਵ ਏਕਤਾ ਦਾ ਵੀ ਸਮਾਵੇਸ਼ ਸੀ। ਇੰਨੀਆਂ ਭਿੰਨ ਜਾਤੀਆਂ ਤੇ ਵੱਖ-ਵੱਖ ਭੂਮੀਆਂ ਤੋਂ ਲੋਕ ਆਪਣੀ ਆਪਣੀ ਵੇਸ਼ ਭੂਸ਼ਾ ਵਿਚ ਭਗਵਾਨ ਬਹਾਉੱਲਾਹ ਦੀ ਸੁੰਦਰ ਫੁਲਵਾੜੀ ਦੇ ਸਮਾਨ ਸਨ। ਵਿਸ਼ਵ ਬਹਾਈ ਕਾਂਗਰਸ ਵਿਚ ਇਹ ਰੰਗ ਬਿਰੰਗਾ ਜਮਘਟ ਅਸਲ ਵਿਚ ਇਕ ਅਤੀ ਯੋਗ ਗੁਲਦਸਤਾ ਸੀ ਜੋ ਅਸੀਂ ਆਪਣੇ ਪਿਆਰੇ ਰਖਿਅਕ ਸ਼ੌਗੀ ਅਫੇਂਦੀ ਦੀ ਅਮੁੱਲ ਯਾਦ ਵਿਚ ਪੇਸ਼ ਕਰ ਸਕਦੇ ਸਾਂ, ਜਿਨ੍ਹਾਂ ਨੇ ਸਾਨੂੰ ਸਫਲਤਾਵਾਂ ਤੇ ਪ੍ਰਾਪਤੀਆਂ ਵਾਲੀ ਇੰਨੀ ਪ੍ਰਭਾਵਸ਼ਾਲੀ ਦਸ ਸਾਲਾ ਯੋਜਨਾ ਪ੍ਰਦਾਨ ਕੀਤੀ।

ਅਸੀਂ ਪਿਆਰੇ ਰਖਿਅਕ ਦੇ ਭਗੀਰਥ ਤੇ ਨਿਰੰਤਰ ਯਤਨਾਂ ਦੇ ਆਭਾਰੀ ਹਾਂ ਕਿ ਸੰਸਾਰ ਦੇ ਬਹਾਈ ਪ੍ਰਭੂ ਧਰਮ ਦੀ ਉਨਤੀ ਵਿਚ ਇਸ ਨਵੇਂ ਮਹਾਨ ਵਿਕਾਸ ਦੇ ਵਾਸਤੇ ਪੂਰੀ ਤਰ੍ਹਾਂ ਤਿਆਰ ਹਾਂ। ਸ਼ੌਗੀ ਅਫੇਂਦੀ ਨੇ ਸੱਚੀ ਹੀ ਪ੍ਰਭੂ ਧਰਮ ਨੂੰ ਮਹਾਨ ਉਚਾਈਆਂ ਤਕ ਪਹੁੰਚਾ ਦਿੱਤਾ, ਜਿਸ ਤਰ੍ਹਾਂ ਕਿ ਅਬਦੁਲਬਹਾ ਨੇ ਆਪਣੇ ਬਚਪਨ ਵਿਚ ਭਵਿਖ ਬਾਣੀ ਕੀਤੀ ਸੀ।

'ਕੁੱਝ ਸਿੱਖਿਆਵਾਂ ਤੇ ਨਿਯਮ'

ਮਾਨਵਮਾਤਰ ਦੀ ਏਕਤਾ :

ਭਗਵਾਨ ਬਹਾਉੱਲਾਹ ਨੇ ਸਾਨੂੰ ਮਾਨਵਮਾਤਰ ਦੀ ਏਕਤਾ ਦੀ ਸਿਖਿਆ ਦਿੱਤੀ ਹੈ। ਸਾਰੇ ਇਨਸਾਨ ਕੇਵਲ ਇਕ ਹੀ ਪਰਮਪਿਤਾ ਪਰਮੇਸ਼ਵਰ ਦੀ ਸੰਤਾਨ ਹਨ। ਜੇ ਅਸੀਂ ਇਕ ਦੈਵੀ ਪਿਤਾ ਵਿਚ ਵਿਸ਼ਵਾਸ਼ ਰਖਦੇ ਹਾਂ ਤਾਂ ਸਾਨੂੰ ਜ਼ਰੂਰ ਹੀ ਇਕ ਦੂਸਰੇ ਨੂੰ ਭਾਈ, ਭੈਣ ਤੇ ਇਕ ਹੀ ਪਰਵਾਰ—ਇਨਸਾਨ ਪਰਵਾਰ—ਦੇ ਮੈਂਬਰ ਮੰਨਣਾ ਚਾਹੀਦਾ ਹੈ।

ਭਗਵਾਨ ਬਹਾਉੱਲਾਹ ਦੇ ਸਾਡੇ ਕੋਲ 'ਏਕਤਾ-ਪ੍ਰਕਾਸ਼' ਲਿਆਉਣ ਤੋਂ ਪਹਿਲਾਂ ਬਹੁਤ ਸਾਰੇ ਇਸ ਤਰ੍ਹਾਂ ਦੇ ਕਾਰਣ ਸਨ ਜੋ ਮਨੁਖਾਂ ਨੂੰ ਇਹ ਸੋਚਣ ਤੇ ਮਜਬੂਰ ਕਰਦੇ ਸਨ ਕਿ ਉਹ ਦੂਜੇ ਲੋਕਾਂ ਤੋਂ ਅਲੱਗ ਸਨ। ਕੁਝ ਲੋਕ ਇਹ ਸਮਝਦੇ ਸਨ ਕਿਉਂਕਿ ਉਨ੍ਹਾਂ ਦੀ ਚਮੜੀ ਚਿੱਟੀ ਹੈ ਇਸ ਲਈ ਉਹ ਉਨ੍ਹਾਂ ਲੋਕਾਂ ਤੋਂ ਚੰਗੇ ਹਨ ਜਿਨ੍ਹਾਂ ਦੀ ਚਮੜੀ ਭੂਰੀ ਯਾ ਕਾਲੀ ਹੈ। ਭਗਵਾਨ ਬਹਾਉੱਲਾਹ ਨੇ ਕਿਹਾ ਇਹ ਠੀਕ ਨਹੀਂ। ਜੇ ਉਹ ਵੱਖ ਹਨ ਤਾਂ ਇਸ ਦਾ ਕਾਰਣ ਇਹ ਹੈ ਕਿ ਉਨ੍ਹਾਂ ਨੂੰ ਪੜ੍ਹਾਈ ਜਾਂ ਵਿਦਿਆ ਦੀ ਵੱਖਰੀ ਮਾਤ੍ਰਾ ਪ੍ਰਾਪਤ ਹੋਈ ਤੇ ਇਸ ਲਈ ਨਹੀਂ ਕਿ ਉਨ੍ਹਾਂ ਦੀ ਚਮੜੀ ਦਾ ਰੰਗ ਵੱਖਰਾ ਹੈ। ਵੱਖਰੇ ਰੰਗਾਂ ਦੇ ਲੋਕ ਕਿਸੇ ਬਾਗ ਦੇ ਵੱਖ ਵੱਖ ਫੁੱਲਾਂ ਵਾਂਗ ਹਨ। ਜੇ ਕਿਸੇ ਬਾਗ ਦੇ ਫੁੱਲ ਇਕੋ ਹੀ ਰੰਗ ਦੇ ਹੋਣ ਤਾਂ ਇੰਨੇ ਸੁੰਦਰ ਨਹੀਂ ਲਗਦੇ। ਭਗਵਾਨ ਬਹਾਉੱਲਾਹ ਨੇ ਕਿਹਾ ਕਿ ਪ੍ਰਮਾਤਮਾ ਇਕ ਕ੍ਰਿਪਾ ਪੂਰਵਕ ਚਰਵਾਹੇ ਦੇ ਵਾਂਗ ਹੈ ਜਿਸ ਦੇ ਵਾਸਤੇ ਚਿੱਟੀ ਭੇਡ ਕਾਲੀ ਜਾਂ ਭੂਰੀ ਤੋਂ ਚੰਗੀ ਨਹੀਂ। ਪ੍ਰਮਾਤਮਾ ਸਾਡੇ ਸਭ ਨਾਲ ਪ੍ਰੇਮ ਕਰਦਾ ਹੈ, ਚਾਹੇ ਸਾਡੀ ਚਮੜੀ ਦਾ ਰੰਗ ਕਿਸੇ ਤਰ੍ਹਾਂ ਦਾ ਵੀ ਹੋਵੇ ਜਾਂ ਅਸੀਂ ਸੰਸਾਰ ਦੇ ਕਿਸੇ ਵੀ ਭਾਗ ਨਾਲ ਸਬੰਧ ਰਖਦੇ ਹੋਈਏ। ਤਾਂ ਫਿਰ ਕਿਉਂ ਅਸੀਂ ਇਕ ਦੂਜੇ ਨੂੰ ਅਨਜਾਨਿਆਂ ਦੀ ਤਰ੍ਹਾਂ ਦੇਖੀਏ ? ਭਗਵਾਨ ਬਹਾਉੱਲਾਹ ਨੇ ਆਪਣੇ ਚੇਲਿਆਂ ਦੀ ਨਜ਼ਰ ਵਿਚ ਪ੍ਰੇਮ ਦੀ ਐਸੀ ਰੌਸ਼ਨੀ ਪੈਦਾ ਕਰ ਦਿੱਤੀ ਹੈ ਕਿ ਉਹ ਆਪਣੇ ਆਪ ਨੂੰ ਇਕ ਹੀ ਪ੍ਰਵਾਰ ਦੇ ਮੈਂਬਰ ਮਹਿਸੂਸ ਕਰਦੇ ਹਨ ਚਾਹੇ ਉਹ ਸੰਸਾਰ ਦੇ ਕਿਸੇ ਵੀ

ਦੇਸ਼ ਨਾਲ ਸਬੰਧਤ ਹੋਣ । ਆਪਣੇ ਲੇਖਾਂ ਵਿਚ ਭਗਵਾਨ ਬਹਾਉੱਲਾਹ ਕਹਿੰਦੇ ਹਨ :—

"ਐ ਪਿਆਰਿਓ ! ਏਕਤਾ ਦਾ ਤੰਬੂ ਤਾਣ ਦਿੱਤਾ ਗਿਆ ਹੈ, ਇਕ ਦੂਜੇ ਨੂੰ ਅਣਜਾਣ ਨਾ ਸਮਝੋ । ਤੁਸੀਂ ਇਕ ਹੀ ਪੇੜ ਦੇ ਫਲ ਤੇ ਇਕ ਟਾਹਣੀ ਦੇ ਪੱਤੇ ਹੋ ।"

"ਤੁਸੀਂ ਇਕ ਹੀ ਹੱਥ ਦੀਆਂ ਉਂਗਲੀਆਂ ਤੇ ਇਕ ਹੀ ਸਰੀਰ ਦੇ ਅੰਗਾਂ ਵਾਂਗ ਬਣੋ । ਇਸ ਤਰ੍ਹਾਂ ਦੈਵੀ ਪ੍ਰਕਾਸ਼ ਦੀ ਕਲਮ ਤੁਹਾਨੂੰ ਸਲਾਹ ਦੇਂਦੀ ਹੈ ।"

ਅਬਦੁਲਬਹਾ ਨੇ ਲਿਖਿਆ ਹੈ ;

"ਪਵਿੱਤਰ ਆਤਮਾ ਬਹਾਉੱਲਾਹ ਦੀਆਂ ਸਿਖਿਆਵਾਂ ਵਿਚ ਇਕ ਸਿਖਿਆ ਮਨੁੱਖੀ ਏਕਤਾ ਦੀ ਹੈ : ਸਾਰੇ ਮਨੁੱਖ ਪ੍ਰਭੂ ਦੀਆਂ ਭੇਡਾਂ ਹਨ ਅਤੇ ਉਹ ਕ੍ਰਿਪਾਲੂ ਚਰਵਾਹਾ । ਇਹ ਚਰਵਾਹਾ ਸਭ ਭੇਡਾਂ ਤੇ ਕ੍ਰਿਪਾਲੂ ਹੈ ਕਿਉਂਕਿ ਉਸ ਨੇ ਸਭ ਨੂੰ ਪੈਦਾ ਕੀਤਾ, ਉਨ੍ਹਾਂ ਨੂੰ ਸਿਖਿਆ ਦਿੱਤੀ, ਪਾਲਣ ਪੋਸ਼ਣ ਕੀਤਾ ਤੇ ਰਖਿਆ ਕੀਤੀ । ਇਸ ਵਿਚ ਸ਼ੱਕ ਨਹੀਂ ਕਿ ਚਰਵਾਹਾ ਸਭ ਭੇਡਾਂ ਵਲ ਕ੍ਰਿਪਾਲੂ ਹੈ ਅਤੇ ਜੇ ਕੁਝ ਭੇਡਾਂ ਅਬੋਧ ਹਨ ਤਾਂ ਜ਼ਰੂਰ ਹੀ ਉਨ੍ਹਾਂ ਨੂੰ ਸਿਖਿਆ ਦਿੱਤੀ ਜਾਣੀ ਚਾਹੀਦੀ ਹੈ । ਜੇ ਉਨ੍ਹਾਂ ਵਿਚੋਂ ਕੁਝ ਬਾਲਕ ਹਨ ਤਾਂ ਉਨ੍ਹਾਂ ਨੂੰ ਉਦੋਂ ਤਕ ਸਿਖਿਆ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਤਕ ਉਹ ਬਾਲਗ ਨਾ ਹੋ ਜਾਣ, ਜੇ ਉਨ੍ਹਾਂ ਵਿਚ ਕੁਝ ਰੋਗੀ ਹਨ ਤਾਂ ਉਨ੍ਹਾਂ ਦਾ ਇਲਾਜ ਹੋਣਾ ਚਾਹੀਦਾ ਹੈ । ਕਦੀ ਵੀ ਘ੍ਰਿਣਾ ਤੇ ਵੈਰ ਨਹੀਂ ਹੋਣਾ ਚਾਹੀਦਾ ਕਿਉਂਕਿ ਕ੍ਰਿਪਾਲੂ ਡਾਕਟਰ ਦੀ ਤਰ੍ਹਾਂ ਇਕ ਅਗਿਆਨੀਆਂ ਤੇ ਰੋਗੀਆਂ ਦਾ ਇਲਾਜ ਹੋਣਾ ਚਾਹੀਦਾ ਹੈ ।"

ਆਓ ! ਅਸੀਂ ਮਨੁੱਖੀ ਏਕਤਾ ਦੇ ਲਈ ਪ੍ਰਾਰਥਨਾ ਕਰੀਏ :

'ਐ ਮੇਰੇ ਪ੍ਰਭੂ, ਐ ਮੇਰੇ ਪ੍ਰਭੂ । ਆਪਣੇ ਸੇਵਕਾਂ ਦੇ ਦਿਲਾਂ ਨੂੰ ਟਿਕਰੂਪ ਕਰਦੇ ਤੇ ਆਪਣੇ ਮਹਾਨ ਮਕਸਦ ਨੂੰ ਉਨ੍ਹਾਂ ਤੇ ਪ੍ਰਗਟ ਕਰ । ਉਹ ਤੇਰੀ ਆਗਿਆਵਾਂ ਤੇ ਨਿਯਮਾਂ ਦਾ ਪਾਲਣ ਕਰਨ । ਐ ਭਗਵਾਨ, ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਉਨ੍ਹਾਂ ਦੀ ਸਹਾਇਤਾ

ਕਰ ਅਤੇ ਆਪਣੀ ਸੇਵਾ ਹੇਤੂ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰ । ਐ ਈਸ਼ਵਰ, ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ਤੇ ਨਾ ਛੱਡ, ਬਲਕਿ ਆਪਣੇ ਗਿਆਨ ਦੇ ਪ੍ਰਕਾਸ਼ ਦਵਾਰਾ ਉਨ੍ਹਾਂ ਦਾ ਪਗ ਪਗ ਸੰਚਾਲਨ ਕਰ ਤੇ ਆਪਣੇ ਪਰੇਮ ਦਵਾਰਾ ਉਨ੍ਹਾਂ ਦੇ ਚਿਤ ਨੂੰ ਖੁਸ਼ ਰਖ, ਬਿਨਾਂ ਕਿਸੇ ਸ਼ਕ ਤੂੰ ਹੀ ਉਨ੍ਹਾਂ ਦਾ ਮਦਦਗਾਰ ਤੇ ਮਾਲਕ ਹੈਂ ।"

—ਬਹਾਉੱਲਾਹ

ਸੱਚ ਦੀ ਖੋਜ ;

ਜਦੋਂ ਕੋਈ ਬੱਚਾ ਈਸਾਈ ਪਰਵਾਰ ਵਿਚ ਜਨਮ ਲੈਂਦਾ ਹੈ ਤਾਂ ਉਹ ਈਸਾਈ ਬਣ ਜਾਂਦਾ ਹੈ । ਜਦੋਂ ਮਾਤਾ ਪਿਤਾ ਮੁਸਲਮਾਨ ਹੋਣ ਤਾਂ ਬਾਲਕ ਵੀ ਮੁਸਲਮਾਨ ਬਣ ਜਾਂਦੇ ਹਨ । ਜੇ ਉਹ ਹਿੰਦੂ ਹੋਣ ਤਾਂ ਬੱਚੇ ਵੀ ਹਿੰਦੂ ਹੋ ਜਾਂਦੇ ਹਨ । ਕਿਉਂ ? ਕਿਉਂਕਿ ਸੰਸਾਰ ਦੇ ਬਹੁਤੇ ਲੋਕ ਆਪਣੇ ਪੂਰਵਜਾਂ ਦੀ ਅੰਧ ਆਗਿਆ ਦਾ ਪਾਲਣ ਕਰਦੇ ਹਨ ਅਤੇ ਜਦੋਂ ਇਸ ਤਰ੍ਹਾਂ ਹੁੰਦਾ ਹੈ ਤਾਂ ਉਹ ਸੰਗਠਿਤ ਨਹੀਂ ਹੋ ਸਕਦੇ । ਉਹ ਆਪਣੇ ਅੰਧ ਆਗਿਆ ਪਾਲਣ ਦੇ ਲਈ ਝਗੜਾ ਕਰਦੇ ਹਨ । ਹਰ ਮਨੁੱਖ ਇਹੀ ਦਾਵਾ ਕਰਦਾ ਹੈ ਕਿ ਉਹ ਸੱਚਾਈ ਤੇ ਹੈ ਤੇ ਬਾਕੀ ਸਭ ਗਲਤੀ ਤੇ ਹਨ । ਉਹ ਇਸ ਗੱਲ ਨੂੰ ਕਦੀ ਨਹੀਂ ਸੋਚਦੇ, ਜੇ ਉਹ ਕਿਸੇ ਦੂਜੇ ਵਿਸ਼ਵਾਸ ਵਾਲੇ ਪਰਵਾਰ ਵਿਚ ਪੈਦਾ ਹੁੰਦੇ ਤਾਂ ਉਨ੍ਹਾਂ ਦੀ ਵਿਚਾਰਧਾਰਾ ਉਨ੍ਹਾਂ ਦੇ ਉਸ ਵਿਸ਼ਵਾਸ ਤੋਂ ਜਿਸ ਨੂੰ ਹੁਣ ਉਹ ਬਿਲਕੁਲ ਸੱਚ ਕਹਿ ਰਹੇ ਹਨ, ਤੋਂ ਬਿਲਕੁਲ ਅਲੱਗ ਹੁੰਦੀ ।

ਭਗਵਾਨ ਬਹਾਉੱਲਾਹ ਸਿਖਿਆ ਦੇਂਦੇ ਹਨ ਕਿ ਸਚਾਈ ਇਕ ਹੀ ਹੈ । ਜੇ ਸੰਸਾਰ ਦੇ ਲੋਕ ਆਪਣੇ ਪਿਤ੍ਰਾਂ ਦਾ ਖਿਆਲ ਛੱਡ ਕੇ, ਆਪਣੇ ਵਾਸਤੇ ਸਚਾਈ ਦੀ ਖੁਦ ਖੋਜ ਕਰਨ ਤਾਂ ਉਹ ਇਕ ਹੀ ਨਤੀਜੇ ਤੇ ਪਹੁੰਚਣਗੇ ਤੇ ਸੰਗਠਿਤ ਹੋ ਜਾਣਗੇ । ਵੱਖ ਵੱਖ ਲੋਕ ਉਨ੍ਹਾਂ ਬੱਚਿਆਂ ਵਾਂਗ ਹਨ ਜੋ ਅਲੱਗ ਅਲੱਗ ਘਰਾਂ ਵਿਚ ਰਹਿੰਦੇ ਹਨ ਅਤੇ ਖਿੜਕੀਆਂ ਦੇ ਰੰਗਦਾਰ ਸ਼ੀਸ਼ਿਆਂ ਵਿਚੋਂ ਸੂਰਜ ਨੂੰ ਦੇਖਦੇ ਹਨ । ਪਰ ਕਿਉਂਕਿ ਹਰ ਘਰ ਦੇ ਸ਼ੀਸ਼ਿਆਂ ਦਾ ਰੰਗ ਦੂਜਿਆਂ ਨਾਲੋਂ ਵੱਖ ਹੁੰਦਾ ਹੈ, ਇਕ ਬੱਚਾ ਹਰੇ ਸ਼ੀਸ਼ੇ ਵਿਚੋਂ ਸੂਰਜ ਦੇਖਦਾ ਹੈ ਤੇ ਸੋਚਦਾ ਹੈ ਕਿ ਸੂਰਜ ਹਰੇ ਰੰਗ ਦਾ ਹੈ, ਦੂਜਾ ਉਸ ਨੂੰ ਨੀਲੇ ਸ਼ੀਸ਼ੇ ਵਿਚੋਂ ਦੇਖਦਾ ਹੈ ਤੇ ਸੋਚਦਾ ਹੈ ਕਿ ਸੂਰਜ ਨੀਲਾ ਹੈ ਤੇ ਤੀਜਾ ਉਸ ਨੂੰ ਲਾਲ

ਸਮਝਦਾ ਹੈ ਕਿਉਂਕਿ ਉਸ ਦੀ ਬਾਰੀ ਦੇ ਸ਼ੀਸ਼ਿਆਂ ਦਾ ਰੰਗ ਲਾਲ ਹੈ। ਇਹ ਬਾਲਕ ਸੂਰਜ ਦੇ ਰੰਗ ਪਿਛੇ ਝਗੜਾ ਵੀ ਕਰ ਸਕਦੇ ਹਨ ਕਿਉਂਕਿ ਹਰ ਇਕ ਦਾ ਵਿਸ਼ਵਾਸ ਹੈ ਕਿ ਜੋ ਉਹ ਦੇਖਦਾ ਹੈ ਉਹ ਹੀ ਠੀਕ ਹੈ। ਪਰ ਜੇ ਉਹ ਆਪਣੀਆਂ ਬਾਰੀਆਂ ਦੇ ਛੋਟੇ ਛੋਟੇ ਸ਼ੀਸ਼ਿਆਂ ਵਿਚੋਂ ਸੂਰਜ ਨੂੰ ਦੇਖਣਾ ਛਡ, ਘਰਾਂ ਵਿਚੋਂ ਬਾਹਰ ਨਿਕਲ ਆਉਣ ਤਾਂ ਸੂਰਜ ਦਾ ਸਹੀ ਰੰਗ ਦੇਖ ਸਕਣਗੇ ਤੇ ਲੜਾਈ ਦੀ ਕੋਈ ਗੱਲ ਨਹੀਂ ਰਹੇਗੀ।

ਭਗਵਾਨ ਬਹਾਉੱਲਾਹ ਮਨੁੱਖੀ ਪੁੱਤ੍ਰਾਂ ਨੂੰ ਆਪਣੇ ਪੈਤਰਿਕ ਘਰਾਂ ਵਿਚੋਂ ਬਾਹਰ ਨਿਕਲਣ ਤੇ ਬਾਰੀ ਦੇ ਰੰਗਦਾਰ ਸ਼ੀਸ਼ਿਆਂ ਵਿਚੋਂ ਸੂਰਜ ਨੂੰ ਨਾ ਦੇਖਣ ਦੀ ਆਗਿਆ ਦੇ ਰਹੇ ਹਨ। ਕਿਉਂਕਿ ਜਿਸ ਸੂਰਜ ਨੂੰ ਅਸੀਂ ਦੇਖ ਰਹੇ ਹਾਂ ਉਹੀ ਇਕ ਮਾਤ੍ਰ ਸੂਰਜ ਹੈ ਅਤੇ ਜੇ ਅਸੀਂ ਇਕ ਵਾਰ ਆਪਣੀਆਂ ਅੱਖਾਂ ਤੋਂ ਰੰਗਦਾਰ ਸ਼ੀਸ਼ੇ ਨੂੰ ਹਟਾ ਦੇਈਏ ਤਾਂ ਅਸੀਂ ਸਭ ਇਸ ਨੂੰ ਅਸਲੀ ਰੰਗ ਵਿਚ ਦੇਖ ਸਕਾਂਗੇ।

ਪ੍ਰਭੂ ਸਾਡੇ ਤੋਂ ਆਸ਼ਾ ਕਰਦਾ ਹੈ ਕਿ ਅਸੀਂ ਕੇਵਲ ਇਸ ਕਾਰਨ ਨਾਲ ਹੀ ਕਿਸੇ ਵਿਸ਼ਵਾਸ ਦਾ ਪਾਲਣ ਨਾ ਕਰੀਏ ਕਿ ਕਈ ਪੀੜ੍ਹੀਆਂ ਤੋਂ ਉਨ੍ਹਾਂ ਨੇ ਵਿਸ਼ਵਾਸ਼ ਕੀਤਾ ਹੈ (ਸਾਡੇ ਪੁਰਖਾਂ ਨੇ) ਬਲਕਿ ਅਸੀਂ ਉਸ ਗੱਲ ਤੇ ਵਿਚਾਰ ਕਰੀਏ ਜਿਸ ਤੇ ਸਾਡਾ ਵਿਸ਼ਵਾਸ ਹੈ। ਜੇ ਅਸੀਂ ਖੁਦ ਆਪਣੇ ਲਈ ਸੱਚ ਦੀ ਖੋਜ ਕਰੀਏ ਤਾਂ ਸਾਨੂੰ ਪਤਾ ਚਲੇਗਾ ਕਿ ਸੱਚ ਕੇਵਲ ਇਕ ਹੀ ਹੈ, ਇਹ ਸਾਨੂੰ ਸਭ ਨੂੰ ਸੰਗਠਿਤ ਕਰ ਸਕਦਾ ਹੈ ਅਤੇ ਸਾਨੂੰ ਪਿਛਲੇ ਮਤ-ਭੇਦਾਂ ਤੋਂ ਛੁਟਕਾਰਾ ਦਿਲਾ ਸਕਦਾ ਹੈ। ਅਬਦੁਲਬਹਾ ਕਹਿੰਦੇ ਹਨ :

"……ਪ੍ਰਭੂ ਅਵਤਾਰਾਂ ਦੇ ਦੈਵੀ ਧਰਮ ਅਸਲ ਵਿਚ ਇਕ ਹੀ ਹਨ, ਚਾਹੇ ਨਾਂ ਤੇ ਪਰੀਭਾਸ਼ਾ ਵਿਚ ਉਹ ਅਲੱਗ ਹੀ ਹੋਣ। ਮਨੁੱਖ ਨੂੰ ਜ਼ਰੂਰੀ ਹੀ ਪ੍ਰਕਾਸ਼ ਦਾ ਪ੍ਰੇਮੀ ਹੋਣਾ ਚਾਹੀਦਾ ਹੈ ਚਾਹੇ ਉਹ ਕਿਸੇ ਵੀ ਭੇਰ ਤੋਂ ਪ੍ਰਗਟ ਹੋ ਰਿਹਾ ਹੋਵੇ। ਉਸ ਨੂੰ ਜ਼ਰੂਰ ਹੀ ਗੁਲਾਬ ਦਾ ਪ੍ਰੇਮੀ ਹੋਣਾ ਚਾਹੀਦਾ ਹੈ, ਉਹ ਚਾਹੇ ਕਿਸੇ ਵੀ ਮਿੱਟੀ 'ਚ ਪੈਦਾ ਹੋਇਆ ਹੋਵੇ। ਉਸ ਨੂੰ ਜ਼ਰੂਰ ਹੀ ਸਚਾਈ ਦਾ ਖੋਜਕਰਤਾ ਬਣਨਾ ਚਾਹੀਦਾ ਹੈ ਚਾਹੇ ਇਹ ਕਿਸੇ ਵੀ ਸਾਧਨ ਤੋਂ ਪ੍ਰਗਟ ਹੋਵੇ। ਦੀਵੇ ਨਾਲ ਲਗਾਵ, ਪ੍ਰਕਾਸ਼ ਨਾਲ ਪ੍ਰੇਮ ਨਹੀਂ ਹੈ। ਜ਼ਮੀਨ ਨਾਲ

ਲਗਾਵ ਯੋਗ ਨਹੀਂ, ਪਰ ਉਸ ਗੁਲਾਬ ਤੋਂ ਅਨੰਦ ਉਠਾਣਾ, ਜੋ ਜ਼ਮੀਨ ਤੋਂ ਪੈਦਾ ਹੁੰਦਾ ਹੈ, ਯੋਗ ਹੈ। ਪੇੜ ਨਾਲ ਅਨੁਰਾਗ ਲਾਭ ਰਹਿਤ ਹੈ ਪਰ ਇਸ ਦੇ ਫਲ ਵਿਚ ਹਿੱਸਾ ਲੈਣਾ ਲਾਭਦਾਇਕ ਹੈ। ਸਵਾਦੀ ਫਲਾਂ ਦਾ, ਚਾਹੇ ਉਹ ਕਿਸੇ ਵੀ ਪੇੜ ਤੋਂ ਪੈਦਾ ਹੋਏ ਹੋਣ, ਯਾ ਕਿਥੇ ਵੀ ਪਾਏ ਜਾਣ, ਜ਼ਰੂਰ ਹੀ ਆਨੰਦ ਉਠਾਣਾ ਚਾਹੀਦਾ ਹੈ। ਸਚਾਈ ਦੇ ਸ਼ਬਦ ਦੀ ਜ਼ਰੂਰ ਹੀ ਪ੍ਰਵਾਨਗੀ ਹੋਣੀ ਚਾਹੀਦੀ ਹੈ, ਚਾਹੇ ਕੋਈ ਵੀ ਜੀਭ ਉਸ ਦਾ ਉਚਾਰਣ ਕਰੇ, ਪੂਰਣ ਅਸਲੀਅਤਾਂ, ਚਾਹੇ ਉਹ ਕਿਸੇ ਵੀ ਕਿਤਾਬ ਵਿਚ ਲਿਖੀਆਂ ਹੋਣ ਜ਼ਰੂਰ ਹੀ ਸ਼ਿਰੋਧਾਰਾ ਹੋਣੀਆਂ ਚਾਹੀਦੀਆਂ ਹਨ। ਜੇ ਅਸੀਂ ਆਪਣੇ ਮਨ ਵਿਚ ਭੇਦਭਾਵ ਰਖਾਂਗੇ ਤਾਂ ਇਹ ਹਾਨੀ ਤੇ ਅਗਿਆਨ ਦਾ ਕਾਰਨ ਬਣੇਗਾ। ਧਰਮਾਂ, ਰਾਸ਼ਟਰਾਂ ਤੇ ਜਾਤੀਆਂ ਵਿਚ ਝਗੜੇ ਭਰਮ ਤੋਂ ਪੈਦਾ ਹੁੰਦੇ ਹਨ। ਜੇ ਅਸੀਂ ਵੱਖ ਵੱਖ ਧਰਮਾਂ ਦੇ ਮੌਲਿਕ ਨਿਯਮਾਂ ਦੀ ਖੋਜ ਕਰੀਏ ਤਾਂ ਸਾਨੂੰ ਪਤਾ ਚਲੇਗਾ ਕਿ ਉਹ ਸਹਿਮਤ ਹਨ ਕਿਉਂਕਿ ਉਨ੍ਹਾਂ ਦੀ ਮੌਲਿਕ ਅਸਲੀਅਤ ਇਕ ਹੀ ਹੈ, ਜ਼ਿਆਦਾ ਨਹੀਂ। ਇਸ ਸਾਧਨ ਦਵਾਰਾ, ਸੰਸਾਰ ਭਰ ਦੇ ਧਰਮ ਏਕਤਾ ਤੇ ਮਿਤ੍ਰਤਾ ਦੇ ਬਿੰਦੂ ਤਕ ਪਹੁੰਚ ਜਾਣਗੇ……"

ਇਕ ਹੋਰ ਜਗ੍ਹਾ ਤੇ ਅਬਦੁਲਬਹਾ ਕਹਿੰਦੇ ਹਨ :

"ਅਫਸੋਸ! ਕਿ ਮਨੁੱਖ ਮਾਤ੍ਰ ਨਕਲਾਂ ਤੇ ਕਲਪਨਾਵਾਂ ਵਿਚ ਪੂਰੀ ਤਰ੍ਹਾਂ ਡੁਬਿਆ ਹੋਇਆ ਹੈ, ਚਾਹੇ ਦੈਵੀ ਧਰਮ ਦੀ ਸਚਾਈ ਸਦਾ ਇਕ ਹੀ ਰਹੀ ਹੈ। ਮਿਥਿਆ ਵਿਸ਼ਵਾਸਾਂ ਨੇ ਅਸਲੀ ਸਚਾਈ ਨੂੰ ਛੁਪਾ ਦਿੱਤਾ ਹੈ, ਸੰਸਾਰ ਅੰਧਕਾਰ ਪੂਰਣ ਹੋ ਗਿਆ ਹੈ ਤੇ ਧਰਮ ਪ੍ਰਕਾਸ਼ ਪ੍ਰਤੱਖ ਨਹੀਂ। ਇਹ ਅੰਧਕਾਰ ਮਤਭੇਦਾਂ ਤੇ ਝਗੜਿਆਂ ਦਾ ਜਨਮ-ਦਾਤਾ ਹੈ। ਰੀਤਿ-ਰਿਵਾਜ ਤੇ ਸਿਧਾਂਤ ਬਹੁਤ ਜ਼ਿਆਦਾ ਹਨ, ਇਸ ਲਈ ਧਾਰਮਿਕ ਵਿਵਸਥਾਵਾਂ ਵਿਚ ਅਸਹਿਮਤੀ ਪੈਦਾ ਹੋ ਗਈ ਹੈ, ਜਦੋਂ ਕਿ ਧਰਮ ਮਨੁੱਖਤਾ ਦੀ ਏਕਤਾ ਲਈ ਹੈ। ਸੱਚਾ ਧਰਮ ਮਨੁੱਖਾਂ ਦੇ ਪ੍ਰੇਮ ਤੇ ਸਹਿਮਤੀ ਦਾ ਸਾਧਨ ਹੈ। ਪ੍ਰਸੰਸਾ ਪੂਰਵਕ

ਗੁਣਾਂ ਦੇ ਵਿਕਾਸ ਦਾ ਕਾਰਨ ਹੈ। ਪਰ ਲੋਕ ਇਸ ਦੇ ਉਲਟ ਕਮ ਕਰ ਰਹੇ ਹਨ, ਨਕਲਾਂ ਨਾਲ ਚਿਮਟੇ ਹੋਏ ਹਨ, ਉਸ ਸਚਾਈ ਤੋਂ ਲਾਪਰਵਾਹ ਹਨ ਜੋ ਸੰਗਠਿਤ ਕਰਦੀ ਹੈ ਅਤੇ ਇਸ ਕਾਰਣ ਉਹ ਧਰਮ ਦੇ ਪ੍ਰਕਾਸ਼ ਤੋਂ ਵੰਚਿਤ ਹਨ। ਉਹ ਆਪਣੇ ਪੁਰਖਾਂ ਤੇ ਪੂਰਵਜਾਂ ਤੋਂ ਪ੍ਰਾਪਤ ਕੀਤੇ ਹੋਏ ਅੰਧਵਿਸ਼ਵਾਸਾਂ ਦਾ ਪਾਲਣ ਕਰਦੇ ਹਨ। ਉਨ੍ਹਾਂ ਦੀ ਮਾਤ੍ਰਾ ਇੰਨੀ ਜ਼ਿਆਦਾ ਹੈ ਕਿ ਉਨ੍ਹਾਂ ਨੇ ਦੈਵੀ ਸਚਾਈ ਦੀ ਸਵਰਗਿਕ ਰੋਸ਼ਨੀ ਨੂੰ ਦਬਾ ਦਿੱਤਾ ਹੈ ਅਤੇ ਹੁਣ ਉਹ ਨਕਲਾਂ ਤੇ ਕਲਪਨਾਵਾਂ ਦੇ ਹਨੇਰੇ ਵਿਚ ਬੈਠੇ ਹਨ। ਉਹ ਜਿਸ ਨੂੰ ਜੀਵਨ ਦਾ ਉਤਪਾਦਕ ਬਣਨਾ ਸੀ, ਮੌਤ ਦਾ ਕਾਰਨ ਬਣ ਗਿਆ ਹੈ। ਉਹ ਜਿਸ ਨੂੰ ਗਿਆਨ ਦਾ ਸਬੂਤ ਹੋਣਾ ਚਾਹੀਦਾ ਸੀ, ਹੁਣ ਉਹ ਅਗਿਆਨ ਦਾ ਸਬੂਤ ਬਣ ਗਿਆ ਹੈ। ਉਹ ਜੋ ਮਨੁੱਖੀ ਸੁਭਾ ਦੀ ਮਹਾਨਤਾ ਦਾ ਤੱਤ ਸੀ, ਉਸ ਦੀ ਗਿਰਾਵਟ ਸਿੱਧ ਹੋਇਆ ਹੈ। ਇਸ ਲਈ ਧਰਮ ਵਾਦੀਆਂ ਦਾ ਖੇਤਰ ਹੌਲੀ ਹੌਲੀ ਘਟਦਾ ਤੇ ਅੰਧਕਾਰ ਪੂਰਣ ਹੁੰਦਾ ਗਿਆ ਹੈ ਤੇ ਭੌਤਿਕਵਾਦ ਦਾ ਖੇਤਰ ਵਡਾ ਤੇ ਫੈਲ ਗਿਆ ਹੈ ਕਿਉਂਕਿ ਧਰਮਵਾਦੀਆਂ ਨੇ ਧਰਮ ਦੀ ਪਵਿੱਤਰ ਸਚਾਈ ਤੇ ਪਵਿੱਤ੍ਰਤਾ ਨੂੰ ਤਿਆਗ ਕੇ ਤੇ ਉਸ ਦੀ ਪ੍ਰਵਾਹ ਨਾ ਕਰਕੇ ਝੂਠੇ ਤੇ ਨਕਲਾਂ ਨੂੰ ਬਣਾਈ ਰਖਿਆ ਹੈ। ਸੂਰਜ ਛੁਪਣ ਦੇ ਬਾਦ ਦਾ ਸਮਾਂ ਚਮਗਾਦੜਾਂ ਦੀ ਉੜਾਨ ਦਾ ਸਮਾਂ ਹੁੰਦਾ ਹੈ। ਇਹ ਉਸ ਸਮੇਂ ਬਾਹਰ ਆਉਂਦੇ ਹਨ ਕਿਉਂਕਿ ਇਹ ਰਾਤ ਦੇ ਜਾਨਵਰ ਹਨ। ਜਦੋਂ ਧਰਮ ਦਾ ਪ੍ਰਕਾਸ਼ ਹਨੇਰੇ ਵਿਚ ਖੋ ਜਾਂਦਾ ਹੈ ਤਾਂ ਭੌਤਿਕਵਾਦੀ ਪ੍ਰਗਟ ਹੁੰਦੇ ਹਨ। ਇਹ ਰਾਤ ਦੇ ਚਮਗਾਦੜ ਹਨ, ਧਰਮ ਦੀ ਗਿਰਾਵਟ ਉਨ੍ਹਾਂ ਦੇ ਕੰਮ ਵਿਚ ਮਗਨ ਹੋਣ ਦਾ ਸਮਾਂ ਹੈ, ਜਦੋਂ ਸੰਸਾਰ ਹਨੇਰੇ ਵਿਚ ਹੋ ਜਾਂਦਾ ਹੈ ਤੇ ਉਸ ਉਪਰ ਬੱਦਲ ਛਾ ਜਾਂਦੇ ਹਨ ਤਾਂ ਉਹ ਪਰਛਾਵੇਂ ਲਭਦੇ ਹਨ।

"ਪਵਿਤਰ ਆਤਮਾ ਬਹਾਉੱਲਾਹ ਪੂਰਬ ਦੇ ਸ਼ਿਤਿਜ ਵਿਚ ਹੋਏ ਹਨ। ਸੂਰਜ ਦੇ ਤੇਜ ਦੇ ਸਮਾਨ ਉਹ ਸੰਸਾਰ ਵਿਚ ਆਏ ਹਨ। ਉਨ੍ਹਾਂ ਨੇ

ਦੈਵੀ ਧਰਮ ਦੀ ਅਸਲੀਅਤਾ ਨੂੰ ਪ੍ਰਤੀਬਿੰਬਤ ਕੀਤਾ ਹੈ ਤੇ ਨਕਲਾਂ ਦੇ ਹਨੇਰੇ ਨੂੰ ਭਿੰਨ ਭਿੰਨ ਕੀਤਾ ਹੈ, ਨਵੀਆਂ ਸਿਖਿਆਵਾਂ ਦੀ ਨੀਂਹ ਰਖੀ ਤੇ ਸੰਸਾਰ ਨੂੰ ਪੁਨਰ ਸੁਰਜੀਤ ਕੀਤਾ ਹੈ।

ਬਹਾਉੱਲਾਹ ਦੀ ਪਹਿਲੀ ਸਿਖਿਆ ਸਚਾਈ ਦੀ ਖੋਜ ਹੈ। ਪੈਤਰਿਕ ਰੀਤੀ ਰਿਵਾਜਾਂ ਨੂੰ ਛੱਡ ਕੇ ਮਨੁੱਖ ਨੂੰ ਜ਼ਰੂਰ ਹੀ ਖੁਦ ਸਚਾਈ ਦੀ ਖੋਜ ਕਰਨੀ ਚਾਹੀਦੀ ਹੈ ਕਿਉਂਕਿ ਸੰਸਾਰ ਦੇ ਦੇਸ਼ ਸਚਾਈ ਦੀ ਜਗ੍ਹਾ ਨਕਲਾਂ ਦਾ ਪਾਲਣ ਕਰਦੇ ਹਨ, ਅਤੇ ਕਿਉਂਕਿ ਨਕਲਾਂ ਜ਼ਿਆਦਾ ਤੇ ਕਈ ਪ੍ਰਕਾਰ ਦੀਆਂ ਹਨ, ਇਸ ਲਈ ਵਿਸ਼ਵਾਸ ਦੀ ਅਲੱਗਤਾ, ਝਗੜੇ ਤੇ ਲੜਾਈ ਦੇ ਪੈਦਾ ਦਾ ਕਾਰਨ ਹਨ। ਜਦੋਂ ਤਕ ਇਹ ਨਕਲਾਂ ਰਹਿਣਗੀਆਂ ਤਦੋਂ ਤਕ ਮਨੁਖੀ ਸੰਸਾਰ ਦੀ ਏਕਤਾ ਅਸੰਭਵ ਹੈ। ਇਸ ਲਈ ਜ਼ਰੂਰੀ ਹੀ ਸਾਨੂੰ ਸੱਚ ਦੀ ਖੋਜ ਕਰਨੀ ਚਾਹੀਦੀ ਹੈ। ਤਾਂ ਜੋ ਇਸ ਦੇ ਪ੍ਰਕਾਸ਼ ਦਵਾਰਾ ਅੰਧਕਾਰ ਦੇ ਬੱਦਲਾਂ ਦਾ ਨਾਸ ਹੋਵੇ। ਸਚਾਈ ਇਕ ਹੀ ਸਚਾਈ ਹੈ, ਇਸ ਜ਼ਿਆਦਾਪਣ ਤੇ ਵਿਭਾਜਨ ਸਵੀਕਾਰ ਨਹੀਂ ਕਰਦੀ। ਜੇ ਸੰਸਾਰ ਦੇ ਦੇਸ਼ ਸਚਾਈ ਦੀ ਖੋਜ ਕਰਨ ਤਾਂ ਉਹ ਇਕ ਮਤ ਤੇ ਸੰਗਠਿਤ ਹੋ ਜਾਣਗੇ। ਬਹੁਤ ਸਾਰੇ ਆਦਮੀਆਂ ਤੇ ਧਾਰਮਿਕ ਗੁਟਾਂ ਨੇ..... ਬਹਾਉੱਲਾਹ ਦੇ ਨੇਤਰਤਵ ਤੇ ਸਿਖਿਆਵਾਂ ਦਵਾਰਾ ਸਚਾਈ ਦੀ ਖੋਜ ਕੀਤੀ ਹੈ, ਉਹ ਇਕ ਰੂਪ ਹੋ ਗਏ ਹਨ ਤੇ ਹੁਣ ਆਪਸ ਵਿਚ ਸਹਿਮਤੀ ਨਾਲ ਤੇ ਪ੍ਰੇਮ ਪੂਰਵਕ ਮਿਲਜੁਲ ਕੇ ਰਹਿੰਦੇ ਹਨ, ਉਨ੍ਹਾਂ ਦੇ ਵਿਚ ਝਗੜੇ ਤੇ ਵੈਰ ਦਾ ਲੇਸ ਮਾਤ੍ਰ ਨਿਸ਼ਾਨ ਵੀ ਨਹੀਂ ਰਿਹਾ।"

ਅਨੰਤ ਜੀਵਨ :

ਸਾਡੇ ਜੀਵਨ ਬਹੁਤ ਛੋਟੇ ਹਨ। ਜਵਾਨੀ ਵਿਚ ੨੦ ਯਾ ੩੦ ਸਾਲ ਦਾ ਸਮਾਂ ਬਹੁਤ ਲੰਬਾ ਪ੍ਰਤੀਤ ਹੁੰਦਾ ਹੈ। ਪਰ ਜਦੋਂ ਅਸੀਂ ਉਨ੍ਹਾਂ ਸਾਲਾਂ ਨੂੰ ਪਿਛੇ ਤਕ ਜਾਂਦੇ ਹਾਂ ਤਾਂ ਬੜੀ ਹੈਰਾਨੀ ਵਿਚ ਪੈ ਜਾਂਦੇ ਹਾਂ ਕਿ ਇਹ ਸਮਾਂ ਇੰਨੀ ਜਲਦੀ ਕਿਵੇਂ ਬੀਤ ਗਿਆ। ਆਉਣ ਵਾਲੇ ਸਾਲ ਵੀ ਪਲ ਦੀ ਤਰ੍ਹਾਂ ਬੀਤ

ਜਾਣਗੇ ਤੇ ਜਲਦੀ ਹੀ ਮੌਤ ਸਾਨੂੰ ਆਪਣੀ ਜੱਫੀ ਵਿਚ ਲੈ ਲਵੇਗੀ ।

ਕੀ ਮੌਤ ਸਾਡੇ ਲਈ ਸਭ ਚੀਜ਼ਾਂ ਦਾ ਅੰਤ ਹੈ ? ਨਹੀਂ ! ਬਹਾਈ ਧਰਮ ਸਿਖਿਆ ਦਿੰਦਾ ਹੈ ਕਿ ਮੌਤ ਅੰਤ ਨਹੀਂ । ਇਹ ਕੇਵਲ ਸ਼ੁਰੂ ਹੀ ਹੈ । ਭਗਵਾਨ ਬਹਾਉੱਲਾਹ ਕਹਿੰਦੇ ਹਨ :

"ਐ ਉੱਚਤਮ ਦੇ ਪੁਤਰ ! ਮੌਤ ਨੂੰ ਮੈਂ ਨੇ ਤੇਰੇ ਲਈ ਆਨੰਦ ਦਾ ਦੂਤ ਬਣਾਇਆ ਹੈ । ਤੁਸੀਂ ਸ਼ੋਕ ਕਿਸ ਲਈ ਕਰਦੇ ਹੋ । ਪ੍ਰਕਾਸ਼ ਨੂੰ ਮੈਂ ਤੁਹਾਡੇ ਤੇ ਆਪਣਾ ਤੇਜ ਪਾਉਣ ਲਈ ਕਿਹਾ ਹੈ, ਤੁਸੀਂ ਆਪਣੇ ਆਪ ਨੂੰ ਉਸ ਤੋਂ ਕਿਉਂ ਛੁਪਾਂਦੇ ਹੋ ।"

ਮੌਤ ਪ੍ਰਭੂ ਦੇ ਵਲ ਸਾਡੀ ਅਧਿਆਤਮਕ ਯਾਤਰਾ ਦਾ ਸ਼ੁਰੂ ਹੈ । ਇਹ ਪੁਨਰ ਜਨਮ ਹੈ—ਅਧਿਆਤਮਕ ਪੁਨਰ ਜਨਮ ।

ਜਦੋਂ ਸਾਡੀ ਆਤਮਾ ਸਾਡਾ ਸਰੀਰ ਛੱਡਦੀ ਹੈ ਤਾਂ ਉਹ ਜੀਵਿਤ ਰਹਿੰਦੀ ਹੈ ਅਤੇ ਪ੍ਰਭੂ ਰਾਜ ਵਿਚ ਨਿਰੰਤਰ ਤਰੱਕੀ ਕਰਦੀ ਰਹਿੰਦੀ ਹੈ । ਪਰ ਉਹ ਧਰਤੀ ਤੇ ਕਿਸੇ ਭੌਤਿਕ ਆਕਾਰ ਵਿਚ ਪੁੰਨਰ (ਦੁਬਾਰਾ) ਵਾਪਸ ਨਹੀਂ ਆਉਂਦੀ ।

ਇਕ ਬੁਲਬੁਲ ਜੋ ਸਦਾ ਪਿੰਜਰੇ ਵਿਚ ਪਲੀ ਹੋਵੇ ਉਹ ਪਿੰਜਰੇ ਦੇ ਸਿਵਾ ਕਿਸੇ ਹੋਰ ਜਗ੍ਹਾ ਨੂੰ ਨਹੀਂ ਜਾਣਦੀ । ਪਿੰਜਰੇ ਦੀਆਂ ਸੀਖਾਂ ਵਿਚ ਉਸ ਨੂੰ ਕਦੀ ਕਦੀ ਬਾਗ ਦੀ ਝਲਕ ਮਿਲ ਜਾਂਦੀ ਹੈ, ਪਰ ਵਿਚਾਰੇ ਪੰਛੀ ਨੂੰ ਆਜ਼ਾਦੀ ਦੀ ਕੋਈ ਕਲਪਨਾ ਨਹੀਂ ਹੈ ਅਤੇ ਨਾ ਹੀ ਉਸ ਨੇ ਕਦੀ ਖੁਲ੍ਹੇ ਬਾਗਾਂ ਤੇ ਹਰੇ ਭਰੇ ਖੇਤਾਂ ਵਿਚ ਉੱਡਣ ਦਾ ਮਜ਼ਾ ਉਠਾਇਆ ਹੈ । ਪੰਛੀ ਨੂੰ ਆਜ਼ਾਦ ਕਰਨ ਲਈ ਜੇ ਤੁਸੀਂ ਪਿੰਜਰੇ ਦਾ ਦਰਵਾਜ਼ਾ ਖੋਲੋਗੇ ਤਾਂ ਉਹ ਪਿੰਜਰੇ ਦੇ ਇਕ ਕੋਨੇ ਵਿਚ ਦੁਬੱਕ ਜਾਵੇਗਾ ਤੇ ਬਾਹਰ ਨਹੀਂ ਆਉਣਾ ਚਾਹੇਗਾ ਅਤੇ ਪੰਛੀ ਨੂੰ ਪਿੰਜਰੇ ਤੋਂ ਬਾਹਰ ਕਢਣ ਲਈ ਜਦੋਂ ਤੁਸੀਂ ਆਪਣਾ ਹੱਥ ਪਾਵੋਗੇ ਤਾਂ ਉਹ ਡਰ ਜਾਵੇਗਾ ਤੇ ਤੁਹਾਡੇ ਹੱਥ ਤੋਂ ਬਚਣਾ ਚਾਹੇਗਾ । ਪਰ ਪੰਛੀ ਜੇ ਇਕ ਵਾਰ ਆਜ਼ਾਦ ਹੋ ਜਾਵੇ ਤਾਂ ਉਹ

ਖੁਲ੍ਹੇ ਆਕਾਸ਼ ਵਿਚ ਉਚਾਈ ਵਲ ਉਡਾਣ ਭਰਦਾ ਹੈ ਤੇ ਹਰੇ ਭਰੇ ਦਰੱਖਤਾਂ ਤੇ ਬੈਠ ਕੇ ਗੀਤ ਗਾਂਦਾ ਹੈ । ਉਹ ਫੱਲਦਾਰ ਬਾਗਾਂ ਤੇ ਸੁਗੰਧਿਤ ਜੰਗਲਾਂ ਨੂੰ ਆਪਣਾ ਘਰ ਬਣਾਂਦਾ ਹੈ । ਅਤੇ ਕਦੀ ਪਿੰਜਰੇ ਵਿਚ ਵਾਪਸ ਨਹੀਂ ਆਉਣਾ ਚਾਹੁੰਦਾ ਚਾਹੇ ਤੁਸੀਂ ਸੋਨੇ ਦੇ ਹਜ਼ਾਰਾਂ ਪਿੰਜਰੇ ਉਸ ਦੇ ਸਾਹਮਣੇ ਰੱਖੋ ।

ਇਸ ਤਰ੍ਹਾਂ ਇਸ ਸਰੀਰ ਰੂਪੀ ਪਿੰਜਰੇ ਤੋਂ ਜਦ ਆਤਮਾ ਨੂੰ ਆਜ਼ਾਦ ਕਰ ਦਿਤਾ ਜਾਂਦਾ ਹੈ ਤਾਂ ਉਹ ਲੋਕ ਜੋ ਪ੍ਰਭੂ ਰਾਜ ਤੋਂ ਅਤੇ ਉਨ੍ਹਾਂ ਦੀ ਇੰਤਜ਼ਾਰ ਕਰਦੀ ਹੋਈ ਜੀਵਨ ਤੋਂ ਬਾਦ ਦੀ ਖੁਸ਼ੀ ਤੋਂ ਨਾਵਾਕਿਫ ਹਨ, ਮੌਤ ਨੂੰ ਅਤੀ ਕਠਿਨ ਮਹਿਸੂਸ ਕਰਦੇ ਹਨ । ਇਸ ਦਾ ਕਾਰਣ ਇਹ ਹੈ ਕਿ ਉਹ ਕੇਵਲ ਪਿੰਜਰੇ ਤੋਂ ਵਾਕਿਫ ਹਨ ਤੇ ਪ੍ਰਭੂ ਪਰੇਮ ਤੇ ਅਨੰਤ ਕਿਰਪਾ ਦੇ ਸਵਰਗ ਬਾਰੇ ਕੁਝ ਨਹੀਂ ਜਾਣਦੇ ।

ਪਰ ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਈਸ਼ਵਰ ਅਵਤਾਰ ਨੂੰ ਪਹਿਚਾਣ ਲਿਆ ਹੈ, ਆਤਮਾ ਦੇ ਅਮਰ ਹੋਣ ਤੇ ਅਨੰਤ ਜੀਵਨ ਵਿਚ ਪੱਕਾ ਵਿਸ਼ਵਾਸ ਹੈ । ਕਿਸੀ ਆਦਮੀ ਨੇ ਬਹਾਉੱਲਾਹ ਤੋਂ ਮੌਤ ਦੇ ਬਾਦ ਜੀਵਨ ਦੇ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਜਵਾਬ ਇਹ ਸੀ :

"ਅਤੇ ਹੁਣ ਮਨੁਖੀ ਆਤਮਾ ਤੇ ਮੌਤ ਤੋਂ ਬਾਦ ਇਸਦੇ ਜੀਵਨ ਦੇ ਸਬੰਧ ਵਿਚ ਆਪ ਦੇ ਸਵਾਲ ਦੇ ਬਾਰੇ, ਆਪ ਇਸ ਸਚਾਈ ਨੂੰ ਜਾਣ ਲਵੋ ਕਿ ਸਰੀਰ ਤੋਂ ਵਿਛੜਨ ਤੋਂ ਬਾਦ, ਆਤਮਾ ਤਦ ਤਕ ਉੱਨਤੀ ਕਰਦੀ ਰਹੇਗੀ ਜਦੋਂ ਤਕ ਕਿ ਉਹ ਪ੍ਰਮਾਤਮਾ ਦੇ ਦਰਬਾਰ ਵਿਚ ਹਾਜ਼ਰੀ ਪ੍ਰਾਪਤ ਨਹੀਂ ਕਰ ਲੈਂਦੀ, ਐਸੀ ਅਵਸਥਾ ਤੇ ਹਾਲਤ ਵਿਚ ਜਿਸ ਨੂੰ ਨਾ ਤਾਂ ਜੁਗ-ਬਦਲ ਤੇ ਸ਼ਤਾਬਦੀਆਂ ਤੇ ਨਾ ਹੀ ਸੰਸਾਰ ਦੇ ਬਦਲ ਤੇ ਮੌਕੇ ਹੀ ਤਬਦੀਲ ਕਰ ਸਕਦੇ ਹਨ । ਇਹ ਉਦੋਂ ਤੱਕ ਬਣੀ ਰਹੇਗੀ, ਜਦੋਂ ਤੱਕ ਪ੍ਰਭੂ ਦਾ ਰਾਜ, ਉਸ ਦੀ ਸੱਤਾ, ਉਸਦਾ ਪ੍ਰਦੇਸ਼ ਤੇ ਉਸ ਦੀਆਂ ਸ਼ਕਤੀਆਂ ਬਣੀਆਂ ਰਹਿਣਗੀਆਂ । ਇਹ ਪ੍ਰਭੂ ਦੇ ਲੱਛਣਾਂ ਤੇ ਵਿਸ਼ੇਸ਼ਤਾਈਆਂ ਨੂੰ ਪ੍ਰਗਟ ਕਰੇਗੀ ਤੇ ਉਸ ਦੇ

ਪਰੇਮ-ਪੂਰਵਕ ਕਿਰਪਾ ਤੇ ਅਨੁਗ੍ਰਹਾਂ ਨੂੰ ਪ੍ਰਗਟ ਕਰੇਗੀ । ਇਸ ਮਹਾਨ ਪਦਵੀ ਦੇ ਗੌਰਵ ਤੇ ਮਹੱਤਵ ਦੇ ਉਚਿਤ ਢੰਗ ਨਾਲ ਵਿਆਖਿਆ ਕਰਨ ਦੇ ਯਤਨ ਵਿਚ ਮੇਰੀ ਕਲਮ ਦੀ ਗਤੀ ਰੁਕ ਜਾਂਦੀ ਹੈ ।''

ਮੌਤ ਸਾਡੇ ਹਰ ਵਾਸਤੇ ਅਧਿਆਤਮਕ ਪੁਨਰ ਜਨਮ ਹੈ । ਇਸ ਲਈ ਜਦੋਂ ਵੀ ਇਹ ਸਾਡਾ ਦਰਵਾਜ਼ਾ ਖਟ-ਖਟਾਵੇ, ਸਾਨੂੰ 'ਆਨੰਦ ਦੂਤ' ਦਾ ਸਵਾਗਤ ਕਰਨ ਲਈ ਹਮੇਸ਼ਾ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ ।

ਪ੍ਰਸੰਨਤਾ :

ਭਗਵਾਨ ਬਹਾਉੱਲਾਹ ਦੀ ਸਾਡੇ ਤੇ ਮਹਾਨ ਕ੍ਰਿਪਾਵਾਂ ਵਿਚੋਂ ਇਕ ਅਨੰਦ ਤੇ ਖੁਸ਼ੀ ਹੈ ਜੋ ਉਨ੍ਹਾਂ ਨੇ ਸਾਡੇ ਦਿਲ ਵਿਚ ਪੈਦਾ ਕੀਤੀ । ਅਸੀਂ ਖੁਸ਼ ਹਾਂ ਕਿ ਸਾਡੇ ਮਨ ਵਿਚ ਈਸ਼ਵਰ ਦਾ ਪ੍ਰੇਮ ਹੈ । ਅਸੀਂ ਖੁਸ਼ ਹਾਂ ਕਿਉਂਕਿ ਧਰਤੀ ਤੇ ਅਸੀਂ ਆਪਣੇ ਛੋਟੇ ਸਮੇਂ ਦੇ ਜੀਵਨ ਦਾ ਮਕਸਦ ਤੇ ਅਰਥ ਜਾਣਦੇ ਹਾਂ । ਅਸੀਂ ਖੁਸ਼ ਹਾਂ ਕਿਉਂਕਿ ਅਸੀਂ ਆਪਣਾ ਪ੍ਰੀਤਮ ਪਾ ਲਿਆ ਹੈ ਤੇ ਉਸ ਦੇ ਉਪ-ਪਾਦਕ ਸ਼ਬਦਾਂ ਦੇ ਅਸਰ ਦਵਾਰਾ ਹੁਣ ਬਾਕੀ ਮਨੁੱਖਤਾ ਨਾਲ ਸ਼ਾਂਤੀ ਪੂਰਣ ਹਾਂ ।

ਭਗਵਾਨ ਬਹਾਉੱਲਾਹ ਕਹਿੰਦੇ ਹਨ :

''ਐ ਮਿੱਟੀ ਵਿਚ ਰਹਿਣ ਵਾਲੇ ਮੇਰੇ ਦੋਸਤੋ ! ਆਪਣੇ ਦੈਵੀ ਨਿਵਾਸ ਵਲ ਤੇਜ਼ੀ ਨਾਲ ਕਦਮ ਵਧਾਓ । ਆਪਣੇ ਆਪ ਨੂੰ ਅਨੰਦ ਪੂਰਵਕ ਸਮਾਚਾਰ ਦੇਵੋ । ਉਹ ਜੋ ਸਰਵ ਉੱਚਤਮ ਪ੍ਰੀਤਮ ਆ ਗਿਆ ਹੈ । ਉਸ ਨੇ ਆਪਣੇ ਆਪ ਨੂੰ ਈਸ਼ਵਰ ਪ੍ਰਗਟਾਵੇ ਦੇ ਗੌਰਵ ਨਾਲ ਸੁਸ਼ੋਭਿਤ ਕਰ ਲਿਆ ਹੈ ਤੇ ਆਪਣੇ ਸਨਾਤਨ ਸਵਰਗ ਦੇ ਦਰਵਾਜ਼ੇ ਮਨੁਖ ਵਾਸਤੇ ਖੋਹਲ ਦਿਤੇ ਹਨ । 'ਹਰ ਅੱਖ ਅਨੰਦ ਮਗਨ ਹੋਵੇ, ਹਰ ਕੰਨ ਖੁਸ਼ ਹੋਵੇ ਕਿਉਂਕਿ ਹੁਣ ਉਸ ਦੀ ਸੁੰਦਰਤਾ ਦੇਖਣ ਦਾ ਸਮਾਂ ਹੈ, ਹੁਣ ਉਸ ਦੀ ਬਾਣੀ ਸੁਣਨ ਦਾ ਉਚਿਤ ਸਮਾਂ ਹੈ ।' ਹਰ ਉਤਕੰਠਿਤ ਪਰੇਮੀ ਤੇ ਐਲਾਨ ਕਰੋ, 'ਦੇਖੋ, ਤੁਹਾਡਾ ਸਰਵ-ਉੱਚ ਪ੍ਰੀਤਮ ਮਨੁੱਖਾਂ ਦੇ ਵਿਚ ਆ ਗਿਆ ਹੈ ਤੇ ਪਰੇਮ ਦੇ

ਅਧਿਪਤੀ ਦੂਤ ਨੂੰ ਇਹ ਖ਼ਬਰ ਦੇਵੋ ''ਲਓ ਆਪਣੇ ਪੂਰਨ ਤੇਜ ਦੇ ਨਾਲ ਸਦਾ ਖੁਸ਼ ਪ੍ਰਗਟ ਹੋ ਗਿਆ ਹੈ ।'' ਐ ਉਸ ਦੀ ਸੁੰਦਰਤਾ ਦੇ ਪਰੇਮੀਓ ! ਉਸ ਨਾਲ ਆਪਣੇ ਵਿਛੋੜੇ ਦੇ ਦਰਦ ਨੂੰ ਅਨੰਤ ਮਿਲਨ ਦੀ ਖੁਸ਼ੀ ਵਿਚ ਬਦਲ ਦਿਓ ।''

ਪ੍ਰੀਤਮ ਨੂੰ ਪਹਿਚਾਣ ਲੈਣ ਤੇ ਉਸ ਦੀ ਆਵਾਜ਼ ਸੁਣਨ ਦਾ ਅਨੰਦ ਹਰ ਬਹਾਈ ਦੇ ਦਿਲ ਨੂੰ ਪੂਰਾ ਖੁਸ਼ ਕਰ ਦੇਂਦਾ ਹੈ । ਉਨ੍ਹਾਂ ਹਜ਼ਾਰਾਂ ਸ਼ਹੀਦ ਬਹਾਈਆਂ ਨੇ ਇਸ ਮਹਾਨ ਕੰਬਨੀ ਦਾ ਅਨੁਭਵ ਕੀਤਾ, ਜਿਨ੍ਹਾਂ ਨੇ ਖੁਸ਼ੀ ਨਾਲ ਆਪਣੇ ਪ੍ਰੀਤਮ ਵਾਸਤੇ ਅਮੁੱਲ ਜੀਵਨ ਅਰਪਨ ਕਰ ਦਿਤੇ । ਜਦੋਂ ਧਰਮ ਦਾ ਆਨੰਦ ਸਾਡੇ ਦਿਲ ਵਿਚ ਅਧਿਕਾਰ ਕਰ ਲੈਂਦਾ ਹੈ ਤਾਂ ਧਰਤੀ ਦੀ ਕੋਈ ਸ਼ਕਤੀ ਸਾਡੀ ਹੌਂਸਲਾਫ਼ਜ਼ਾਈ ਤੇ ਖੁਸ਼ੀ ਨੂੰ ਖਤਮ ਨਹੀਂ ਕਰ ਸਕਦੀ, ਜਦੋਂ ਸਾਡੇ ਦਿਲਾਂ ਵਿਚ ਪ੍ਰਭੂ ਪਰੇਮ ਤੇ ਸ੍ਰਿਸ਼ਟੀ ਦੇ ਵਲ ਪਰੇਮ ਹੋਵੇਗਾ ਲੋਕ ਗਰੀਬੀ, ਦੁਖ ਤੇ ਰੋਗ ਭੁਲ ਜਾਣਗੇ ।

ਅਬਦੁਲਬਹਾ ਨੇ ਅਕਸਰ ਆਪਣੀ ਇਸ ਖੁਸ਼ੀ ਦਾ ਉਲੇਖ ਕੀਤਾ ਹੈ ਜੋ ਉਨ੍ਹਾਂ ਨੇ ਆਪਣੇ ਸਖਤ ਕੈਦੀ ਜੀਵਨ ਵਿਚ ਮਹਿਸੂਸ ਕੀਤੀ । ਉਨ੍ਹਾਂ ਨੇ ਲਿਖਿਆ ਹੈ :

''ਕੈਦ ਵਿਚ ਮੈਂ ਖੁਸ਼ ਸੀ । ਮੈਂ ਅਤੀ ਪ੍ਰਸੰਨ ਸੀ ਕਿਉਂਕਿ ਮੈਂ ਅਪਥਾਧੀ ਨਹੀਂ ਸੀ, ਉਨ੍ਹਾਂ ਨੇ ਪ੍ਰਭੂ ਦੇ ਰਸਤੇ ਵਿਚ ਮੈਨੂੰ ਬੰਦੀ ਬਣਾਇਆ ਸੀ । ਮੈਂ ਖੁਸ਼ ਸੀ—ਪ੍ਰਭੂ ਦੀ ਪ੍ਰਸੰਸਾ ਹੋਵੇ—ਕਿ ਮੈਂ ਪ੍ਰਭੂ ਧਰਮ ਦਾ ਕੈਦੀ ਸੀ, ਕਿ ਮੇਰਾ ਜੀਵਨ ਵਿਅਰਥ ਨਹੀਂ ਗਿਆ ਬਲਕਿ ਦੈਵੀ ਸੇਵਾ ਵਿਚ ਬਤੀਤ ਹੋਇਆ । ਮੈਨੂੰ ਦੇਖਣ ਵਾਲਾ ਕੋਈ ਆਦਮੀ ਨਹੀਂ ਸੋਚ ਸਕਦਾ ਸੀ ਕਿ ਮੈਂ ਜੇਲ੍ਹ ਵਿਚ ਸੀ । ਜੇਲ੍ਹ ਦੇ ਵਲ ਧਿਆਨ ਨਾ ਦੇਂਦੇ ਹੋਏ, ਉਹ ਮੈਨੂੰ ਅਨੰਦ ਮਗਨ ਕ੍ਰਿਤਗ ਤੇ ਸਵਸਥ ਦੇਖਦੇ ਸਨ ।''

ਪ੍ਰਭੂ ਤੇ ਆਪਣੇ ਸਹਿਪ੍ਰਾਣੀਆਂ ਦੇ ਪ੍ਰਤੀ ਪਿਆਰ ਦਵਾਰਾ ਪ੍ਰਾਪਤ ਖੁਸ਼ੀ ਸਾਨੂੰ ਸਰਵ ਸ਼ਕਤੀਮਾਨ ਦੇ ਵਲ ਪ੍ਰਸੰਸਾ ਕਰਨ ਤੇ ਉਸ ਦੇ ਆਸ਼ੀਰਵਾਦ ਪ੍ਰਾਪਤ ਕਰਨ ਦੇ ਯੋਗ ਬਣਾਂਦੀ ਹੈ । ਭਗਵਾਨ ਬਹਾਉੱਲਾਹ ਲਿਖਦੇ ਹਨ :

''ਐ ਮਾਨਵ ਪੁੱਤਰ ! ਆਪਣੇ ਦਿਲ ਦੀ ਖੁਸ਼ੀ ਨਾਲ ਅਨੰਦ ਹੋ ਤਾਂ ਕਿ

ਮੈਨੂੰ ਦੇਖਣ ਤੇ ਮੇਰੀ ਸੁੰਦਰਤਾ ਨੂੰ ਪ੍ਰਤੀਬਿੰਬਤ ਕਰਨ ਦੇ ਤੁਸੀਂ ਯੋਗ ਬਣ ਸਕੋ।''

ਬਹਾਈਆਂ ਨੂੰ ਹਮੇਸ਼ਾ ਪ੍ਰਸੰਨਤਾ ਦਾ ਤੇਜ ਪੂਰਣ ਪ੍ਰਕਾਸ਼ ਪ੍ਰਤੀਬਿੰਬਤ ਕਰਨਾ ਚਾਹੀਦਾ ਹੈ। ਅਸੀਂ ਕਿਸ ਤਰ੍ਹਾਂ ਨਾਖੁਸ਼ ਹੋ ਸਕਦੇ ਹਾਂ, ਜਦੋਂ ਅਸੀਂ ਭਗਵਾਨ ਬਹਾਉੱਲਾਹ ਦੇ ਇਹ ਅਦਭੁਤ ਸ਼ਬਦ ਪੜ੍ਹਦੇ ਹਾਂ :—

''ਐ ਆਤਮਾ ਪੁੱਤਰ ! ਪ੍ਰਕਾਸ਼ ਦੇ ਅਨੰਦ ਪੂਰਣ ਸਮਾਚਾਰ ਦੇ ਨਾਲ ਮੈਂ ਤੈਨੂੰ ਕਹਿੰਦਾ ਹਾਂ : ਅਨੰਦ ਮਗਨ ਹੋਵੋ। ਪਵਿਤ੍ਰਤਾ ਦੇ ਦਰਬਾਰ ਵਿਚ ਮੈਂ ਤੁਹਾਨੂੰ ਬੁਲਾਂਦਾ ਹਾਂ, ਇਸ ਆਗਿਆ ਦਾ ਪਾਲਣ ਕਰੋ ਤਾਂ ਜੋ ਤੁਸੀਂ ਹਮੇਸ਼ਾ ਸੁਖ ਸ਼ਾਂਤੀ ਨਾਲ ਰਹਿ ਸਕੋ।''

ਭਗਵਾਨ ਬਹਾਉੱਲਾਹ ਕਹਿੰਦੇ ਹਨ ਕਿ ਦਿਲ ਪ੍ਰਮਾਤਮਾ ਦਾ ਆਸਣ ਹੈ। ਜਦੋਂ ਦਿਲ ਆਪਣੇ ਪ੍ਰੀਤਮ ਦੇ ਸਵਾਗਤ ਦੇ ਅਨੰਦ ਨੂੰ ਜਾਣ ਲੈਂਦਾ ਹੈ ਤਾਂ ਸੰਸਾਰ ਦਾ ਕੋਈ ਆਨੰਦ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ। ਸੰਸਾਰ ਦੀਆਂ ਸੰਪਤੀਆਂ ਇਸ ਆਨੰਦ ਵਿਚ ਵਾਧਾ ਨਹੀਂ ਕਰ ਸਕਦੀਆਂ ਤੇ ਨਾ ਹੀ ਉੱਨਤੀ ਹੀਣਤਾ ਐਸੇ ਦਿਲ ਦੇ ਲਈ ਖੇਦ ਦਾ ਕਾਰਨ ਬਣ ਸਕਦੀ ਹੈ।

ਉਹ ਅਨੰਦ ਜੋ ਸੰਸਾਰ ਦੀਆਂ ਖੁਸ਼ੀਆਂ ਦਵਾਰਾ ਪ੍ਰਾਪਤ ਹੁੰਦਾ ਹੈ, ਅਸਲ ਅਨੰਦ ਨਹੀਂ ਕਿਉਂਕਿ ਉਹ ਥੋੜੇ ਵਕਤ ਲਈ ਹੁੰਦਾ ਹੈ ਅਤੇ ਭਗਵਾਨ ਬਹਾਉੱਲਾਹ ਸਾਨੂੰ ਕਹਿੰਦੇ ਹਨ ਕਿ ਅਸੀਂ ਇਸ ਤੋਂ ਪ੍ਰਭਾਵਿਤ ਨਾ ਹੋਈਏ।

''ਐ ਮਾਨਵ ਪੁੱਤਰ ! ਜੇ ਤੈਨੂੰ ਉੱਨਤੀ ਪ੍ਰਾਪਤ ਹੋਵੇ ਤਾਂ ਖੁਸ਼ ਨਾ ਹੋ ਅਤੇ ਜੇ ਤੇਰੀ ਮਾਣ ਹਾਨੀ ਹੋਵੇ ਤਾਂ ਸ਼ੋਕ ਨਾ ਕਰ, ਕਿਉਂਕਿ ਦੋਵੇਂ ਨਾਸ ਹੋ ਜਾਣਗੀਆਂ ਤੇ ਬਾਕੀ ਨਹੀਂ ਰਹਿਣਗੀਆਂ।'' ਅਬਦੁਲਬਹਾ ਕਹਿੰਦੇ ਹਨ :

''ਜਦੋਂ ਕੋਈ ਆਦਮੀ ਪਿਆਸਾ ਹੁੰਦਾ ਹੈ ਤਾਂ ਪਾਣੀ ਪੀਂਦਾ ਹੈ। ਜਦੋਂ ਕੋਈ ਭੁੱਖਾ ਹੁੰਦਾ ਹੈ ਤਾਂ ਭੋਜਨ ਕਰਦਾ ਹੈ। ਪਰ ਜੇ ਕੋਈ ਪਿਆਸਾ ਨਾ ਹੋਵੇ ਤਾਂ ਪਾਣੀ ਉਸ ਨੂੰ ਕੋਈ ਖੁਸ਼ੀ ਨਹੀਂ ਦੇਂਦਾ ਅਤੇ ਜੋ ਉਸ ਦੀ ਭੁਖ ਪਹਿਲੇ ਹੀ ਮਿਟ ਗਈ ਹੋਵੇ ਤਾਂ ਭੋਜਨ ਉਸ ਨੂੰ ਬੇਸਵਾਦ ਪ੍ਰਤੀਤ ਹੁੰਦਾ ਹੈ। ਪਰ ਅਧਿਆਤਮਕ ਖੁਸ਼ੀ ਨਾਲ ਇਸ ਤਰ੍ਹਾਂ ਨਹੀਂ ਹੁੰਦਾ। ਅਧਿਆਤਮਕ ਖੁਸ਼ੀਆਂ ਹਮੇਸ਼ਾਂ ਆਨੰਦ ਦਾ ਕਾਰਨ ਹੁੰਦੀਆਂ ਹਨ। ਪ੍ਰਭੂ ਪਰੇਮ ਅਨੰਤ ਖੁਸ਼ੀ ਦਾ ਉਲਾਦਕ ਹੈ। ਇਹ ਖੁਦ ਖੁਸ਼ੀ ਹੈ, ਸੰਭਾਵਨਾ ਨਹੀਂ।''

''ਪ੍ਰਮਾਤਮਾ ਨੇ ਸਾਡੇ ਵਿਚ ਇਕ ਪਵਿਤਰ ਦੈਵੀ ਆਤਮਾ-ਮਾਨਵ ਆਤਮਾ ਪੈਦਾ ਕੀਤੀ ਜਿਸ ਨੂੰ ਮਾਨਸਿਕ ਗਿਆਨ ਦੀਆਂ ਉਹ ਤਾਕਤਾਂ ਪ੍ਰਾਪਤ ਹਨ ਜੋ ਕੁਦਰਤੀ ਤਾਕਤਾਂ ਤੋਂ ਉਚੀਆਂ ਹਨ। ਇਸ ਦੇ ਦਵਾਰਾ ਅਸੀਂ ਆਤਮਾ ਦੀਆਂ ਖੁਸ਼ੀਆਂ ਤੋਂ ਆਨੰਦਿਤ ਹੁੰਦੇ ਹਾਂ ਤੇ ਸੰਸਾਰ ਨੂੰ ਪ੍ਰਕਾਸ਼-ਯੁਕਤ ਦੇਖਦੇ ਹਾਂ...ਇਹ ਸ਼ਕਤੀ ਤੁਹਾਨੂੰ ਦੂਜੇ ਪ੍ਰਾਣੀਆਂ ਤੋਂ ਉੱਚਾ ਬਣਾਂਦੀ ਹੈ। ਤੁਸੀਂ ਕਿਉਂ ਇਸ ਨੂੰ ਭੌਤਿਕ ਹਾਲਤਾਂ ਵਿਚ ਲਗਾਂਦੇ ਹੋ ? ਇਹ ਉਹ ਹੈ ਜਿਸ ਨੂੰ ਪ੍ਰਭੂ ਦੀਆਂ ਕ੍ਰਿਪਾਵਾਂ ਦੀ ਪ੍ਰਾਪਤੀ ਤੇ ਪ੍ਰਗਟਾਵੇ ਦੇ ਹਿਤ ਵਿਚ ਪ੍ਰਯੋਗ ਕਰਨਾ ਚਾਹੀਦਾ ਹੈ ਤਾਂ ਜੋ ਤੁਸੀਂ ਮਨੁਖ ਵਿਚ ਪ੍ਰਭੂ ਰਾਜ ਦੀ ਸਥਾਪਨਾ ਕਰ ਸਕੋ ਅਤੇ ਦਿਸ਼ਯ ਤੇ ਅਦਿਸ਼ਯ ਦੋਨਾਂ ਹੀ ਜਗਤਾਂ ਵਿਚ ਖੁਸ਼ੀ ਪ੍ਰਾਪਤ ਕਰ ਸਕੋ।''

ਸਾਨੂੰ ਖੁਸ਼ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਇਕ ਅਦਭੁਤ ਯੁਗ ਵਿਚ ਰਹਿ ਰਹੇ ਹਾਂ। ਸਾਨੂੰ ਉਸ ਸਵਰਗ ਦਾ ਆਨੰਦ ਲੈਣਾ ਚਾਹੀਦਾ ਹੈ ਜੋ ਪ੍ਰਭੂ ਨੇ ਸਾਡੇ ਵਾਸਤੇ ਤਿਆਰ ਕੀਤਾ ਹੈ, ਜਿਥੇ ਲੋਕ ਭਰਾਵਾਂ ਦੀ ਤਰ੍ਹਾਂ ਰਹਿੰਦੇ ਹਨ ਅਤੇ ਪਿਛਲੇ ਕਲਹ ਤੇ ਮਤਭੇਦ ਭੁਲਾ ਦਿਤੇ ਜਾਂਦੇ ਹਨ।

ਸਾਨੂੰ ਅਬਦੁਲਬਹਾ ਦੇ ਇਨ੍ਹਾਂ ਸ਼ਬਦਾਂ ਨਾਲ ਆਨੰਦਿਤ ਹੋਣਾ ਚਾਹੀਦਾ ਹੈ : ''ਸ਼ੁਭ ਸਮਾਚਾਰ''

ਕਿਉਂ ਅਮਰ ਜੀਵਨ ਇਥੇ ਹੈ।
ਐ ਸੌਣ ਵਾਲਿਓ, ਜਾਗੋ !
ਐ ਅਸਾਵਧਾਨੋ, ਬੁਧੀਮਤਾ ਸਿਖੋ !
ਐ ਨੇਤਰਹੀਣੋ, ਨਜ਼ਰ ਪ੍ਰਾਪਤ ਕਰੋ !
ਐ ਵਿਧਰੋ, ਸੁਣੋ।
ਐ ਮੂਕੋ, ਬੋਲੋ !
ਐ ਮ੍ਰਿਤਕੋ, ਉਠੋ !
ਆਨੰਦਿਤ ਹੋਵੋ !
ਪ੍ਰਸੰਨ ਹੋਵੋ !
ਅਨੰਦ ਪੂਰਣ ਹੋਵੋ !

ਪੱਖਪਾਤ ਦਾ ਤਿਆਗ ;

ਭਗਵਾਨ ਬਹਾਉੱਲਾਹ ਸਿਖਿਆ ਦੇਂਦੇ ਹਨ ਕਿ ਸਭ ਤਰ੍ਹਾਂ ਦੇ ਪੱਖਪਾਤ ਜ਼ਰੂਰ ਹੀ ਤਿਆਗ ਦੇਣੇ ਚਾਹੀਦੇ ਹਨ ਚਾਹੇ ਉਹ ਰਾਸ਼ਟਰੀ ਪੱਖਪਾਤ ਹੋਣ, ਜਾਤੀ ਪੱਖਪਾਤ ਹੋਣ ਯਾ ਧਾਰਮਿਕ ਪੱਖਪਾਤ ਹੋਣ । ਜਦੋਂ ਤਕ ਲੋਕ ਪੱਖਪਾਤ ਨਾਲ ਚਿਪਕੇ ਰਹਿਣਗੇ ਧਰਤੀ ਤੇ ਸਾਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਵੇਗੀ ।

ਪਿਛਲੇ ਜੁਗਾਂ ਵਿਚ ਜਿੰਨੇ ਵੀ ਯੁੱਧ, ਕਤਲ ਯਾ ਖ਼ੂਨ ਹੋਏ ਉਹ ਕਿਸੇ ਨਾ ਕਿਸੇ ਪੱਖਪਾਤ ਕਾਰਨ ਹੋਏ । ਲੋਕ ਆਪਣੇ ਧਰਮ ਯਾ ਦੇਸ਼ ਵਾਸਤੇ ਲੜੇ, ਸੰਸਾਰ ਵਿਚ ਤਬਾਹੀ ਮਚਾਈ ਅਤੇ ਲੱਖਾਂ ਕਰੋੜਾਂ ਸਹਮਾਨਵਾਂ ਦੇ ਮੌਤ ਦਾ ਕਾਰਨ ਬਣੇ। ਅਬਦੁਲਬਹਾ ਕਹਿੰਦੇ ਹਨ ;

> "ਜੇ ਇਹ ਪੱਖਪਾਤ ਤੇ ਵੈਰ ਧਰਮ ਦੇ ਕਾਰਨ ਹਨ (ਤਾਂ ਵਿਚਾਰ ਕਰੋ), ਧਰਮ ਨੂੰ ਤਾਂ ਮਿੱਤ੍ਰਤਾ ਦਾ ਕਾਰਨ ਹੋਣਾ ਚਾਹੀਦਾ ਹੈ, ਨਹੀਂ ਤਾਂ ਇਹ ਨਿਸ਼ਫਲ ਹੈ ਅਤੇ ਜੇ ਇਹ ਪੱਖਪਾਤ ਰਾਸ਼ਟਰੀਅਤਾ ਦਾ ਪੱਖਪਾਤ ਹੈ (ਤਾਂ ਵਿਚਾਰ ਕਰੋ), ਸਾਰਾ ਮਨੁੱਖ ਦਲ ਇਕ ਰਾਸ਼ਟਰ ਹੈ, ਸਭ ਆਦਮ ਦੇ ਪੇੜ ਤੇ ਫ਼ਲੇ ਫੁੱਲੇ ਹਨ ਤੇ ਆਦਮ ਹੀ ਇਸ ਪੇੜ ਦੀ ਜੜ੍ਹ ਹੈ । ਪੇੜ ਇਕੋ ਹੀ ਹੈ ਅਤੇ ਇਹ ਸਭ ਰਾਸ਼ਟਰ ਉਸ ਦੀਆਂ ਟਹਿਣੀਆਂ ਦੇ ਬਰਾਬਰ ਹਨ ਜਦ ਕਿ ਮਨੁੱਖਤਾ ਦੇ ਮਨੁੱਖ ਇਸ ਦੇ ਪੱਤਿਆਂ, ਫੁੱਲਾਂ ਤੇ ਫਲਾਂ ਦੇ ਸਮਾਨ ਹਨ, ਤਦ ਫਿਰ ਵੱਖ ਰਾਸ਼ਟਰਾਂ ਦੀ ਸਥਾਪਨਾ, ਉਸ ਦੇ ਨਤੀਜੇ ਸਵਰੂਪ ਖ਼ੂਨ ਤੇ ਮਾਨਵਤਾ ਦੇ ਭਵਨ ਦੇ ਵਿਨਾਸ਼, ਮਾਨਵ ਅਗਿਆਨ ਤੇ ਸਵਾਰਥਾਂ ਦੇ ਕਾਰਨ ਹੀ ਹੁੰਦੇ ਹਨ ।"
>
> "ਜਿਥੇ ਤਕ ਦੇਸ਼ ਭਗਤੀ ਦੇ ਪੱਖਪਾਤ ਦਾ ਸਬੰਧ ਹੈ, ਇਹ ਵੀ ਅਗਿਆਨਤਾ ਦੇ ਕਾਰਨ ਹੈ ਕਿਉਂਕਿ ਸਾਰੀ ਧਰਤੀ ਇਕ ਦੇਸ਼ ਹੀ ਹੈ । ਕੋਈ ਵੀ ਆਦਮੀ ਸੰਸਾਰ ਦੇ ਕਿਸੇ ਵੀ ਹਿਸੇ ਵਿਚ ਰਹਿ ਸਕਦਾ ਹੈ । ਇਸ ਲਈ ਸਾਰਾ ਸੰਸਾਰ ਮਨੁੱਖ ਦੀ ਜਨਮ ਭੂਮੀ ਹੈ । ਇਹ ਹੱਦਾਂ ਤੇ ਨਿਕਾਸ ਰਸਤੇ ਮਨੁਖ ਦਵਾਰਾ ਬਣਾਏ ਗਏ ਹਨ । ਸ੍ਰਿਸ਼ਟੀ

> ਦੀ ਰਚਨਾ ਸਮੇਂ ਇਹ ਹੱਦਾਂ ਤੇ ਨਿਕਾਸ ਮਾਰਗ ਨਹੀਂ ਸਨ । ਯੂਰਪ ਇਕ ਮਹਾਦੀਪ ਹੈ, ਏਸ਼ੀਆ ਇਕ ਮਹਾਦੀਪ ਹੈ, ਅਫਰੀਕਾ ਇਕ ਮਹਾਦੀਪ ਹੈ, ਆਸਟਰੇਲੀਆ ਇਕ ਮਹਾਦੀਪ ਹੈ, ਪਰ ਕੁਛ ਲੋਕਾਂ ਨੇ ਆਪਣੇ ਨਿਜੀ ਸਵਾਰਥ ਕਾਰਨ ਇਨ੍ਹਾਂ ਸਭ ਮਹਾਦੀਪਾਂ ਨੂੰ ਵੰਡ ਦਿਤਾ ਹੈ ਤੇ ਉਸ ਦੇ ਖਾਸ ਹਿੱਸੇ ਨੂੰ ਆਪਣਾ ਦੇਸ਼ ਸਮਝਿਆ ਹੈ । ਪ੍ਰਮਾਤਮਾ ਨੇ ਫਰਾਂਸ ਤੇ ਜਰਮਨੀ ਵਿਚ ਕੋਈ ਹੱਦ ਨਹੀਂ ਬੰਨ੍ਹੀ; ਉਹ ਇਕ ਹੀ ਹਨ । ਤਾਂ ਵੀ ਸ਼ਤਾਬਦੀਆਂ ਪਹਿਲੇ ਸਵਾਰਥੀ ਲੋਕਾਂ ਨੇ ਆਪਣੇ ਸਵਾਰਥ ਨੂੰ ਪੂਰਾ ਕਰਨ ਲਈ ਹੱਦਾਂ ਤੇ ਨਿਕਾਸ ਰਸਤੇ ਬਣਾ ਦਿਤੇ ਅਤੇ ਦਿਨ-ਬਦਿਨ ਇਸ ਨੂੰ ਮਹਾਨਤਾ ਦਿਤੀ, ਇਥੋਂ ਤਕ ਕਿ ਬਾਦ ਦੀਆਂ ਸਦੀਆਂ ਵਿਚ ਇਹ ਵੈਰ, ਕਤਲੇਆਮ ਤੇ ਲੁਟਮਾਰ ਦਾ ਕਾਰਨ ਸਾਬਤ ਹੋਈਆਂ । ਇਸੇ ਤਰ੍ਹਾਂ ਇਹ ਅਣਮਿਥੇ ਸਮੇਂ ਤਕ ਬਣੀਆਂ ਰਹਿਣਗੀਆਂ ਅਤੇ ਦੇਸ਼ ਭਗਤੀ ਦੀ ਇਹ ਕਲਪਨਾ ਕਿਸੇ ਖਾਸ ਖੇਤਰ ਤਕ ਸੀਮਿਤ ਰਹੀ ਤਾਂ ਇਹ ਸੰਸਾਰ ਦੇ ਵਿਨਾਸ਼ ਦਾ ਮੂਲ ਕਾਰਨ ਹੋਣਗੀਆਂ । ਕੋਈ ਵੀ ਨਿਆਂਸ਼ੀਲ ਆਦਮੀ ਇਨ੍ਹਾਂ ਕਾਲਪਨਿਕ ਖਾਸੀਅਤਾਵਾਂ ਨੂੰ ਪਰਵਾਨ ਨਹੀਂ ਕਰੇਗਾ । ਹਰ ਸੀਮਿਤ ਖੇਤਰ ਜਿਸ ਨੂੰ ਅਸੀਂ ਆਪਣਾ ਦੇਸ਼ ਕਹਿੰਦੇ ਹਾਂ, ਉਸ ਨੂੰ ਆਪਣੀ ਮਾਤ੍ਰਭੂਮੀ ਸਮਝਦੇ ਹਾਂ, ਜਦੋਂ ਕਿ ਸਾਰਾ ਸੰਸਾਰ ਸਭ ਦੀ ਮਾਤ੍ਰਭੂਮੀ ਹੈ, ਕੋਈ ਸੀਮਿਤ ਖੇਤਰ ਨਹੀਂ । ਥੋੜੇ ਸ਼ਬਦਾਂ ਵਿਚ, ਕੁਛ ਦਿਨਾਂ ਵਾਸਤੇ ਇਸ ਧਰਤੀ ਤੇ ਜੀਂਦੇ ਰਹਿੰਦੇ ਹਾਂ ਅਤੇ ਅਖੀਰ ਵਿਚ ਇਸੇ ਵਿਚ ਦਬਾ ਦਿਤੇ ਜਾਂਦੇ ਹਾਂ, ਇਹ ਸਾਡੀ ਅਨੰਤ ਕਬਰ ਹੈ । ਕੀ ਇਹ ਠੀਕ ਹੈ ਕਿ ਅਨੰਤ ਕਬਰ ਲਈ ਖ਼ੂਨ ਕਰੀਏ ਅਤੇ ਇਕ ਦੂਜੇ ਦੇ ਟਕੜੇ ਕਰ ਦੇਈਏ ? ਨਹੀਂ ! ਇਸ ਦੇ ਉਲਟ ਨਾ ਤਾਂ ਰੱਬ ਐਸੇ ਆਚਰਣ ਤੋਂ ਖ਼ੁਸ਼ ਹੁੰਦਾ ਹੈ ਤੇ ਨਾ ਹੀ ਕੋਈ ਸਿਆਣਾ ਆਦਮੀ ਇਸ ਦੀ ਪ੍ਰਵਾਨਗੀ ਦੇਂਦਾ ਹੈ ।"

"ਵਿਚਾਰ ਕਰੋ ! ਪਵਿੱਤਰ ਪਸ਼ੂ ਦੇਸ਼ ਭਗਤੀ ਦੇ ਝਗੜਿਆਂ ਵਿਚ ਨਹੀਂ ਉਲਝਦੇ । ਉਹ ਇਕ ਦੂਜੇ ਦੇ ਪਰਮ ਮਿੱਤਰ ਹਨ ਤੇ ਮਿਲਜੁਲ ਕੇ ਰਹਿੰਦੇ

ਹਨ। ਉਦਾਹਰਣ ਦੇ ਤੌਰ ਤੇ ਜੇ ਸੰਜੋਗਵਸ ਇੱਕ ਫ਼ਾਖ਼ਤਾ ਪੂਰਬ ਤੋਂ, ਇਕ ਪੱਛਮ ਤੋਂ, ਇਕ ਉੱਤਰ ਵਲੋਂ ਤੇ ਇਕ ਦੱਖਣ ਵਲੋਂ ਆ ਕੇ ਇਕ ਜਗ੍ਹਾ ਤੇ ਪਹੁੰਚਣ ਤਾਂ ਜਲਦੀ ਹੀ ਘੁਲਮਿਲ ਜਾਂਦੇ ਹਨ, ਦੂਜੇ ਸਭ ਜਾਨਵਰਾਂ ਤੇ ਪੰਛੀਆਂ ਵਿਚ ਇੰਝ ਹੀ ਹੁੰਦਾ ਹੈ। ਪਰ ਭਿਅੰਕਰ ਜਾਨਵਰ ਜਦੋਂ ਹੀ ਇਕ ਦੂਜੇ ਦੇ ਸਾਹਮਣੇ ਆਉਂਦੇ ਹਨ ਤਾਂ ਹਮਲਾ ਕਰ ਦੇਂਦੇ ਹਨ, ਲੜਦੇ ਹਨ, ਇਕ ਦੂਜੇ ਦੇ ਟੋਟੇ ਕਰ ਦੇਂਦੇ ਹਨ ਅਤੇ ਉਨ੍ਹਾਂ ਵਾਸਤੇ ਇਕ ਜਗ੍ਹਾ ਤੇ ਸ਼ਾਂਤੀ ਨਾਲ ਰਹਿਣਾ ਅਸੰਭਵ ਹੈ। ਉਹ ਸਭ ਅਸਮਾਜਿਕ, ਭਿਅੰਕਰ ਤੇ ਝਗੜਾਲੂ ਹਨ।'[੧]

ਸੰਪਤੀ ਤੇ ਗਰੀਬੀ ਦੀ ਜ਼ਿਆਦਤੀ ਦਾ ਅੰਤ :

ਭਗਵਾਨ ਬਹਾਉੱਲਾਹ ਸਾਨੂੰ ਦਸਦੇ ਹਨ ਕਿ ਉਹ ਸਭ ਸੰਸਾਰਿਕ ਚੀਜ਼ਾਂ ਤੋਂ ਜ਼ਿਆਦਾ ਮਹੱਤਵ ਨਿਆਂ ਨੂੰ ਦੇਂਦੇ ਹਨ।

"ਐ ਆਤਮਾ ਪੁੱਤਰ ! ਮੇਰੀ ਨਜ਼ਰ ਵਿਚ ਸਭ ਤੋਂ ਪਿਆਰੀ ਚੀਜ਼ ਨਿਆਂ ਹੈ, ਜੇ ਤੂੰ ਮੇਰੀ ਕਾਮਨਾ ਕਰਦਾ ਹੈਂ ਤਾਂ ਉਸ ਤੋਂ ਬੇਮੁਖ ਨਾ ਹੋ।"

ਅਬਦੁਲਬਹਾ ਕਹਿੰਦੇ ਹਨ ;

"ਬਹਾਉੱਲਾਹ ਦੀਆਂ ਅਤੀ ਮਹੱਤਵਪੂਰਣ ਸਿਖਿਆਵਾਂ ਵਿਚੋਂ ਇਕ ਇਹ ਹੈ—

"ਹਰ ਮਨੁਖ ਦਾ ਦੈਨਿਕ ਭੋਜਨ ਤੇ ਸਿੱਧਾ ਅਧਿਕਾਰ ਹੈ, ਜਿਸ ਦਵਾਰਾ ਉਹ ਜੀਂਦੇ ਰਹਿੰਦੇ ਹਨ ਅਤੇ ਜੀਵਨ ਦੇ ਸਾਧਨਾਂ ਦੀ ਇਕ-ਰੂਪਤਾ ਹੋਣਾ।"

"ਲੋਕਾਂ ਦੇ ਹਾਲਾਤ ਦੀ ਐਸੀ ਵਿਵਸਥਾ ਜ਼ਰੂਰ ਹੀ ਐਸੀ ਹੋਵੇ ਕਿ ਦਲਿੱਦ੍ਰਤਾ ਦੂਰ ਹੋ ਜਾਵੇ ਕਿ ਹਰ ਆਦਮੀ ਆਪਣੀ ਸ਼ੇ੍ਣੀ ਤੇ ਪਦਵੀ ਅਨੁਸਾਰ ਸੁੱਖ ਵਿਚ ਹਿੱਸੇਦਾਰ ਬਣੇ।"

ਅਸੀਂ ਆਪਣੇ ਵਿਚ ਉਨ੍ਹਾਂ ਸਭ ਲੋਕਾਂ ਨੂੰ ਦੇਖਦੇ ਹਾਂ ਜੋ ਦੌਲਤ ਦੇ ਭਾਰ ਨਾਲ ਦਬੇ ਹੋਏ ਹਨ ਤੇ ਨਾਲ ਹੀ ਉਨ੍ਹਾਂ ਨੂੰ ਜੋ ਬਿਨਾਂ ਕਿਸੇ ਆਧਾਰ ਭੁਖ ਨਾਲ ਤੜਪਦੇ ਹਨ, ਉਹ ਜਿਨ੍ਹਾਂ ਦੇ ਕੋਲ ਬਹੁਤ ਸਾਰੇ ਰਾਜ ਮਹੱਲ ਹਨ ਤੇ ਉਹ

ਜਿਨ੍ਹਾਂ ਕੋਲ ਸਿਰ ਛੁਪਾਣ ਵਾਸਤੇ ਜਗ੍ਹਾ ਨਹੀਂ। ਕੁੱਝ ਲੋਕ ਇਹੋ ਜਿਹੇ ਹਨ ਜਿਨ੍ਹਾਂ ਕੋਲ ਤਰ੍ਹਾਂ ਤਰ੍ਹਾਂ ਦੇ ਸਵਾਦੀ ਭੋਜਨ ਖਾਣ ਲਈ ਹਨ ਜਦੋਂ ਕਿ ਦੂਜਿਆਂ ਨੂੰ ਜੀਂਦੇ ਰਹਿਣ ਵਾਸਤੇ ਰੋਟੀ ਵੀ ਨਹੀਂ ਮਿਲਦੀ। ਕੁੱਝ ਆਦਮੀ ਮਖਮਲੀ ਸਮੂਰੀ ਤੇ ਉੱਤਮ ਕਪੜੇ ਪਹਿਨਦੇ ਹਨ ਜਦੋਂ ਕਿ ਦੂਜਿਆਂ ਕੋਲ ਆਪਣੇ ਆਪ ਨੂੰ ਸਰਦੀ ਤੋਂ ਬਚਾਣ ਵਾਸਤੇ ਘਟੀਆ ਤੇ ਸਾਦਾ ਕਪੜੇ ਵੀ ਮੁਸ਼ਕਿਲ ਨਾਲ ਹੁੰਦੇ ਹਨ।

ਇਹ ਹਾਲਤ ਠੀਕ ਨਹੀਂ ਤੇ ਜ਼ਰੂਰ ਹੀ ਸੁਧਾਰੀ ਜਾਣੀ ਚਾਹੀਦੀ ਹੈ।

"ਨਿਸ਼ਚਿਤ ਰੂਪ ਨਾਲ ਕੁੱਛ ਆਦਮੀਆਂ ਦੇ ਅਤੀ ਧਨੀ ਤੇ ਦੂਜਿਆਂ ਦੇ ਅਤੀ ਗਰੀਬ ਹੋਣ ਦੇ ਕਾਰਨ, ਇਕ ਐਸੀ ਸੰਸਥਾ ਦੀ ਜ਼ਰੂਰਤ ਹੈ ਜੋ ਇਨ੍ਹਾਂ ਹਾਲਤਾਂ ਤੇ ਕਾਬੂ ਪਾ ਸਕੇ। ਧਨ ਨੂੰ ਸੀਮਿਤ ਕਰਨਾ ਉਤਨਾ ਹੀ ਜ਼ਰੂਰੀ ਹੈ ਜਿੰਨਾ ਕਿ ਗਰੀਬੀ ਨੂੰ ਰੋਕਣਾ। ਇਨ੍ਹਾਂ ਵਿਚੋਂ ਕਿਸੇ ਦੀ ਬਹੁਤਤਾ ਚੰਗੀ ਨਹੀਂ।"

".....ਜਦੋਂ ਅਸੀਂ ਦੇਖਦੇ ਹਾਂ ਕਿ ਗਰੀਬੀ ਨੂੰ ਭੁਖਮਰੀ ਦੀ ਸੀਮਾ ਤਕ ਵਧਣ ਦਿਤਾ ਜਾ ਰਿਹਾ ਹੈ ਤਾਂ ਨਿਸਚਿਤ ਹੀ ਇਸ ਗੱਲ ਦਾ ਪ੍ਰਤੀਕ ਹੈ ਕਿ ਸਾਨੂੰ ਅਤਿਆਚਾਰ ਸਹਿਣਾ ਪਵੇਗਾ। ਇਸ ਵਿਸ਼ੇ ਵਿਚ ਲੋਕ ਜ਼ਰੂਰ ਹੀ ਕੁੱਛ ਨਾ ਕੁੱਛ ਉੱਦਮ ਕਰਨ ਵਿਚ ਦੇਰ ਨਾ ਕਰਨ ਨਹੀਂ ਤਾਂ ਬਹੁਤ ਸਾਰੇ ਲੋਕਾਂ ਨੂੰ ਅਤੀ ਗਰੀਬੀ ਦੀ ਚੱਕੀ ਵਿਚ ਪੀਸ ਦਿਤਾ ਜਾਵੇਗਾ.....।"

ਇਕ ਸੰਤੁਲਿਤ ਸਮਾਜ ਦੇ ਨਿਰਮਾਣ ਹੇਤੂ, ਜਿਸ ਵਿਚ ਧਨ ਜਾਂ ਗਰੀਬੀ ਦਾ ਫਰਕ ਜ਼ਿਆਦਾ ਨਾ ਹੋਵੇ, ਬਹਾਈ ਧਰਮ ਵਿਚ ਬਹੁਤ ਸਾਰੇ ਅਦਭੁਤ ਕਾਨੂੰਨ ਤੇ ਸਿਖਿਆਵਾਂ ਹਨ। ਸੰਸਾਰ ਦੀਆਂ ਸਰਕਾਰਾਂ ਨੂੰ ਜ਼ਰੂਰ ਹੀ ਇਨ੍ਹਾਂ ਨੇਮਾਂ ਨੂੰ ਇਸਤੇਮਾਲ ਵਿਚ ਲਿਆਣਾ ਚਾਹੀਦਾ ਹੈ, ਪਰ ਵਰਤਮਾਨ ਉਲਝਨਾਂ ਦਾ ਮੌਲਿਕ ਹਲ ਮਨੁੱਖ ਤੇ ਹੀ ਨਿਰਭਰ ਹੈ। ਬਹਾਈਆਂ ਨੂੰ ਭੌਤਿਕ ਤੇ ਅਧਿਆਤਮਕ ਉਨਤੀ ਹੇਤੂ ਹਰ ਪ੍ਰਕਾਰ ਦਾ ਯਤਨ ਕਰਨ ਲਈ ਹੌਸਲਾ ਦਿਤਾ ਜਾਂਦਾ ਹੈ, ਪਰ

ਉਨ੍ਹਾਂ ਨੂੰ ਬਹਾਉੱਲਾਹ ਦੇ ਇਨ੍ਹਾਂ ਸ਼ਬਦਾਂ ਨੂੰ ਕਦੀ ਭੁਲਣਾ ਨਹੀਂ ਚਾਹੀਦਾ।

"ਧਨ ਦਾ ਸਾਰ ਮੇਰੇ ਵਲ ਪਰੇਮ ਹੈ। ਜੋ ਕੋਈ ਵੀ ਮੇਰੇ ਨਾਲ ਪਰੇਮ ਕਰਦਾ ਹੈ ਉਸ ਨੂੰ ਸਭ ਚੀਜ਼ਾਂ ਪ੍ਰਾਪਤ ਹਨ ਅਤੇ ਉਹ ਜੋ ਮੈਨੂੰ ਪਰੇਮ ਨਹੀਂ ਕਰਦਾ ਨਿਰਸੰਦੇਹ ਗਰੀਬ ਤੇ ਹਾਜਤਮੰਦ ਹੈ।"

ਇਸ ਲਈ ਕਿਸੇ ਬਹਾਈ ਦੇ ਲਈ ਸੱਚਾ ਧਨ ਉਸ ਦੇ ਦਿਲ ਵਿਚ ਪ੍ਰਭੂ ਪਰੇਮ ਦਾ ਹੋਣਾ ਹੈ। ਜਦੋਂ ਕੋਈ ਇਸ ਮਹਾਨ ਖਜ਼ਾਨੇ ਨੂੰ ਪਾ ਲੈਂਦਾ ਹੈ ਤਾਂ ਇਸ ਨੂੰ ਕੋਈ ਖੋਹ ਨਹੀਂ ਸਕਦਾ ਤਾਂ ਉਸ ਦੀ ਨਜ਼ਰ ਵਿਚ ਭੌਤਿਕ ਸੰਪਤੀ ਦਾ ਕੋਈ ਜ਼ਿਆਦਾ ਮੁੱਲ ਨਹੀਂ ਹੋਵੇਗਾ ਤੇ ਬਾਹਰੀ ਗਰੀਬੀ ਉਸ ਦੇ ਦੁੱਖ ਦਾ ਕਾਰਨ ਨਹੀਂ ਬਣ ਸਕੇਗੀ। ਭਗਵਾਨ ਬਹਾਉੱਲਾਹ ਕਹਿੰਦੇ ਹਨ :

"ਐ ਮੇਰੇ ਦਾਸੀ ਪੁੱਤਰ ! ਗਰੀਬੀ ਵਿਚ ਦੁਖੀ ਨਾ ਹੋ ਤੇ ਨਾ ਹੀ ਧਨ ਵਿਚ ਵਿਸ਼ਵਾਸ ਰਖ ਕਿਉਂਕਿ ਗਰੀਬੀ ਦੇ ਬਾਦ ਅਮੀਰੀ ਆਉਂਦੀ ਹੈ ਤੇ ਅਮੀਰੀ ਦੇ ਬਾਦ ਗਰੀਬੀ ਆਉਂਦੀ ਹੈ.....।"

ਇਕ ਵਾਰ ਜਦੋਂ ਸਾਡੇ ਮਨ ਸੰਸਾਰਿਕ ਸੰਪਤੀਆਂ ਤੋਂ ਬੇਮੁਖ ਹੋ ਜਾਂਦੇ ਹਨ ਤਾਂ ਸਾਡੇ ਲਈ ਆਪਣੀ ਸੰਪਤੀ ਵਿਚ ਉਨ੍ਹਾਂ ਲੋਕਾਂ ਨੂੰ ਹਿੱਸੇਦਾਰ ਬਣਾਉਣਾ ਆਸਾਨ ਹੋ ਜਾਂਦਾ ਹੈ ਜੋ ਜ਼ਰੂਰਤਮੰਦ ਹਨ ਤੇ ਬਹਾਉੱਲਾਹ ਆਪਣੇ ਚੇਲਿਆਂ ਤੋਂ ਇਸੇ ਚੀਜ਼ ਦੀ ਉਮੀਦ ਰਖਦੇ ਹਨ। ਅਬਦੁਲਬਹਾ ਦੇ ਇਕ ਸ਼ਲੋਕ ਵਿਚ ਅਸੀਂ ਪੜ੍ਹਦੇ ਹਾਂ :

"ਬਹਾਉੱਲਾਹ ਦੀਆਂ ਸਿਖਿਆਵਾਂ ਵਿਚ ਇਕ ਸਿਖਿਆ ਕਿਸੇ ਆਦਮੀ ਦਾ ਦੂਜੇ ਨੂੰ ਸਵੈ-ਇੱਛਾ ਨਾਲ ਆਪਣੀ ਜਾਇਦਾਦ ਦਾ ਹਿੱਸੇਦਾਰ ਬਣਾਉਣਾ ਹੈ। ਸੰਪਤੀ ਵਿਚ ਇਹ ਸਵੈ-ਇੱਛਕ ਹਿੱਸੇਦਾਰ ਸਮਤਾ ਤੋਂ ਕਿਤੇ ਵਧ ਕੇ ਹੈ ਤੇ ਇਸ ਵਿਚ ਇਹ ਗੱਲ ਵੀ ਸ਼ਾਮਲ ਹੈ ਕਿ ਮਨੁੱਖ ਆਪਣੇ ਆਪ ਨੂੰ ਦੂਸਰਿਆਂ ਤੋਂ ਉੱਚਤਾ ਨਾ ਦੇਵੇ ਬਲਕਿ ਆਪਣੇ ਜੀਵਨ ਤੇ ਸੰਪਤੀ ਨੂੰ ਦੂਸਰਿਆਂ ਦੇ ਹਿਤ

ਵਾਸਤੇ ਕੁਰਬਾਨ ਕਰ ਦੇਵੇ। ਪਰੰਤੂ ਜ਼ੋਰੀਂ ਤੇ ਇਸ ਤਰ੍ਹਾਂ ਨਾ ਕੀਤਾ ਜਾਵੇ ਤਾਂ ਜੋ ਇਹ ਐਸਾ ਕਾਨੂੰਨ ਨਾ ਬਣ ਜਾਵੇ, ਜਿਸ ਤੇ ਚਲਣ ਵਾਸਤੇ ਕੋਈ ਆਦਮੀ ਬੰਨ੍ਹਿਆ ਨਾ ਹੋਵੇ। ਨਹੀਂ, ਬਲਕਿ ਐਸਾ ਹੋਵੇ ਕਿ ਲੋਕ ਖੁਦ ਆਪਣਾ ਜੀਵਨ ਤੇ ਧਨ ਖੁਸ਼ੀ ਨਾਲ ਦੂਜਿਆਂ ਤੇ ਨਿਛਾਵਰ ਕਰਨ ਤੇ ਗਰੀਬਾਂ ਲਈ ਆਪਣੀ ਇੱਛਾ ਨਾਲ ਖਰਚ ਕਰਨ ਜਿਸ ਤਰ੍ਹਾਂ ਕਿ ਈਰਾਨ ਦੇ ਬਹਾਈਆਂ ਵਿਚ ਹੁੰਦਾ ਹੈ।"

ਕੋਈ ਆਦਮੀ ਕਿੰਨਾ ਹੀ ਗਰੀਬ ਹੋਵੇ, ਫਿਰ ਵੀ ਉਸ ਨੂੰ ਆਪਣੇ ਤੋਂ ਜ਼ਿਆਦਾ ਗਰੀਬ ਮਿਲ ਜਾਣਗੇ ਜਿਨ੍ਹਾਂ ਨਾਲ ਉਹ ਆਪਣੀ ਥੋੜੀ ਜਿਹੀ ਪੂੰਜੀ ਵੰਡ ਸਕਦਾ ਹੈ। ਭਗਵਾਨ ਬਹਾਉੱਲਾਹ ਅਮੀਰਾਂ ਨੂੰ ਕਹਿੰਦੇ ਹਨ :

"ਐ ਧਰਤੀ ਦੇ ਅਮੀਰੋ ! ਤੁਹਾਡੇ ਵਿਚ ਜੋ ਗਰੀਬ ਹਨ ਉਹ ਮੇਰੀ ਧਰੋਹਰ ਹਨ, ਤੁਸੀਂ ਮੇਰੀ ਧਰੋਹਰ ਦੀ ਰਖਿਆ ਕਰੋ ਤੇ ਕੇਵਲ ਆਪਣੇ ਸੁੱਖਾਂ ਦਾ ਧਿਆਨ ਹੀ ਨਾ ਕਰੋ।"

ਫਿਰ ਉਹ ਚੇਤਾਵਨੀ ਦੇਂਦੇ ਹਨ ਕਿ ਜ਼ਰੂਰਤਮੰਦਾਂ ਨੂੰ ਭੁਲਾਇਆ ਨਾ ਜਾਵੇ ਕਿਉਂਕਿ ਜੇ ਸਵਾਰਥੀ ਬਣਨਗੇ ਤਾਂ ਸਜ਼ਾ ਦੇ ਭੋਗੀ ਹੋਣਗੇ ;

"ਐ ਧੂੜ ਦੇ ਬੱਚਿਓ ! ਅਮੀਰਾਂ ਤੇ ਗਰੀਬਾਂ ਦੇ ਅੰਧਰਾਤੀ ਦੇ ਸਮੇਂ ਦੀ ਵਿਸ਼ਵਾਸ ਦੇ ਬਾਰੇ ਜਾਣਕਾਰੀ ਕਰਾਓ, ਤਾਂ ਜੋ ਐਸਾ ਨਾ ਹੋਵੇ ਕਿ ਅਸਾਵਧਾਨੀ ਉਨ੍ਹਾਂ ਨੂੰ ਵਿਨਾਸ਼-ਮਾਰਗ ਤੇ ਘਸੀਟ ਕੇ ਲੈ ਜਾਵੇ ਅਤੇ ਉਨ੍ਹਾਂ ਨੂੰ ਧਨ ਦੇ ਪੇੜ ਤੋਂ ਵੰਚਿਤ ਨਾ ਕਰ ਦੇਵੇ। ਦਾਨ ਦੇਣਾ ਤੇ ਉਦਾਰ ਹੋਣਾ ਮੇਰੇ ਗੁਣ ਹਨ, ਉਸ ਦੇ ਵਾਸਤੇ ਇਹ ਉੱਤਮ ਹੈ ਜੋ ਆਪਣੇ ਆਪ ਨੂੰ ਮੇਰੇ ਸਦਗੁਣਾਂ ਨਾਲ ਰੋਸ਼ਨ ਕਰਦਾ ਹੈ।"

ਜੇ ਬਹਾਉੱਲਾਹ ਅਮੀਰਾਂ ਨੂੰ ਦਾਨ ਕਰਨ ਦੀ ਆਗਿਆ ਦੇਂਦੇ ਹਨ ਤਾਂ ਉਹ ਗਰੀਬਾਂ ਨੂੰ ਮੰਗਣ ਦੀ ਮਨਾਹੀ ਕਰਦੇ ਹਨ। ਉਹ ਕਹਿੰਦੇ ਹਨ ਕਿ

ਜ਼ਰੂਰ ਹੀ ਸਰਵ ਸ਼ਕਤੀਮਾਨ ਵਿਚ ਵਿਸ਼ਵਾਸ ਰਖੋ। ਆਖ਼ਣੀ ਰੋਜ਼ੀ ਕਮਾਣ ਦੀ ਪੂਰੀ ਕੋਸ਼ਿਸ਼ ਕਰੋ। ਹਰ ਆਦਮੀ ਨੂੰ "ਇਸ ਸੰਸਾਰ ਵਿਚ ਆਪਣੇ ਕਿੱਤੇ ਤੇ ਮਕਸਦ ਵਿਚ ਮਗਨ....." ਰਹਿਣ ਦੀ ਆਗਿਆ ਦਿਤੀ ਗਈ ਹੈ।

ਸਾਨੂੰ ਜ਼ਰੂਰੀ ਹੀ ਉਨ੍ਹਾਂ ਨਾਲ ਈਰਖਾ ਨਹੀਂ ਕਰਨੀ ਚਾਹੀਦੀ ਹੈ ਜਿਨ੍ਹਾਂ ਕੋਲ ਜ਼ਿਆਦਾ ਦੌਲਤ ਹੈ, ਕਿਉਂਕਿ ਬਹਾਉੱਲਾਹ ਨੇ ਕਿਹਾ ਹੈ ;

"ਐ ਪ੍ਰਿਥਵੀ ਪੁਤਰ ! ਯਾਦ ਰਖ, ਨਿਰਸੰਦੇਹ ਜਿਸ ਦਿਲ ਵਿਚ ਤਿੱਲ ਮਾਤਰ ਈਰਖਾ ਵੀ ਬਾਕੀ ਹੈ, ਕਦੀ ਵੀ ਮੇਰੇ ਅਨੰਦ ਪ੍ਰਦੇਸ਼ ਵਿਚ ਦਾਖਲ ਨਹੀਂ ਹੋ ਸਕੇਗਾ ਤੇ ਨਾ ਹੀ ਪਵਿਤ੍ਰਤਾ ਦੇ ਮੇਰੇ ਰਾਜ ਵਿਚ ਪਵਿਤਰ ਸ਼ਾਹਾਂ ਦੇ ਮਿੱਠੇ ਸਵਾਦ ਨੂੰ ਗ੍ਰਹਿਣ ਕਰ ਸਕੇਗਾ।"

ਅਤੇ ਫ਼ਿਰ ;

"ਐ ਮੇਰੇ ਸੇਵਕ ! ਆਪਣੇ ਦਿਲ ਨੂੰ ਘਿਰਣਾ ਤੋਂ ਸ਼ੁਧ ਕਰ ਤੇ ਈਰਖਾ ਤੋਂ ਮੁਕਤ ਹੋ ਕੇ ਪਵਿਤ੍ਰਤਾ ਦੇ ਦੈਵੀ ਦਰਬਾਰ ਵਿਚ ਦਾਖਲ ਹੋ।"

ਸਾਨੂੰ ਜ਼ਰੂਰ ਹੀ ਇਹ ਜਾਣ ਲੈਣਾ ਚਾਹੀਦਾ ਹੈ ਕਿ ਦੌਲਤ ਆਦਿ ਖੁਦ ਕੋਈ ਗੁਣ ਨਹੀਂ। ਇਹ ਇਕ ਖਤਰਨਾਕ ਚੀਜ਼ ਬਣ ਸਕਦੀ ਹੈ। ਬਹਾਉੱਲਾਹ ਕਹਿੰਦੇ ਹਨ ਕਿ ਪ੍ਰਮਾਤਮਾ ਸੋਨੇ ਦਵਾਰਾ ਆਦਮੀ ਦੀ ਪ੍ਰੀਖਿਆ ਕਰਦਾ ਹੈ ਜਿਸ ਤਰ੍ਹਾਂ ਅੱਗ ਦਵਾਰਾ ਸੋਨੇ ਦੀ ਪ੍ਰੀਖਿਆ ਕੀਤੀ ਜਾਂਦੀ ਹੈ। ਉਹ ਇਹ ਵੀ ਕਹਿੰਦੇ ਹਨ ;

"ਅਸਲ ਵਿਚ ਤੁਸੀਂ ਜਾਣ ਲਵੋ ਕਿ ਧਨ ਦੌਲਤ ਖੋਜ ਕਰਤਾ ਤੇ ਉਸ ਦੀ ਇੱਛਾ, ਪਰੇਮੀ ਤੇ ਉਸ ਦੇ ਪ੍ਰੀਤਮ ਦੇ ਵਿਚਕਾਰ ਇਕ ਪੱਕੀ ਰੁਕਾਵਟ ਹੈ। ਕੁਝ ਲੋਕ ਛੱਡ, ਬਾਕੀ ਅਮੀਰ ਲੋਕ ਕਦੀ ਵੀ ਰੱਬ ਨੂੰ ਨਹੀਂ ਪਾ ਸਕਣਗੇ ਤੇ ਨਾ ਹੀ ਸੰਤੋਖ ਤੇ ਤਿਆਗ ਦੇ ਨਗਰ ਵਿਚ ਪਰਵੇਸ਼ ਪਾ ਸਕਣਗੇ ਤਾਂ ਫਿਰ ਉਸ ਦੇ ਵਾਸਤੇ ਇਹ ਉੱਤਮ ਹੈ, ਜੋ ਅਮੀਰ ਹੁੰਦੇ ਹੋਏ ਵੀ ਅਨੰਤ ਰਾਜ ਦੇ ਰਸਤੇ ਵਿਚ ਧਨ ਨੂੰ

ਰੁਕਾਵਟ ਨਹੀਂ ਬਣਨ ਦੇਂਦਾ ਤੇ ਨਾ ਹੀ ਉਸ ਦੇ ਕਾਰਣ ਅਵਿਨਾਸ਼ੀ ਪ੍ਰਦੇਸ਼ ਤੋਂ ਵੰਚਿਤ ਰਖਦਾ ਹੈ। ਸਰਵਉੱਚ ਨਾਮ ਦੀ ਸੌਹ ! ਐਸੇ ਅਮੀਰ ਆਦਮੀ ਦੀ ਮਹਾਨਤਾ ਸਵਰਗ, ਦੇ ਨਿਵਾਸੀਆਂ ਨੂੰ ਵੀ ਉਸ ਪ੍ਰਕਾਰ ਯੁਕਤ ਕਰ ਦੇਵੇਗੀ, ਜਿਸ ਪਰਕਾਰ ਸੂਰਜ ਧਰਤੀ ਤੇ ਰਹਿਣ ਵਾਲੇ ਲੋਕਾਂ ਨੂੰ ਰੋਸ਼ਨੀਯੁਕਤ ਕਰ ਦੇਂਦਾ ਹੈ।"

ਇਸ ਲਈ ਸਾਡੇ ਜੀਵਨ ਦਾ ਉਦੇਸ਼ ਇਸ ਸੰਸਾਰ ਵਿਚ ਅਲਪ ਸੁਖ ਦਾ ਆਨੰਦ ਉਠਾਣ ਲਈ ਧਨ ਜੋੜਨਾ ਨਹੀਂ ਹੋਣਾ ਚਾਹੀਦਾ। ਭੌਤਿਕ ਸੰਪਤੀਆਂ ਸਾਡੇ ਵਾਸਤੇ ਕੇਵਲ ਉਸ ਸਮੇਂ ਲਾਭਦਾਇਕ ਹੋ ਸਕਦੀਆਂ ਹਨ ਜਦੋਂ ਅਸੀਂ ਅਧਿਆਤਮਕ ਸੰਪਤੀ ਪ੍ਰਾਪਤ ਕਰ ਲਈਏ ਅਤੇ ਆਪਣੇ ਆਪ ਤੇ ਇਸ ਸੰਸਾਰ ਵਿਚ ਆਪਣੇ ਜੀਵਨ ਦੇ ਮਕਸਦ ਨੂੰ ਜਾਣ ਲਈਏ।

ਭਗਵਾਨ ਬਹਾਉੱਲਾਹ ਨੇ ਲਿਖਿਆ ਹੈ :

"ਮਨੁੱਖ ਨੂੰ ਖੁਦ ਆਪਣੇ ਆਪ ਨੂੰ ਜਾਣਨਾ ਚਾਹੀਦਾ ਹੈ ਤੇ ਉਨ੍ਹਾਂ ਸਭ ਚੀਜ਼ਾਂ ਨੂੰ ਪਹਿਚਾਨਣਾ ਚਾਹੀਦਾ ਹੈ ਜੋ ਉਸ ਨੂੰ ਉਚਾਈ ਯਾਂ ਗਿਰਾਵਟ ਦੇ ਵਲ, ਅਪਮਾਨ ਯਾ ਮਾਣ ਦੇ ਵਲ ਲੈ ਜਾਂਦੀਆਂ ਹਨ। ਜਦੋਂ ਮਨੁਖ ਖੁਦ ਨੂੰ ਜਾਣ ਲੈਂਦਾ ਹੈ ਅਤੇ ਪੱਕਾ ਹੋ ਜਾਂਦਾ ਹੈ ਤਾਂ ਉਸ ਨੂੰ ਧਨ ਦੀ ਲੋੜ ਹੁੰਦੀ ਹੈ। ਜੇ ਇਹ ਧਨ ਕਿਸੇ ਧੰਦੇ ਤੋਂ ਕਮਾਇਆ ਗਿਆ ਹੋਵੇ ਤਾਂ ਇਹ ਬੁਧੀਮਾਨ ਆਦਮੀਆਂ ਦੇ ਲਈ ਪ੍ਰਸੰਸਾਯੋਗ ਹੈ, ਖਾਸਕਰ ਉਨ੍ਹਾਂ ਸੇਵਾਦਾਰਾਂ ਲਈ ਜੋ ਸੰਸਾਰ ਨੂੰ ਸਿਖਿਆ ਦੇਣ ਲਈ ਤੇ ਦੇਸ਼ਾਂ ਦੀਆਂ ਆਤਮਾਵਾਂ ਨੂੰ ਸੋਹਣਾ ਬਨਾਉਣ ਵਾਸਤੇ ਉਠ ਖੜੇ ਹੁੰਦੇ ਹਨ।"

ਚਾਹੇ ਸਾਡੇ ਪਾਸ ਸੰਸਾਰਿਕ ਸੰਪਤੀਆਂ ਹੋਣ ਯਾ ਨਾ ਹੋਣ, ਸਾਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਜੇ ਅਸੀਂ ਆਪਣੇ ਦਿਲਾਂ ਵਿਚ ਪ੍ਰਭੂ ਪਰੇਮ ਨੂੰ ਪਰਵੇਸ਼ ਕਰਨ ਦੇਈਏ ਤਾਂ ਅਸੀਂ ਅਧਿਆਤਮਕ ਉਨਤੀ ਪ੍ਰਾਪਤ ਕਰ ਸਕਦੇ ਹਾਂ ਭਗਵਾਨ ਬਹਾਉੱਲਾਹ ਦਵਾਰਾ ਪ੍ਰਮਾਤਮਾ ਸਾਨੂੰ ਸਭ ਨੂੰ ਕਹਿੰਦਾ ਹੈ :

"ਮੈਂ ਤੁਹਾਨੂੰ ਦੌਲਤਮੰਦ ਪੈਦਾ ਕੀਤਾ, ਤੁਸੀਂ ਆਪਣੇ ਆਪ ਨੂੰ ਦਲਿੱਦਰ ਕਿਉਂ ਬਣਾਂਦੇ ਹੋ ? ਮੈਂ ਤੁਹਾਨੂੰ ਇੱਜ਼ਤਦਾਰ ਬਣਾਇਆ ਤੁਸੀਂ ਆਪਣੇ ਆਪ ਨੂੰ ਅਪਮਾਨਿਤ ਕਿਉਂ ਕਰਦੇ ਹੋ ? ਗਿਆਨ ਦੇ ਸਾਰ ਤੋਂ ਮੈਂ ਤੁਹਾਨੂੰ ਜੀਵਨ ਦਿਤਾ ਫਿਰ ਤੁਸੀਂ ਮੇਰੇ ਸਿਵਾ ਕਿਸੇ ਹੋਰ ਤੋਂ ਗਿਆਨ ਇੱਛਾ ਦੀ ਪ੍ਰਾਪਤੀ ਕਿਉਂ ਕਰਦੇ ਹੋ ? ਪਰੇਮ ਦੀ ਮਿੱਟੀ ਤੋਂ ਤੁਹਾਨੂੰ ਢਾਲਿਆ, ਫਿਰ ਤੁਸੀਂ ਕਿਸ ਤਰ੍ਹਾਂ ਕਿਸੇ ਹੋਰ ਨਾਲ ਮਗਨ ਰਹਿੰਦੇ ਹੋ ? ਆਪਣੀ ਨਜ਼ਰ ਆਪਣੇ ਆਪ ਤੇ ਪਾਵੋ ਤਾਂ ਜੋ ਤੁਸੀਂ ਮੈਨੂੰ ਸ਼ਕਤੀਸ਼ਾਲੀ ਤੇ ਬਲਵਾਨ ਨੂੰ ਆਪਣੇ ਅੰਦਰ ਖੜਾ ਵੇਖ ਸਕੋ।"

ਇਸਤ੍ਰੀ-ਪੁਰਸ਼ ਦੀ ਬਰਾਬਰੀ :

ਜੇ ਤੁਸੀਂ ਇਕ ਕਬੂਤਰ ਦੇ ਇਕ ਪਾਸੇ ਦੇ ਖੰਭ ਕੱਟ ਦਿਓ ਤਾਂ ਕਬੂਤਰ ਕਦੀ ਨਹੀਂ ਉਡ ਸਕੇਗਾ, ਚਾਹੇ ਉਸ ਦਾ ਦੂਜਾ ਪਾਸਾ ਕਿੰਨਾ ਮਜ਼ਬੂਤ ਕਿਉਂ ਨਾ ਹੋਵੇ, ਕਿਉਂਕਿ ਪੰਛੀ ਨੂੰ ਉੱਡਣ ਵਾਸਤੇ ਦੋ ਖੰਭਾਂ ਦੀ ਜ਼ਰੂਰਤ ਹੁੰਦੀ ਹੈ।

ਅਬਦੁਲਬਹਾ ਕਹਿੰਦੇ ਹਨ—

"ਮਾਨਵ ਜਾਤੀ ਇਕ ਪੰਛੀ ਦੇ ਸਮਾਨ ਹੈ ਜਿਸ ਦੇ ਦੋ ਖੰਭ ਹਨ, ਇਕ ਇਸਤ੍ਰੀ ਤੇ ਦੂਜਾ ਪੁਰਸ਼। ਜਦੋਂ ਤਕ ਦੋਨੋਂ ਖੰਭ ਮਜ਼ਬੂਤ ਨਹੀਂ ਹੋਣਗੇ ਤੇ ਇਕ ਸਾਂਝੀ ਤਾਕਤ ਦਵਾਰਾ ਹਿਲਾਏ ਨਹੀਂ ਜਾਣਗੇ ਤਦ ਤਕ ਪੰਛੀ ਆਕਾਸ਼ ਵਿਚ ਉੱਚੀ ਉਡਾਨ ਨਹੀਂ ਭਰ ਸਕੇਗਾ।"

ਦੁਬਾਰਾ ਉਹ ਕਹਿੰਦੇ ਹਨ—

"ਭਗਵਾਨ ਨੇ ਸਭ ਪ੍ਰਾਣੀਆਂ ਨੂੰ ਜੋੜਿਆਂ ਵਿਚ ਪੈਦਾ ਕੀਤਾ ਹੈ। ਮਨੁੱਖ, ਪਸ਼ੂ ਜਾਂ ਵਨਸਪਤੀ, ਇਨ੍ਹਾਂ ਤਿੰਨਾਂ ਸ੍ਰਿਸ਼ਟੀਆਂ ਦੀਆਂ ਸ਼ਭ ਚੀਜ਼ਾਂ ਦੋ ਤਰ੍ਹਾਂ ਦੇ ਲਿੰਗਾਂ ਦੀਆਂ ਹਨ ਤੇ ਉਨ੍ਹਾਂ ਵਿਚ ਪੂਰਣ ਸਮਾਨਤਾ ਹੈ।"

"ਵਨਸਪਤੀ ਸੰਸਾਰ ਵਿਚ ਨਰ ਤੇ ਮਾਦਾ ਪੌਦੇ ਹੁੰਦੇ ਹਨ, ਉਨ੍ਹਾਂ ਨੂੰ ਸਮਾਨ ਅਧਿਕਾਰ ਪ੍ਰਾਪਤ ਹਨ ਤੇ ਆਪਣੀ ਜਾਤੀ ਦੇ ਪੌਦਿਆਂ ਦੀ ਸੁੰਦਰਤਾ ਦਾ ਸਮਾਨ ਹਿੱਸਾ ਉਨ੍ਹਾਂ ਨੂੰ ਪ੍ਰਾਪਤ ਹੈ, ਚਾਹੇ ਫਲਦਾਰ ਪੇੜ ਨੂੰ ਫਲ ਰਹਿਤ ਪੇੜ ਨਾਲੋਂ ਉੱਤਮ ਹੀ ਕਿਹਾ ਜਾਏ।"

"ਪਸ਼ੂ ਸੰਸਾਰ ਵਿਚ ਅਸੀਂ ਦੇਖਦੇ ਹਾਂ ਕਿ ਨਰ ਤੇ ਮਾਦਾ ਨੂੰ ਸਮਾਨ ਹੱਕ ਪ੍ਰਾਪਤ ਹਨ ਤੇ ਉਨ੍ਹਾਂ ਵਿਚੋਂ ਹਰ ਇਕ ਨੂੰ ਆਪਣੀ ਜਾਤੀ ਵਿਚ ਲਾਭ ਪ੍ਰਾਪਤ ਹਨ।"

ਹੁਣ ਅਸੀਂ ਦੇਖਿਆ ਹੈ ਕਿ ਕੁਦਰਤ ਦੇ ਨਿਚਲੇ ਦੋ ਖੇਤਰਾਂ ਵਿਚ ਇਕ ਲਿੰਗ ਦੀ ਦੂਜੇ ਲਿੰਗ ਦੀ ਉੱਚਤਾ ਦਾ ਕੋਈ ਸਵਾਲ ਨਹੀਂ। ਮਨੁਖੀ ਸੰਸਾਰ ਵਿਚ ਅਸੀਂ ਬਹੁਤ ਵੱਡਾ ਫਰਕ ਪਾਉਂਦੇ ਹਾਂ, ਇਸਤ੍ਰੀ ਜਾਤੀ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ ਜਿਵੇਂ ਕਿ ਉਹ ਹੀਨ ਹੋਵੇ ਤੇ ਉਸ ਨੂੰ ਬਰਾਬਰੀ ਦੇ ਹੱਕ ਨਹੀਂ ਦਿਤੇ ਜਾਂਦੇ। ਇਹ ਹਾਲਤ ਕੁਦਰਤੀ ਨਹੀਂ ਪਰ ਅਗਿਆਨ ਦੇ ਕਾਰਣ ਹੈ। ਦੈਵੀ ਸ੍ਰਿਸ਼ਟੀ ਵਿਚ ਇਸ ਤਰ੍ਹਾਂ ਦਾ ਕੋਈ ਭੇਦਵਾਵ ਨਹੀਂ। ਰੱਬ ਦੀ ਨਜ਼ਰ ਵਿਚ ਕੋਈ ਜਾਤੀ ਦੂਜੀ ਤੋਂ ਉੱਚੀ ਨਹੀਂ.....।"

ਪ੍ਰਮਾਤਮਾ ਨੇ ਸਾਨੂੰ ਮਨੁਖੀ ਰੂਪ ਵਿਚ ਪੈਦਾ ਕੀਤਾ ਹੈ ਤੇ ਚਾਹੇ ਅਸੀਂ ਮੁਰਸ਼ ਹੋਈਏ ਯਾ ਔਰਤ, ਉਸ ਦੇ ਸਾਹਮਣੇ ਇਸ ਦਾ ਕੋਈ ਮਹੱਤਵ ਨਹੀਂ। ਮਾਤਾ ਪਿਤਾ ਨੂੰ ਪੁਤਰ ਤੇ ਪੁਤਰੀ ਇਕ ਸਮਾਨ ਪਿਆਰੇ ਹੁੰਦੇ ਹਨ।

ਅਬਦੁਲਬਹਾ ਕਹਿੰਦੇ ਹਨ ਕਿ "ਪੁਰਸ਼ ਤੇ ਇਸਤ੍ਰੀ ਮਾਨਵ ਜਾਤੀ ਨਾਲ ਸਬੰਧ ਰਖਦੇ ਹਨ ਤੇ ਪ੍ਰਭੂ ਦੀ ਨਜ਼ਰ ਵਿਚ ਬਰਾਬਰ ਹਨ ਕਿਉਂਕਿ ਦੈਵੀ ਰਚਨ ਯੋਜਨਾ ਵਿਚ ਇਕ ਦੂਜੇ ਦੀ ਪੂਰਣਤਾ ਹੈ। ਈਸ਼ਵਰ ਦੀ ਨਜ਼ਰ ਵਿਚ ਉਨ੍ਹਾਂ ਵਿਚ ਕੇਵਲ ਇਕ ਮਾਤਰ ਖਾਸੀਅਤਾਂ ਉਨ੍ਹਾਂ ਦੇ ਕੰਮਾਂ ਦੀ ਸ਼ੁਧਤਾ ਤੇ ਪਵਿਤਰਤਾ ਹੈ ਕਿਉਂਕਿ ਪ੍ਰਭੂ ਉਸ ਨੂੰ ਮਹੱਤਤਾ ਦੇਂਦਾ ਹੈ ਜੋ ਅਧਿਆਤਮਕ ਰੂਪ ਤੇ ਸਮਾਨਤਾ ਵਿਚ ਕੁਦਰਤ ਦੇ ਨਜ਼ਦੀਕ ਹੋਵੇ।"

ਕਿਉਂਕਿ ਪ੍ਰਭੂ ਕਿਰਪਾ ਦੋਨਾਂ ਨੂੰ ਪ੍ਰਾਪਤ ਹੁੰਦੀ ਹੈ, ਸਾਨੂੰ ਉਨ੍ਹਾਂ ਵਿਚ ਭੇਦਭਾਵ ਨਹੀਂ ਕਰਨਾ ਚਾਹੀਦਾ। ਸਮਾਜ ਵਿਚ ਚਾਹੇ ਔਰਤ ਦੇ ਕੰਮ ਪੁਰਸ਼ ਨਾਲੋਂ ਵੱਖ ਹੋਣ ਪਰ ਹੱਕ ਜ਼ਰੂਰ ਹੀ ਸਮਾਨ ਹੋਣੇ ਚਾਹੀਦੇ ਹਨ। ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਸਤ੍ਰੀ ਦੇ ਗੁਣ ਪੁਰਸ਼ ਤੋਂ ਘਟ ਹਨ। ਪਿਛਲੇ ਜੁਗਾਂ ਵਿਚ ਔਰਤਾਂ ਨੂੰ ਐਸੀ ਸਿਖਿਆ ਤੇ ਅਵਸਰ ਪ੍ਰਾਪਤ ਨਹੀਂ ਸਨ ਜਿਸ ਤਰ੍ਹਾਂ ਦੇ ਪੁਰਸ਼ਾਂ ਦੇ ਸਨ ਤੇ ਇਹੀ ਕਾਰਨ ਹੈ ਕਿ ਉਹ ਆਪਣੀਆਂ ਵੱਖ ਵੱਖ ਸਮਤਾਵਾਂ ਵਿਚ ਵਿਕਾਸ ਨਾ ਕਰ ਸਕੀ।

ਹਰ ਸਾਲ ਜਦੋਂ ਬਹਾਈ ਆਪਣੀ ਸਭਾ ਦੀ ਚੋਣ ਕਰਦੇ ਹਨ ਤਾਂ ਉਨ੍ਹਾਂ ਮੈਂਬਰਾਂ ਨੂੰ ਚੁਣਦੇ ਹਨ ਜੋ ਯੋਗ ਤੇ ਸਾਫ਼ ਦਿਲ ਹੋਣ। ਉਨ੍ਹਾਂ ਦੇ ਇਸਤ੍ਰੀ ਯਾ ਪੁਰਸ਼ ਹੋਣ ਦਾ ਕੋਈ ਫਰਕ ਨਹੀਂ ਪੈਂਦਾ। ਸਾਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਰੱਬ ਕੇਵਲ ਦਿਲ ਤੇ ਆਚਰਣ ਨੂੰ ਵੇਖਦਾ ਹੈ, ਲਿੰਗ ਨੂੰ ਨਹੀਂ।

ਅਬਦੁਲਬਹਾ ਕਹਿੰਦੇ ਹਨ—

"ਉਹ ਆਦਮੀ ਜਿਸ ਦੇ ਵਿਚਾਰ ਸ਼ੁਧ ਹਨ, ਜਿਸ ਦੀ ਸਿਖਿਆ ਉੱਚੀ ਹੈ, ਜਿਸ ਦੀਆਂ ਵਿਗਿਆਨਕ ਪ੍ਰਾਪਤੀਆਂ ਹਨ, ਜਿਸ ਦੇ ਲੋਕ ਹਿਤ ਕੰਮ ਖਾਸ ਹੋਣ, ਚਾਹੇ ਉਹ ਪੁਰਸ਼ ਹੈ ਯਾ ਇਸਤ੍ਰੀ, ਗੋਰਾ ਹੈ ਯਾ ਕਾਲਾ, ਉਹ ਪੂਰਣ ਹੱਕਾਂ ਦਾ ਅਧਿਕਾਰੀ ਹੈ ਉਸ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ।"

ਵਿਸ਼ਵ ਭਾਸ਼ਾ :

ਸੰਸਾਰ ਵਿਚ ਗਲਤ ਫਹਿਮੀਆਂ ਦਾ ਕਾਰਣ ਇਹ ਵੀ ਹੈ ਕਿ ਉਹ ਇਕ ਦੂਜੇ ਦੀ ਭਾਸ਼ਾ ਨਹੀਂ ਸਮਝ ਸਕਦੇ। ਹਰ ਦੇਸ਼ ਦੀ ਭਾਸ਼ਾ ਵੱਖ ਹੈ ਅਤੇ ਜਦੋਂ ਕੋਈ ਆਦਮੀ ਦੂਜੇ ਦੇਸ਼ ਜਾਂਦਾ ਹੈ ਤਾਂ ਮਹਿਸੂਸ ਕਰਦਾ ਹੈ ਕਿ ਉਹ ਉਪਰਿਆਂ ਵਿਚ ਹੈ।

ਭਗਵਾਨ ਬਹਾਉੱਲਾਹ ਸੰਸਾਰ ਦੇ ਲੋਕਾਂ ਨੂੰ ਇਕੱਠੇ ਤੇ ਇਕ ਪਰਵਾਰ ਦੇ ਮੈਂਬਰ ਬਣਾਉਣ ਲਈ ਆਏ ਹਨ। ਇਸ ਲਈ ਉਨ੍ਹਾਂ ਦਾ ਇਕ ਨੇਮ ਇਹ ਵੀ ਹੈ ਕਿ ਸੰਸਾਰ ਦੇ ਹਰ ਹਿੱਸੇ ਵਿਚ ਸਮਾਨ ਭਾਸ ਪੜ੍ਹਾਈ ਜਾਣੀ ਚਾਹੀਦੀ ਹੈ ਤਾਂ

ਜੋ ਆਪਣੀ ਮਾਤ੍ਰ ਭਾਸ਼ਾ ਤੋਂ ਸਿਵਾ ਇਸ ਨੂੰ ਵੀ ਸਿਖ ਜਾਵੇ। ਇਸ ਤਰ੍ਹਾਂ ਸੰਸਾਰ ਦੇ ਲੋਕ ਹਰ ਜਗ੍ਹਾ ਘਰ ਵਰਗਾ ਵਾਤਾਵਰਣ ਪਾਉਣਗੇ ਤੇ ਇਕ ਦੂਜੇ ਨੂੰ ਸਮਝ ਸਕਣਗੇ।

ਭਾਸ਼ਾ ਦਾ ਫਰਕ ਕਈ ਵਾਰ ਭਰਮਾਂ ਦਾ ਕਾਰਣ ਬਣ ਜਾਂਦਾ ਹੈ ਜਿਸ ਤੋਂ ਝਗੜੇ ਪੈਦਾ ਹੋ ਸਕਦੇ ਹਨ। ਉਦਾਹਰਣ ਦੇ ਤੌਰ ਤੇ ਆਪਣੇ ਸਿਰਜਣਹਾਰ ਦਾ ਹੀ ਨਾ ਲਵੋ—ਹਿੰਦੀ ਵਿਚ 'ਈਸ਼ਵਰ', ਅਰਬੀ ਵਿਚ 'ਅੱਲਾ' ਤੇ ਅੰਗਰੇਜ਼ੀ ਵਿਚ 'ਗਾਡ' ਕਿਹਾ ਜਾਂਦਾ ਹੈ। ਅਗਿਆਨੀ ਲੋਕ ਸੋਚਦੇ ਹਨ ਕਿ ਅੱਲਾ ਗਾਡ ਤੋਂ ਅਲੱਗ ਹੈ ਤੇ ਵੱਖ ਵੱਖ ਨਾਂ ਲੈ ਕੇ ਲੜਦੇ ਹਨ। ਜਦੋਂ ਸਾਰੇ ਇਕੋ ਹੀ ਬੋਲੀ ਬੋਲਣਗੇ ਤਾਂ ਉਹ ਮਹਿਸੂਸ ਕਰਨਗੇ ਕਿ ਉਹ ਇਕ ਹੀ ਸਿਰਜਣਹਾਰ ਹੈ ਜਿਸ ਦਾ ਉਹ ਹਵਾਲਾ ਦੇ ਰਹੇ ਹਨ। ਖੁਦ ਇਹ ਗੱਲ ਉਨ੍ਹਾਂ ਦੇ ਭਰਮਾਂ ਨੂੰ ਦੂਰ ਕਰ ਦੇਵੇਗੀ।

ਬਹਾਈਆਂ ਨੇ ਅਜੇ ਤਕ ਬਹਾਉੱਲਾਹ ਦੇ ਸੰਦੇਸ਼ ਨੂੰ ਸੰਸਾਰ ਦੀਆਂ ੬੦੦ ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਹੈ। ਕਿਉਂਕਿ ਲੋਕ ਸਾਂਝੀ ਭਾਸ਼ਾ ਨਹੀਂ ਜਾਣਦੇ। ਜਦੋਂ ਸੰਸਾਰ ਦੀ ਕੋਈ ਵਿਸ਼ਵ ਭਾਸ਼ਾ ਅਪਣਾ ਲਈ ਜਾਵੇਗੀ ਤਾਂ ਵੱਖ ਵੱਖ ਲੋਕਾਂ ਨੂੰ ਬਹਾਉੱਲਾਹ ਦੀਆਂ ਸਿਖਿਆਵਾਂ ਦਾ ਗਿਆਨ ਦੇਣਾ ਹੋਰ ਵੀ ਸੌਖਾ ਹੋ ਜਾਵੇਗਾ ਤੇ ਹਰ ਆਦਮੀ ਖੁਦ ਪ੍ਰਭੂ ਅਵਤਾਰ ਦਵਾਰਾ ਲਿਖੇ ਗਏ ਪਵਿਤਰ ਲੇਖਾਂ ਨੂੰ ਉਸ ਭਾਸ਼ਾ ਵਿਚ ਪੜ੍ਹ ਸਕੇਗਾ।

ਧਰਮ ਤੇ ਵਿਗਿਆਨ ਦੋਨੋਂ ਮਿਲ ਕੇ ਕੰਮ ਕਰਨ :

ਪਰਮਾਤਮਾ ਨੇ ਸਾਨੂੰ ਵਿਚਾਰ ਸ਼ਕਤੀ ਦਿਤੀ ਹੈ ਤਾਂ ਜੋ ਅਸੀਂ ਪਸ਼ੂਆਂ ਤੋਂ ਵੱਖ ਹੋਈਏ। ਕਿਉਂਕਿ ਮਨੁਖ ਕਾਫੀ ਸਮੇਂ ਤੋਂ ਦਿਮਾਗ ਇਸਤੇਮਾਲ ਕਰਦਾ ਆਇਆ ਹੈ, ਇਸ ਲਈ ਤਰੱਕੀ ਯੋਗ ਬਣਿਆ ਹੈ ਤੇ ਵਰਤਮਾਨ ਰਹਿਣ-ਸਹਿਣ ਪਹਿਲੇ ਸਮਿਆਂ ਤੋਂ ਬਿਲਕੁਲ ਵੱਖ ਹੈ। ਨਵੀਆਂ ਖੋਜਾਂ ਨੇ ਲੋਕਾਂ ਨੂੰ ਚੰਗੇ ਘਰਾਂ ਵਿਚ ਰਹਿਣ ਤੇ ਅਗਿਆਨਤਾ ਤੇ ਰੋਗਾਂ ਦਾ ਮੁਕਾਬਲਾ ਕਰਨ ਦੇ ਯੋਗ ਬਣਾਇਆ ਹੈ, ਪਰ ਅਧਿਆਤਮਕ ਤਰੱਕੀ ਤੋਂ ਬਿਨਾਂ ਭੌਤਿਕ ਤਰੱਕੀ ਕਿਸੇ ਕੰਮ ਦੀ ਨਹੀਂ ਹੈ। ਸਾਡਾ ਅਧਿਆਤਮਕ ਤਰੱਕੀ ਦੀ ਸਹਾਇਤਾ ਵਾਸਤੇ ਰੱਬ ਨੇ ਸਾਨੂੰ ਧਰਮ ਪ੍ਰਦਾਨ ਕੀਤਾ ਹੈ। ਧਰਮ ਬਿਨਾਂ ਵਿਗਿਆਨ ਬਹੁਤ ਨੁਕਸਾਨ ਪਹੁੰਚਾ ਸਕਦਾ ਹੈ,

ਪਰ ਵਿਗਿਆਨ ਬਿਨਾਂ ਧਰਮ ਵੀ ਕਠਿਨਾਈਆਂ ਪੈਦਾ ਕਰ ਸਕਦਾ ਹੈ। ਮਾਨਵ ਜਾਤੀ ਦੀ ਅਸਲ ਤਰੱਕੀ ਲਈ ਦੋਨੋਂ ਹੀ ਜ਼ਰੂਰੀ ਹਨ। ਵਿਗਿਆਨ ਤੇ ਧਰਮ ਜ਼ਰੂਰ ਹੀ ਮਿਲ ਕੇ ਚਲਣ।

ਵਿਗਿਆਨ ਸਾਨੂੰ ਔਜ਼ਾਰ ਜੁਟਾਂਦਾ ਹੈ ਤੇ ਧਰਮ ਸਾਨੂੰ ਉਹਨਾਂ ਦੀ ਪ੍ਰਯੋਗ ਵਿਧੀ ਦਸਦਾ ਹੈ। ਜੇ ਠੀਕ ਤਰੀਕੇ ਨਾਲ ਵਰਤੀ ਜਾਵੇ ਤਾਂ ਕੁਲਹਾੜੀ ਬਹੁਤ ਉਪਯੋਗੀ ਹੈ। ਪਰ ਜੇ ਇਹ ਕਿਸੇ ਕਾਤਿਲ ਦੇ ਹਥ ਲਗ ਜਾਵੇ ਤਾਂ ਇਹ ਖਤਰਨਾਕ ਬਣ ਸਕਦਾ ਹੈ। ਵਰਤਮਾਨ ਸੰਸਾਰ ਦੀ ਮੁਸੀਬਤ ਇਹ ਹੈ ਕਿ ਵਿਗਿਆਨੀ ਲੋਕਾਂ ਨੇ ਔਜ਼ਾਰ ਜੁਟਾਏ ਹਨ ਜੋ ਉਨ੍ਹਾਂ ਨੂੰ ਹਥਿਆਰਾਂ ਦੇ ਰੂਪ ਵਿਚ ਇਸਤੇਮਾਲ ਕਰਦੇ ਹਨ ਕਿਉਂਕਿ ਉਨ੍ਹਾਂ ਪਾਸ ਇਨ੍ਹਾਂ ਹਥਿਆਰਾਂ ਦਾ ਉੱਤਮ ਪ੍ਰਯੋਗ ਸਿਖਾਣ ਲਈ ਧਰਮ ਨਹੀਂ ਹੈ। ਦੂਜੀ ਤਰਫ ਜੇ ਅਸੀਂ ਵਿਗਿਆਨ ਨੂੰ ਤਿਆਗ ਦੇਈਏ ਤੇ ਦਿਮਾਗ ਤੇ ਬਹਿਸ ਦਾ ਉਪਯੋਗ ਬੰਦ ਕਰ ਦੇਈਏ ਤਾਂ ਧਰਮ ਅਗਿਆਨਤਾ ਤੇ ਅੰਧ-ਵਿਸ਼ਵਾਸਾਂ ਵਿਚ ਡੁਬ ਜਾਵੇਗਾ ਤੇ ਹਾਨੀਕਾਰਕ ਸਿੱਧ ਹੋਵੇਗਾ।

ਪਿਛਲੇ ਜੁਗਾਂ ਵਿਚ ਲੋਕਾਂ ਦਾ ਵਿਚਾਰ ਸੀ ਕਿ ਧਰਮ ਤੇ ਵਿਗਿਆਨ ਇਕੱਠੇ ਕੰਮ ਨਹੀਂ ਕਰ ਸਕਦੇ ਪਰ ਬਹਾਉੱਲਾਹ ਸਿਖਿਆ ਦੇਂਦੇ ਹਨ ਕਿ ਸੱਚਾ ਧਰਮ ਸੱਚੇ ਵਿਗਿਆਨ ਨਾਲ ਸਹਿਮਤ ਹੁੰਦਾ ਹੈ। ਉਹ ਸਾਨੂੰ ਦਸਦੇ ਹਨ ਕਿ ਸਾਡੇ ਮਨ ਤੇ ਚਿਤ ਇਨ੍ਹਾਂ ਸਚਾਈਆਂ ਨੂੰ ਸਵੀਕਾਰ ਕਰ ਸਕਦੇ ਹਨ।

ਇਸ ਵਿਸ਼ੇ ਨੂੰ ਅਸੀਂ ਅਬਦੁਲਬਹਾ ਦੇ ਇਕ ਅਦੁਭੁਤ ਉਦਾਹਰਣ ਨਾਲ ਸਮਾਪਤ ਕਰਦੇ ਹਾਂ—

> "ਭਗਵਾਨ ਨੇ ਧਰਮ ਤੇ ਵਿਗਿਆਨ ਨੂੰ.....ਸਾਡੀ ਸੂਝ ਬੂਝ ਦਾ ਮਾਪਿਕ ਬਣਾਇਆ। ਧਿਆਨ ਰਖੋ ਕਿ ਤੁਸੀਂ ਐਸੀ ਅਦੁਭੁਤ ਸ਼ਕਤੀ ਦੀ ਉਲੰਘਣਾ ਨਾ ਕਰੋ। ਸਾਰੀਆਂ ਚੀਜ਼ਾਂ ਤੱਕੜੀ ਵਿਚ ਤੋਲੋ.....।"
>
> "ਆਪਣੇ ਸਭ ਵਿਸ਼ਵਾਸਾਂ ਨੂੰ ਵਿਗਿਆਨ ਦੇ ਨਾਲ ਇਕ ਰੂਪ ਰਖੋ,

> ਕੋਈ ਵਿਰੋਧ ਨਹੀਂ ਹੋ ਸਕਦਾ ਕਿਉਂਕਿ ਸਚਾਈ ਇਕ ਹੈ। ਅੰਧ-ਵਿਸ਼ਵਾਸਾਂ, ਰੀਤੀ ਰਿਵਾਜਾਂ, ਜਿਨ੍ਹਾਂ ਨੂੰ ਬੁੱਧੀ ਸਵੀਕਾਰ ਨਹੀਂ ਕਰਦੀ, ਤੋਂ ਮੁਕਤ ਧਰਮ ਜਦੋਂ ਵਿਗਿਆਨ ਨਾਲ ਇਕਰੂਪਤਾ ਦਿਖਾਵੇਗਾ ਤਾਂ ਸੰਸਾਰ ਵਿਚ ਸੰਗਠਨ ਤੇ ਸ਼ੁਧੀ ਦੀ ਇਕ ਮਹਾਨ ਸ਼ਕਤੀ ਪੈਦਾ ਹੋਵੇਗੀ ਜੋ ਸਭ ਯੁਧਾਂ ਤੇ ਝਗੜਿਆਂ ਨੂੰ ਖਤਮ ਕਰ ਦੇਵੇਗੀ ਤੇ ਫਿਰ ਮਨੁੱਖ ਮਾਤਰ ਪ੍ਰਭੂ ਪਰੇਮ ਦੀ ਸ਼ਕਤੀ ਵਿਚ ਸੰਗਠਿਤ ਹੋ ਜਾਵੇਗਾ।"

ਸਵਰਗ ਤੇ ਨਰਕ :

ਜੇ ਤੁਸੀਂ ਖੇਤ ਨੂੰ ਠੀਕ ਢੰਗ ਤੇ ਠੀਕ ਸਮੇਂ ਤੇ ਬੋਵੋ, ਪਾਣੀ ਦੇਵੋ ਤੇ ਪੰਛੀਆਂ ਤੋਂ ਬਚਾਵੋ ਤਾਂ ਤੁਹਾਨੂੰ ਚੰਗੀ ਫਸਲ ਮਿਲੇਗੀ। ਪਰ ਜੇ ਠੀਕ ਸਮੇਂ ਤੇ ਬੀਜ ਨਾ ਬੀਜੋ, ਖੇਤ ਨੂੰ ਪਾਣੀ ਦੇਣ ਵਿਚ ਅਸਾਵਧਾਨੀ ਕਰਦੇ ਹੋ ਤਾਂ ਤੁਸੀਂ ਚੰਗੀ ਫਸਲ ਦੀ ਉਮੀਦ ਨਹੀਂ ਕਰ ਸਕਦੇ। ਫਸਲ ਦੀ ਕਟਾਈ ਵਕਤ ਤੁਸੀਂ ਇਸ ਅਸਾਵਧਾਨੀ ਲਈ ਭਾਗੀ ਹੋਵੋਗੇ ਤੇ ਇਸ ਹਾਨੀ ਦੇ ਲਈ ਤੁਹਾਡੇ ਸਿਵਾ ਹੋਰ ਕਿਸ ਤੇ ਦੋਸ਼ ਲਗਾਇਆ ਜਾ ਸਕਦਾ ਹੈ ?

ਵਿਸ਼ਵ ਵਿਵਸਥਾ ਲਈ ਸਜ਼ਾ ਤੇ ਇਨਾਮ ਜ਼ਰੂਰੀ ਹਨ। ਇਨਾਮ ਤੇ ਸਜ਼ਾ ਸਾਡੇ ਕਰਮਾਂ ਦਾ ਨਤੀਜਾ ਹਨ। ਪਿੱਛਲੇ ਸਾਰੇ ਅਵਤਾਰਾਂ ਨੇ ਸਾਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਹੈ ਕਿ ਜੋ ਕੁਝ ਅਸੀਂ ਇਥੇ ਕਰਦੇ ਹਾਂ, ਉਹ ਨਾ ਕੇਵਲ ਇਥੇ ਹੀ ਸਾਡੇ ਜੀਵਨ ਤੇ ਅਸਰ ਪਾਉਂਦਾ ਹੈ ਬਲਕਿ ਮੌਤ ਤੋਂ ਬਾਦ ਵੀ ਨਤੀਜੇ ਨਿਕਲਦੇ ਹਨ। ਜੇ ਸਾਡੇ ਕਰਮ ਚੰਗੇ ਹੋਣਗੇ ਤਾਂ ਨਤੀਜਾ ਵੀ ਚੰਗਾ ਹੋਵੇਗਾ ਤੇ ਸਾਡੇ ਲਈ ਖੁਸ਼ੀ ਦਾ ਕਾਰਣ ਹੋਵੇਗਾ। ਜੇ ਬੁਰੇ ਕਰਮ ਹੋਣਗੇ ਤਾਂ ਨਤੀਜਾ ਵੀ ਬੁਰਾ ਹੋਵੇਗਾ ਅਤੇ ਦੁਖਾਂ ਦਾ ਕਾਰਣ ਹੋਣਗੇ। ਇਸ ਦਾ ਇਹ ਕਾਰਣ ਨਹੀਂ ਕਿ ਰੱਬ ਸਾਡੇ ਤੋਂ ਬਦਲਾ ਲੈਣਾ ਚਾਹੁੰਦਾ ਹੈ, ਪਰ ਇਸ ਦਾ ਕਾਰਣ ਇਹ ਹੈ ਕਿ ਬੁਰੇ ਕੰਮਾਂ ਦਾ ਚੰਗਾ ਨਤੀਜਾ ਨਿਕਲਣਾ ਅਸੰਭਵ ਹੈ, ਉਸ ਤਰ੍ਹਾਂ ਹੀ ਬਾਗ ਵਿਚ ਘਾਹ ਬੀਜ ਕੇ ਸੁੰਦਰ ਫੁੱਲਾਂ ਦੀ ਉਮੀਦ ਕਰਨਾ ਅਸੰਭਵ ਹੈ। ਇਹ ਅਰਥ ਹੈ ਸਜ਼ਾ ਤੇ ਇਨਾਮ ਦਾ। ਪਰ ਇਸ ਵਿਸ਼ਵਾਸ ਨੂੰ ਜਿਸ ਦਾ ਪਾਠ ਹਰ ਧਰਮ ਵਿਚ ਦਿਤਾ ਜਾਂਦਾ ਹੈ ਬਹੁਤ ਗਲਤ ਸਮਝਿਆ

ਜਾਂਦਾ ਹੈ।

ਪ੍ਰਭੂ ਅਵਤਾਰਾਂ ਨੇ ਇਨਾਮ ਤੇ ਸਜ਼ਾ ਦੀ ਵਿਆਖਿਆ ਨਿਸ਼ਾਨੀਆਂ ਤੇ ਕਥਾਵਾਂ ਦਵਾਰਾ ਕੀਤੀ ਹੈ। ਅਸੀਂ ਇਸ ਗੱਲ ਦਾ ਉਲੇਖ ਕੀਤਾ ਹੈ ਕਿ ਪ੍ਰਭੂ ਅਵਤਾਰ ਪੂਰਣ ਗੁਰੂ ਹੈ। ਪੂਰਨ ਗੁਰੂ ਜ਼ਰੂਰ ਹੀ ਇਸ ਤਰ੍ਹਾਂ ਦੀ ਸਿਖਿਆਂ ਦੇਵੇ ਕਿ ਵਿਦਿਆਰਥੀ ਉਸ ਨੂੰ ਸਮਝ ਸਕਣ, ਨਹੀਂ ਤਾਂ ਉਨ੍ਹਾਂ ਦੀ ਸਿਖਿਆ ਅਰਥਹੀਨ ਹੋਵੇਗੀ। ਲੋਕਾਂ ਨੂੰ ਇਹ ਸਮਝਾਣ ਲਈ ਕਿ ਸੰਸਾਰ ਵਿਚ ਆਪਣੇ ਜੀਵਨ ਦੇ ਬਾਦ ਵੀ ਉਨ੍ਹਾਂ ਨੂੰ ਆਪਣੇ ਕਰਮਾਂ ਦਾ ਹਿਸਾਬ ਦੇਣਾ ਪਵੇਗਾ। ਪ੍ਰਭੂ ਅਵਤਾਰਾਂ ਨੇ ਚੰਗੇ ਕਰਮਾਂ ਵਾਲਿਆਂ ਵਾਸਤੇ ਅਨੰਦ ਤੇ ਖੁਸ਼ੀ ਭਰੇ ਜੀਵਨ ਦੀ ਤਸਵੀਰ ਖਿਚਦਾ ਹੈ ਤੇ ਬੁਰੇ ਕੰਮ ਕਰਨ ਵਾਲਿਆਂ ਲਈ ਦੁਖਾਂ ਤੇ ਕਸ਼ਟਾਂ ਭਰੀ ਜੀਵਨ ਦੀ ਤਸਵੀਰ ਦੀ ਕਲਪਨਾ ਕੀਤੀ ਹੈ। ਅਨੰਦ ਤੇ ਕਸ਼ਟ ਜਿਨ੍ਹਾਂ ਦਾ ਉਨ੍ਹਾਂ ਨੇ ਉਲੇਖ ਕੀਤਾ ਹੈ, ਉਹੀ ਹਨ ਜੋ ਲੋਕ ਸੰਸਾਰ ਵਿਚ ਜਾਣਦੇ ਹਨ ਕਿਉਂਕਿ ਮੌਤ ਤੋਂ ਬਾਦ ਜੀਵਨ ਦੇ ਬਾਰੇ ਵਿਚ ਲੋਕਾਂ ਨੂੰ ਆਪਣੀ ਸਿਖਿਆਵਾਂ ਦੇ ਮਹੱਤਵ ਨੂੰ ਸਮਝਾਣ ਦਾ ਕੇਵਲ ਇਕ ਹੀ ਰਸਤਾ ਸੀ।

ਗਿਆਨ ਦੇ ਬਾਰੇ ਵਿਚ ਜਾਣਨ ਵਾਲੇ ਕਿਸੇ ਛੋਟੇ ਬਾਲਕ ਨੂੰ ਉਸ ਦਾ ਪਿਤਾ ਇਹ ਕਹਿ ਸਕਦਾ ਹੈ ਕਿ ਉਹ ਸਭ ਚੀਜ਼ਾਂ ਤੋਂ ਮਿੱਠਾ ਤੇ ਸਵਾਦ ਹੈ, ਜਿਸ ਦਾ ਉਸ ਨੇ ਸਵਾਦ ਚੱਖਿਆ ਹੈ। ਇਸ ਤਰ੍ਹਾਂ ਕਹਿਣ ਨਾਲ ਉਸ ਦਾ ਮਤਲਬ ਇਹ ਨਹੀਂ ਕਿ ਗਿਆਨ ਕੋਈ ਖਾਣ ਵਾਲੀ ਚੀਜ਼ ਹੈ ਤੇ ਜਿਸ ਦਾ ਸਵਾਦ ਚੱਖਿਆ ਜਾ ਸਕਦਾ ਹੈ ਤੇ ਵੱਡਾ ਹੋਣ ਤੇ ਉਹ ਬੱਚਾ ਜਾਣ ਜਾਵੇਗਾ ਕਿ ਉਸ ਦੇ ਪਿਤਾ ਦੇ ਕਥਨ ਦਾ ਕੀ ਅਰਥ ਸੀ। ਸੰਸਾਰ ਵਿਚ ਜ਼ਿਆਦਾਤਰ ਲੋਕ ਮੌਤ ਤੋਂ ਬਾਅਦ ਦੇ ਜੀਵਨ ਦੇ ਬਾਰੇ ਵਿਚ ਈਸ਼ਵਰ ਅਵਤਾਰਾਂ ਦਵਾਰਾ ਦਿੱਤੀਆਂ ਗਈਆਂ ਉਪਮਾਵਾਂ ਤੇ ਸੰਕੇਤਾਂ ਦਾ ਅਰਥ ਸ਼ਬਦਿਕ ਰੂਪ ਵਿਚ ਲੈ ਰਹੇ ਹਨ ਤੇ ਇਹ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਦਾ ਮਕਸਦ ਅਧਿਆਤਮਕ ਅਨੁਭਵਾਂ ਦੀ ਵਿਆਖਿਆ ਕਰਨਾ ਸੀ। ਇਸ ਕਰਕੇ ਉਨ੍ਹਾਂ ਨੇ ਕਲਪਿਤ ਸਵਰਗ ਤੇ ਨਰਕ ਬਣਾ ਰਖੇ ਹਨ। ਕੁੱਛ ਲੋਕਾਂ ਦਾ ਖਿਆਲ ਹੈ ਕਿ ਨਰਕ ਇਕ ਭਿਆਨਕ ਜਗ੍ਹਾ ਹੈ ਜਿਥੇ ਅੱਗ, ਰੋਗ ਤੇ ਰਾਖਸ਼ ਹਨ ਜਿਨ੍ਹਾਂ ਦਵਾਰਾ ਪਾਪੀਆਂ ਨੂੰ ਹਮੇਸ਼ਾਂ ਕਸ਼ਟ ਦਿਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਅਨੁਸਾਰ ਸਵਰਗ,

ਸਵਾਦ ਫਲਾਂ ਤੇ ਸੰਸਾਰਿਕ ਅੰਦੋਲਨਾਂ ਨਾਲ ਭਰਪੂਰ ਇਕ ਸੁੰਦਰ ਬਾਗ ਹੈ। ਦੂਜੇ ਲੋਕਾਂ ਦਾ ਵਿਚਾਰ ਹੈ ਕਿ ਮੌਤ ਤੋਂ ਬਾਦ ਦੁਬਾਰਾ ਸਾਡੀ ਆਤਮਾ ਇਸ ਸੰਸਾਰ ਵਿਚ ਆ ਜਾਵੇਗੀ ਜਿਸ ਤਰ੍ਹਾਂ ਕਿ ਇਸ ਛੋਟੇ ਜਿਹੇ ਨਕਸ਼ੱਤਰ ਦੇ ਸਿਵਾ ਸੰਸਾਰ ਵਿਚ ਉਨ੍ਹਾਂ ਲਈ ਕੋਈ ਹੋਰ ਜਗ੍ਹਾ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਵੱਖ ਵੱਖ ਰੂਪਾਂ ਵਿਚ ਵਾਪਸ ਆਵਾਂਗੇ, ਇਥੋਂ ਤਕ ਕਿ ਪਸ਼ੂ ਰੂਪ ਵਿਚ ਵਾਪਸ ਆ ਸਕਦੇ ਹਾਂ, ਪਰ ਸਾਡੇ ਜੀਵਨ ਕਾਲ ਦੇ ਕਦਮਾਂ ਤੇ ਨਿਰਭਰ ਹੈ।

ਜਦਕਿ ਪਿਛਲੇ ਜੁਗਾਂ ਦੇ ਅਵਤਾਰਾਂ ਨੂੰ ਮੌਤ ਤੋਂ ਬਾਦ ਸਾਡੇ ਅਨੁਭਵਾਂ ਦੇ ਬਾਰੇ ਵਿਚ ਸੰਕੇਤਿਕ ਭਾਸ਼ਾ ਵਿਚ ਕਹਿਣਾ ਪਿਆ, ਭਗਵਾਨ ਬਹਾਉੱਲਾਹ ਕਹਿੰਦੇ ਹਨ ਕਿ ਹੁਣ ਅਸੀਂ ਨਰਕ ਤੇ ਸਵਰਗ ਦਾ ਅਰਥ ਜਾਨਣ ਲਈ ਤਿਆਰ ਹਾਂ, ਜਿਨ੍ਹਾਂ ਦੇ ਮਹੱਤਵਪੂਰਣ ਤੱਤਾਂ ਨੂੰ ਸਾਡੇ ਲਈ ਜਾਨਣਾ ਜ਼ਰੂਰੀ ਹੈ, ਇਹ ਹਨ :—

(੧) ਸਾਡੀਆਂ ਆਤਮਾਵਾਂ ਅਮਰ ਹਨ ਤੇ ਸਾਡੇ ਸਰੀਰ ਦੀ ਮੌਤ ਤੋਂ ਬਾਦ ਵੀ ਨਿਰੰਤਰ ਬਣੀਆਂ ਰਹਿਦੀਆਂ ਹਨ।

(੨) ਆਤਮਾ ਦਵਾਰਾ ਸਰੀਰ ਛੱਡ ਦੇਣ ਦੇ ਬਾਅਦ ਵੀ ਇਸ ਸੰਸਾਰ ਵਿਚ ਸਾਡੇ ਕਰਮਾਂ ਦੇ ਫਲ ਨਿਕਲਦੇ ਰਹਿਣਗੇ।

ਸਰੀਰ ਛਡਣ ਦੇ ਬਾਅਦ ਆਤਮਾ ਜਿਸ ਸੰਸਾਰ ਵਿਚ ਦਾਖਲ ਹੁੰਦੀ ਹੈ ਉਹ ਸਾਡੇ ਇਸ ਸੰਸਾਰ ਤੋਂ ਵੱਖ ਹੈ। ਅਬਦੁਲਬਹਾ ਕਹਿੰਦੇ ਹਨ ਕਿ ਉਹ ਇਸ ਸੰਸਾਰ ਤੋਂ ਉਤਨਾ ਹੀ ਵੱਖ ਹੈ ਜਿੰਨਾ ਕਿ ਸਾਡਾ ਸੰਸਾਰ ਮਾਤਾ ਦੀ ਕੋਖ ਤੋਂ ਭਿੰਨ ਹੈ, ਜਿਥੇ ਬੱਚਾ ਜਨਮ ਤੋਂ ਪਹਿਲਾਂ ਨਿਵਾਸ ਕਰਦਾ ਹੈ ਅਤੇ ਜਿਸ ਤਰ੍ਹਾਂ ਬੱਚਾ ਆਪਣੇ ਕੰਨ ਤੇ ਦੂਜੇ ਅੰਗਾਂ ਦਾ ਵਿਕਾਸ ਕਰਕੇ, ਜਿਨ੍ਹਾਂ ਦੀ ਗਰਭ ਵਿਚ ਜ਼ਰੂਰਤ ਨਹੀਂ ਹੁੰਦੀ ਪਰ ਜਿਨ੍ਹਾਂ ਦੇ ਬਿਨਾਂ ਉਹ ਸਾਧਾਰਣ ਸਵਾਸਥ ਪੂਰਵਕ ਜੀਵਨ ਬਤੀਤ ਨਹੀਂ ਕਰ ਸਕਦਾ, ਇਸ ਸੰਸਾਰ ਵਿਚ ਆਪਣੇ ਜੀਵਨ ਦੀ ਤਿਆਰੀ ਕਰਦਾ ਹੈ, ਉਸੇ ਤਰ੍ਹਾਂ ਸਾਨੂੰ ਵੀ ਆਗਾਮੀ ਜ਼ਿੰਦਗੀ ਲਈ ਤਿਆਰੀ ਕਰਨੀ ਚਾਹੀਦੀ ਹੈ, ਜਿਥੇ ਇਸ ਸੰਸਾਰ ਨੂੰ ਛੱਡਣ ਤੋਂ ਬਾਦ ਸਾਡੀ ਆਤਮਾ ਜਨਮ ਲਵੇਗੀ। ਆਗਾਮੀ ਸੰਸਾਰ ਵਿਚ ਸਾਨੂੰ ਅੱਖਾਂ ਤੇ ਕੰਨਾਂ ਦੀ ਜ਼ਰੂਰਤ ਨਹੀਂ ਹੋਵੇਗੀ, ਪਰ ਸਾਨੂੰ ਅਧਿਆਤਮਕ ਗੁਣਾਂ ਦੀ ਜ਼ਰੂਰਤ ਹੋਵੇਗੀ

ਜੋ ਅਸੀਂ ਇਸ ਸੰਸਾਰ ਵਿਚ ਪ੍ਰਭੂ ਦੀਆਂ ਉਨ੍ਹਾਂ ਸਿਖਿਆਵਾਂ ਦਾ ਅਨੁਸਰਣ ਕਰਕੇ ਪ੍ਰਾਪਤ ਕਰ ਸਕਦੇ ਹਾਂ ਜੋ ਉਨ੍ਹਾਂ ਦੇ ਦੂਤਾਂ ਦਵਾਰਾਂ ਸਾਡੇ ਕੋਲ ਭੇਜੀਆਂ ਗਈਆਂ ਹਨ।

ਫਿਰ ਵੀ ਮਾਂ ਦੇ ਗਰਭ ਵਿਚ ਰਹਿਣ ਵਾਲੇ ਬੱਚੇ ਤੇ ਸੰਸਾਰ ਵਿਚ ਰਹਿਣ ਵਾਲੇ ਆਦਮੀ ਦੀ ਦਸ਼ਾ ਵਿਚ ਬਹੁਤ ਫ਼ਰਕ ਹੈ। ਪੈਦਾ ਹੋਣ ਤੋਂ ਪਹਿਲਾਂ, ਬੱਚਾ ਆਪਣੇ ਵਿਕਾਸ ਦਾ ਜ਼ਿਮੇਵਾਰ ਨਹੀਂ ਹੁੰਦਾ, ਕਿਉਂਕਿ ਉਸ ਵਿਚ ਇਸ ਤਰ੍ਹਾਂ ਕਰਨ ਦੀ ਸ਼ਕਤੀ ਨਹੀਂ ਹੁੰਦੀ ਤੇ ਕਿਸੇ ਪ੍ਰਕਾਰ ਆਪਣੀ ਸਹਾਇਤਾ ਨਹੀਂ ਕਰ ਸਕਦਾ। ਪਰ ਇਸ ਸੰਸਾਰ ਵਿਚ ਅੱਛੀ ਬੁਰੀ ਚੀਜ਼ ਦੀ ਚੋਣ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਇਸ ਲਈ ਅਸੀਂ ਆਪਣੇ ਅਧਿਆਤਮਕ ਵਿਕਾਸ ਦੇ ਜ਼ਿਮੇਵਾਰ ਹਾਂ ਤੇ ਜੇ ਅਸੀਂ ਸ਼ਕਤੀਸ਼ਾਲੀ ਤੇ ਸਵਾਸਥਪੂਰਣ ਆਤਮਾ ਦੇ ਵਿਕਾਸ ਵਿਚ ਅਸਫ਼ਲ ਹਾਂ ਤਾਂ ਆਗਾਮੀ ਸੰਸਾਰ ਵਿਚ ਅਸੀਂ ਬਹੁਤ ਦੁਖੀ ਹੋਵਾਂਗੇ। ਅਪ੍ਰਸੰਨਤਾ ਦੀ ਇਹ ਹਾਲਤ ਨਰਕ ਕਹਿਲਾਂਦੀ ਹੈ। ਦੂਜੀ ਤਰਫ ਜੇ ਅਸੀਂ ਪ੍ਰਮਾਤਮਾ ਦੇ ਨਿਯਮਾਂ ਨੂੰ ਸਮਝਣ ਤੇ ਉਨ੍ਹਾਂ ਦਾ ਪਾਲਣ ਕਰਨ ਦੀ ਕੋਸ਼ਿਸ਼ ਕਰੀਏ ਤਾਂ ਆਗਾਮੀ ਸੰਸਾਰ ਵਿਚ ਪ੍ਰਸੰਨਤਾ ਪੂਰਵਕ ਜੀਵਨ ਦੇ ਲਈ ਤਿਆਰੀ ਕਰਾਂਗੇ ਤੇ ਉਸ ਹਾਲਤ ਦਾ ਆਨੰਦ ਉਠਾਵਾਂਗੇ ਜੋ ਸਵਰਗ ਕਹਿਲਾਂਦੀ ਹੈ। ਬਹਾਉੱਲਾਹ ਕਹਿੰਦੇ ਹਨ ਕਿ ਰੱਬ ਦੀ ਨੇੜਤਾ ਹੀ ਸਵਰਗ ਹੈ ਤੇ ਉਹ ਦੀ ਕਿਰਪਾ ਤੋਂ ਬਚਣਾ ਨਰਕ ਹੈ। ਉਹ ਸਭ ਨੂੰ ਆਗਿਆ ਦੇਂਦੇ ਹਨ ਕਿ ਅਸੀਂ ਉਨ੍ਹਾਂ ਦੈਵੀ ਆਸ਼ੀਰਵਾਦਾਂ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਈਏ ਜੋ ਆਗਾਮੀ ਸੰਸਾਰ ਵਿਚ ਸਾਨੂੰ ਪ੍ਰਦਾਨ ਕੀਤੇ ਜਾਣਗੇ।

ਚਮਤਕਾਰ :

ਪ੍ਰਭੂ ਅਵਤਾਰਾਂ ਨੂੰ ਮਹਾਨ ਸ਼ਕਤੀ ਦੀ ਸੰਪਰਦਾ ਪ੍ਰਾਪਤ ਹੁੰਦੀ ਹੈ। ਉਹ ਐਸੇ ਕੰਮ ਕਰ ਸਕਦੇ ਹਨ ਜੋ ਦੂਜਿਆਂ ਲਈ ਅਸੰਭਵ ਹੁੰਦੇ ਹਨ। ਉਨ੍ਹਾਂ ਦੇ ਸਭ ਤੋਂ ਵੱਡੇ ਚਮਤਕਾਰ ਉਨ੍ਹਾਂ ਦੀਆਂ ਸਿੱਖਿਆਵਾਂ, ਉਨ੍ਹਾਂ ਦਾ ਨਿਜੀ ਜੀਵਨ ਤੇ ਖੁਦ ਉਨ੍ਹਾਂ ਦੇ ਸੰਸਾਰ ਛੱਡਣ ਤੋਂ ਬਾਦ, ਸੈਂਕੜੇ ਸਾਲਾਂ ਤਕ ਬਣਿਆ ਰਹਿਣ ਵਾਲਾ ਉਨ੍ਹਾਂ ਦੇ ਸ਼ਬਦਾਂ ਦਾ ਅਸਰ ਹੈ। ਸਭ ਈਸ਼ਵਰ ਅਵਤਾਰਾਂ ਨੇ ਇਹ ਚਮਤਕਾਰ ਵਿਖਾਏ ਹਨ।

ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪ੍ਰਭੂ ਅਵਤਾਰਾਂ ਕੋਲ ਸੰਸਾਰਿਕ ਸਾਧਨ ਯਾ ਸ਼ਕਤੀ ਨਹੀਂ ਸੀ ਤੇ ਆਪਣੇ ਸਮੇਂ ਦੀ ਰਾਜ ਸ਼ਕਤੀਆਂ ਤੇ ਸਭ ਸ਼ਕਤੀਸ਼ਾਲੀ ਤੇ ਵਿਦਵਾਨ ਆਦਮੀਆਂ ਦਵਾਰਾ ਉਨ੍ਹਾਂ ਦਾ ਵਿਰੋਧ ਹੋਇਆ ਹੈ। ਸ਼ੁਰੂ ਵਿਚ ਜਿਨ੍ਹਾਂ ਲੋਕਾ ਨੇ ਉਨ੍ਹਾਂ ਵਿਚ ਵਿਸ਼ਵਾਸ ਕੀਤਾ, ਉਹ ਗਰੀਬ ਤੇ ਅਸਰ-ਰਹਿਤ ਆਦਮੀ ਸਨ, ਜਿਨ੍ਹਾਂ ਨੂੰ ਸੰਸਾਰਿਕ ਪਦਵੀਆਂ ਪ੍ਰਾਪਤ ਨਹੀਂ ਸਨ। ਇਨ੍ਹਾਂ ਸਭ ਔਕੜਾਂ ਦੇ ਬਾਵਜੂਦ ਉਨ੍ਹਾਂ ਦਾ ਸੰਦੇਸ਼ ਫੈਲ ਗਿਆ ਹੈ, ਸੰਸਾਰ ਨੂੰ ਫਤਿਹ ਕਰ ਲਿਆ ਹੈ ਤੇ ਨਵੀਆਂ ਸਭਿਅਤਾਵਾਂ ਲਿਆਇਆ ਹੈ। ਇਹ ਗੱਲ ਹਰ ਜੁਗ ਵਿਚ ਦੋਹਰਾਈ ਗਈ ਤੇ ਹਰ ਅਵਤਾਰ ਦੇ ਪ੍ਰਗਟਾਵੇ ਨਾਲ ਸੰਸਾਰ ਵਿਚ ਨਵੀਂ ਸ਼ਭਿਅਤਾ ਸਥਾਪਤ ਹੋਈ। ਜਦੋਂ ਅਸੀਂ ਪ੍ਰਾਚੀਨ ਹਿੰਦੂ ਸਭਿਅਤਾ ਬਾਰੇ ਸੁਣਦੇ ਹਾਂ ਯਾ ਉਨ੍ਹਾਂ ਬਾਰੇ ਜਿਨ੍ਹਾਂ ਦੀ ਪਿਛਲੇ ਜੁਗਾਂ ਵਿਚ ਸਥਾਪਨਾ ਹੋਈ, ਸਾਨੂੰ ਇਸ ਗੱਲ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਇਨ੍ਹਾਂ ਵਿਚ ਹਰ ਇਕ ਮਹਾਨ ਅੰਦੋਲਨ ਦਾ ਸੰਸਥਾਪਕ ਪ੍ਰਭੂ ਦਾ ਇਕ ਸੰਦੇਸ਼ ਵਾਹਕ ਸੀ ਜਿਸ ਨੇ ਆਪਣੇ ਯੁਗ ਵਿਚ ਇਕੱਲੇ ਹੀ ਸਾਰੇ ਸੰਸਾਰ ਦਾ ਮੁਕਾਬਲਾ ਕੀਤਾ ਤੇ ਫਿਰ ਵੀ ਸਫਲ ਹੋਇਆ। ਇਨ੍ਹਾਂ ਈਸ਼ਵਰ ਅਵਤਾਰਾਂ ਦੀ ਸਚਾਈ ਨੂੰ ਪ੍ਰਮਾਣਿਤ ਕਰਨ ਲਈ ਸਾਨੂੰ ਇਸ ਤੋਂ ਵੱਡੇ ਕਿਸ ਚਮਤਕਾਰ ਦੀ ਜ਼ਰੂਰਤ ਹੈ ?

ਬਹੁਤ ਸਾਰੇ ਲੋਕ ਇਸ ਗੱਲ ਵਿਚ ਵਿਸ਼ਵਾਸ ਰਖਦੇ ਹਨ ਕਿ ਈਸ਼ਵਰ ਅਵਤਾਰ ਕੋਈ ਔਖਾ ਕੰਮ ਪੂਰਾ ਕਰੇ ਜਿਨ੍ਹਾਂ ਨੂੰ ਅਕਸਰ ਜਾਦੂਗਰਾਂ ਦਵਾਰਾ ਪੂਰਾ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਪ੍ਰਮਾਣਿਤ ਕਰਨ ਲਈ ਕਿ ਪ੍ਰਭੂ ਅਵਤਾਰ ਸੱਚਾ ਸੀ, ਹਰ ਧਰਮ ਦੇ ਚੇਲੇ ਆਪਣੇ ਧਰਮ ਦੇ ਸੰਸਥਾਪਕ ਦੇ ਸਬੰਧਿਤ ਅਸਾਧਾਰਣ ਕਥਾਵਾਂ ਵਰਣਨ ਕਰਦੇ ਹਨ। ਹਿੰਦੂ ਕਹਿੰਦੇ ਹਨ ਕਿ ਇਕ ਦਿਨ ਜਦੋਂ ਬਾਲ ਕ੍ਰਿਸ਼ਨ ਨੂੰ ਉਨ੍ਹਾਂ ਦਾ ਪਿਤਾ ਉਠਾ ਕੇ ਲੈ ਜਾ ਰਿਹਾ ਸੀ ਤਾਂ ਉਨ੍ਹਾਂ ਦੇ ਪੈਰ ਜਮੁਨਾ ਨਦੀ ਨਾਲ ਛੂੰਹ ਗਏ ਅਤੇ ਤੁਰੰਤ ਹੀ ਉਸ ਦਾ ਪਾਣੀ ਉਤਰ ਗਿਆ ਤਾਂ ਜੋ ਉਨ੍ਹਾਂ ਨੂੰ ਦੂਜੀ ਤਰਫ ਲੈ ਜਾਇਆ ਜਾ ਸਕੇ। ਈਸਾਈ ਕਹਿੰਦੇ ਹਨ ਕਿ ਈਸਾ ਨੇ ਰੋਟੀ ਦੇ ਕੁਝ ਟੁਕੜਿਆਂ ਨਾਲ ਹੀ ਸੈਂਕੜੇ ਆਦਮੀਆਂ ਦੀ ਭੁਖ ਮਿਟਾ ਦਿਤੀ। ਇਹੋ ਜਿਹੇ ਚਮਤਕਾਰ ਹਜ਼ਰਤ ਜ਼ਰਤੁਸ਼ਤ, ਮਹਾਤਮਾ ਬੁੱਧ, ਹਜ਼ਰਤ ਮੂਸਾ ਅਤੇ ਹਜ਼ਰਤ ਮੁਹੰਮਦ ਤੋਂ ਉਨ੍ਹਾਂ ਦੇ ਚੇਲਿਆਂ

ਦਵਾਰਾ ਦਸੇ ਜਾਂਦੇ ਹਨ।

ਬਹਾਈਆਂ ਦਾ ਵਿਸ਼ਵਾਸ ਹੈ ਕਿ ਸਾਰੇ ਈਸ਼ਵਰ ਅਵਤਾਰ ਅਸਾਧਾਰਣ ਕੰਮ ਕਰਨ ਵਿਚ ਸਮਰਥ ਸਨ, ਪਰ ਇਹੋ ਜਿਹੇ ਕੰਮ ਉਨ੍ਹਾਂ ਵਿਚ ਵਿਸ਼ਵਾਸ ਨਾ ਕਰਨ ਵਾਲਿਆਂ ਲਈ ਨਾ ਤੇ ਵਿਸ਼ਵਾਸਦਾਇਕ ਹਨ ਤੇ ਨਾ ਹੀ ਉਨ੍ਹਾਂ ਦੇ ਅਵਤਾਰ ਹੋਣ ਦਾ ਸਬੂਤ ਕਿਹਾ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ ਕੋਈ ਈਸਾਈ ਕਿਸੇ ਯਹੂਦੀ ਯਾ ਬੋਧੀ ਨੂੰ ਭਾਵੇਂ ਇਹ ਕਹੇ ਕਿ ਮਹਾਤਮਾ ਈਸਾ ਨੇ ਕਿਸੇ ਮੁਰਦੇ ਨੂੰ ਦੁਬਾਰਾ ਜੀਂਦਾ ਕਰ ਦਿਤਾ, ਤਾਂ ਉਸ ਦੇ ਸ਼ਬਦ ਕਿਸੇ ਇਹੋ ਜਿਹੇ ਆਦਮੀ ਨੂੰ ਪ੍ਰਭਾਵਿਤ ਨਹੀਂ ਕਰਨਗੇ ਜੋ ਈਸਾ ਵਿਚ ਵਿਸ਼ਵਾਸ ਨਹੀਂ ਰਖਦੇ। ਇਸ ਨਾਲ ਉਸ ਨੂੰ ਕਦੇ ਇਹ ਵਿਸ਼ਵਾਸ ਨਹੀਂ ਹੋਵੇਗਾ ਕਿ ਮਹਾਤਮਾ ਈਸਾ ਪ੍ਰਭੂ ਅਵਤਾਰ ਸੀ। ਉਹ ਇਥੋਂ ਤਕ ਕਹਿ ਸਕਦਾ ਹੈ ਕਿ ਕੇਵਲ ਈਸਾ ਦੇ ਚੇਲੇ ਹੀ ਉਨ੍ਹਾਂ ਨਾਲ ਐਸੇ ਚਮਤਕਾਰਾਂ ਦਾ ਸਬੰਧ ਜੋੜਦੇ ਹਨ। ਮਸੀਹ ਦੇ ਕਾਲ ਵਿਚ ਉਨ੍ਹਾਂ ਦੇ ਜੁਗਵਾਸੀ ਵੀ ਉਨ੍ਹਾਂ ਦੇ ਚਮਤਕਾਰਾਂ ਦੇ ਕਾਰਣ ਉਨ੍ਹਾਂ ਵਿਚ ਵਿਸ਼ਵਾਸ ਨਹੀਂ ਰਖਦੇ ਸਨ, ਪਰ ਜੇ ਕੋਈ ਈਸਾਈ ਇਹ ਕਹੇ ਕਿ ਕਿਸ ਤਰ੍ਹਾਂ ਈਸਾ ਨੇ ਸੁੰਦਰ ਸਿਖਿਆਵਾਂ ਨਾਲ ਲੱਖਾਂ ਲੋਕਾਂ ਨੂੰ ਅਨੰਤ ਜੀਵਨ ਦਾਨ ਦਿਤਾ ਜੋ ਅਧਿਆਤਮਕ ਰੂਪ ਤੋਂ ਮਰ ਚੁਕੇ ਸਨ ਯਾ ਖੁਦ ਈਸਾ ਦੇ ਪਵਿਤਰ ਸੰਤ ਜੀਵਨ ਦਾ ਵਰਣਨ ਕਰੇ, ਜਿਸ ਨੇ ਮਾਨਵ ਜਾਤੀ ਦੀ ਕਈ ਪੀੜ੍ਹੀਆਂ ਦੇ ਦਿਲਾਂ ਨੂੰ ਪ੍ਰੇਰਨਾ ਦਿਤੀ ਤਾਂ ਕੋਈ ਵੀ ਆਦਮੀ ਇਸ ਤੋਂ ਇਨਕਾਰ ਨਹੀਂ ਕਰ ਸਕਦਾ। ਈਸਾ ਦਾ ਜੀਵਨ ਤੇ ਸਿਖਿਆਵਾਂ ਉਨ੍ਹਾਂ ਦੇ ਇਕ ਯਾ ਦੋ ਆਦਮੀਆਂ ਨੂੰ ਜੀਵਨ ਦਾਨ ਤੋਂ ਬਹੁਤ ਜ਼ਿਆਦਾ ਚਮਤਕਾਰ ਸਨ ਜੋ ਕੁਝ ਸਾਲ ਜੀਂਦਾ ਰਹਿਣ ਤੋਂ ਬਾਦ ਮਰ ਗਏ।

ਪ੍ਰਭੂ ਅਵਤਾਰ ਦੈਵੀ ਚਿਕਿਤਸਕ ਹਨ। ਜੋ ਚੀਜ਼ ਉਨ੍ਹਾਂ ਤੋਂ ਪਾਉਣ ਦੀ ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਉਹ ਸਾਨੂੰ ਉਹ ਨੁਸਖਾ ਦੇਣ ਜਿਸ ਨਾਲ ਸਾਡੇ ਅਧਿਆਤਮਕ ਰੋਗ ਦੂਰ ਹੋ ਜਾਣ। ਜਾਦੂਈ ਕੰਮਾਂ ਦਵਾਰਾ, ਉਨ੍ਹਾਂ ਦੇ ਅਵਤਾਰ ਹੋਣ ਨੂੰ ਪ੍ਰਮਾਣਿਤ ਕਰਨ ਦੀ ਉਮੀਦ ਸਾਡੀ ਮੂਰਖਤਾ ਹੈ। ਕਿਸੇ ਬੀਮਾਰ ਨੂੰ ਦੇਖਣ ਆਏ ਚਿਕਿਤਸਕ ਨੂੰ ਅਸੀਂ ਛੱਤ ਤੋਂ ਕੁੱਦ ਕੇ ਆਪਣੀ ਯੋਗਤਾ ਸਾਬਤ ਕਰਨ ਲਈ ਨਹੀਂ ਕਹਿੰਦੇ। ਚਿਕਿਤਸਕ ਲਈ ਇਹ ਸਾਬਤ ਕਰਨਾ ਕਿ ਅਸਲ ਵਿਚ ਉਹ ਉਹੀ ਹੈ, ਰੋਗੀ ਦਾ ਰੋਗ ਦੂਰ ਕਰ ਦੇਵੇ। ਇਸੇ

ਕਾਰਣ, ਬਹਾਉੱਲਾਹ ਨੇ, ਇਸ ਦੇ ਬਾਵਜੂਦ ਕਿ ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਨੂੰ ਅਸਾਧਾਰਣ ਕੰਮ ਪੂਰੇ ਕਰਦੇ ਦੇਖਿਆ ਹੈ, ਬਹਾਈਆਂ ਨੂੰ ਇਸ ਗੱਲ ਦਾ ਪ੍ਰਮਾਣ ਦੇਣ ਦੀ ਮਨਾਹੀ ਕੀਤੀ ਹੈ। ਹੇਠਾਂ ਲਿਖੀ ਇਕ ਘਟਨਾ, ਜੋ ਬਹਾਉੱਲਾਹ ਦੇ ਬਗਦਾਦ ਨਿਵਾਸ ਸਮੇਂ ਘਟੀ, ਇਹ ਦਿਖਾਂਦੀ ਹੈ ਕਿ ਐਸੇ ਚਮਤਕਾਰ ਕਿੰਨੇ ਮੂਲ ਰਹਿਤ ਹੁੰਦੇ ਹਨ।

ਮੁਸਲਮਾਨ ਮੁਲਿਆਂ ਦੀ ਇਕ ਸਭਾ ਨੇ, ਜੋ ਜਾਣਦੇ ਸਨ ਕਿ ਬਹਿਸ ਵਿਚ ਬਹਾਉੱਲਾਹ ਦੀ ਸ਼ਚਾਈ ਨੂੰ ਝੁਠਲਾ ਨਹੀਂ ਸਕਦੇ, ਮੰਗ ਕੀਤੀ ਕਿ ਉਹ ਕੋਈ ਚਮਤਕਾਰ ਦਿਖਾਣ। ਉਨ੍ਹਾਂ ਨੂੰ ਉਮੀਦ ਸੀ ਕਿ ਉਹ ਨਾਂਹ ਕਰ ਦੇਣਗੇ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਖੰਡਨ ਕਰਨ ਦਾ ਬਹਾਨਾ ਮਿਲ ਜਾਵੇਗਾ। ਉਨ੍ਹਾਂ ਆਪਣੇ ਵਿਚੋਂ ਇਕ ਉੱਚ ਕੋਟੀ ਦਾ ਮੁੱਲਾ, ਸੰਦੇਸ਼ ਦੇਣ ਵਾਸਤੇ ਚੁਣਿਆ। ਉਨ੍ਹਾਂ ਦਾ ਜਵਾਬ ਸੀ ਕਿ ਪ੍ਰਭੂ ਧਰਮ ਕੋਈ ਖੇਡ ਨਹੀਂ ਹੈ ਤੇ ਉਹ ਲੋਕਾਂ ਦੀਆਂ ਕਲਪਨਾਵਾਂ ਤੇ ਵਹਿਮਾਂ ਨੂੰ ਪੂਰਾ ਕਰਨ ਲਈ ਕੋਈ ਜਾਦੂ ਦਾ ਖੇਡ ਨਹੀਂ ਖੇਡਣ ਆਏ ਹਨ। ਪਰ ਜੇ ਉਹ ਕਿਸੇ ਗੱਲ ਨੂੰ ਪੱਕਾ ਕਰ ਲੈਣ, ਚਾਹੇ ਉਹ ਕਿੰਨੀ ਵੀ ਔਖੀ ਹੋਵੇ, ਬਹਾਉੱਲਾਹ ਉਨ੍ਹਾਂ ਦੇ ਸਾਹਮਣੇ ਉਸ ਨੂੰ ਪੂਰਾ ਕਰਕੇ ਦਿਖਾਣਗੇ, ਇਸ ਸ਼ਰਤ ਤੇ ਕਿ ਚਮਤਕਾਰ ਪੂਰਾ ਹੋਣ ਤੇ ਸਭ ਉਨ੍ਹਾਂ ਨੂੰ ਪ੍ਰਤੀਗਤ ਮੰਨ ਲੈਣ।

ਮੁੱਲਿਆਂ ਨੇ ਇਸ ਸ਼ਰਤ ਨੂੰ ਸਵੀਕਾਰ ਨਾ ਕੀਤਾ। ਉਨ੍ਹਾਂ ਨੂੰ ਡਰ ਸੀ ਕਿ ਬਹਾਉੱਲਾਹ ਚਮਤਕਾਰ ਦਿਖਾ ਦੇਣਗੇ ਤੇ ਫਿਰ ਉਨ੍ਹਾਂ ਪਾਸ ਬਹਾਉੱਲਾਹ ਨੂੰ ਝੂਠਾ ਸਾਬਤ ਕਰਨ ਦਾ ਬਹਾਨਾ ਨਹੀਂ ਰਹੇਗਾ। ਇਸ ਲਈ ਉਹ ਬਹਾਉੱਲਾਹ ਨੂੰ ਚਮਤਕਾਰ ਦਿਖਾਣ ਦੇ ਲਈ ਕਹੇ ਬਿਨਾਂ ਹੀ ਤਿੱਤਰ ਬਿੱਤਰ ਹੋ ਗਏ।

ਇਹ ਘਟਨਾ ਸਾਬਤ ਕਰਦੀ ਹੈ ਕਿ ਜੇ ਚਮਤਕਾਰ ਕੀਤੇ ਵੀ ਜਾਣ ਤਾਂ ਇਹ ਉਨ੍ਹਾਂ ਲੋਕਾਂ ਲਈ ਕੁੱਛ ਵੀ ਸਿੱਧ ਨਹੀਂ ਕਰਦੀ ਜਿਨ੍ਹਾਂ ਨੇ ਪਹਿਲਾਂ ਤੋਂ ਹੀ ਸਚਾਈ ਨੂੰ ਖੰਡਨ ਕਰਨ ਦਾ ਨਿਸਚਾ ਕੀਤਾ ਹੋਇਆ ਹੈ। ਉਨ੍ਹਾਂ ਲੋਕਾਂ ਲਈ ਜੋ ਆਪਣੇ ਫੈਸਲਿਆਂ ਵਿਚ ਨਿਆਂਸ਼ੀਲ ਹਨ, ਗਿਆਨ ਪ੍ਰਾਪਤ ਕਰਨ ਲਈ ਤਿਆਰ ਹਨ, ਪ੍ਰਭੂ ਅਵਤਾਰ ਦੀਆਂ ਸਿਖਿਆਵਾਂ ਹੀ ਖੁਦ ਸਚਾਈ ਤੇ ਅਮਰ ਚਮਤਕਾਰ ਹਨ।

ਨੈਤਿਕ ਤੇ ਔਪਚਾਰਿਕ ਸਿਖਿਆਵਾਂ ;

ਬਹਾਈ ਧਰਮ ਦਾ ਇਕ ਨਿਯਮ ਇਹ ਹੈ ਕਿ ਸਭ ਧਰਮਾਂ ਦੀ ਨੀਂਹ ਇਕ ਹੈ। ਸਭ ਧਰਮਾਂ ਦੇ ਨੈਤਿਕ ਨਿਯਮਾਂ, ਧਰਮਾਂ ਦੀ ਨੀਂਹ ਦਾ ਇਕ ਹੀ ਅੰਗ ਹੈ। ਇਸ ਲਈ ਉਹ ਸਮਾਨ ਹਨ।

ਬਹਾਉੱਲਾਹ ਦੀਆਂ ਸਿਖਿਆਵਾਂ ਵਿਚ ਅਸੀਂ ਵਿਅਕਤੀਗਤ ਆਚਾਰ ਤੇ ਨੈਤਿਕਤਾ ਦਾ ਬਹੁਤ ਉੱਚਾ ਸੱਤਰ ਪਾਂਦੇ ਹਾਂ। ਅਸੀਂ ਕਹਿ ਸਕਦੇ ਹਾਂ ਕਿ ਬਹਾਉੱਲਾਹ ਦੀਆਂ ਅਕਸਰ ਸਭ ਸਿਖਿਆਵਾਂ ਮਨੁੱਖ ਦੇ ਨਿਜੀ ਆਚਾਰ ਵਿਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਬਹਾਉੱਲਾਹ ਦੇ ਪ੍ਰਕਾਸ਼ਨ ਵਿਚ ਸ਼ਾਬਦਿਕ ਰੂਪ ਤੋਂ ਮਹਾਤਮਾ ਬਾਬ, ਬਹਾਉੱਲਾਹ ਤੇ ਅਬਦੁਲਬਹਾ ਦੇ ਹਜ਼ਾਰਾਂ ਪ੍ਰਕਾਸ਼ਿਤ ਸ਼ਲੋਕ ਹਨ ਤੇ ਸ਼ੋਗੀ ਅਫੇਂਦੀ ਦੇ ਲੇਖਾਂ ਵਿਚ ਮਨ ਤੇ ਕਰਮ ਦੀ ਸ਼ੁੱਧਤਾ ਤੇ ਅਧਾਰਿਤ ਬਹਾਈ ਜੀਵਨ ਦੀ ਸਥਾਪਨਾ ਦਾ ਨਮੂਨਾ ਦਿਤਾ ਹੈ। ਅਸੀਂ ਇਨ੍ਹਾਂ ਸਭ ਸੁੰਦਰ ਲੇਖਾਂ ਦਾ ਸੰਗ੍ਰਹਿ ਕਿਸੇ ਇਕ ਵਡੀ ਕਿਤਾਬ ਵਿਚ ਵੀ ਨਹੀਂ ਕਰ ਸਕਦੇ। ਫਿਰ ਵੀ ਬਹਾਈ ਧਰਮ ਦੇ ਇਨ੍ਹਾਂ ਸੁੰਦਰ ਲੇਖਾਂ ਦੀਆਂ ਕੁਝ ਝਲਕੀਆਂ ਇਥੇ ਦੇਣੀਆਂ ਉਚਿਤ ਹੋਣਗੀਆਂ।

ਜੇ ਪਾਠਕ ਐਸੇ ਖਜ਼ਾਨੇ ਤੇ ਰਤਨ ਹਾਸਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣਾ ਅਧਿਅਨ ਜਾਰੀ ਰਖਣਾ ਹੋਵੇਗਾ ਤੇ ਪਵਿਤਰ ਲੇਖਾਂ ਦੇ ਅਥਾਹ ਸਾਗਰ ਵਿਚ ਡੁਬਕੀ ਲਗਾਣੀ ਪਵੇਗੀ।

ਭਗਵਾਨ ਬਹਾਉੱਲਾਹ ਆਪਣੇ ਇਕ ਪੁਤਰ ਨੂੰ ਲਿਖਦੇ ਹਨ :

"ਅਮੀਰੀ ਵਿਚ ਉਦਾਰ ਤੇ ਗਰੀਬੀ ਵਿਚ ਅਹਿਸਾਨਮੰਦ ਬਣੋ। ਆਪਣੇ ਗਵਾਂਢੀ ਦੇ ਵਿਸ਼ਵਾਸ ਪਾਤਰ ਬਣੋ ਤੇ ਉਸ ਨੂੰ ਪ੍ਰਸੰਨਤਾ ਤੇ ਮਿਤ੍ਰਤਾਪੂਰਨ ਨਜ਼ਰ ਨਾਲ ਦੇਖੋ। ਗਰੀਬਾਂ ਲਈ ਕੋਸ਼, ਅਮੀਰਾਂ ਲਈ ਉਪਦੇਸ਼ਕ, ਜ਼ਰੂਰਤਮੰਦਾਂ ਦੀ ਪੁਕਾਰ ਦਾ ਜਵਾਬ ਤੇ ਵਚਨ ਦੀ ਪਵਿਤਰਤਾ ਦਾ ਰਖਿਅਕ ਬਣੋ। ਆਪਣੇ ਫੈਸਲੇ ਵਿਚ ਈਮਾਨਦਾਰ ਤੇ ਆਪਣੇ ਬੋਲ ਵਿਚ ਸਾਵਧਾਨ ਬਣੋ। ਕਿਸੇ ਆਦਮੀ ਦੇ ਵਲ ਅਨਿਆਂ ਨਾ ਕਰੋ ਤੇ ਸਭ ਮਨੁੱਖਾਂ ਵਲ ਨਿਮਰਤਾ ਦਿਖਾਉ। ਹਨੇਰੇ ਵਿਚ ਚਲਣ ਵਾਲਿਆਂ ਲਈ ਦੀਵਾ, ਦੁਖੀਆਂ ਲਈ ਆਨੰਦ, ਪਿਆਸਿਆਂ ਲਈ ਸਮੁੰਦਰ, ਪੀੜਤਾਂ ਲਈਸਹਾਰਾ ਬਣੋ। ਤੁਹਾਡੇ ਸਭ ਕਮਾਂ ਨੂੰ

ਸਚਾਈ ਤੇ ਈਮਾਨਦਾਰੀ ਦੀ ਉੱਚਤਾ ਪ੍ਰਾਪਤ ਹੋਵੇ। ਗੈਰ ਲਈ ਘਰ, ਦੁਖੀ ਵਾਸਤੇ ਦਵਾਈ ਤੇ ਅਸਥਿਰ ਆਦਮੀਆਂ ਲਈ ਸ਼ਕਤੀ ਦੇ ਥੰਮ੍ਹ ਬਣੋ। ਅੰਨ੍ਹਿਆਂ ਲਈ ਅੱਖਾਂ ਤੇ ਰਾਹ ਭਟਕਿਆਂ ਲਈ ਪਥ ਪ੍ਰਦਰਸ਼ਕ ਬਣੋ। ਸਚਾਈ ਦੇ ਮੁਖੜੇ ਦਾ ਗਹਿਣਾ, ਵਫ਼ਾਦਾਰੀ ਦੇ ਮੱਥੇ ਦਾ ਤਾਜ, ਪਵਿੱਤਰਤਾ ਦੇ ਮੰਦਰ ਦਾ ਥੰਮ੍ਹ, ਮਾਨਵਤਾ ਦੇ ਸਰੀਰ ਦਾ ਜੀਵਨ ਸਵਾਸ, ਨਿਆ ਸੈਨਾ ਦਾ ਨਿਸ਼ਾਨ, ਸਦਾਚਾਰ ਦੇ ਸ਼ਿਤਿਜ ਦਾ ਚਮਕਦਾ ਤਾਰਾ, ਮਾਨਵ ਦਿਲਾਂ ਦੀ ਭੂਮੀ ਲਈ ਔਸ, ਗਿਆਨ ਦੇ ਸਮੁੰਦਰ ਤੇ ਨਾਵ, ਉਦਾਰਤਾ ਦੇ ਸਵਰਗ ਦਾ ਸੂਰਜ, ਵਿਦਵਤਾ ਦੇ ਮੁਕਟ ਦਾ ਮੋਤੀ, ਆਪਣੀ ਪੀੜ੍ਹੀ ਦੇ ਆਕਾਸ਼ ਦਾ ਪ੍ਰਕਾਸ਼ ਤੇ ਨਿਮਰਤਾ ਦੇ ਪੇੜ ਦਾ ਫਲ ਬਣੋ।"

ਆਪਣੇ ਨਿਜੀ ਆਚਰਣ ਦੇ ਬਾਰੇ ਅਸੀਂ ਪਵਿੱਤਰ ਲੇਖਾਂ ਤੋਂ ਕੁਝ ਹੋਰ ਉਦਾਹਰਣ ਇਥੇ ਪੇਸ਼ ਕਰਦੇ ਹਾਂ।

> "ਸਭ ਮਨੁੱਖ ਇਕ ਪ੍ਰਗਤੀਸ਼ੀਲ ਸਭਿਅਤਾ ਨੂੰ ਅਗੇ ਲਿਜਾਣ ਲਈ ਪੈਦਾ ਕੀਤੇ ਗਏ ਹਨ.....ਮਨੁੱਖ ਲਈ ਪਾਲਤੂ ਪਸ਼ੂ ਦੀ ਤਰ੍ਹਾਂ ਕੰਮ ਕਰਨਾ ਅਯੋਗ ਹੈ। ਉਹ ਗੁਣ ਜੋ ਉਸ ਦੀ ਇਜ਼ਤ ਦੇ ਯੋਗ ਹਨ, ਧਰਤੀ ਦੇ ਸਭ ਲੋਕਾਂ, ਸਹਿਨਸ਼ੀਲਤਾ, ਦਿਆ, ਸਹਾਨੁਭੂਤਿ ਤੇ ਪ੍ਰੇਮ ਪੂਰਣ ਦਿਆਲਤਾ ਹਨ।
>
> ਕਿਸੀ ਨੂੰ ਵੀ ਆਪਣੇ ਪਦ ਤੇ ਸਥਾਨ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ। ਹਰ ਪਦਵੀ ਤੇ ਸਥਾਨ ਦੀ ਪ੍ਰਤਿਸ਼ਠਾ ਬਣਾ ਕੇ ਰਖੀ ਜਾਵੇ। ਇਸ ਦਾ ਅਰਥ ਹੈ ਕਿ ਹਰ ਚੀਜ਼ ਨੂੰ ਉਸ ਦੇ ਪਦ ਦੀ ਰੋਸ਼ਨੀ ਵਿਚ ਦੇਖਿਆ ਜਾਵੇ ਜੋ ਉਸ ਲਈ ਨਿਰਧਾਰਿਤ ਕੀਤਾ ਗਿਆ ਹੈ।"
>
> —ਬਹਾਉਲੱਾਹ

> "ਦਾਨਸ਼ੀਲਤਾ ਪ੍ਰਭੂ ਨੂੰ ਪਿਆਰੀ ਤੇ ਸਵੀਕਾਰ ਹੈ ਤੇ ਚੰਗੇ ਕੰਮਾਂ ਵਿਚੋਂ ਇਸ ਨੂੰ ਸਭ ਤੋਂ ਉੱਚਾ ਸਥਾਨ ਪ੍ਰਾਪਤ ਹੈ। ਬਿਨਾਂ ਕਿਸੇ ਸ਼ਕ ਇਹ ਸ਼ਬਦ, ਸ਼ਬਦਾਂ ਦਾ ਸੂਰਜ ਹੈ। ਧੰਨ ਹਨ ਜੋ ਸਭ ਤੋਂ ਪਹਿਲਾਂ

ਆਪਣੇ ਭਰਾ ਨੂੰ ਅਧਿਮਾਨਤਾ ਦੇਂਦਾ ਹੈ, ਇਸ ਤਰ੍ਹਾਂ ਦਾ ਆਦਮੀ ਬਹਾ ਲੋਕਾਂ ਵਿਚੋਂ ਇਕ ਹੈ।"

"ਉਹ ਲੋਕ ਜਿਨ੍ਹਾਂ ਨੂੰ ਐਸ਼ ਪ੍ਰਾਪਤ ਹਨ, ਜ਼ਰੂਰ ਹੀ ਗਰੀਬਾਂ ਨੂੰ ਮਾਣ ਦੇਣ ਕਿਉਂਕਿ ਭਗਵਾਨ ਨੇ ਗਰੀਬਾਂ ਦੀ ਕਿਸਮਤ ਵਿਚ ਮਹਾਂ ਸਮਾਨ੍ਹ ਲਿਖਿਆ ਹੈ, ਜੋ ਹੌਸਲੇ ਵਿੱਚ ਅਟੱਲ ਹਨ। ਰੱਬ ਦਵਾਰਾ ਪ੍ਰਦਾਨ ਕੀਤੀ ਗਈ ਇਜ਼ਤ ਤੋਂ ਕੋਈ ਹੋਰ ਇਜ਼ਤ ਨਹੀਂ ਜੋ ਇਸਦੀ ਤੁਲਨਾ ਕਰ ਸਕੇ। ਮਹਾਨ ਕਿਰਪਾ ਉਨ੍ਹਾਂ ਗਰੀਬਾਂ ਦਾ ਇੰਤਜ਼ਾਰ ਕਰ ਰਹੀ ਹੈ ਜੋ ਆਪਣੇ ਦੁਖਾਂ ਨੂੰ ਛੁਪਾਂਦੇ ਹਨ ਤੇ ਹੌਸਲੇ ਨਾਲ ਸਹਿਨ ਕਰਦੇ ਹਨ ਅਤੇ ਉਨ੍ਹਾਂ ਅਮੀਰਾਂ ਲਈ ਇਹ ਚੰਗਾ ਹੈ ਜੋ ਆਪਣੀ ਜਾਇਦਾਦ ਜ਼ਰੂਰਤਮੰਦਾਂ ਨੂੰ ਦੇ ਦਿੰਦੇ ਹਨ ਤੇ ਆਪਣੇ ਤੋਂ ਪਹਿਲਾਂ ਉਨ੍ਹਾਂ ਨੂੰ ਮਾਨਤਾ ਦੇਂਦੇ ਹਨ।

—ਬਹਾਉੱਲਾਹ

"ਬੀਮਾਰਾਂ ਦੀ ਦੇਖਭਾਲ ਇਕ ਮਹਾਨ ਕੰਮ ਹੈ। ਹਰ ਆਤਮਾ ਜੋ ਰੋਗ ਗ੍ਰਸਤ ਹੋ ਜਾਵੇ, ਦੂਜੇ ਮਿੱਤਰ ਜ਼ਰੂਰ ਹੀ (ਸੇਵਾ ਦਾ) ਜੀਵਨ ਅਤੀ ਸਹਾਨੁਭੂਤਿ ਨਾਲ ਪੇਸ਼ ਕਰਨ।"

—ਅਬਦੁਲਬਹਾ

ਅਸਲ ਵਿਚ ਅਸੀਂ ਨਿੰਮਰਤਾ ਨੂੰ ਚੁਣਿਆ ਹੈ ਅਤੇ ਇਸ ਨੂੰ ਉਨ੍ਹਾਂ ਦਾ ਪ੍ਰਤੀਕ ਬਣਾਇਆ ਹੈ ਜੋ ਪ੍ਰਮਾਤਮਾ ਦੇ ਨੇੜੇ ਹਨ। ਅਸਲ ਵਿਚ ਨਿੰਮਰਤਾ ਇਕ ਐਸਾ ਵਸਤਰ ਹੈ ਜੋ ਸਭ ਆਦਮੀਆਂ ਤੇ ਠੀਕ ਬੈਠਦਾ ਹੈ ਚਾਹੇ ਉਹ ਜਵਾਨ ਹਨ ਯਾ ਬਜ਼ੁਰਗ। ਉਨ੍ਹਾਂ ਲਈ ਚੰਗਾ ਹੈ ਜੋ ਇਸ ਨਾਲ ਆਪਣੇ ਮੱਥੇ ਨੂੰ ਸਜਾਂਦਾ ਹੈ ਤੇ ਉਨ੍ਹਾਂ ਲਈ ਸਰਾਪ ਜੋ ਇਸ ਮਹਾਨ ਕਿਰਪਾ ਤੋਂ ਵੰਚਿਤ ਹਨ।

"ਐ ਪ੍ਰਭੂ ਦੇ ਲੋਕੋ! ਮੈਂ ਤੁਹਾਨੂੰ ਨਿੰਮਰਤਾ ਦਾ ਉਪਦੇਸ਼ ਦੇਂਦਾ ਹਾਂ। ਪਹਿਲੇ ਸਥਾਨ ਤੇ ਨਿੰਮਰਤਾ ਸਭ ਗੁਣਾਂ ਦੀ ਮਾਲਿਕ ਹੈ। ਧੰਨ ਹਨ ਉਹ ਜੋ ਨਿੰਮਰਤਾ ਦੇ ਪ੍ਰਕਾਸ਼ ਤੋਂ ਰੋਸ਼ਨ ਤੇ ਈਮਾਨਦਾਰੀ ਦੇ ਵਸਤਰ ਤੋਂ ਸਜੇ ਹੋਏ ਹਨ। ਉਸ ਆਦਮੀ ਨੂੰ ਸਭ ਤੋਂ ਵੱਡਾ

ਸਥਾਨ ਪ੍ਰਾਪਤ ਹੈ ਜਿਸ ਨੂੰ ਨਿੰਮਰਤਾ ਦਾ ਉਪਹਾਰ ਪ੍ਰਾਪਤ ਹੈ।"

—ਬਹਾਉੱਲਾਹ

ਖਬਰਦਾਰ! ਇਸ ਤਰ੍ਹਾਂ ਨਾ ਹੋਵੇ ਕਿ ਤੁਸੀਂ ਆਪਣੇ ਆਪ ਨੂੰ ਆਪਣੇ ਗਵਾਂਢੀਆਂ ਤੋਂ ਅਧਿਮਾਨਤਾ ਦੇਵੋ।

"ਖੁਦ ਆਪਣੇ ਤੇ ਦੂਸਰਿਆਂ ਵਲ ਈਮਾਨਦਾਰ ਬਣੋ ਤਾਂ ਜੋ ਤੁਹਾਡੇ ਕੰਮਾਂ ਦਵਾਰਾ ਸ਼ਾਡੇ ਵਫਾਦਾਰ ਸੇਵਕਾਂ ਵਿਚ ਨਿਆਂ ਦੇ ਪ੍ਰਮਾਣ ਪ੍ਰਤੱਖ ਹੋਣ।

"ਮਨੁਖੀ ਗੁਣਾਂ ਵਿਚ ਸਭ ਤੋਂ ਜ਼ਿਆਦਾ ਮੌਲਿਕ ਗੁਣ ਨਿਆਂ ਹੈ। ਤੁਹਾਡਾ ਸਭ ਚੀਜ਼ਾਂ ਦਾ ਮੁਲਅੰਕਣ ਜ਼ਰੂਰ ਹੀ ਇਸ ਤੇ ਆਧਾਰਿਤ ਹੋਵੇ।

"ਕਹੋ! ਐ ਗਿਆਨ ਯੁਕਤ ਦਿਲ ਦੇ ਮਨੁਖੋ! ਆਪਣੇ ਫੈਸਲੇ ਵਿਚ ਨਿਆਂ ਦਾ ਪਾਲਣ ਕਰੋ। ਜੋ ਆਦਮੀ ਆਪਣੇ ਫੈਸਲੇ ਵਿਚ ਅਨਿਆਈ ਹੈ ਉਹ ਮਨੁੱਖ ਦੀ ਪਦਵੀ ਨੂੰ ਉੱਚਾ ਕਰਨ ਵਾਲੇ ਗੁਣਾਂ ਤੋਂ ਵੰਚਿਤ ਹਨ।"

—ਬਹਾਉੱਲਾਹ

"ਅਸੀਂ ਤੁਹਾਨੂੰ ਹਰ ਵਕਤ ਆਪਣੀ ਪ੍ਰਸੰਨਤਾ ਦੇ ਸਵਰਗ ਵਿਚ ਮਿਤ੍ਰਤਾ ਪੂਰਵਕ ਤੇ ਏਕਤਾ ਪੂਰਵਕ ਮਿਲਾਪ ਵਿਚ ਦੇਖਣਾ ਤੇ ਤੁਹਾਡੇ ਕੰਮਾਂ ਵਿਚ ਮਿਤ੍ਰਤਾ, ਏਕਤਾ ਪ੍ਰੇਮਪੂਰਣ ਦਿਆਲਤਾ ਦੀ ਦੋਸਤੀ ਦੀ ਖੁਸ਼ਬੋ ਦਾ ਸਾਹ ਲੈਣਾ ਪਸੰਦ ਕਰਦੇ ਹਾਂ.....ਅਸੀਂ ਹਮੇਸ਼ਾ ਤੁਹਾਡੇ ਨਾਲ ਹੋਵਾਂਗੇ, ਜੇ ਸਾਨੂੰ ਤੁਹਾਡੇ ਦੋਸਤਾਨਾ ਖੁਸ਼ਬੋ ਦਾ ਸਾਹ ਮਿਲਿਆ ਤਾਂ ਸਾਡਾ ਦਿਲ ਜ਼ਰੂਰ ਹੀ ਖੁਸ਼ ਹੋਵੇਗਾ, ਕਿਉਂਕਿ ਹੋਰ ਕੋਈ ਵੀ ਚੀਜ਼ ਸਾਨੂੰ ਸੰਤੁਸ਼ਟ ਨਹੀਂ ਕਰ ਸਕਦੀ।"

—ਬਹਾਉੱਲਾਹ

"ਗਰੀਬ ਤੁਹਾਡੇ ਵਿਚ ਮੇਰੀ ਅਮਾਨਤ ਹੈ, ਮੇਰੀ ਅਮਾਨਤ ਦੀ ਰਖਿਆ ਕਰੋ ਅਤੇ ਕੇਵਲ ਆਪਣੇ ਸੁਖ ਦਾ ਹੀ ਧਿਆਨ ਨਾ ਕਰੋ।"

"ਜੇ ਤੁਸੀਂ ਕਿਸੇ ਐਸੇ ਆਦਮੀ ਨੂੰ ਮਿਲੋ ਜੋ ਗਰੀਬ ਹੈ ਤਾਂ ਉਸ ਤੋਂ ਘਿਰਣਾ ਪੂਰਵਕ ਵਿਵਹਾਰ ਨਾ ਕਰੋ। ਉਸ ਦਾ ਖਿਆਲ ਕਰੋ ਜਿਸ ਦਵਾਰਾ ਤੁਸੀਂ ਪੈਦਾ ਕੀਤੇ ਗਏ ਹੋ। ਤੁਹਾਡੇ ਵਿਚੋਂ ਹਰ ਇਕ ਮਾਣਹੀਨ ਕੀਟਾਣੂ ਤੋਂ ਪੈਦਾ ਕੀਤਾ ਗਿਆ ਸੀ।"

—ਬਹਾਉੱਲਾਹ

"ਦਿਆਪੂਰਣ, ਜੀਭਾ ਮਾਨਵ ਦਿਲਾਂ ਦੇ ਚੁੰਬਕ ਬਰਾਬਰ ਹੈ। ਇਹ ਆਤਮਾ ਦਾ ਭੋਜਨ ਹੈ, ਇਹ ਸ਼ਬਦਾਂ ਦਾ ਅਰਥ ਦਾ ਵਸਤਰ ਪਹਿਨਾਂਦੀ ਹੈ। ਇਹ ਵਿਦਵਤਾ ਤੇ ਗਿਆਨ ਦੇ ਪ੍ਰਕਾਸ਼ ਦਾ ਸੋਤਰ ਹੈ।"

—ਬਹਾਉੱਲਾਹ

"ਹਰ ਇਕ ਦੂਸਰੇ ਦੀ ਆਤਮਾ ਵਿਚ ਪ੍ਰਭੂ ਦੀ ਸੁੰਦਰਤਾ ਨੂੰ ਪ੍ਰਤੀਬਿੰਬਤਾ ਹੁੰਦੇ ਦੇਖਦਾ ਹੈ ਤੇ ਇਸ ਬਿੰਦੂ ਤੇ ਇਕਰੂਪਤਾ ਪਾ ਕੇ ਉਹ ਇਕ ਦੂਜੇ ਵਲ ਪ੍ਰੇਮ ਪੂਰਵਕ ਖਿਚੇ ਜਾਂਦੇ ਹਨ। ਇਹ ਪ੍ਰੇਮ ਸਭ ਆਦਮੀਆਂ ਨੂੰ ਇਕ ਸਮੁੰਦਰ ਦੀਆਂ ਲਹਿਰਾਂ ਬਣਾ ਦੇਵੇਗਾ; ਇਹ ਪ੍ਰੇਮ ਸਭ ਨੂੰ ਇਕ ਆਕਾਸ਼ ਦੇ ਤਾਰੇ ਤੇ ਇਕ ਹੀ ਪੇੜ ਦੇ ਫਲ ਬਣਾ ਦੇਵੇਗਾ। ਇਹ ਪ੍ਰੇਮ ਸੱਚੀ ਸਹਿਮਤੀ ਜੋ ਅਸਲੀ ਏਕਤਾ ਦੀ ਨੀਂਹ ਹੈ, ਨੂੰ ਫਲੀਭੂਤ ਕਰੇਗਾ।"

"ਪ੍ਰੇਮ ਅਸੀਮ, ਅਪਾਰ ਤੇ ਅਨੰਤ ਹੈ। ਭੌਤਿਕ ਚੀਜ਼ਾਂ ਸੀਮਿਤ ਹਨ— ਇਹ ਸਪਸ਼ਟ ਹੈ ਕਿ ਸੀਮਿਤ ਭੌਤਿਕ ਬੰਧਨ ਵਿਸ਼ਵ ਵਿਆਪੀ ਪ੍ਰੇਮ ਨੂੰ ਪੂਰੀ ਤਰ੍ਹਾਂ ਦਸਣ ਵਿਚ ਪੂਰਾ ਨਹੀਂ ਹੈ। ਮਾਨਵਤਾ ਦੀ ਵਲ ਮਹਾਨ ਨਿਸਵਾਰਥ ਪ੍ਰੇਮ ਇਨ੍ਹਾਂ ਵਿਚੋਂ ਕਿਸੇ ਵੀ ਅਪੂਰਣ,

ਅਸਥਵਾਰਥੀ ਬੰਧਨ ਤੋਂ ਜਕੜਿਆ ਹੋਇਆ ਨਹੀਂ, ਇਹ ਇਕ ਮਾਤਰ ਪੂਰਨ ਪ੍ਰੇਮ ਸਾਰੀ ਮਾਨਵ ਜਾਤੀ ਦੇ ਲਈ ਸੰਭਵ ਹੈ ਅਤੇ ਕੇਵਲ ਦੈਵੀ ਆਤਮਾ ਦੀ ਸ਼ਕਤੀ ਦਵਾਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।"

—ਅਬਦੁਲਬਹਾ

"ਆਪਣੇ ਗਵਾਂਢੀ ਦੇ ਪਦਾਰਥ ਨਾਲ ਵਿਸ਼ਵਾਸਘਾਤ ਪੂਰਣ ਸਲੂਕ ਨਾ ਕਰੋ। ਧਰਤੀ ਤੇ ਵਿਸ਼ਵਾਸ ਪਾਤਰ ਬਣੋ ਤੇ ਗਰੀਬਾਂ ਨੂੰ ਉਨ੍ਹਾਂ ਚੀਜ਼ਾਂ ਤੋਂ ਵੰਚਿਤ ਨਾ ਰਖੋ ਜੋ ਪ੍ਰਭੂ ਕਿਰਪਾ ਨੇ ਤੁਹਾਨੂੰ ਪ੍ਰਦਾਨ ਕੀਤੀਆਂ ਹਨ। ਬਿਨਾਂ ਕਿਸੀ ਸ਼ਕ, ਜੋ ਤੁਹਾਡੇ ਪਾਸ ਹੈ, ਰੱਬ ਦੁਗਣਾ ਦੇਵੇਗਾ।"

—ਬਹਾਉੱਲਾਹ

"ਪਦਵੀ ਤੇ ਸਥਾਨ ਦੀ ਉੱਚਾਈ ਵਿਚ ਅੱਛੀ ਬਾਣੀ ਤੇ ਸਚਾਈ ਉਸ ਸੂਰਜ ਦੇ ਸਮਾਨ ਹੈ ਜੋ ਗਿਆਨ ਦੇ ਸਵਰਗ ਦੇ ਸ਼ਿਤਿਜ ਤੋਂ ਚੜ੍ਹਿਆ ਹੈ।"

—ਬਹਾਉੱਲਾਹ

ਪ੍ਰਸ਼ਾਸਨ

ਪਰੋਹਿਤ ਰਹਿਤ ਧਰਮ :

ਇਕ ਸਮਾਂ ਐਸਾ ਸੀ ਜਦੋਂ ਸਮਾਜ ਵਿਚ ਐਸੇ ਲੋਕਾਂ ਦਾ ਹੋਣਾ ਜ਼ਰੂਰੀ ਸੀ ਜੋ ਧਾਰਮਿਕ ਕੰਮਾਂ ਵਿਚ ਮੁਖੀ ਹੁੰਦੇ ਸਨ। ਸਾਧਾਰਨ ਲੋਕ ਯਾ ਤਾਂ ਅਨਪੜ੍ਹ ਸਨ ਯਾ ਉਨ੍ਹਾਂ ਦੇ ਕੋਲ ਧਰਮ ਅਧਿਅਨ ਕਰਨ ਦਾ ਸਮਾਂ ਨਹੀਂ ਸੀ। ਇਸ ਕਰਕੇ ਉਨ੍ਹਾਂ ਨੇ ਬਹੁਤ ਸਾਰੇ ਐਸੇ ਲੋਕਾਂ ਨੂੰ ਰਖਿਆ ਜਿਨ੍ਹਾਂ ਦਾ ਕੋਈ ਹੋਰ ਧੰਧਾ ਨਹੀਂ ਸੀ ਹੁੰਦਾ, ਸਿਵਾ ਇਸ ਦੇ ਕਿ ਉਹ ਧਰਮ ਦਾ ਅਧਿਅਨ ਕਰਨ ਤੇ ਦੇਖਣ ਕਿ ਲੋਕ ਉਨ੍ਹਾਂ ਦਾ ਪਾਲਣ ਕਰਨ। ਇਸੇ ਕਾਰਨ ਅਸੀਂ ਹਿੰਦੂਆਂ ਵਿਚ ਬ੍ਰਾਹਮਣ, ਬੋਧੀਆਂ ਵਿਚ ਭਿਖਸ਼ੂ, ਈਸਾਈਆਂ ਵਿਚ ਪਾਦਰੀ ਤੇ ਮੁਸਲਮਾਨਾਂ ਵਿਚ ਮੌਲਵੀ ਦੇਖਦੇ ਹਾਂ।

ਬਹਾਈ ਧਰਮ ਵਿਚ ਵਿਵਹਾਰਿਕ ਰੂਪ ਤੋਂ ਧਰਮ ਗੁਰੂ ਅਥਵਾ ਪਰੋਹਿਤਾਂ ਦਾ ਪਦ ਸਮਾਪਤ ਕਰ ਦਿਤਾ ਗਿਆ ਹੈ ਤੇ ਇਹ ਬਹਾਈ ਧਰਮ ਦੀ ਖਾਸੀਅਤ ਹੈ। ਭਗਵਾਨ ਬਹਾਉੱਲਾਹ ਕਹਿੰਦੇ ਹਨ ਕਿ ਜੇ ਪਿਛਲੇ ਸਮੇਂ ਵਿਚ ਪਰੋਹਿਤਾਂ ਦਾ ਹੋਣਾ ਜ਼ਰੂਰੀ ਸੀ, ਪਰ ਸਾਡੇ ਸਮੇਂ ਇਨ੍ਹਾਂ ਦੀ ਕੋਈ ਜ਼ਰੂਰਤ ਨਹੀਂ। ਉਨ੍ਹਾਂ ਸਾਨੂੰ ਆਗਿਆ ਦਿਤੀ ਕਿ ਅਸੀਂ ਖੁਦ ਸੱਚਾਈ ਦੀ ਖੋਜ ਕਰੀਏ ਤਾਂ ਜੋ ਖੁਦ ਆਪਣੀਆਂ ਅੱਖਾਂ ਨਾਲ ਦੇਖੀਏ, ਖੁਦ ਆਪਣੇ ਕੰਨਾਂ ਨਾਲ ਸੁਣੀਏ ਤੇ ਖੁਦ ਆਪਣੀ ਬਹਿਸ ਸ਼ਕਤੀ ਤੇ ਸੂਝ ਬੂਝ ਨੂੰ ਸਮਝੀਏ। ਸੱਚਾਈ ਦੀ ਖੋਜ ਕਰਦੇ ਹੋਏ, ਹਰੇਕ ਬਹਾਈ ਆਪਣੇ ਧਰਮ ਦੇ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ ਜੋ ਦੂਜੇ ਧਰਮਾਂ ਦੇ ਲੋਕ ਨਹੀਂ ਕਰਦੇ ਤੇ ਆਪਣੇ ਪੁਰੋਹਿਤਾਂ ਤੋਂ ਨਿਰਦੇਸ਼ ਪਾਉਣ ਦੀ ਉਮੀਦ ਕਰਦੇ ਹਨ। ਹਰ ਬਹਾਈ ਨੂੰ ਖੁਦ ਪ੍ਰਾਰਥਨਾ ਕਰਨੀ ਪੈਂਦੀ ਹੈ ਤੇ ਆਪਣੀ ਪ੍ਰਾਰਥਨਾ ਹੋਰ ਕਿਸੇ ਨੂੰ ਪੈਸੇ ਨਹੀਂ ਦੇ ਸਕਦਾ। ਬਹਾਈ ਖੁਦ ਈਸ਼ਵਰ ਦੀ ਕਿਰਪਾ ਤੇ ਖਿਮਾਂ ਦੀ ਯਾਚਨਾ ਕਰਦਾ ਹੈ ਤੇ ਉਸ ਨੂੰ ਆਦਮੀ ਦੇ ਬਣਾਏ ਹੋਏ ਰਿਵਾਜ਼ਾਂ ਦਵਾਰਾ ਐਸਾ ਕਰਨ ਲਈ ਕਿਸੇ ਪੁਰੋਹਿਤ ਦੀ ਜ਼ਰੂਰਤ ਨਹੀਂ। ਪ੍ਰਭੂ ਦੇ ਅਵਤਾਰ ਦਵਾਰਾ ਹਰ ਬਹਾਈ ਖੁਦ ਪ੍ਰਭੂ ਨਾਲ

ਸਬੰਧ ਜੋੜ ਸਕਦਾ ਹੈ ਤੇ ਸਾਡੇ ਤੇ ਰੱਬ ਵਿਚਕਾਰ ਕਿਸੇ ਮਾਧਿਅਮ ਦੀ ਲੋੜ ਨਹੀਂ ਹੈ।

ਜਦੋਂ ਕਿ ਹਰ ਧਰਮ ਵਿਚ ਬਹੁਤ ਅੱਛੇ ਪੁਰੋਹਿਤ ਹੋਏ ਹਨ ਫਿਰ ਵੀ ਧਰਮ ਦੇ ਨਾਂ ਤੇ ਜਿੰਨੀ ਹਾਨੀ ਹੋਈ ਹੈ, ਉਹ ਹਰ ਯੁਗ ਵਿਚ ਇਨ੍ਹਾਂ ਕਾਰਨ ਹੋਈ। ਗਵਾਂਢ ਵਿਚ ਰਹਿਣ ਵਾਲੇ ਦੋ ਪਰੋਹਿਤ ਧਾਰਮਿਕ ਸਵਾਲਾਂ ਤੇ ਹਮੇਸ਼ਾ ਅਸਹਿਮਤ ਰਹਿੰਦੇ ਸਨ ਤੇ ਉਨ੍ਹਾਂ ਦੀ ਅਸਹਿਮਤੀ ਸੰਸਾਰ ਵਿਚ ਕਲੇਸ਼ ਦਾ ਕਾਰਨ ਬਣੀ। ਕੁਛ ਲੋਕ ਸੋਚਦੇ ਸਨ ਕਿ ਇਕ ਪਰੋਹਿਤ ਠੀਕ ਕਹਿੰਦਾ ਹੈ ਤੇ ਦੂਸਰੇ ਕਹਿੰਦੇ ਸਨ ਕਿ ਦੂਜਾ ਠੀਕ ਹੈ ਤੇ ਇਸ ਤਰ੍ਹਾਂ ਹਰ ਧਰਮ ਵਿਚ ਫੁੱਟ ਪੈਦਾ ਹੋ ਗਈ। ਹੌਲੀ ਹੌਲੀ ਬਹੁਤ ਸਾਰੇ ਸੰਪਰਦਾਯ ਬਣ ਗਏ ਤੇ ਲੋਕ ਪਵਿੱਤਰ ਲੇਖਾਂ ਦੀ ਵੱਖ ਵੱਖ ਵਿਆਖਿਆ ਕਰਕੇ ਇਕ ਦੂਜੇ ਨਾਲ ਲੜਨ ਲਗ ਪਏ ਤੇ ਇਹੀ ਕਾਰਨ ਬਣ ਗਿਆ ਯੁਧ ਤੇ ਰਕਤਪਾਤ ਦਾ।

ਬਹਾਈ ਧਰਮ ਵਿਚ ਇਹ ਗੱਲਾਂ ਨਹੀਂ ਹੋ ਸਕਦੀਆਂ। ਸਭ ਤੋਂ ਪਹਿਲਾਂ ਧਰਮ ਵਿਚ ਕੋਈ ਪਰੋਹਿਤ ਨਹੀਂ ਜੋ ਅਲੱਗ ਰੂਪ ਵਿਚ ਚੇਲਿਆਂ ਦਾ ਅਨੁਸਰਣ ਕਰਾ ਸਕੇ। ਧਰਮ ਵਿਚ ਸਭ ਬਰਾਬਰ ਹਨ। ਦੂਜੇ, ਕਿਸੀ ਵੀ ਆਦਮੀ ਨੂੰ ਬਹਾਉੱਲਾਹ ਦੇ ਲੇਖਾਂ ਤੇ ਸਿਖਿਆਵਾਂ ਦੀ ਵਿਆਖਿਆ ਕਰਨ ਦਾ ਕੋਈ ਅਧਿਕਾਰ ਨਹੀਂ। ਇਹ ਅਧਿਕਾਰ ਖੁਦ ਬਹਾਉੱਲਾਹ ਦਵਾਰਾ ਅਬਦੁਲਬਹਾ ਨੂੰ ਦਿਤਾ ਗਿਆ ਸੀ ਤੇ ਅਬਦੁਲਬਹਾ ਤੋਂ ਬਾਦ ਇਸ ਵਿਆਖਿਆ ਦਾ ਅਧਿਕਾਰ ਸ਼ੋਗੀ ਅਫੇਂਦੀ ਨੂੰ ਦਿਤਾ ਗਿਆ ਸੀ।

ਧਰਮ ਦਵਾਰਾ ਰੋਜ਼ੀ ਕਮਾ ਸਕਣਾ ਖਤਰਨਾਕ ਹੈ। ਇਸ ਨਾਲ ਬਹੁਤ ਸਾਰੇ ਕਪਟੀ ਲੋਕ ਇਸ ਵਲ ਖਿਚੇ ਜਾਣਗੇ ਕਿਉਂਕਿ ਉਹ ਸੁਖੀ ਜੀਵਨ ਤੇ ਚੰਗੀ ਆਮਦਨੀ ਦੇ ਇੱਛਕ ਹਨ। ਇਸ ਤਰ੍ਹਾਂ ਦੇ ਲੋਕਾਂ ਨੇ ਪੁਰੋਹਿਤਾਈ ਦੇ ਪਰਦੇ ਵਿਚ ਹਮੇਸ਼ਾਂ ਲੋਕਾਂ ਨੂੰ ਭਟਕਾਇਆ ਹੈ ਤੇ ਨਿਜੀ ਸਵਾਰਥ ਵਾਸਤੇ ਅਪਰਾਧ ਕੀਤੇ ਹਨ।

ਭਗਵਾਨ ਬਹਾਉੱਲਾਹ ਨੇ ਪੁਰੋਹਿਤਾਂ ਦੀ ਸੰਸਥਾ ਨੂੰ ਹੀ ਸਮਾਪਤ ਕਰ ਦਿਤਾ ਹੈ ਤਾਂ ਜੋ ਕੋਈ ਆਦਮੀ ਆਪਣੀ ਸੰਸਾਰਿਕ ਤੇ ਸਵਾਰਥ ਪੂਰਨ ਕਾਮਨਾਵਾਂ ਨੂੰ ਪੂਰਾ ਕਰਨ ਲਈ ਕਦੀ ਧਰਮ ਦਾ ਦੁਰਪ੍ਰਯੋਗ ਨਾ ਕਰ ਸਕੇ।

ਪਿਛਲਾ ਇਤਿਹਾਸ ਦਸਦਾ ਹੈ ਕਿ ਜਦੋਂ ਵੀ ਕਿਸੇ ਪ੍ਰਭੂ ਅਵਤਾਰ ਦਾ ਪ੍ਰਗਟਾਵਾ ਹੋਇਆ ਤਾਂ ਪਹਿਲੇ ਧਰਮਾਂ ਦੇ ਪਰੋਹਿਤਾਂ ਨੇ ਉਸ ਦਾ ਵਿਰੋਧ ਕੀਤਾ। ਆਖਿਰ ਕਿਉਂ ? ਕਿਉਂਕਿ ਪਰੋਹਿਤ ਜਾਣਦੇ ਸਨ ਕਿ ਨਵੇਂ ਅਵਤਾਰ ਨੂੰ ਸਵੀਕਾਰ ਕਰਨ ਵਿਚ ਉਨ੍ਹਾਂ ਨੂੰ ਆਪਣੀਆਂ ਪਦਵੀਆਂ, ਆਪਣੀ ਸੰਪਤੀ ਤੇ ਸੁਖਾਂ ਨੂੰ ਕੁਰਬਾਨ ਕਰਨਾ ਪਵੇਗਾ। ਇਸੇ ਕਾਰਣ ਜਦੋਂ ਵੀ ਕੋਈ ਨਵਾਂ ਧਰਮ ਪ੍ਰਗਟ ਹੋਇਆ ਤਾਂ ਇਨ੍ਹਾਂ ਨੇ ਉਸ ਨੂੰ ਮਿਟਾਣ ਦੀ ਪੂਰੀ ਕੋਸ਼ਿਸ਼ ਕੀਤੀ। ਬੁੱਧ ਧਰਮ, ਉਸ ਵਕਤ ਦੇ ਪੰਡਤਾਂ ਦਵਾਰਾ ਭਾਰਤ ਤੋਂ ਬਾਹਰ ਧਕੇਲ ਦਿਤਾ ਗਿਆ। ਯਹੂਦੀ ਰੱਬੀਆਂ ਦੇ ਵਿਰੋਧ ਕਾਰਣ ਮਹਾਤਮਾ ਈਸਾ ਮਸੀਹ ਨੂੰ ਸੂਲੀ ਤੇ ਚੜ੍ਹਾਇਆ ਗਿਆ। ਮਹਾਤਮਾ ਬਾਬ ਨੂੰ ਸ਼ਹੀਦ ਕਰ ਦਿਤਾ ਗਿਆ ਕਿਉਂਕਿ ਮੌਲਵੀ ਨਹੀਂ ਚਾਹੁੰਦੇ ਸਨ ਕਿ ਲੋਕ ਇਨ੍ਹਾਂ ਵਿਚ ਵਿਸ਼ਵਾਸ ਕਰਨ। ਬਹਾਉੱਲਾਹ ਨੇ ਯਾਤਨਾਵਾਂ ਇਸ ਕਰਕੇ ਸਹੀਆਂ ਕਿਉਂਕਿ ਉਸ ਸਮੇਂ ਦੇ ਲੋਕਾਂ ਨੇ ਉਨ੍ਹਾਂ ਵਿਰੁਧ ਸਰਕਾਰ ਨੂੰ ਭੜਕਾਇਆ ਸੀ।

ਇਨ੍ਹਾਂ ਵਿਚ ਕੁਝ ਛੋਟਾਂ ਵੀ ਸਨ। ਮਹਾਤਮਾ ਬਾਬ ਤੇ ਬਹਾਉੱਲਾਹ ਦੋ ਸਮੇਂ ਬਹੁਤ ਸਾਰੇ ਵਿਦਵਾਨ ਮੌਲਵੀਆਂ ਨੇ ਉਨ੍ਹਾਂ ਤੇ ਵਿਸ਼ਵਾਸ ਕੀਤਾ ਤੇ ਕੁਝ ਨੇ ਪ੍ਰਭੂ ਰਾਹ ਵਿਚ ਆਪਣਾ ਖੂਨ ਬਹਾਇਆ। ਪਰ ਜਦੋਂ ਉਨ੍ਹਾਂ ਨੇ ਬਾਬ ਤੇ ਬਹਾਉੱਲਾਹ ਵਿਚ ਵਿਸ਼ਵਾਸ ਕਰ ਲਿਆ ਤਾਂ ਮੁੱਲਾਂ ਨਾ ਰਹੇ। ਉਹ ਬਹਾਈ ਬਣ ਗਏ—ਪ੍ਰਭੂ ਧਰਮ ਦੇ ਸੇਵਕ। ਆਪਣੀ ਰੋਜ਼ੀ ਕਮਾਣ ਵਾਸਤੇ ਦੂਜੇ ਕੰਮ ਸ਼ੁਰੂ ਕਰ ਦਿਤੇ। ਉਨ੍ਹਾਂ ਨੇ ਦੌਲਤ ਨੂੰ ਧਰਮ ਯਾ ਸੰਸਾਰਿਕ ਕਿੱਤੇ ਨੂੰ ਪ੍ਰਭੂ ਧਰਮ ਦੇ ਨਾਲ ਨਾ ਮਿਲਾਇਆ।

ਸਮਾਜ ਵਿਚ ਧਾਰਮਿਕ ਮਾਮਲਿਆਂ ਦੀ ਦੇਖਭਾਲ ਲਈ ਪੁਰੋਹਿਤਾਂ ਦੀ ਬਜਾਏ, ਬਹਾਉੱਲਾਹ ਨੇ ਇਕ ਅਦੁਭੱਤ ਪ੍ਰਣਾਲੀ ਦੀ ਨੀਂਹ ਰਖੀ ਹੈ ਜਿਸ ਦੇ ਦਵਾਰਾ ਅਸੀਂ ਸਭ ਆਪਸ ਵਿਚ ਮਿਲ ਕੇ ਪ੍ਰਭੂ ਧਰਮ ਦੀ ਤਰੱਕੀ ਤੇ ਸਮਾਜ ਦੇ ਅਧਿਆਤਮਕ ਕਲਿਆਣ ਲਈ ਕੰਮ ਕਰ ਸਕਦੇ ਹਾਂ। ਬਹਾਉੱਲਾਹ ਦੀਆਂ ਦੂਜੀਆਂ ਸਿਖਿਆਵਾਂ ਦੀ ਤਰ੍ਹਾਂ 'ਬਹਾਈ ਪ੍ਰਸ਼ਾਸਨ ਪ੍ਰਣਾਲੀ' ਵੀ ਮੂਲ ਰੂਪ ਤੋਂ ਦੈਵੀ ਹੈ। ਅਗਲੇ ਸਫਿਆਂ ਵਿਚ ਅਸੀਂ ਇਸ ਦੇ ਬਾਰੇ ਜ਼ਿਆਦਾ ਪੜ੍ਹਾਂਗੇ।

ਬਹਾਈ ਪ੍ਰਸ਼ਾਸਨ ਕੀ ਹੈ :

ਜੇ ਇਕ ਤਰਫ ਨਦੀ ਹੋਵੇ ਤੇ ਦੂਜੇ ਪਾਸੇ ਖੇਤੀ ਦੀ ਜ਼ਮੀਨ ਤਾਂ ਅਸੀਂ

ਨਹੀਂ ਜਾਣਦੇ ਸਨ ਕਿ ਇਸ ਜੁਗ ਵਿਚ ਪ੍ਰਭੂ ਆਪਣੇ ਧਰਮ ਦੀ ਏਕਤਾ ਦਾ ਖੰਡਨ ਨਹੀਂ ਹੋਣ ਦੇਵੇਗਾ।

ਅਬਦੁਲਬਹਾ ਨੇ ਭਗਵਾਨ ਬਹਾਉੱਲਾਹ ਦੇ ਚੇਲਿਆਂ ਦੀ ਏਕਤਾ ਦਾ ਪਹਿਲੇ ਹੀ ਪ੍ਰਬੰਧ ਕਰ ਲਿਆ ਸੀ। ਉਨ੍ਹਾਂ ਨੇ ਵੀ ਵਿਸ਼ਵ ਦੇ ਬਹਾਈਆਂ ਦੇ ਨਾਲ ਇਕ ਦ੍ਰਿੜ੍ਹ ਪ੍ਰਤਿੱਗਿਆ ਕੀਤੀ। ਆਪਣੇ ਪਿੱਛੇ ਇਕ ਅਜੀਬ ਪਾਟੀ "ਵਿਲ ਐਂਡ ਟੈਸਟਾਮੈਂਟ" ਛਡੀ ਜਿਸ ਵਿਚ ਉਨ੍ਹਾਂ ਨੇ ਆਪਣੇ ਨਵਾਸੇ ਸ਼ੌਗੀ ਅਫੇਂਦੀ ਨੂੰ ਧਰਮ ਦਾ ਰਖਿਅਕ ਨਿਯੁਕਤ ਕੀਤਾ।

ਅਬਦੁਲਬਹਾ ਦੇ ਸਵਰਗਵਾਸ ਤੇ ਬਹਾਈਆਂ ਨੇ ਪਿਆਰੇ ਪਿਤਾ ਨੂੰ ਖੋ ਦਿਤਾ, ਪਰ ਸ਼ੌਗੀ ਅਫੇਂਦੀ ਵਿਚ ਉਨ੍ਹਾਂ ਨੇ ਇਕ 'ਸੱਚਾ ਭਾਈ' ਪਾਇਆ।

ਸ਼ੌਗੀ ਅਫੇਂਦੀ ਅਬਦੁਲਬਹਾ ਦੇ ਪਵਿਤਰ ਪਰਵਾਰ ਵਿਚ ਪੈਦਾ ਹੋਏ। ਉਨ੍ਹਾਂ ਦੀ ਮਾਤਾ ਅਬਦੁਲਬਹਾ ਦੀ ਪੁਤਰੀ ਤੇ ਪਿਤਾ ਮਹਾਤਮਾ ਬਾਬ ਦੇ ਨੇੜੇ ਦੇ ਸਬੰਧੀ ਸਨ। ਅਬਦੁਲਬਹਾ ਨੇ ਉਸ ਨੂੰ "ਦੋ ਛਲਕਦੇ ਹੋਏ ਸਮੁੰਦਰਾਂ ਤੋਂ ਪੈਦਾ ਹੋਣ ਵਾਲਾ ਅਦਭੁਤ, ਅਦਿਤੀ ਤੇ ਅਮੁੱਲ ਰਤਨ" ਤੇ "ਦੋ ਪਵਿੱਤਰ ਪੇੜਾਂ ਤੇ ਲਗਣ ਵਾਲੀ ਪਵਿੱਤਰ ਸ਼ਾਖਾ" ਕਿਹਾ, ਕਿਉਂਕਿ ਉਨ੍ਹਾਂ ਵਿਚ ਅਬਦੁਲਬਹਾ ਤੇ ਮਹਾਤਮਾ ਬਾਬ ਦੇ ਪਰਵਾਰ ਮਿਲ ਗਏ ਸਨ। ਸ਼ੌਗੀ ਅਫੇਂਦੀ ਖੁਦ ਅਬਦੁਲਬਹਾ ਦੀ ਦੇਖ-ਭਾਲ ਵਿਚ ਵੱਡੇ ਹੋਏ, ਪਰ ਕੋਈ ਵੀ ਉਨ੍ਹਾਂ ਦੀ ਪਦਵੀ ਬਾਰੇ ਨਹੀਂ ਜਾਣਦਾ ਸੀ, ਜਿਸ ਵਿਚ ਅਬਦੁਲਬਹਾ ਉਨ੍ਹਾਂ ਨੂੰ ਤਿਆਰ ਕਰ ਰਹੇ ਸਨ। ਹਾਲਾਂਕਿ ਅਬਦੁਲਬਹਾ ਦੇ ਸਵਰਗਵਾਸ ਤੋਂ ਬਹੁਤ ਪਹਿਲਾਂ ਹੀ ਕਈ ਲੋਕਾਂ ਨੇ ਸ਼ੌਗੀ ਅਫੇਂਦੀ ਵਿਚ ਮਹਾਨਤਾ ਦੇ ਨਿਸ਼ਾਨ ਦੇਖੇ। ਇਕ ਅਮਰੀਕੀ ਬਹਾਈ ਨੇ ਚਿੱਠੀ ਲਿਖ ਕੇ ਅਬਦੁਲਬਹਾ ਤੋਂ ਪੁਛਿਆ ਕਿ, ਕੀ ਉਸ ਨੇ ਬਾਈਬਲ ਦੀ ਉਹ ਭਵਿਖਬਾਣੀ ਠੀਕ ਸਮਝੀ ਹੈ ਜਿਸ ਦੇ ਅਨੁਸਾਰ ਉਸ ਵਕਤ ਇਕ ਐਸਾ ਜੀਵਿਤ ਬੱਚਾ ਹੋਣਾ ਚਾਹੀਦਾ ਹੈ ਜੋ ਅਬਦੁਲਬਹਾ ਤੋਂ ਬਾਅਦ ਧਰਮ ਦਾ ਸੰਚਾਲਕ ਹੋਵੇਗਾ। ਜਵਾਬ ਵਿਚ ਮਾਸਟਰ ਨੇ ਲਿਖਿਆ ਕਿ ਉਹ ਠੀਕ ਹੈ ਤੇ ਉਹ ਪਵਿੱਤਰ ਬਾਲਕ ਜੀਵਿਤ ਹੈ ਤੇ ਜਲਦੀ ਹੀ ਉਹ ਆਪਣੇ ਤੇਜ ਦਵਾਰਾ ਸੰਸਾਰ ਨੂੰ ਰੋਸ਼ਨੀਮਾਨ ਕਰੇਗਾ। ਇਕ ਹੋਰ ਆਦਮੀ ਨੂੰ ਅਬਦੁਲਬਹਾ ਨੇ ਵਿਸ਼ਵਾਸ ਦਿਵਾਇਆ ਕਿ ਪਵਿੱਤਰ ਬਾਲਕ "ਪ੍ਰਭੂ ਧਰਮ ਨੂੰ ਮਹਾਨ ਉਚਾਈਆਂ ਤਕ ਲੈ ਜਾਵੇਗਾ।"

ਸ਼ੋਗੀ ਅਫੇਂਦੀ ਅਜੇ ਛੋਟੇ ਹੀ ਸਨ, ਜਦੋਂ ਪਿਆਰੇ ਮਾਸਟਰ ਨੇ ਆਪਣੀ ਵਸੀਅਤ ਤੇ ਇੱਛਾ ਪੱਤ੍ਰ ਲਿਖਿਆ। 24 ਸਾਲ ਦੀ ਉਮਰ ਵਿਚ ਹੀ ਉਹ ਪ੍ਰਭੂ ਧਰਮ ਦੇ ਰਖਿਅਕ ਬਣ ਗਏ ਪਰ ਕਿਉਂਕਿ ਹਮੇਸ਼ਾਂ ਉਨ੍ਹਾਂ ਨੂੰ ਭਗਵਾਨ ਬਹਾਉੱਲਾਹ ਦੀ ਮਦਦ ਪ੍ਰਾਪਤ ਸੀ, ਇਸ ਵਾਸਤੇ ਇਸ ਗੱਲ ਦੀ ਕੋਈ ਮਹੱਤਾ ਨਹੀਂ ਸੀ ਕਿ ਉਨ੍ਹਾਂ ਦੀ ਉਮਰ ਘਟ ਸੀ ਜਾਂ ਵਧ। ਅਬਦੁਲਬਹਾ ਨੇ ਸ਼ੋਗੀ ਅਫੇਂਦੀ ਨੂੰ ਧਰਤੀ ਤੇ ਪ੍ਰਮਾਤਮਾ ਦਾ ਪ੍ਰਤੀਕ ਕਿਹਾ ਅਤੇ ਇਹ ਵੀ ਕਿਹਾ ਕਿ ਜੋ ਵੀ ਉਨ੍ਹਾਂ ਦੀ ਆਗਿਆ ਦਾ ਪਾਲਣ ਕਰੇਗਾ ਉਹ ਖੁਦ ਪ੍ਰਭੂ ਦੀ ਆਗਿਆ ਦਾ ਪਾਲਣ ਕਰੇਗਾ। ਸ਼ੋਗੀ ਅਫੇਂਦੀ ਦੀ ਮਹਾਨ ਵਿਦਵਤਾ ਤੇ ਅਧਿਆਤਮਕ ਨੇਤਰਤਵ ਦੇ ਕਾਰਣ ਭਗਵਾਨ ਬਹਾਉੱਲਾਹ ਦਾ ਸੰਦੇਸ਼ ਸੰਸਾਰ ਦੇ ਹਰ ਇਕ ਦੇਸ਼ ਵਿਚ ਪਹੁੰਚ ਗਿਆ।

ਜਦੋਂ ਅਬਦੁਲਬਹਾ ਦਾ ਸਵਰਗਵਾਸ ਹੋਇਆ ਤਾਂ ਸ਼ੋਗੀ ਅਫੇਂਦੀ ਇੰਗਲੈਂਡ ਦੇ ਆਕਸਫੋਰਡ ਵਿਸ਼ਵ ਵਿਦਿਆਲੇ ਵਿਚ ਸਿਖਿਆ ਪ੍ਰਾਪਤ ਕਰ ਰਹੇ ਸਨ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਸਾਰਾ ਜੀਵਨ ਆਪਣੇ ਪਿਆਰੇ ਸਤਿਗੁਰੂ ਅਬਦੁਲਬਹਾ ਦੀ ਸੇਵਾ ਕਰਨ ਤੇ ਉਨ੍ਹਾਂ ਹਜ਼ਾਰਾਂ ਚੇਲਿਆਂ ਲਈ ਬਹਾਈ ਧਰਮ ਦੇ ਪਵਿੱਤਰ ਲੇਖਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਜੋ ਅਰਬੀ ਜਾਂ ਫਾਰਸੀ ਵਿਚ ਉਨ੍ਹਾਂ ਨੂੰ ਨਹੀਂ ਪੜ੍ਹ ਸਕਦੇ ਸਨ। ਅਬਦੁਲਬਹਾ ਦੇ ਸਵਰਗਵਾਸ ਦੇ ਦੁਖੀ ਸਮਾਚਾਰ ਤੋਂ ਉਨ੍ਹਾਂ ਨੂੰ ਇਤਨਾ ਆਘਾਤ ਪਹੁੰਚਿਆ ਕਿ ਉਹ ਬੀਮਾਰ ਪੈ ਗਏ। ਪਿਆਰੇ ਮਾਸਟਰ ਤੋਂ ਅਚਾਨਕ ਵਿਛੜ ਜਾਣ ਦੇ ਆਘਾਤ ਤੋਂ ਪੂਰੀ ਤਰ੍ਹਾਂ ਸੰਭਲਣ ਤੋਂ ਪਹਿਲਾਂ ਹੀ ਉਹ 'ਪਵਿੱਤਰ ਭੂਮੀ' ਪਹੁੰਚ ਗਏ ਜਿਥੇ ਉਨ੍ਹਾਂ ਨੂੰ ਪਤਾ ਚਲਿਆ ਕਿ ਅਬਦੁਲਬਹਾ ਨੇ ਉਨ੍ਹਾਂ ਦੇ ਸੋਚਿਆਂ ਤੇ ਪ੍ਰਭੂ ਧਰਮ ਦੇ ਰਖਿਅਕ ਦੇ ਪਦ ਦੀ ਭਾਰੀ ਜ਼ਿੰਮੇਂਵਾਰੀ ਪਾ ਦਿਤੀ ਹੈ। ਪਰ ਜਦੋਂ ਪ੍ਰਮਾਤਮਾ ਸੰਸਾਰ ਵਿਚ ਕਿਸੇ ਆਦਮੀ ਤੇ ਕਿਸੇ ਕੰਮ ਨੂੰ ਪੂਰਾ ਕਰਨ ਦਾ ਭਾਰ ਪਾਉਂਦਾ ਹੈ ਤਾਂ ਉਸ ਨੂੰ ਪੂਰਾ ਕਰਨ ਵਾਸਤੇ ਸ਼ਕਤੀ ਵੀ ਦੇਂਦਾ ਹੈ। ਕਈ ਹਫਤਿਆਂ ਤਕ ਪ੍ਰਾਰਥਨਾ ਤੇ ਭਗਤੀ ਵਿਚ ਮਗਨ ਰਹਿਣ ਤੋਂ ਬਾਦ, ਸ਼ੋਗੀ ਅਫੇਂਦੀ ਆਪਣੀ ਜ਼ਿੰਦਗੀ ਦੇ ਮਹਾਨ ਕੰਮ ਨੂੰ ਸ਼ੁਰੂ ਕਰਨ ਵਾਸਤੇ ਤਿਆਰ ਹੋ ਗਏ ਤੇ ਆਪਣੇ ਧਰਮ ਦੀ ਪ੍ਰਗਤੀ ਤੇ ਹਰ ਕਦਮ ਤੇ ਪ੍ਰਮਾਤਮਾ ਨੇ ਦੈਵੀ ਵਿਦਵਤਾ ਤੇ ਪ੍ਰੇਰਣਾ ਦਿਤੀ।

ਧਰਮ ਰਖਿਅਕ ਦੇ ੩੬ ਸਾਲਾਂ ਵਿਚ ਸ਼ੋਗੀ ਅਫੇਂਦੀ ਦੇ ਮਨ ਵਿਚ ਪ੍ਰਭੂ ਧਰਮ ਦੀ ਤਰੱਕੀ ਤੋਂ ਸਿਵਾ ਕੋਈ ਹੋਰ ਵਿਚਾਰ ਨਹੀਂ ਸੀ। ਉਹ ਦਿਨ ਰਾਤ ਕੰਮ ਕਰਨ ਵਿਚ ਲਗੇ ਰਹਿੰਦੇ ਤੇ ਕਿਸੀ ਪ੍ਰਕਾਰ ਵੀ ਆਪਣੀ ਬਚਤ ਨਾ ਕਰਦੇ। ਉਨ੍ਹਾਂ ਦਾ ਨਿਜੀ ਜੀਵਨ ਬੜਾ ਸਾਦਾ ਸੀ, ਕਦੀ ਕਦੀ ਉਹ 24 ਘੰਟਿਆਂ ਵਿਚ ਇਕ ਤੋਂ ਜ਼ਿਆਦਾ ਵਾਰ ਭੋਜਨ ਨਾ ਕਰਦੇ। ਰਾਤ ਨੂੰ ਕੁਝ ਘੰਟਿਆਂ ਤੋਂ ਜ਼ਿਆਦਾ ਨਾ ਸੌਂਦੇ। ਉਨ੍ਹਾਂ ਦਾ ਬਾਕੀ ਦਾ ਸਮਾਂ ਬਹਾਉੱਲਾਹ ਦੇ ਵਧਦੇ ਧਰਮ ਦੇ ਕੰਮਾਂ ਵਿਚ ਬੀਤਦਾ। ਉਹ ਲੋਕ ਜੋ ਉਨ੍ਹਾਂ ਨੂੰ ਹਰ ਰੋਜ਼ ਕੰਮ ਕਰਦੇ ਦੇਖਦੇ ਸਨ, ਮਹਿਸੂਸ ਕਰਦੇ ਸਨ ਕਿ ਕੇਵਲ ਪ੍ਰਭੂ ਸ਼ਕਤੀ ਦਵਾਰਾ ਹੀ ਕੋਈ ਸਾਦਾ ਆਦਮੀ ਹਰ ਰੋਜ਼ ਤੇ ਹਰ ਸਾਲ ਇਤਨਾ ਕੰਮ ਕਰ ਸਕਦਾ ਹੈ।

ਧਰਮ ਵੈਰੀਆਂ ਨੇ, ਜਿਨ੍ਹਾਂ ਨੂੰ ਅਬਦੁਲਬਹਾ ਦੇ ਸਵਰਗਵਾਸ ਤੋਂ ਬਾਦ ਆਪਣੀਆਂ ਬੁਰੀਆਂ ਯੋਜਨਾਵਾਂ ਪੂਰੀਆਂ ਕਰਨਾ ਚਾਹੁੰਦੇ ਸਨ, ਜਲਦੀ ਹੀ ਮਹਿਸੂਸ ਕਰ ਲਿਆ ਕਿ ਬਹਾਉੱਲਾਹ ਦਾ ਧਰਮ ਹੁਣ ਸ਼ੋਗੀ ਅਫੇਂਦੀ ਦੀਆਂ ਲੋਹੇ ਦੀਆਂ ਬਾਹਵਾਂ ਵਿਚ ਸੁਰਖਿਅਤ ਹੈ। ਉਨ੍ਹਾਂ ਨੇ ਸੰਸਾਰ ਦੇ ਬਹਾਈਆਂ ਨੂੰ ਬਹਾਉੱਲਾਹ ਦੀ ਵਿਸ਼ਵ ਢਾਂਚੇ ਦੀ ਸਥਾਪਨਾ ਦੀ ਹੇਤੂ ਮਿਲ ਕੇ ਕੰਮ ਕਰਨਾ ਤੇ ਦੈਵੀ ਯੋਜਨਾ ਦੀ ਪਾਟੀ ਵਿਚ ਦਿਤੇ ਗਏ ਅਬਦੁਲਬਹਾ ਦੇ ਨਿਯਮਾਂ ਦਾ ਪਾਲਣ ਕਰਨਾ ਸਿਖਾਇਆ। ਇਸ ਪਾਟੀ ਵਿਚ, ਜੋ ਅਬਦੁਲਬਹਾ ਦੇ ਸਵਰਗਵਾਸ ਤੋਂ ਪਹਿਲਾਂ ਬਹਾਈਆਂ ਨੇ ਲਿਖੀ, ਉਨ੍ਹਾਂ ਨੇ ਉਨ੍ਹਾਂ ਸਭ ਨੂੰ ਪ੍ਰਭੂ ਧਰਮ ਦੀ ਤਰੱਕੀ ਲਈ ਉੱਠ ਖੜਾ ਹੋਣ, ਆਪਣਾ ਸੁਖ ਤੇ ਘਰਾਂ ਨੂੰ ਤਿਆਗ ਦੇਣ ਤੇ ਭਗਵਾਨ ਬਹਾਉੱਲਾਹ ਦੇ ਸੰਦੇਸ਼ ਨੂੰ ਸੰਸਾਰ ਵਿਚ ਦੂਰ ਦੂਰ ਤਕ ਲੈ ਜਾਣ ਦੀ ਆਗਿਆ ਦਿਤੀ। ਬਹਾਈਆਂ ਨੂੰ ਇਸ ਮਹਾਨ ਕੰਮ ਵਾਸਤੇ ਤਿਆਰ ਕਰਨ ਲਈ ਸ਼ੋਗੀ ਅਫੇਂਦੀ ਨੇ ਸਾਲਾਂ ਤਕ ਉਨ੍ਹਾਂ ਨੂੰ ਸਿਖਿਆ ਦਿਤੀ। ਉਨ੍ਹਾਂ ਨੂੰ ਰਾਸ਼ਟਰੀਯ ਤੇ ਸਥਾਨਿਕ ਸਭਾਵਾਂ ਦੁਆਰਾ ਕੰਮ ਕਰਨਾ ਸਿਖਾਇਆ, ਕਿਉਂਕਿ ਬਹਾਈ ਜਦੋਂ ਤਕ ਇਕ ਰੂਪ ਹੋ ਕੇ ਕੰਮ ਕਰਨਾ ਨਹੀਂ ਸਿਖਦੇ ਤਦ ਤਕ ਉਨ੍ਹਾਂ ਵਾਸਤੇ ਸਫਲਤਾ ਪ੍ਰਾਪਤ ਕਰਨਾ ਮੁਸ਼ਕਿਲ ਸੀ ਅਤੇ ਜਦੋਂ ਉਹ ਤਿਆਰ ਹੋ ਗਏ ਤਾਂ ਪਿਆਰੇ ਰਖਿਅਕ ਨੇ ਉਨ੍ਹਾਂ ਨੂੰ ਸੰਸਾਰ ਭਰ ਵਿਚ ਫੈਲ ਜਾਣ ਤੇ ਸੰਸਾਰ ਭਰ ਵਿਚ ਭਗਵਾਨ ਬਹਾਉੱਲਾਹ ਦਾ

ਝੰਡਾ ਫਹਰਾਣ ਵਾਸਤੇ ਉਕਸਾਇਆ। ਉਨ੍ਹਾਂ ਦੇ ਦੈਵੀ ਨੇਤਰਤਵ ਹੇਠ ਹਜ਼ਾਰਾਂ ਬਹਾਈ ਪ੍ਰਭੂ ਧਰਮ ਦੀ ਮਸ਼ਾਲ ਫੜ ਕੇ ਉਠ ਖੜੇ ਹੋਏ ਤੇ ਦੂਰ ਇਲਾਕਿਆਂ ਤੇ ਦੀਪਾਂ ਵਿਚ ਜਾ ਕੇ ਵਸ ਗਏ ਤਾਂ ਜੋ ਹਰ ਜਗ੍ਹਾ ਤੇ ਨਵਾਂ ਸੰਦੇਸ਼ ਦੇ ਸਕਣ।

ਜਦੋਂ ਅਬਦੁਲਬਹਾ ਦਾ ਸਵਰਗਵਾਸ ਹੋਇਆ ਤਾਂ ਬਹਾਈ ਧਰਮ ੩੫ ਦੇਸ਼ਾਂ ਵਿਚ ਫੈਲ ਚੁਕਾ ਸੀ, ਪਰ ਪਿਆਰੇ ਰਖਿਅਕ ਦੇ ਜੀਵਨ ਕਾਲ ਵਿਚ ਭਗਵਾਨ ਬਹਾਉੱਲਾਹ ਦਾ ਸੰਦੇਸ਼ ਸੰਸਾਰ ਦੇ ੨੫੧ ਦੇਸ਼ਾਂ ਵਿਚ ਫੈਲ ਗਿਆ ਜਿਨ੍ਹਾਂ ਵਿਚ ਉਹ ਸਾਰੇ ਸਥਾਨ ਵੀ ਸ਼ਾਮਿਲ ਸਨ, ਜਿਨ੍ਹਾਂ ਦਾ ਵਰਣਨ ਅਬਦੁਲਬਹਾ ਨੇ ਦੈਵੀ ਯੋਜਨਾ ਦੀ ਪਾਟੀ ਵਿਚ ਕੀਤਾ ਸੀ।

ਆਪਣੀ ਵਸੀਅਤ ਤੇ ਇੱਛਾ ਪੱਤ੍ਰ ਵਿਚ ਸੰਸਾਰ ਦੇ ਬਹਾਈਆਂ ਨੂੰ ਅਬਦੁਲਬਹਾ ਨੇ ਆਗਿਆ ਦਿਤੀ ਕਿ ਉਹ ਪ੍ਰਭੂ ਧਰਮ ਦੀ ਸੇਵਾ ਵਿਚ ਉਠ ਖੜੇ ਹੋਣ ਅਤੇ ਜਦੋਂ ਤਕ ਪ੍ਰਭੂ ਧਰਮ ਦਾ ਝੰਡਾ ਹਰ ਦੇਸ਼ ਵਿਚ ਨਾ ਗੱਡ ਦੇਣ ਇਕ ਪਲ ਦੇ ਲਈ ਵੀ ਆਰਾਮ ਨਾ ਕਰਨ। ਸਾਡੇ ਪਿਆਰੇ ਰਖਿਅਕ ਨੇ ਅਬਦੁਲਬਹਾ ਦੇ ਇਸ ਅਨੁਰੋਧ ਨੂੰ ਇਸ ਸੰਸਾਰ ਵਿਚ ਆਪਣੇ ਅਖੀਰਲੇ ਪਲ ਤਕ ਪੂਰਾ ਕੀਤਾ। ਪੁੰਨ ਭੂਮੀ ਵਿਚ ਬਹਾਈ ਸੰਸਥਾਵਾਂ ਦੇ ਨਿਰਮਾਣ ਹੇਤੂ ਕੁਝ ਸਮਾਨ ਖਰੀਦਣ ਵਾਸਤੇ ਜਦੋਂ ਉਸ ਲੰਦਨ ਗਏ ਤਾਂ ਉਥੇ ੪ ਨਵੰਬਰ ੧੯੫੭ ਨੂੰ ਉਨ੍ਹਾਂ ਦਾ ਸਵਰਗਵਾਸ ਹੋ ਗਿਆ।

ਪਿਆਰੇ ਰਖਿਅਕ ਉਸ ਵਕਤ ਸਾਡੇ ਤੋਂ ਵਿਦਾ ਹੋਏ ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਉਨ੍ਹਾਂ ਦੇ ਦੇਖ ਰੇਖ ਦੇ ੩੬ ਸਾਲਾਂ ਦੇ ਯਤਨਾਂ ਨੇ ਭਗਵਾਨ ਬਹਾਉੱਲਾਹ ਦੇ ਧਰਮ ਦੀ ਨੀਂਹ ਨੂੰ ਇਤਨਾ ਪੱਕਾ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਚਲੇ ਜਾਣ ਬਾਦ ਇਹ ਬਹਾਈਆਂ ਦਵਾਰਾ ਜਾਰੀ ਰਖਿਆ ਜਾ ਸਕੇਗਾ। ਜਹਾਜ਼ ਦੇ ਨਿਪੁੰਣ ਕਪਤਾਨ ਦੀ ਤਰ੍ਹਾਂ ਆਰਾਮ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਸਾਡੇ ਰਸਤੇ ਦੀਆਂ ਦਿਸ਼ਾਵਾਂ ਨਿਯੁਕਤ ਕਰ ਦਿਤੀਆਂ ਤੇ ਜ਼ਰੂਰੀ ਹੁਕਮ ਦੇ ਦਿੱਤੇ। ਸਾਨੂੰ ਰਸਤਾ ਭਟਕਣ ਦਾ ਕੋਈ ਡਰ ਨਹੀਂ ਸੀ ਕਿਉਂਕਿ ਦਿਸ਼ਾ ਤੇ ਰਸਤਾ ਖੁਦ ਰਖਿਅਕ ਨੇ ਨਿਯੁਕਤ ਕਰ ਦਿੱਤਾ ਸੀ। ਉਨ੍ਹਾਂ ਦੇ ਅਧਿਆਤਮਕ ਨੇਤਰਤਵ ਵਿਚ ਪ੍ਰਭੂ ਦੀ ਇਹ ਬੇੜੀ ਜ਼ਰੂਰ ਹੀ ਆਪਣੇ ਟੀਚੇ ਤੇ ਪਹੁੰਚੇਗੀ। ਆਪਣੇ ਜੀਵਨ ਕਾਲ ਵਿਚ ਸ਼ੌਗੀ ਅਫੇਂਦੀ ਨੇ ਇਕ ਦਸ ਸਾਲਾ

ਧਰਮ ਪ੍ਰਸਾਰ ਯੋਜਨਾ ਬਣਾਈ ਜੋ ੧੯੬੩ ਵਿਚ ਸੰਪੂਰਨ ਹੋਈ। ਇਸ ਯੋਜਨਾ ਦੇ ਅਨੁਸਾਰ ਸੰਸਾਰ ਭਰ ਦੇ ਬਹਾਈਆਂ ਨੂੰ ਸੰਸਾਰ ਦੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਪ੍ਰਭੂ ਧਰਮ ਦੀ ਅਜੇ ਸਥਾਪਨਾ ਨਹੀਂ ਹੋਈ ਸੀ, ਭਗਵਾਨ ਬਹਾਉੱਲਾਹ ਦਾ ਸੰਦੇਸ਼ ਲੈ ਜਾਣ ਲਈ ਇਕ ਰੂਪ ਹੋ ਕੇ ਕੰਮ ਕਰਨਾ ਸੀ। ਖੁਦ ਪਿਆਰੇ ਰਖਿਅਕ ਨੇ ਇਸ ਯੋਜਨਾ ਦੇ ਪਹਿਲੇ ਚਰਣ ਦੀ ਉੱਨਤੀ ਦੀ ਦੇਖ ਭਾਲ ਕੀਤੀ ਤੇ ਉਨ੍ਹਾਂ ਦੇ ਸਵਰਗਵਾਸ ਤੋਂ ਪਹਿਲਾਂ ਸੰਸਾਰ ਵਿਚ ੪੨੦੦ ਹੋਰ ਬਹਾਈ ਕੇਂਦਰ ਸਥਾਪਿਤ ਹੋ ਚੁੱਕੇ ਸਨ ਅਤੇ ੨੦੦ ਤੋਂ ਜ਼ਿਆਦਾ ਭਾਸ਼ਾਵਾਂ ਵਿਚ ਬਹਾਈ ਸਾਹਿਤ ਅਨੁਵਾਦ ਹੋ ਚੁੱਕਾ ਸੀ।

ਪ੍ਰਭੂ ਧਰਮ ਦੇ ਵਿਸ਼ਵ ਕੇਂਦਰ ਤੇ ਪੁੰਨ ਭੂਮੀ ਵਿਚ ਰਖਿਅਕ ਨੇ ਮਹਾਤਮਾ ਬਾਬ ਦੀ ਸਮਾਧੀ ਤੇ ਇਕ ਅਤੀ ਸੁੰਦਰ ਇਮਾਰਤ ਬਣਵਾਈ ਤੇ ਇਕ ਅੰਤਰ-ਰਾਸ਼ਟਰੀਯ ਗਰੰਥ ਰਖਿਆਗ੍ਰਹਿ (Archives) ਦਾ ਨਿਰਮਾਣ ਕਰਵਾਇਆ ਜਿਥੇ ਮਹਾਤਮਾ ਬਾਬ ਤੇ ਬਹਾਉੱਲਾਹ ਦਵਾਰਾ ਲਿਖੇ ਗਏ ਮੌਲਿਕ ਲੇਖ ਤੇ ਹੋਰ ਅਮੂਲ ਚੀਜ਼ਾਂ ਰੱਖੀਆਂ ਜਾਂਦੀਆਂ ਹਨ। ਇਹ ਇਮਾਰਤਾਂ ਤੇ ਇਸ ਦੇ ਆਸ ਪਾਸ ਦੇ ਸੁੰਦਰ ਬਾਗ ਸੰਸਾਰ ਦੇ ਸਭ ਤੋਂ ਸੁੰਦਰ ਸਥਾਨਾਂ ਵਿਚੋਂ ਹਨ ਅਤੇ ਹਰ ਸਾਲ ਕਈ ਹਜ਼ਾਰ ਲੋਕ ਦੇਖਣ ਵਾਸਤੇ ਆਉਂਦੇ ਹਨ।

ਸ਼ੌਗੀ ਅਫੇਂਦੀ ਨੇ ੨੭ ਧਰਮ ਭੁਜਾਵਾਂ ਨਿਯੁਕਤ ਕਰਕੇ ਜਿਨ੍ਹਾਂ ਨੂੰ ਉਹ ਧਰਮ ਦੇ "ਪ੍ਰਮੁੱਖ ਕਾਰਜਕਾਰੀ" ਕਹਿੰਦੇ ਸਨ, ਆਪਣਾ ਕੰਮ ਪੂਰਾ ਕੀਤਾ ਜਿਨ੍ਹਾਂ ਨੂੰ ਉਨ੍ਹਾਂ ਨੇ ਪ੍ਰਭੂ ਧਰਮ ਦੀ ਰਖਿਆ ਤੇ ਭਗਵਾਨ ਬਹਾਉੱਲਾਹ ਦੀਆਂ ਸਿਖਿਆਵਾਂ ਦੇ ਪ੍ਰਸਾਰ ਦੀ ਜ਼ਿੰਮੇਵਾਰੀ ਸੌਂਪੀ। ਜਦੋਂ ਪਿਆਰੇ ਸੁਰਖਿਅਕ ਦਾ ਸਵਰਗਵਾਸ ਹੋਇਆ ਤਾਂ ਧਰਮ ਭੁਜਾਵਾਂ ਨੇ ਪੁੰਨ ਭੂਮੀ ਵਿਚ ਰਹਿਣ ਤੇ ਵਿਸ਼ਵ ਕੇਂਦਰ ਦੇ ਕੰਮ-ਕਾਜ ਦੀ ਦੇਖ ਭਾਲ ਲਈ ਆਪਣੇ ਵਿਚੋਂ ੯ ਆਦ-ਮੀਆਂ ਨੂੰ ਚੁਣ ਲਿਆ। ਉਹ "ਕਸਟੋਡੀਅਨ" ਕਹਿਲਾਂਦੇ ਸਨ। ਦੂਜੀਆਂ ਧਰਮ ਭੁਜਾਵਾਂ ਪਿਆਰੇ ਰਖਿਅਕ ਦੀ ਦਸ ਸਾਲਾ ਯੋਜਨਾ ਦੀ ਪੂਰਤੀ ਵਿਚ ਸਹਾਇਤਾ ਦੇਣ ਵਾਸਤੇ ਸੰਸਾਰ ਭਰ ਵਿਚ ਫੈਲ ਗਈਆਂ।

੧੯੬੩ ਵਿਚ ਦਸ ਸਾਲਾ ਯੋਜਨਾ ਦੀ ਪੂਰਤੀ ਬਹਾਈ ਧਰਮ ਦੇ ਇਤਿਹਾਸ ਦੀ ਇਕ ਨਵੀਂ ਮਹੱਤਵਪੂਰਨ ਘਟਨਾ ਹੈ। ਇਸ ਦਿਨ ਬਹਾਉੱਲਾਹ ਦਵਾਰਾ ਆਪਣੇ ਪ੍ਰਯੋਜਨ ਦੀ ਘੋਸ਼ਣਾ ਨੂੰ ਪੂਰੇ ਸੌ ਸਾਲ ਹੋ ਗਏ ਤੇ ਸੰਸਾਰ

ਭਰ ਦੇ ਬਹਾਈਆਂ ਨੇ ਪਹਿਲੇ ਵਿਸ਼ਵ-ਨਿਆਂ ਮੰਦਿਰ ਦਾ ਚੁਨਾਵ ਕੀਤਾ। ਉਹ ਸਰਵਉੱਚ ਸੰਸਥਾ ਜਿਸ ਦੇ ਬਾਰੇ ਅਬਦੁਲਬਹਾ ਨੇ ਇਹ ਹੌਸਲਾ ਦਿੱਤਾ ਸੀ ਕਿ ਇਹ ਸਿੱਧੀ ਪ੍ਰਭੂ ਦੀ ਦੇਖ ਰੇਖ ਵਿਚ ਹੋਵੇਗੀ ਅਤੇ ਇਸ ਦੇ ਸਾਰੇ ਫੈਸਲੇ ਠੀਕ ਹੋਣਗੇ।

ਇਸ ਮੌਕੇ ਨੂੰ ਮਨਾਉਣ ਵਾਸਤੇ ੨੪ ਅਪ੍ਰੈਲ ਤੋਂ ੨ ਮਈ ੧੯੬੩ ਤਕ ਸੰਸਾਰ ਦੇ ਬਹਾਈਆਂ ਨੂੰ ਲੰਡਨ ਵਿਚ ਇਕ ਮਹਾਨ ਸਹਭੋਜ ਵਾਸਤੇ ਸੱਦਾ ਦਿੱਤਾ ਗਿਆ। ਸਾਰੇ ਸੰਸਾਰ ਤੋਂ ੬੨੦੦ ਤੋਂ ਜ਼ਿਆਦਾ ਲੋਕਾਂ ਨੇ ਭਾਗ ਲਿਆ। ਇਸ ਮਹਾਨ ਉਤਸਵ ਵਿਚ ਮਾਨਵ ਏਕਤਾ ਦਾ ਵੀ ਸਮਾਵੇਸ਼ ਸੀ। ਇੰਨੀਆਂ ਭਿੰਨ ਜਾਤੀਆਂ ਤੇ ਵੱਖ-ਵੱਖ ਭੂਮੀਆਂ ਤੋਂ ਲੋਕ ਆਪਣੀ ਆਪਣੀ ਵੇਸ਼ ਭੂਸ਼ਾ ਵਿਚ ਭਗਵਾਨ ਬਹਾਉੱਲਾਹ ਦੀ ਸੁੰਦਰ ਫੁਲਵਾੜੀ ਦੇ ਸਮਾਨ ਸਨ। ਵਿਸ਼ਵ ਬਹਾਈ ਕਾਂਗਰਸ ਵਿਚ ਇਹ ਰੰਗ ਬਿਰੰਗਾ ਜਮਘਟ ਅਸਲ ਵਿਚ ਇਕ ਅਤੀ ਯੋਗ ਗੁਲਦਸਤਾ ਸੀ ਜੋ ਅਸੀਂ ਆਪਣੇ ਪਿਆਰੇ ਰਖਿਅਕ ਸ਼ੋਗੀ ਅਫੇਂਦੀ ਦੀ ਅਮੁੱਲ ਯਾਦ ਵਿਚ ਪੇਸ਼ ਕਰ ਸਕਦੇ ਸਾ, ਜਿਨ੍ਹਾਂ ਨੇ ਸਾਨੂੰ ਸਫਲਤਾਵਾਂ ਤੇ ਪ੍ਰਾਪਤੀਆਂ ਵਾਲੀ ਇੰਨੀ ਪ੍ਰਭਾਵਸ਼ਾਲੀ ਦਸ ਸਾਲਾ ਯੋਜਨਾ ਪ੍ਰਦਾਨ ਕੀਤੀ।

ਅਸੀਂ ਪਿਆਰੇ ਰਖਿਅਕ ਦੇ ਭਗੀਰਥ ਤੇ ਨਿਰੰਤਰ ਯਤਨਾਂ ਦੇ ਆਭਾਰੀ ਹਾਂ ਕਿ ਸੰਸਾਰ ਦੇ ਬਹਾਈ ਪ੍ਰਭੂ ਧਰਮ ਦੀ ਉਨਤੀ ਵਿਚ ਇਸ ਨਵੇਂ ਮਹਾਨ ਵਿਕਾਸ ਦੇ ਵਾਸਤੇ ਪੂਰੀ ਤਰ੍ਹਾਂ ਤਿਆਰ ਹਾ। ਸ਼ੋਗੀ ਅਫੇਂਦੀ ਨੇ ਸੱਚੀ ਹੀ ਪ੍ਰਭੂ ਧਰਮ ਨੂੰ ਮਹਾਨ ਉਚਾਈਆਂ ਤਕ ਪਹੁੰਚਾ ਦਿੱਤਾ, ਜਿਸ ਤਰ੍ਹਾਂ ਕਿ ਅਬਦੁਲਬਹਾ ਨੇ ਆਪਣੇ ਬਚਪਨ ਵਿਚ ਭਵਿਖ ਬਾਣੀ ਕੀਤੀ ਸੀ।

'ਕੁੱਝ ਸਿੱਖਿਆਵਾਂ ਤੇ ਨਿਯਮ'

ਮਾਨਵਮਾਤਰ ਦੀ ਏਕਤਾ :

ਭਗਵਾਨ ਬਹਾਉੱਲਾਹ ਨੇ ਸਾਨੂੰ ਮਾਨਵਮਾਤਰ ਦੀ ਏਕਤਾ ਦੀ ਸਿਖਿਆ ਦਿੱਤੀ ਹੈ। ਸਾਰੇ ਇਨਸਾਨ ਕੇਵਲ ਇਕ ਹੀ ਪਰਮਪਿਤਾ ਪਰਮੇਸ਼ਵਰ ਦੀ ਸੰਤਾਨ ਹਨ। ਜੇ ਅਸੀਂ ਇਕ ਦੈਵੀ ਪਿਤਾ ਵਿਚ ਵਿਸ਼ਵਾਸ਼ ਰਖਦੇ ਹਾਂ ਤਾਂ ਸਾਨੂੰ ਜ਼ਰੂਰ ਹੀ ਇਕ ਦੂਸਰੇ ਨੂੰ ਭਾਈ, ਭੈਣ ਤੇ ਇਕ ਹੀ ਪਰਵਾਰ—ਇਨਸਾਨ ਪਰਵਾਰ—ਦੇ ਮੈਂਬਰ ਮੰਨਣਾ ਚਾਹੀਦਾ ਹੈ।

ਭਗਵਾਨ ਬਹਾਉੱਲਾਹ ਦੇ ਸਾਡੇ ਕੋਲ 'ਏਕਤਾ-ਪ੍ਰਕਾਸ਼' ਲਿਆਉਣ ਤੋਂ ਪਹਿਲਾਂ ਬਹੁਤ ਸਾਰੇ ਇਸ ਤਰ੍ਹਾਂ ਦੇ ਕਾਰਣ ਸਨ ਜੋ ਮਨੁਖਾਂ ਨੂੰ ਇਹ ਸੋਚਣ ਤੇ ਮਜਬੂਰ ਕਰਦੇ ਸਨ ਕਿ ਉਹ ਦੂਜੇ ਲੋਕਾਂ ਤੋਂ ਅਲੱਗ ਸਨ। ਕੁਝ ਲੋਕ ਇਹ ਸਮਝਦੇ ਸਨ ਕਿਉਂਕਿ ਉਨ੍ਹਾਂ ਦੀ ਚਮੜੀ ਚਿੱਟੀ ਹੈ ਇਸ ਲਈ ਉਹ ਉਨ੍ਹਾਂ ਲੋਕਾਂ ਤੋਂ ਚੰਗੇ ਹਨ ਜਿਨ੍ਹਾਂ ਦੀ ਚਮੜੀ ਭੂਰੀ ਯਾ ਕਾਲੀ ਹੈ। ਭਗਵਾਨ ਬਹਾਉੱਲਾਹ ਨੇ ਕਿਹਾ ਇਹ ਠੀਕ ਨਹੀਂ। ਜੇ ਉਹ ਵੱਖ ਹਨ ਤਾਂ ਇਸ ਦਾ ਕਾਰਣ ਇਹ ਹੈ ਕਿ ਉਨ੍ਹਾਂ ਨੂੰ ਪੜ੍ਹਾਈ ਜਾਂ ਵਿਦਿਆ ਦੀ ਵੱਖਰੀ ਮਾਤ੍ਰਾ ਪ੍ਰਾਪਤ ਹੋਈ ਤੇ ਇਸ ਲਈ ਨਹੀਂ ਕਿ ਉਨ੍ਹਾਂ ਦੀ ਚਮੜੀ ਦਾ ਰੰਗ ਵੱਖਰਾ ਹੈ। ਵੱਖਰੇ ਰੰਗਾਂ ਦੇ ਲੋਕ ਕਿਸੇ ਬਾਗ ਦੇ ਵੱਖ ਵੱਖ ਫੁੱਲਾਂ ਵਾਂਗ ਹਨ। ਜੇ ਕਿਸੇ ਬਾਗ ਦੇ ਫੁੱਲ ਇਕੋ ਹੀ ਰੰਗ ਦੇ ਹੋਣ ਤਾਂ ਇੰਨੇ ਸੁੰਦਰ ਨਹੀਂ ਲਗਦੇ। ਭਗਵਾਨ ਬਹਾਉੱਲਾਹ ਨੇ ਕਿਹਾ ਕਿ ਪ੍ਰਮਾਤਮਾ ਇਕ ਕ੍ਰਿਪਾ ਪੂਰਵਕ ਚਰਵਾਹੇ ਦੇ ਵਾਂਗ ਹੈ ਜਿਸ ਦੇ ਵਾਸਤੇ ਚਿੱਟੀ ਭੇਡ ਕਾਲੀ ਜਾਂ ਭੂਰੀ ਤੋਂ ਚੰਗੀ ਨਹੀਂ। ਪ੍ਰਮਾਤਮਾ ਸਾਡੇ ਸਭ ਨਾਲ ਪ੍ਰੇਮ ਕਰਦਾ ਹੈ, ਚਾਹੇ ਸਾਡੀ ਚਮੜੀ ਦਾ ਰੰਗ ਕਿਸੇ ਤਰ੍ਹਾਂ ਦਾ ਵੀ ਹੋਵੇ ਜਾਂ ਅਸੀਂ ਸੰਸਾਰ ਦੇ ਕਿਸੇ ਵੀ ਭਾਗ ਨਾਲ ਸਬੰਧ ਰਖਦੇ ਹੋਈਏ। ਤਾਂ ਫਿਰ ਕਿਉਂ ਅਸੀਂ ਇਕ ਦੂਜੇ ਨੂੰ ਅਨਜਾਨਿਆਂ ਦੀ ਤਰ੍ਹਾਂ ਦੇਖੀਏ ? ਭਗਵਾਨ ਬਹਾਉੱਲਾਹ ਨੇ ਆਪਣੇ ਚੇਲਿਆਂ ਦੀ ਨਜ਼ਰ ਵਿਚ ਪ੍ਰੇਮ ਦੀ ਐਸੀ ਰੌਸ਼ਨੀ ਪੈਦਾ ਕਰ ਦਿੱਤੀ ਹੈ ਕਿ ਉਹ ਆਪਣੇ ਆਪ ਨੂੰ ਇਕ ਹੀ ਪ੍ਰਵਾਰ ਦੇ ਮੈਂਬਰ ਮਹਿਸੂਸ ਕਰਦੇ ਹਨ ਚਾਹੇ ਉਹ ਸੰਸਾਰ ਦੇ ਕਿਸੇ ਵੀ

ਦੇਸ਼ ਨਾਲ ਸਬੰਧਤ ਹੋਣ । ਆਪਣੇ ਲੇਖਾਂ ਵਿਚ ਭਗਵਾਨ ਬਹਾਉੱਲਾਹ ਕਹਿੰਦੇ ਹਨ :—

"ਐ ਪਿਆਰਿਓ ! ਏਕਤਾ ਦਾ ਤੰਬੂ ਤਾਣ ਦਿੱਤਾ ਗਿਆ ਹੈ, ਇਕ ਦੂਜੇ ਨੂੰ ਅਣਜਾਣ ਨਾ ਸਮਝੋ । ਤੁਸੀਂ ਇਕ ਹੀ ਪੇੜ ਦੇ ਫਲ ਤੇ ਇਕ ਟਾਹਣੀ ਦੇ ਪੱਤੇ ਹੋ ।"

"ਤੁਸੀਂ ਇਕ ਹੀ ਹੱਥ ਦੀਆਂ ਉਂਗਲੀਆਂ ਤੇ ਇਕ ਹੀ ਸਰੀਰ ਦੇ ਅੰਗਾਂ ਵਾਂਗ ਬਣੋ । ਇਸ ਤਰ੍ਹਾਂ ਦੈਵੀ ਪ੍ਰਕਾਸ਼ ਦੀ ਕਲਮ ਤੁਹਾਨੂੰ ਸਲਾਹ ਦੇਂਦੀ ਹੈ ।"

ਅਬਦੁਲਬਹਾ ਨੇ ਲਿਖਿਆ ਹੈ ;

"ਪਵਿੱਤਰ ਆਤਮਾ ਬਹਾਉੱਲਾਹ ਦੀਆਂ ਸਿਖਿਆਵਾਂ ਵਿਚ ਇਕ ਸਿਖਿਆ ਮਨੁੱਖੀ ਏਕਤਾ ਦੀ ਹੈ : ਸਾਰੇ ਮਨੁੱਖ ਪ੍ਰਭੂ ਦੀਆਂ ਭੇਡਾਂ ਹਨ ਅਤੇ ਉਹ ਕ੍ਰਿਪਾਲੂ ਚਰਵਾਹਾ । ਇਹ ਚਰਵਾਹਾ ਸਭ ਭੇਡਾਂ ਤੇ ਕ੍ਰਿਪਾਲੂ ਹੈ ਕਿਉਂਕਿ ਉਸ ਨੇ ਸਭ ਨੂੰ ਪੈਦਾ ਕੀਤਾ, ਉਨ੍ਹਾਂ ਨੂੰ ਸਿਖਿਆ ਦਿੱਤੀ, ਪਾਲਣ ਪੋਸ਼ਣ ਕੀਤਾ ਤੇ ਰਖਿਆ ਕੀਤੀ । ਇਸ ਵਿਚ ਸ਼ੱਕ ਨਹੀਂ ਕਿ ਚਰਵਾਹਾ ਸਭ ਭੇਡਾਂ ਵਲ ਕ੍ਰਿਪਾਲੂ ਹੈ ਅਤੇ ਜੇ ਕੁਝ ਭੇਡਾਂ ਅਬੋਧ ਹਨ ਤਾਂ ਜ਼ਰੂਰ ਹੀ ਉਨ੍ਹਾਂ ਨੂੰ ਸਿਖਿਆ ਦਿੱਤੀ ਜਾਣੀ ਚਾਹੀਦੀ ਹੈ । ਜੇ ਉਨ੍ਹਾਂ ਵਿਚੋਂ ਕੁਝ ਬਾਲਕ ਹਨ ਤਾਂ ਉਨ੍ਹਾਂ ਨੂੰ ਉਦੋਂ ਤਕ ਸਿਖਿਆ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਤਕ ਉਹ ਬਾਲਗ ਨਾ ਹੋ ਜਾਣ, ਜੇ ਉਨ੍ਹਾਂ ਵਿਚ ਕੁਝ ਰੋਗੀ ਹਨ ਤਾਂ ਉਨ੍ਹਾਂ ਦਾ ਇਲਾਜ ਹੋਣਾ ਚਾਹੀਦਾ ਹੈ । ਕਦੀ ਵੀ ਘ੍ਰਿਣਾ ਤੇ ਵੈਰ ਨਹੀਂ ਹੋਣਾ ਚਾਹੀਦਾ ਕਿਉਂਕਿ ਕ੍ਰਿਪਾਲੂ ਡਾਕਟਰ ਦੀ ਤਰ੍ਹਾਂ ਇਕ ਅਗਿਆਨੀਆਂ ਤੇ ਰੋਗੀਆਂ ਦਾ ਇਲਾਜ ਹੋਣਾ ਚਾਹੀਦਾ ਹੈ ।"

ਆਓ ! ਅਸੀਂ ਮਨੁੱਖੀ ਏਕਤਾ ਦੇ ਲਈ ਪ੍ਰਾਰਥਨਾ ਕਰੀਏ :

'ਐ ਮੇਰੇ ਪ੍ਰਭੂ, ਐ ਮੇਰੇ ਪ੍ਰਭੂ । ਆਪਣੇ ਸੇਵਕਾਂ ਦੇ ਦਿਲਾਂ ਨੂੰ ਇਕਰੂਪ ਕਰਦੇ ਤੇ ਆਪਣੇ ਮਹਾਨ ਮਕਸਦ ਨੂੰ ਉਨ੍ਹਾਂ ਤੇ ਪ੍ਰਗਟ ਕਰ । ਉਹ ਤੇਰੀ ਆਗਿਆਵਾਂ ਤੇ ਨਿਯਮਾਂ ਦਾ ਪਾਲਣ ਕਰਨ । ਐ ਭਗਵਾਨ, ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਉਨ੍ਹਾਂ ਦੀ ਸਹਾਇਤਾ

ਕਰ ਅਤੇ ਆਪਣੀ ਸੇਵਾ ਹੇਤੂ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰ । ਐ ਈਸ਼ਵਰ, ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ਤੇ ਨਾ ਛੱਡ, ਬਲਕਿ ਆਪਣੇ ਗਿਆਨ ਦੇ ਪ੍ਰਕਾਸ਼ ਦਵਾਰਾ ਉਨ੍ਹਾਂ ਦਾ ਪਗ ਪਗ ਸੰਚਾਲਨ ਕਰ ਤੇ ਆਪਣੇ ਪਰੇਮ ਦਵਾਰਾ ਉਨ੍ਹਾਂ ਦੇ ਚਿਤ ਨੂੰ ਖੁਸ਼ ਰਖ, ਬਿਨਾਂ ਕਿਸੇ ਸ਼ਕ ਤੂੰ ਹੀ ਉਨ੍ਹਾਂ ਦਾ ਮਦਦਗਾਰ ਤੇ ਮਾਲਕ ਹੈਂ ।"

—ਬਹਾਉੱਲਾਹ

ਸੱਚ ਦੀ ਖੋਜ :

ਜਦੋਂ ਕੋਈ ਬੱਚਾ ਈਸਾਈ ਪਰਵਾਰ ਵਿਚ ਜਨਮ ਲੈਂਦਾ ਹੈ ਤਾਂ ਉਹ ਈਸਾਈ ਬਣ ਜਾਂਦਾ ਹੈ । ਜਦੋਂ ਮਾਤਾ ਪਿਤਾ ਮੁਸਲਮਾਨ ਹੋਣ ਤਾਂ ਬਾਲਕ ਵੀ ਮੁਸਲਮਾਨ ਬਣ ਜਾਂਦੇ ਹਨ । ਜੇ ਉਹ ਹਿੰਦੂ ਹੋਣ ਤਾਂ ਬੱਚੇ ਵੀ ਹਿੰਦੂ ਹੋ ਜਾਂਦੇ ਹਨ । ਕਿਉਂ ? ਕਿਉਂਕਿ ਸੰਸਾਰ ਦੇ ਬਹੁਤੇ ਲੋਕ ਆਪਣੇ ਪੂਰਵਜਾਂ ਦੀ ਅੰਧ ਆਗਿਆ ਦਾ ਪਾਲਣ ਕਰਦੇ ਹਨ ਅਤੇ ਜਦੋਂ ਇਸ ਤਰ੍ਹਾਂ ਹੁੰਦਾ ਹੈ ਤਾਂ ਉਹ ਸੰਗਠਿਤ ਨਹੀਂ ਹੋ ਸਕਦੇ । ਉਹ ਆਪਣੇ ਅੰਧ ਆਗਿਆ ਪਾਲਣ ਦੇ ਲਈ ਝਗੜਾ ਕਰਦੇ ਹਨ । ਹਰ ਮਨੁੱਖ ਇਹੀ ਦਾਵਾ ਕਰਦਾ ਹੈ ਕਿ ਉਹ ਸੱਚਾਈ ਤੇ ਹੈ ਤੇ ਬਾਕੀ ਸਭ ਗਲਤੀ ਤੇ ਹਨ । ਉਹ ਇਸ ਗੱਲ ਨੂੰ ਕਦੀ ਨਹੀਂ ਸੋਚਦੇ, ਜੇ ਉਹ ਕਿਸੇ ਦੂਜੇ ਵਿਸ਼ਵਾਸ ਵਾਲੇ ਪਰਵਾਰ ਵਿਚ ਪੈਦਾ ਹੁੰਦੇ ਤਾਂ ਉਨ੍ਹਾਂ ਦੀ ਵਿਚਾਰਧਾਰਾ ਉਨ੍ਹਾਂ ਦੇ ਉਸ ਵਿਸ਼ਵਾਸ ਤੋਂ ਜਿਸ ਨੂੰ ਹੁਣ ਉਹ ਬਿਲਕੁਲ ਸੱਚ ਕਹਿ ਰਹੇ ਹਨ, ਤੋਂ ਬਿਲਕੁਲ ਅਲੱਗ ਹੁੰਦੀ ।

ਭਗਵਾਨ ਬਹਾਉੱਲਾਹ ਸਿਖਿਆ ਦੇਂਦੇ ਹਨ ਕਿ ਸਚਾਈ ਇਕ ਹੀ ਹੈ । ਜੇ ਸੰਸਾਰ ਦੇ ਲੋਕ ਆਪਣੇ ਪਿਤ੍ਰਾਂ ਦਾ ਖਿਆਲ ਛੱਡ ਕੇ, ਆਪਣੇ ਵਾਸਤੇ ਸਚਾਈ ਦੀ ਖੁਦ ਖੋਜ ਕਰਨ ਤਾਂ ਉਹ ਇਕ ਹੀ ਨਤੀਜੇ ਤੇ ਪਹੁੰਚਣਗੇ ਤੇ ਸੰਗਠਿਤ ਹੋ ਜਾਣਗੇ । ਵੱਖ ਵੱਖ ਲੋਕ ਉਨ੍ਹਾਂ ਬੱਚਿਆਂ ਵਾਂਗ ਹਨ ਜੋ ਅਲੱਗ ਅਲੱਗ ਘਰਾਂ ਵਿਚ ਰਹਿੰਦੇ ਹਨ ਅਤੇ ਖਿੜਕੀਆਂ ਦੇ ਰੰਗਦਾਰ ਸ਼ੀਸ਼ਿਆਂ ਵਿਚੋਂ ਸੂਰਜ ਨੂੰ ਦੇਖਦੇ ਹਨ । ਪਰ ਕਿਉਂਕਿ ਹਰ ਘਰ ਦੇ ਸ਼ੀਸ਼ਿਆਂ ਦਾ ਰੰਗ ਦੂਜਿਆਂ ਨਾਲੋਂ ਵੱਖ ਹੁੰਦਾ ਹੈ, ਇਕ ਬੱਚਾ ਹਰੇ ਸ਼ੀਸ਼ੇ ਵਿਚੋਂ ਸੂਰਜ ਦੇਖਦਾ ਹੈ ਤੇ ਸੋਚਦਾ ਹੈ ਕਿ ਸੂਰਜ ਹਰੇ ਰੰਗ ਦਾ ਹੈ, ਦੂਜਾ ਉਸ ਨੂੰ ਨੀਲੇ ਸ਼ੀਸ਼ੇ ਵਿਚੋਂ ਦੇਖਦਾ ਹੈ ਤੇ ਸੋਚਦਾ ਹੈ ਕਿ ਸੂਰਜ ਨੀਲਾ ਹੈ ਤੇ ਤੀਜਾ ਉਸ ਨੂੰ ਲਾਲ

ਸਮਝਦਾ ਹੈ ਕਿਉਂਕਿ ਉਸ ਦੀ ਬਾਰੀ ਦੇ ਸ਼ੀਸ਼ਿਆਂ ਦਾ ਰੰਗ ਲਾਲ ਹੈ। ਇਹ ਬਾਲਕ ਸੂਰਜ ਦੇ ਰੰਗ ਪਿਛੇ ਝਗੜਾ ਵੀ ਕਰ ਸਕਦੇ ਹਨ ਕਿਉਂਕਿ ਹਰ ਇਕ ਦਾ ਵਿਸ਼ਵਾਸ ਹੈ ਕਿ ਜੋ ਉਹ ਦੇਖਦਾ ਹੈ ਉਹ ਹੀ ਠੀਕ ਹੈ। ਪਰ ਜੇ ਉਹ ਆਪਣੀਆਂ ਬਾਰੀਆਂ ਦੇ ਛੋਟੇ ਛੋਟੇ ਸ਼ੀਸ਼ਿਆਂ ਵਿਚੋਂ ਸੂਰਜ ਨੂੰ ਦੇਖਣਾ ਛਡ, ਘਰਾਂ ਵਿਚੋਂ ਬਾਹਰ ਨਿਕਲ ਆਉਣ ਤਾਂ ਸੂਰਜ ਦਾ ਸਹੀ ਰੰਗ ਦੇਖ ਸਕਣਗੇ ਤੇ ਲੜਾਈ ਦੀ ਕੋਈ ਗੱਲ ਨਹੀਂ ਰਹੇਗੀ।

ਭਗਵਾਨ ਬਹਾਉੱਲਾਹ ਮਨੁੱਖੀ ਪੁੱਤ੍ਰਾਂ ਨੂੰ ਆਪਣੇ ਪੈਤਰਿਕ ਘਰਾਂ ਵਿਚੋਂ ਬਾਹਰ ਨਿਕਲਣ ਤੇ ਬਾਰੀ ਦੇ ਰੰਗਦਾਰ ਸ਼ੀਸ਼ਿਆਂ ਵਿਚੋਂ ਸੂਰਜ ਨੂੰ ਨਾ ਦੇਖਣ ਦੀ ਆਗਿਆ ਦੇ ਰਹੇ ਹਨ। ਕਿਉਂਕਿ ਜਿਸ ਸੂਰਜ ਨੂੰ ਅਸੀਂ ਦੇਖ ਰਹੇ ਹਾਂ ਉਹੀ ਇਕ ਮਾਤ੍ਰ ਸੂਰਜ ਹੈ ਅਤੇ ਜੇ ਅਸੀਂ ਇਕ ਵਾਰ ਆਪਣੀਆਂ ਅੱਖਾਂ ਤੋਂ ਰੰਗਦਾਰ ਸ਼ੀਸ਼ੇ ਨੂੰ ਹਟਾ ਦੇਈਏ ਤਾਂ ਅਸੀਂ ਸਭ ਇਸ ਨੂੰ ਅਸਲੀ ਰੰਗ ਵਿਚ ਦੇਖ ਸਕਾਂਗੇ।

ਪ੍ਰਭੂ ਸਾਡੇ ਤੋਂ ਆਸ਼ਾ ਕਰਦਾ ਹੈ ਕਿ ਅਸੀਂ ਕੇਵਲ ਇਸ ਕਾਰਨ ਨਾਲ ਹੀ ਕਿਸੇ ਵਿਸ਼ਵਾਸ ਦਾ ਪਾਲਣ ਨਾ ਕਰੀਏ ਕਿ ਕਈ ਪੀੜ੍ਹੀਆਂ ਤੋਂ ਉਨ੍ਹਾਂ ਨੇ ਵਿਸ਼ਵਾਸ਼ ਕੀਤਾ ਹੈ (ਸਾਡੇ ਪੁਰਖਾਂ ਨੇ) ਬਲਕਿ ਅਸੀਂ ਉਸ ਗੱਲ ਤੇ ਵਿਚਾਰ ਕਰੀਏ ਜਿਸ ਤੇ ਸਾਡਾ ਵਿਸ਼ਵਾਸ ਹੈ। ਜੇ ਅਸੀਂ ਖੁਦ ਆਪਣੇ ਲਈ ਸੱਚ ਦੀ ਖੋਜ ਕਰੀਏ ਤਾਂ ਸਾਨੂੰ ਪਤਾ ਚਲੇਗਾ ਕਿ ਸੱਚ ਕੇਵਲ ਇਕ ਹੀ ਹੈ, ਇਹ ਸਾਨੂੰ ਸਭ ਨੂੰ ਸੰਗਠਿਤ ਕਰ ਸਕਦਾ ਹੈ ਅਤੇ ਸਾਨੂੰ ਪਿਛਲੇ ਮਤ-ਭੇਦਾਂ ਤੋਂ ਛੁਟਕਾਰਾ ਦਿਲਾ ਸਕਦਾ ਹੈ। ਅਬਦੁਲਬਹਾ ਕਹਿੰਦੇ ਹਨ :

"……ਪ੍ਰਭੂ ਅਵਤਾਰਾਂ ਦੇ ਦੈਵੀ ਧਰਮ ਅਸਲ ਵਿਚ ਇਕ ਹੀ ਹਨ, ਚਾਹੇ ਨਾਂ ਤੇ ਪਰੀਭਾਸ਼ਾ ਵਿਚ ਉਹ ਅਲੱਗ ਹੀ ਹੋਣ। ਮਨੁੱਖ ਨੂੰ ਜ਼ਰੂਰੀ ਹੀ ਪ੍ਰਕਾਸ਼ ਦਾ ਪ੍ਰੇਮੀ ਹੋਣਾ ਚਾਹੀਦਾ ਹੈ ਚਾਹੇ ਉਹ ਕਿਸੇ ਵੀ ਭੇਰ ਤੋਂ ਪ੍ਰਗਟ ਹੋ ਰਿਹਾ ਹੋਵੇ। ਉਸ ਨੂੰ ਜ਼ਰੂਰ ਹੀ ਗੁਲਾਬ ਦਾ ਪ੍ਰੇਮੀ ਹੋਣਾ ਚਾਹੀਦਾ ਹੈ, ਉਹ ਚਾਹੇ ਕਿਸੇ ਵੀ ਮਿੱਟੀ 'ਚ ਪੈਦਾ ਹੋਇਆ ਹੋਵੇ। ਉਸ ਨੂੰ ਜ਼ਰੂਰ ਹੀ ਸਚਾਈ ਦਾ ਖੋਜਕਰਤਾ ਬਣਨਾ ਚਾਹੀਦਾ ਹੈ ਚਾਹੇ ਇਹ ਕਿਸੇ ਵੀ ਸਾਧਨ ਤੋਂ ਪ੍ਰਗਟ ਹੋਵੇ। ਦੀਵੇ ਨਾਲ ਲਗਾਵ, ਪ੍ਰਕਾਸ਼ ਨਾਲ ਪ੍ਰੇਮ ਨਹੀਂ ਹੈ। ਜ਼ਮੀਨ ਨਾਲ

ਲਗਾਵ ਯੋਗ ਨਹੀਂ, ਪਰ ਉਸ ਗੁਲਾਬ ਤੋਂ ਅਨੰਦ ਉਠਾਣਾ, ਜੋ ਜ਼ਮੀਨ ਤੋਂ ਪੈਦਾ ਹੁੰਦਾ ਹੈ, ਯੋਗ ਹੈ। ਪੇੜ ਨਾਲ ਅਨੁਰਾਗ ਲਾਭ ਰਹਿਤ ਹੈ ਪਰ ਇਸ ਦੇ ਫਲ ਵਿਚ ਹਿੱਸਾ ਲੈਣਾ ਲਾਭਦਾਇਕ ਹੈ। ਸਵਾਦੀ ਫਲਾਂ ਦਾ, ਚਾਹੇ ਉਹ ਕਿਸੇ ਵੀ ਪੇੜ ਤੋਂ ਪੈਦਾ ਹੋਏ ਹੋਣ, ਯਾ ਕਿਥੇ ਵੀ ਪਾਏ ਜਾਣ, ਜ਼ਰੂਰ ਹੀ ਆਨੰਦ ਉਠਾਣਾ ਚਾਹੀਦਾ ਹੈ। ਸਚਾਈ ਦੇ ਸ਼ਬਦ ਦੀ ਜ਼ਰੂਰ ਹੀ ਪ੍ਰਵਾਨਗੀ ਹੋਣੀ ਚਾਹੀਦੀ ਹੈ, ਚਾਹੇ ਕੋਈ ਵੀ ਜੀਭ ਉਸ ਦਾ ਉਚਾਰਣ ਕਰੇ, ਪੂਰਣ ਅਸਲੀਅਤਾਂ, ਚਾਹੇ ਉਹ ਕਿਸੇ ਵੀ ਕਿਤਾਬ ਵਿਚ ਲਿਖੀਆਂ ਹੋਣ ਜ਼ਰੂਰ ਹੀ ਸ਼ਿਰੋਧਾਰਾ ਹੋਣੀਆਂ ਚਾਹੀਦੀਆਂ ਹਨ। ਜੇ ਅਸੀਂ ਆਪਣੇ ਮਨ ਵਿਚ ਭੇਦਭਾਵ ਰਖਾਂਗੇ ਤਾਂ ਇਹ ਹਾਨੀ ਤੇ ਅਗਿਆਨ ਦਾ ਕਾਰਨ ਬਣੇਗਾ। ਧਰਮਾਂ, ਰਾਸ਼ਟਰਾਂ ਤੇ ਜਾਤੀਆਂ ਵਿਚ ਝਗੜੇ ਭਰਮ ਤੋਂ ਪੈਦਾ ਹੁੰਦੇ ਹਨ। ਜੇ ਅਸੀਂ ਵੱਖ ਵੱਖ ਧਰਮਾਂ ਦੇ ਮੌਲਿਕ ਨਿਯਮਾਂ ਦੀ ਖੋਜ ਕਰੀਏ ਤਾਂ ਸਾਨੂੰ ਪਤਾ ਚਲੇਗਾ ਕਿ ਉਹ ਸਹਿਮਤ ਹਨ ਕਿਉਂਕਿ ਉਨ੍ਹਾਂ ਦੀ ਮੌਲਿਕ ਅਸਲੀਅਤ ਇਕ ਹੀ ਹੈ, ਜ਼ਿਆਦਾ ਨਹੀਂ। ਇਸ ਸਾਧਨ ਦਵਾਰਾ, ਸੰਸਾਰ ਭਰ ਦੇ ਧਰਮ ਏਕਤਾ ਤੇ ਮਿਤ੍ਰਤਾ ਦੇ ਬਿੰਦੂ ਤਕ ਪਹੁੰਚ ਜਾਣਗੇ……"

ਇਕ ਹੋਰ ਜਗ੍ਹਾ ਤੇ ਅਬਦੁਲਬਹਾ ਕਹਿੰਦੇ ਹਨ :

"ਅਫਸੋਸ! ਕਿ ਮਨੁੱਖ ਮਾਤ੍ਰ ਨਕਲਾਂ ਤੇ ਕਲਪਨਾਵਾਂ ਵਿਚ ਪੂਰੀ ਤਰ੍ਹਾਂ ਡੁਬਿਆ ਹੋਇਆ ਹੈ, ਚਾਹੇ ਦੈਵੀ ਧਰਮ ਦੀ ਸਚਾਈ ਸਦਾ ਇਕ ਹੀ ਰਹੀ ਹੈ। ਮਿਥਿਆ ਵਿਸ਼ਵਾਸਾਂ ਨੇ ਅਸਲੀ ਸਚਾਈ ਨੂੰ ਛੁਪਾ ਦਿੱਤਾ ਹੈ, ਸੰਸਾਰ ਅੰਧਕਾਰ ਪੂਰਣ ਹੋ ਗਿਆ ਹੈ ਤੇ ਧਰਮ ਪ੍ਰਕਾਸ਼ ਪ੍ਰਤੱਖ ਨਹੀਂ। ਇਹ ਅੰਧਕਾਰ ਮਤਭੇਦਾਂ ਤੇ ਝਗੜਿਆਂ ਦਾ ਜਨਮ-ਦਾਤਾ ਹੈ। ਰੀਤਿ-ਰਿਵਾਜ ਤੇ ਸਿਧਾਂਤ ਬਹੁਤ ਜ਼ਿਆਦਾ ਹਨ, ਇਸ ਲਈ ਧਾਰਮਿਕ ਵਿਵਸਥਾਵਾਂ ਵਿਚ ਅਸਹਿਮਤੀ ਪੈਦਾ ਹੋ ਗਈ ਹੈ, ਜਦੋਂ ਕਿ ਧਰਮ ਮਨੁੱਖਤਾ ਦੀ ਏਕਤਾ ਲਈ ਹੈ। ਸੱਚਾ ਧਰਮ ਮਨੁੱਖਾਂ ਦੇ ਪ੍ਰੇਮ ਤੇ ਸਹਿਮਤੀ ਦਾ ਸਾਧਨ ਹੈ। ਪ੍ਰਸੰਸਾ ਪੂਰਵਕ

ਗੁਣਾਂ ਦੇ ਵਿਕਾਸ ਦਾ ਕਾਰਨ ਹੈ। ਪਰ ਲੋਕ ਇਸ ਦੇ ਉਲਟ ਕੰਮ ਕਰ ਰਹੇ ਹਨ, ਨਕਲਾਂ ਨਾਲ ਚਿਮਟੇ ਹੋਏ ਹਨ, ਉਸ ਸਚਾਈ ਤੋਂ ਲਾਪਰਵਾਹ ਹਨ ਜੋ ਸੰਗਠਿਤ ਕਰਦੀ ਹੈ ਅਤੇ ਇਸ ਕਾਰਣ ਉਹ ਧਰਮ ਦੇ ਪ੍ਰਕਾਸ਼ ਤੋਂ ਵੰਚਿਤ ਹਨ। ਉਹ ਆਪਣੇ ਪੁਰਖਾਂ ਤੇ ਪੂਰਵਜਾਂ ਤੋਂ ਪ੍ਰਾਪਤ ਕੀਤੇ ਹੋਏ ਅੰਧਵਿਸ਼ਵਾਸਾਂ ਦਾ ਪਾਲਣ ਕਰਦੇ ਹਨ। ਉਨ੍ਹਾਂ ਦੀ ਮਾੜ੍ਹਾ ਇੰਨੀ ਜ਼ਿਆਦਾ ਹੈ ਕਿ ਉਨ੍ਹਾਂ ਨੇ ਦੈਵੀ ਸਚਾਈ ਦੀ ਸਵਰਗਿਕ ਰੋਸ਼ਨੀ ਨੂੰ ਦਬਾ ਦਿੱਤਾ ਹੈ ਅਤੇ ਹੁਣ ਉਹ ਨਕਲਾਂ ਤੇ ਕਲਪਨਾਵਾਂ ਦੇ ਹਨੇਰੇ ਵਿਚ ਬੈਠੇ ਹਨ। ਉਹ ਜਿਸ ਨੂੰ ਜੀਵਨ ਦਾ ਉਤਪਾਦਕ ਬਣਨਾ ਸੀ, ਮੌਤ ਦਾ ਕਾਰਨ ਬਣ ਗਿਆ ਹੈ। ਉਹ ਜਿਸ ਨੂੰ ਗਿਆਨ ਦਾ ਸਬੂਤ ਹੋਣਾ ਚਾਹੀਦਾ ਸੀ, ਹੁਣ ਉਹ ਅਗਿਆਨ ਦਾ ਸਬੂਤ ਬਣ ਗਿਆ ਹੈ। ਉਹ ਜੋ ਮਨੁੱਖੀ ਸੁਭਾ ਦੀ ਮਹਾਨਤਾ ਦਾ ਤੱਤ ਸੀ, ਉਸ ਦੀ ਗਿਰਾਵਟ ਸਿੱਧ ਹੋਇਆ ਹੈ। ਇਸ ਲਈ ਧਰਮ ਵਾਦੀਆਂ ਦਾ ਖੇਤਰ ਹੌਲੀ ਹੌਲੀ ਘਟਦਾ ਤੇ ਅੰਧਕਾਰ ਪੂਰਣ ਹੁੰਦਾ ਗਿਆ ਹੈ ਤੇ ਭੌਤਿਕਵਾਦ ਦਾ ਖੇਤਰ ਵਡਾ ਤੇ ਫੈਲ ਗਿਆ ਹੈ ਕਿਉਂਕਿ ਧਰਮਵਾਦੀਆਂ ਨੇ ਧਰਮ ਦੀ ਪਵਿੱਤਰ ਸਚਾਈ ਤੇ ਪਵਿੱਤ੍ਰਤਾ ਨੂੰ ਤਿਆਗ ਕੇ ਤੇ ਉਸ ਦੀ ਪ੍ਰਵਾਹ ਨਾ ਕਰਕੇ ਝੂਠੇ ਤੇ ਨਕਲਾਂ ਨੂੰ ਬਣਾਈ ਰਖਿਆ ਹੈ। ਸੂਰਜ ਛੁਪਣ ਦੇ ਬਾਦ ਦਾ ਸਮਾਂ ਚਮਗਾਦੜਾਂ ਦੀ ਉਡਾਨ ਦਾ ਸਮਾਂ ਹੁੰਦਾ ਹੈ। ਇਹ ਉਸ ਸਮੇਂ ਬਾਹਰ ਆਉਂਦੇ ਹਨ ਕਿਉਂਕਿ ਇਹ ਰਾਤ ਦੇ ਜਾਨਵਰ ਹਨ। ਜਦੋਂ ਧਰਮ ਦਾ ਪ੍ਰਕਾਸ਼ ਹਨੇਰੇ ਵਿਚ ਖੋ ਜਾਂਦਾ ਹੈ ਤਾਂ ਭੌਤਿਕਵਾਦੀ ਪ੍ਰਗਟ ਹੁੰਦੇ ਹਨ। ਇਹ ਰਾਤ ਦੇ ਚਮਗਾਦੜ ਹਨ, ਧਰਮ ਦੀ ਗਿਰਾਵਟ ਉਨ੍ਹਾਂ ਦੇ ਕੰਮ ਵਿਚ ਮਗਨ ਹੋਣ ਦਾ ਸਮਾਂ ਹੈ, ਜਦੋਂ ਸੰਸਾਰ ਹਨੇਰੇ ਵਿਚ ਹੋ ਜਾਂਦਾ ਹੈ ਤੇ ਉਸ ਉਪਰ ਬੱਦਲ ਛਾ ਜਾਂਦੇ ਹਨ ਤਾਂ ਉਹ ਪਰਛਾਵੇ ਲਭਦੇ ਹਨ।

"ਪਵਿਤਰ ਆਤਮਾ ਬਹਾਉੱਲਾਹ ਪੂਰਬ ਦੇ ਜ਼ਿਤਿਜ਼ ਵਿਚ ਹੋਏ ਹਨ। ਸੂਰਜ ਦੇ ਤੇਜ ਦੇ ਸਮਾਨ ਉਹ ਸੰਸਾਰ ਵਿਚ ਆਏ ਹਨ। ਉਨ੍ਹਾਂ ਨੇ

ਦੈਵੀ ਧਰਮ ਦੀ ਅਸਲੀਅਤਾ ਨੂੰ ਪ੍ਰਤੀਬਿੰਬਤ ਕੀਤਾ ਹੈ ਤੇ ਨਕਲਾਂ ਦੇ ਹਨੇਰੇ ਨੂੰ ਭਿੰਨ ਭਿੰਨ ਕੀਤਾ ਹੈ, ਨਵੀਆਂ ਸਿਖਿਆਵਾਂ ਦੀ ਨੀਂਹ ਰਖੀ ਤੇ ਸੰਸਾਰ ਨੂੰ ਪੁਨਰ ਸੁਰਜੀਤ ਕੀਤਾ ਹੈ।

ਬਹਾਉੱਲਾਹ ਦੀ ਪਹਿਲੀ ਸਿਖਿਆ ਸਚਾਈ ਦੀ ਖੋਜ ਹੈ। ਪੈਤਰਿਕ ਰੀਤੀ ਰਿਵਾਜਾਂ ਨੂੰ ਛੱਡ ਕੇ ਮਨੁੱਖ ਨੂੰ ਜ਼ਰੂਰ ਹੀ ਖੁਦ ਸਚਾਈ ਦੀ ਖੋਜ ਕਰਨੀ ਚਾਹੀਦੀ ਹੈ ਕਿਉਂਕਿ ਸੰਸਾਰ ਦੇ ਦੇਸ਼ ਸਚਾਈ ਦੀ ਜਗ੍ਹਾ ਨਕਲਾਂ ਦਾ ਪਾਲਣ ਕਰਦੇ ਹਨ ਅਤੇ ਕਿਉਂਕਿ ਨਕਲਾਂ ਜ਼ਿਆਦਾ ਤੇ ਕਈ ਪ੍ਰਕਾਰ ਦੀਆਂ ਹਨ, ਇਸ ਲਈ ਵਿਸ਼ਵਾਸ ਦੀ ਅਲੱਗਤਾ, ਝਗੜੇ ਤੇ ਲੜਾਈ ਦੇ ਪੈਦਾ ਦਾ ਕਾਰਨ ਹਨ। ਜਦੋਂ ਤਕ ਇਹ ਨਕਲਾਂ ਰਹਿਣਗੀਆਂ ਤਦੋਂ ਤਕ ਮਨੁਖੀ ਸੰਸਾਰ ਦੀ ਏਕਤਾ ਅਸੰਭਵ ਹੈ। ਇਸ ਲਈ ਜ਼ਰੂਰੀ ਹੀ ਸ਼ਾਨੂੰ ਸੱਚ ਦੀ ਖੋਜ ਕਰਨੀ ਚਾਹੀਦੀ ਹੈ। ਤਾਂ ਜੋ ਇਸ ਦੇ ਪ੍ਰਕਾਸ਼ ਦਵਾਰਾ ਅੰਧਕਾਰ ਦੇ ਬੱਦਲਾਂ ਦਾ ਨਾਸ ਹੋਵੇ। ਸਚਾਈ ਇਕ ਹੀ ਸਚਾਈ ਹੈ, ਇਹ ਜ਼ਿਆਦਾਪਣ ਤੇ ਵਿਭਾਜਨ ਸਵੀਕਾਰ ਨਹੀਂ ਕਰਦੀ। ਜੇ ਸੰਸਾਰ ਦੇ ਦੇਸ਼ ਸਚਾਈ ਦੀ ਖੋਜ ਕਰਨ ਤਾਂ ਉਹ ਇਕ ਮਤ ਤੇ ਸੰਗਠਿਤ ਹੋ ਜਾਣਗੇ। ਬਹੁਤ ਸਾਰੇ ਆਦਮੀਆਂ ਤੇ ਧਾਰਮਿਕ ਗੁਟਾਂ ਨੇ..... ਬਹਾਉੱਲਾਹ ਦੇ ਨੇਤਰਤਵ ਤੇ ਸਿਖਿਆਵਾਂ ਦਵਾਰਾ ਸਚਾਈ ਦੀ ਖੋਜ ਕੀਤੀ ਹੈ, ਉਹ ਇਕ ਰੂਪ ਹੋ ਗਏ ਹਨ ਤੇ ਹੁਣ ਆਪਸ ਵਿਚ ਸਹਿਮਤੀ ਨਾਲ ਤੇ ਪ੍ਰੇਮ ਪੂਰਵਕ ਮਿਲਜੁਲ ਕੇ ਰਹਿੰਦੇ ਹਨ, ਉਨ੍ਹਾਂ ਦੇ ਵਿਚ ਝਗੜੇ ਤੇ ਵੈਰ ਦਾ ਲੇਸ ਮਾਤ੍ਰ ਨਿਸ਼ਾਨ ਵੀ ਨਹੀਂ ਰਿਹਾ।"

ਅਨੰਤ ਜੀਵਨ ;

ਸਾਡੇ ਜੀਵਨ ਬਹੁਤ ਛੋਟੇ ਹਨ। ਜਵਾਨੀ ਵਿਚ ੨੦ ਯਾ ੩੦ ਸਾਲ ਦਾ ਸਮਾਂ ਬਹੁਤ ਲੰਬਾ ਪ੍ਰਤੀਤ ਹੁੰਦਾ ਹੈ। ਪਰ ਜਦੋਂ ਅਸੀਂ ਉਨ੍ਹਾਂ ਸਾਲਾਂ ਨੂੰ ਪਿਛੇ ਛਡ ਜਾਂਦੇ ਹਾਂ ਤਾਂ ਬੜੀ ਹੈਰਾਨੀ ਵਿਚ ਪੈ ਜਾਂਦੇ ਹਾਂ ਕਿ ਇਹ ਸਮਾਂ ਇੰਨੀ ਜਲਦੀ ਕਿਵੇਂ ਬੀਤ ਗਿਆ। ਆਉਣ ਵਾਲੇ ਸਾਲ ਵੀ ਪਲ ਦੀ ਤਰ੍ਹਾਂ ਬੀਤ

ਜਾਣਗੇ ਤੇ ਜਲਦੀ ਹੀ ਮੌਤ ਸਾਨੂੰ ਆਪਣੀ ਜੱਫੀ ਵਿਚ ਲੈ ਲਵੇਗੀ।

ਕੀ ਮੌਤ ਸਾਡੇ ਲਈ ਸਭ ਚੀਜ਼ਾਂ ਦਾ ਅੰਤ ਹੈ ? ਨਹੀਂ ! ਬਹਾਈ ਧਰਮ ਸਿਖਿਆ ਦਿੰਦਾ ਹੈ ਕਿ ਮੌਤ ਅੰਤ ਨਹੀਂ। ਇਹ ਕੇਵਲ ਸ਼ੁਰੂ ਹੀ ਹੈ। ਭਗਵਾਨ ਬਹਾਉੱਲਾਹ ਕਹਿੰਦੇ ਹਨ :

"ਐ ਉੱਚਤਮ ਦੇ ਪੁਤਰ ! ਮੌਤ ਨੂੰ ਮੈਂਨੇ ਤੇਰੇ ਲਈ ਆਨੰਦ ਦਾ ਦੂਤ ਬਣਾਇਆ ਹੈ। ਤੁਸੀਂ ਸ਼ੋਕ ਕਿਸ ਲਈ ਕਰਦੇ ਹੋ। ਪ੍ਰਕਾਸ਼ ਨੂੰ ਮੈਂ ਤੁਹਾਡੇ ਤੇ ਆਪਣਾ ਤੇਜ ਪਾਉਣ ਲਈ ਕਿਹਾ ਹੈ, ਤੁਸੀਂ ਆਪਣੇ ਆਪ ਨੂੰ ਉਸ ਤੋਂ ਕਿਉਂ ਛੁਪਾਂਦੇ ਹੋ।"

ਮੌਤ ਪ੍ਰਭੂ ਦੇ ਵਲ ਸਾਡੀ ਅਧਿਆਤਮਕ ਯਾਤਰਾ ਦਾ ਸ਼ੁਰੂ ਹੈ। ਇਕ ਖੁਨਰ ਜਨਮ ਹੈ—ਅਧਿਆਤਮਕ ਪੁਨਰ ਜਨਮ।

ਜਦੋਂ ਸਾਡੀ ਆਤਮਾ ਸਾਡਾ ਸਰੀਰ ਛੱਡਦੀ ਹੈ ਤਾਂ ਉਹ ਜੀਵਿਤ ਰਹਿੰਦੀ ਹੈ ਅਤੇ ਪ੍ਰਭੂ ਰਾਜ ਵਿਚ ਨਿਰੰਤਰ ਤਰੱਕੀ ਕਰਦੀ ਰਹਿੰਦੀ ਹੈ। ਪਰ ਉਹ ਧਰਤੀ ਤੇ ਕਿਸੇ ਭੌਤਿਕ ਆਕਾਰ ਵਿਚ ਪੁੰਨਰ (ਦੁਬਾਰਾ) ਵਾਪਸ ਨਹੀਂ ਆਉਂਦੀ।

ਇਕ ਬੁਲਬੁਲ ਜੋ ਸਦਾ ਪਿੰਜਰੇ ਵਿਚ ਪਲੀ ਹੋਵੇ ਉਹ ਪਿੰਜਰੇ ਦੇ ਸਿਵਾ ਕਿਸੇ ਹੋਰ ਜਗ੍ਹਾ ਨੂੰ ਨਹੀਂ ਜਾਣਦੀ। ਪਿੰਜਰੇ ਦੀਆਂ ਸੀਖਾਂ ਵਿਚ ਉਸ ਨੂੰ ਕਦੀ ਕਦੀ ਬਾਗ ਦੀ ਝਲਕ ਮਿਲ ਜਾਂਦੀ ਹੈ, ਪਰ ਵਿਚਾਰੇ ਪੰਛੀ ਨੂੰ ਆਜ਼ਾਦੀ ਦੀ ਕੋਈ ਕਲਪਨਾ ਨਹੀਂ ਹੈ ਅਤੇ ਨਾ ਹੀ ਉਸ ਨੇ ਕਦੀ ਖੁਲ੍ਹੇ ਬਾਗਾਂ ਤੇ ਹਰੇ ਭਰੇ ਖੇਤਾਂ ਵਿਚ ਉੱਡਣ ਦਾ ਮਜ਼ਾ ਉਠਾਇਆ ਹੈ। ਪੰਛੀ ਨੂੰ ਆਜ਼ਾਦ ਕਰਨ ਲਈ ਜੇ ਤੁਸੀਂ ਪਿੰਜਰੇ ਦਾ ਦਰਵਾਜ਼ਾ ਖੋਲੋਗੇ ਤਾਂ ਉਹ ਪਿੰਜਰੇ ਦੇ ਇਕ ਕੋਨੇ ਵਿਚ ਦੁਬੱਕ ਜਾਵੇਗਾ ਤੇ ਬਾਹਰ ਨਹੀਂ ਆਉਣਾ ਚਾਹੇਗਾ ਅਤੇ ਪੰਛੀ ਨੂੰ ਪਿੰਜਰੇ ਤੋਂ ਬਾਹਰ ਕਢਣ ਲਈ ਜਦੋਂ ਤੁਸੀਂ ਆਪਣਾ ਹੱਥ ਪਾਵੋਗੇ ਤਾਂ ਉਹ ਡਰ ਜਾਵੇਗਾ ਤੇ ਤੁਹਾਡੇ ਹੱਥ ਤੋਂ ਬਚਣਾ ਚਾਹੇਗਾ। ਪਰ ਪੰਛੀ ਜੇ ਇਕ ਵਾਰ ਆਜ਼ਾਦ ਹੋ ਜਾਵੇ ਤਾਂ ਉਹ

ਖੁਲ੍ਹੇ ਆਕਾਸ਼ ਵਿਚ ਉਚਾਈ ਵਲ ਉਡਾਣ ਭਰਦਾ ਹੈ ਤੇ ਹਰੇ ਭਰੇ ਦਰੱਖਤਾਂ ਤੇ ਬੈਠ ਕੇ ਗੀਤ ਗਾਂਦਾ ਹੈ। ਉਹ ਫੱਲਦਾਰ ਬਾਗਾਂ ਤੇ ਸੁਗੰਧਿਤ ਜੰਗਲਾਂ ਨੂੰ ਆਪਣਾ ਘਰ ਬਣਾਂਦਾ ਹੈ। ਅਤੇ ਕਦੀ ਪਿੰਜਰੇ ਵਿਚ ਵਾਪਸ ਨਹੀਂ ਆਉਣਾ ਚਾਹੁੰਦਾ ਚਾਹੇ ਤੁਸੀਂ ਸੋਨੇ ਦੇ ਹਜ਼ਾਰਾਂ ਪਿੰਜਰੇ ਉਸ ਦੇ ਸਾਹਮਣੇ ਰੱਖੋ।

ਇਸ ਤਰ੍ਹਾਂ ਇਸ ਸਰੀਰ ਰੂਪੀ ਪਿੰਜਰੇ ਤੋਂ ਜਦ ਆਤਮਾ ਨੂੰ ਆਜ਼ਾਦ ਕਰ ਦਿਤਾ ਜਾਂਦਾ ਹੈ ਤਾਂ ਉਹ ਲੋਕ ਜੋ ਪ੍ਰਭੂ ਰਾਜ ਤੋਂ ਅਤੇ ਉਨ੍ਹਾਂ ਦੀ ਇੰਤਜ਼ਾਰ ਕਰਦੀ ਹੋਈ ਜੀਵਨ ਤੋਂ ਬਾਦ ਦੀ ਖੁਸ਼ੀ ਤੋਂ ਨਾਵਾਕਿਫ ਹਨ, ਮੌਤ ਨੂੰ ਅਤੀ ਕਠਿਨ ਮਹਿਸੂਸ ਕਰਦੇ ਹਨ। ਇਸ ਦਾ ਕਾਰਣ ਇਹ ਹੈ ਕਿ ਉਹ ਕੇਵਲ ਪਿੰਜਰੇ ਤੋਂ ਵਾਕਿਫ ਹਨ ਤੇ ਪ੍ਰਭੂ ਪਰੇਮ ਤੇ ਅਨੰਤ ਕਿਰਪਾ ਦੇ ਸਵਰਗ ਬਾਰੇ ਕੁਝ ਨਹੀਂ ਜਾਣਦੇ।

ਪਰ ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਈਸ਼ਵਰ ਅਵਤਾਰ ਨੂੰ ਪਹਿਚਾਣ ਲਿਆ ਹੈ, ਆਤਮਾ ਦੇ ਅਮਰ ਹੋਣ ਤੇ ਅਨੰਤ ਜੀਵਨ ਵਿਚ ਪੱਕਾ ਵਿਸ਼ਵਾਸ ਹੈ। ਕਿਸੀ ਆਦਮੀ ਨੇ ਬਹਾਉੱਲਾਹ ਤੋਂ ਮੌਤ ਦੇ ਬਾਦ ਜੀਵਨ ਦੇ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਜਵਾਬ ਇਹ ਸੀ :

"ਅਤੇ ਹੁਣ ਮਨੁਖੀ ਆਤਮਾ ਤੇ ਮੌਤ ਤੋਂ ਬਾਦ ਇਸਦੇ ਜੀਵਨ ਦੇ ਸਬੰਧ ਵਿਚ ਆਪ ਦੇ ਸਵਾਲ ਦੇ ਬਾਰੇ, ਆਪ ਇਸ ਸਚਾਈ ਨੂੰ ਜਾਣ ਲਵੋ ਕਿ ਸਰੀਰ ਤੋਂ ਵਿਛੜਨ ਤੋਂ ਬਾਦ, ਆਤਮਾ ਤਦ ਤਕ ਉੱਨਤੀ ਕਰਦੀ ਰਹੇਗੀ ਜਦੋਂ ਤਕ ਕਿ ਉਹ ਪ੍ਰਮਾਤਮਾ ਦੇ ਦਰਬਾਰ ਵਿਚ ਹਾਜ਼ਰੀ ਪ੍ਰਾਪਤ ਨਹੀਂ ਕਰ ਲੈਂਦੀ, ਐਸੀ ਅਵਸਥਾ ਤੇ ਹਾਲਤ ਵਿਚ ਜਿਸ ਨੂੰ ਨਾ ਤਾਂ ਜੁਗ-ਬਦਲ ਤੇ ਸ਼ਤਾਬਦੀਆਂ ਤੇ ਨਾ ਹੀ ਸੰਸਾਰ ਦੇ ਬਦਲ ਤੇ ਮੌਕੇ ਹੀ ਤਬਦੀਲ ਕਰ ਸਕਦੇ ਹਨ। ਇਹ ਉਦੋਂ ਤੱਕ ਬਣੀ ਰਹੇਗੀ, ਜਦੋਂ ਤੱਕ ਪ੍ਰਭੂ ਦਾ ਰਾਜ, ਉਸ ਦੀ ਸੱਤਾ, ਉਸਦਾ ਪ੍ਰਦੇਸ਼ ਤੇ ਉਸ ਦੀਆਂ ਸ਼ਕਤੀਆਂ ਬਣੀਆਂ ਰਹਿਣਗੀਆਂ। ਇਹ ਪ੍ਰਭੂ ਦੇ ਲੱਛਣਾਂ ਤੇ ਵਿਸ਼ੇਸ਼ਤਾਈਆਂ ਨੂੰ ਪ੍ਰਗਟ ਕਰੇਗੀ ਤੇ ਉਸ ਦੇ

ਪਰੇਮ-ਪੂਰਵਕ ਕਿਰਪਾ ਤੇ ਅਨੁਗ੍ਰਹਾਂ ਨੂੰ ਪ੍ਰਗਟ ਕਰੇਗੀ । ਇਸ ਮਹਾਨ ਪਦਵੀ ਦੇ ਗੌਰਵ ਤੇ ਮਹੱਤਵ ਦੇ ਉਚਿਤ ਢੰਗ ਨਾਲ ਵਿਆਖਿਆ ਕਰਨ ਦੇ ਯਤਨ ਵਿਚ ਮੇਰੀ ਕਲਮ ਦੀ ਗਤੀ ਰੁਕ ਜਾਂਦੀ ਹੈ ।''

ਮੌਤ ਸਾਡੇ ਹਰ ਵਾਸਤੇ ਅਧਿਆਤਮਕ ਪੁਨਰ ਜਨਮ ਹੈ । ਇਸ ਲਈ ਜਦੋਂ ਵੀ ਇਹ ਸਾਡਾ ਦਰਵਾਜ਼ਾ ਖਟ-ਖਟਾਵੇ, ਸਾਨੂੰ 'ਆਨੰਦ ਦੂਤ' ਦਾ ਸਵਾਗਤ ਕਰਨ ਲਈ ਹਮੇਸ਼ਾ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ ।

ਪ੍ਰਸੰਨਤਾ :

ਭਗਵਾਨ ਬਹਾਉੱਲਾਹ ਦੀ ਸਾਡੇ ਤੇ ਮਹਾਨ ਕ੍ਰਿਪਾਵਾਂ ਵਿਚੋਂ ਇਕ ਅਨੰਦ ਤੇ ਖੁਸ਼ੀ ਹੈ ਜੋ ਉਨ੍ਹਾਂ ਨੇ ਸਾਡੇ ਦਿਲ ਵਿਚ ਪੈਦਾ ਕੀਤੀ । ਅਸੀਂ ਖੁਸ਼ ਹਾਂ ਕਿ ਸਾਡੇ ਮਨ ਵਿਚ ਈਸ਼ਵਰ ਦਾ ਪ੍ਰੇਮ ਹੈ । ਅਸੀਂ ਖੁਸ਼ ਹਾਂ ਕਿਉਂਕਿ ਧਰਤੀ ਤੇ ਅਸੀਂ ਆਪਣੇ ਛੋਟੇ ਸਮੇਂ ਦੇ ਜੀਵਨ ਦਾ ਮਕਸਦ ਤੇ ਅਰਥ ਜਾਣਦੇ ਹਾਂ । ਅਸੀਂ ਖੁਸ਼ ਹਾਂ ਕਿਉਂਕਿ ਅਸੀਂ ਆਪਣਾ ਪ੍ਰੀਤਮ ਪਾ ਲਿਆ ਹੈ ਤੇ ਉਸ ਦੇ ਉਪ-ਪਾਦਕ ਸ਼ਬਦਾਂ ਦੇ ਅਸਰ ਦਵਾਰਾ ਹੁਣ ਬਾਕੀ ਮਨੁੱਖਤਾ ਨਾਲ ਸ਼ਾਂਤੀ ਪੂਰਣ ਹਾਂ ।

ਭਗਵਾਨ ਬਹਾਉੱਲਾਹ ਕਹਿੰਦੇ ਹਨ :

''ਐ ਮਿੱਟੀ ਵਿਚ ਰਹਿਣ ਵਾਲੇ ਮੇਰੇ ਦੋਸਤੋ ! ਆਪਣੇ ਦੈਵੀ ਨਿਵਾਸ ਵਲ ਤੇਜ਼ੀ ਨਾਲ ਕਦਮ ਵਧਾਓ । ਆਪਣੇ ਆਪ ਨੂੰ ਅਨੰਦ ਪੂਰਵਕ ਸਮਾਚਾਰ ਦੇਵੋ । ਉਹ ਜੋ ਸਰਵ ਉੱਚਤਮ ਪ੍ਰੀਤਮ ਆ ਗਿਆ ਹੈ । ਉਸ ਨੇ ਆਪਣੇ ਆਪ ਨੂੰ ਈਸ਼ਵਰ ਪ੍ਰਗਟਾਵੇ ਦੇ ਗੌਰਵ ਨਾਲ ਸੁਸ਼ੋਭਿਤ ਕਰ ਲਿਆ ਹੈ ਤੇ ਆਪਣੇ ਸਨਾਤਨ ਸਵਰਗ ਦੇ ਦਰਵਾਜ਼ੇ ਮਨੁਖ ਵਾਸਤੇ ਖੋਹਲ ਦਿਤੇ ਹਨ । 'ਹਰ ਅੱਖ ਅਨੰਦ ਮਗਨ ਹੋਵੇ, ਹਰ ਕੰਨ ਖੁਸ਼ ਹੋਵੇ ਕਿਉਂਕਿ ਹੁਣ ਉਸ ਦੀ ਸੁੰਦਰਤਾ ਦੇਖਣ ਦਾ ਸਮਾਂ ਹੈ, ਹੁਣ ਉਸ ਦੀ ਬਾਣੀ ਸੁਣਨ ਦਾ ਉਚਿਤ ਸਮਾਂ ਹੈ ।' ਹਰ ਉਤਕੰਠਿਤ ਪਰੇਮੀ ਤੇ ਐਲਾਨ ਕਰੋ, 'ਦੇਖੋ, ਤੁਹਾਡਾ ਸਰਵ-ਉੱਚ ਪ੍ਰੀਤਮ ਮਨੁੱਖਾਂ ਦੇ ਵਿਚ ਆ ਗਿਆ ਹੈ ਤੇ ਪਰੇਮ ਦੇ

ਆਸਾਨ ਨਹੀਂ ਹੈ, ਇਸ ਪ੍ਰਸਤਾਵ ਲਈ ਸਹਿਮਤ ਨਾ ਹੋਏ ਤੇ ਆਪਣੇ ਹੱਥ ਖੜੇ ਨਾ ਕੀਤੇ ।

ਪ੍ਰਧਾਨ ਨੇ ਘੋਸ਼ਣਾ ਕੀਤੀ ਕਿ ਪ੍ਰਸਤਾਵ ਪਾਸ ਹੋਇਆ ਤੇ ਸਕੱਤਰ ਨੂੰ ਉਸ ਰਿਪੋਰਟ ਨੂੰ ਦਰਜ ਕਰਨ ਲਈ ਕਿਹਾ ।

ਪ੍ਰਧਾਨ ਨੇ ਦਸਿਆ ਕਿ ਉਨ੍ਹਾਂ ਦੇ ਪਿੰਡ ਪਹੁੰਚਣ ਲਈ ਅਧਿਆਪਕ ਸੁਨੀਲ ਨੂੰ ਬਸ ਦਵਾਰਾ ਸਫਰ ਕਰਨਾ ਪਵੇਗਾ ਤੇ ਆਪਣੇ ਹੁਣ ਦੇ ਕੰਮ ਨੂੰ ਛੱਡਣਾ ਵੀ ਪਵੇਗਾ ਜੋ ਪਿੰਡ ਵਿਚ ਕਰਦਾ ਹੈ । ਇਸ ਲਈ ਸੁਨੀਲ ਨੂੰ ਰਾਮਪੁਰ ਪਹੁੰਚਣ ਲਈ ਤੇ ਜਮਾਤਾਂ ਦੇ ਪ੍ਰਬੰਧ ਲਈ ਮਦਦ ਦੇਣ ਵਾਸਤੇ ਧਨ ਇਕੱਠਾ ਕਰਨਾ ਪਵੇਗਾ । ਪ੍ਰਧਾਨ ਨੇ ਦੂਜੇ ਲੋਕਾਂ ਨੂੰ ਪੁਛਿਆ ਕਿ ਇਸ ਵਿਸ਼ੇ ਵਿਚ ਉਨ੍ਹਾਂ ਦੇ ਕੀ ਵਿਚਾਰ ਹਨ । ਅਮਰੀਕ ਨੇ ਕਿਹਾ ਕਿ ''ਸਾਨੂੰ ਸਭਾ ਦੇ ਮੈਂਬਰਾਂ ਨੂੰ, ਬਾਕੀ ਸਮਾਜ ਦੇ ਲਈ ਜ਼ਰੂਰ ਹੀ ਧਰਮ ਦੀ ਪ੍ਰਤੀ ਅਨੁਰਕਤੀ ਦਾ ਉਦਾਹਰਣ ਸਥਾਪਿਤ ਕਰਨਾ ਚਾਹੀਦਾ ਹੈ । ਮੈਂ ਹਰ ਮਹੀਨੇ ਆਪਣੀ ਇਕ ਦਿਨ ਦੀ ਆਮਦਨੀ ਖਜ਼ਾਨੇ ਵਿਚ ਦੇਣ ਦਾ ਵਚਨ ਕਰਦਾ ਹੈ । ਸਭਾ ਨੂੰ ਇਹ ਪੇਸ਼ ਕਰਕੇ ਮੈਨੂੰ ਖੁਸ਼ੀ ਹੋਵੇਗੀ ।'' ਸਭਾ ਦੇ ਬਾਕੀ ਮੈਂਬਰ ਬਹੁਤ ਖੁਸ਼ ਹੋਏ ਤੇ ਸਮਾਜ ਦੇ ਵਲ ਇਸ ਉਦਾਰ ਦਾਨ ਦੇ ਲਈ ਉਨ੍ਹਾਂ ਨੇ ਅਮਰੀਕ ਨੂੰ ਵਧਾਈ ਦਿਤੀ । ਉਹ ਖਾਸਕਰ ਇਸ ਲਈ ਖੁਸ਼ ਸਨ ਕਿ ਜਦੋਂ ਕਿ ਅਮਰੀਕ ਨੇ ਪਹਿਲਾਂ ਇਸ ਪ੍ਰਸਤਾਵ ਦੇ ਹੱਕ ਵਿਚ ਵੋਟ ਨਹੀਂ ਸੀ ਦਿਤਾ, ਹੁਣ ਜਦੋਂ ਕਿ ਇਹ ਸਥਾਨਕ ਸਭਾ ਦਵਾਰਾ ਪਾਸ ਹੋ ਗਿਆ ਹੈ, ਉਹ ਇਸ ਦਾ ਸਮਰਥਨ ਕਰਦਾ ਹੈ । ਜਦੋਂ ਸਭਾ ਕੋਈ ਪ੍ਰਸਤਾਵ ਪਾਸ ਕਰ ਦੇਵੇ, ਚਾਹੇ ਅਸੀਂ ਉਸ ਨਾਲ ਸਹਿਮਤ ਹੋਈਏ ਯਾ ਨਹੀਂ, ਅਸੀਂ ਜ਼ਰੂਰ ਹੀ ਬਹੁਮਤ ਪਰਵਾਨ ਕਰੀਏ ਤੇ ਉਸ ਦਾ ਆਦਰ ਕਰੀਏ । ਸਥਾਨਕ ਅਧਿਆਤਮਕ ਸਭਾ ਦੇ ਦੂਜੇ ਮੈਂਬਰਾਂ ਨੇ ਵੀ ਕੁਝ ਰਕਮ ਦਾਨ ਕੀਤੀ । ਸਕੱਤਰ ਨੇ ਉਨ੍ਹਾਂ ਦੇ ਨਾਂ ਤੇ ਦਿਤੀ ਗਈ ਰਕਮ ਲਿਖ ਲਈ । ਖਜ਼ਾਨਚੀ ਨੇ ਵੀ ਦਿਨ੍ਹਾਂ ਦਾਨਾਂ ਨੂੰ ਲਿਖ ਲਿਆ ਤੇ ਕਿਹਾ ਕਿ ਸਭ ਅਧਿਕਾਰੀਆਂ ਦਵਾਰਾ ਖਜ਼ਾਨੇ ਲਈ ੬ ਰੁਪਏ ਮਹੀਨਾ ਦਾ ਵਚਨ ਕੀਤਾ ਗਿਆ ਹੈ ।

ਇਹ ਫੈਸਲਾ ਹੋਇਆ ਕਿ ੨੮ ਅਪਰੈਲ ਨੂੰ ਹੋਣ ਵਾਲੇ ਉਨ੍ਹੀਂ ਦਿਨਾਂ ਸਹਿਭੋਜ (ਸੁੰਦਰ ਮਾਸ ਦੇ ਸਹਿਭੋਜ) ਵਿਚ ਸਮਾਜ ਵਿਚ ਐਲਾਨ ਕੀਤਾ ਜਾਵੇ

ਤੇ ਦੋਸਤਾਂ ਨੂੰ ਇਸ ਵਿਸ਼ੇ ਤੇ ਸਹਿਯੋਗ ਦੇਣ ਵਾਸਤੇ ਕਿਹਾ ਜਾਵੇ।

ਫਿਰ ਪ੍ਰਧਾਨ ਨੇ ਪ੍ਰਸਿਖਸ਼ਣ ਪ੍ਰੋਗਰਾਮ ਦੇ ਲਈ ਸਾਹਿਤ ਦੀ ਜ਼ਰੂਰਤ ਦੇ ਸਵਾਲ ਨੂੰ ਦੁਬਾਰਾ ਉਠਾਇਆ। ਬਹਿਸ ਦੇ ਬਾਦ ਸਭਾ ਇਸ ਫੈਸਲੇ ਤੇ ਪਹੁੰਚੀ ਕਿ ਜ਼ਰੂਰ ਹੀ ਇਸ ਵਿਸ਼ੇ ਵਿਚ ਮਦਦ ਲਈ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਕਹਿਣ।

ਇਸ ਪ੍ਰਬੰਧ ਤੋਂ ਬਾਦ ਪ੍ਰਧਾਨ ਨੇ ਕਿਹਾ ਕਿ ਹੁਣ ਜਿਸ ਵਿਸ਼ੇ ਤੇ ਉਨ੍ਹਾਂ ਨੇ ਬਹਿਸ ਕਰਨੀ ਹੈ, ਉਹ ਹੈ ਆਸ ਪਾਸ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਸ਼ੁਰੂ ਕਰਨਾ।

ਬਾਬੂ ਲਾਲ ਨੇ ਸੁਝਾ ਦਿਤਾ ਕਿ ਉਹ ਹਰ ਐਤਵਾਰ ਗੁਟਾ ਵਿਚ ਰਾਮਪੁਰ ਦੇ ਨੇੜੇ ਦੇ ਪਿੰਡਾਂ ਵਿਚ ਜਾਣ। ਦੂਜਿਆਂ ਨੇ ਵੀ ਇਸ ਪ੍ਰਸਤਾਵ ਨਾਲ ਸਹਿਮਤੀ ਪ੍ਰਗਟ ਕੀਤੀ। ਇਕ ਹੋਰ ਮੈਂਬਰ ਨੇ ਕਿਹਾ ਕਿ ਐਤਵਾਰ ਅਤੀ ਠੀਕ ਦਿਨ ਹੋਵੇਗਾ ਕਿਉਂਕਿ ਸ਼ਨੀਵਾਰ ਨੂੰ ਉਨ੍ਹਾਂ ਦੀ ਅਧਿਅਨ ਦੀ ਜਮਾਤ ਹੋਵੇਗੀ ਤੇ ਐਤਵਾਰ ਨੂੰ ਸੁਨੀਲ ਵੀ ਉਨ੍ਹਾਂ ਨਾਲ ਪ੍ਰਸਿਖਸ਼ਣ ਸਫਰ ਤੇ ਜਾ ਸਕੇਗਾ।

ਬਾਬੂ ਲਾਲ ਸਕੱਤਰ ਨੇ ਇਨ੍ਹਾਂ ਸਭ ਗੱਲਾਂ ਨੂੰ ਨੋਟ ਕਰ ਲਿਆ।

ਪ੍ਰਧਾਨ ਨੇ ਪੁਛਿਆ ਕਿ ਇਸ ਵਿਸ਼ੇ ਤੇ ਕੋਈ ਹੋਰ ਸੁਝਾ ਸੀ।

ਹਸਨ ਅਲੀ ਨੇ ਕਿਹਾ ਕਿ ਖਾਸ ਪਵਿਤਰ ਦਿਨਾਂ ਤੇ ਵਰ੍ਹੇ ਗੰਢਾਂ ਦੇ ਮੌਕਿਆਂ ਤੇ ਵਡੀਆਂ ਸਾਰਵਜਨਿਕ ਸਭਾਵਾਂ ਕਰਨਾ ਤੇ ਇਨ੍ਹਾਂ ਸਭਾਵਾਂ ਵਿਚ ਨੇੜੇ ਦੇ ਪਿੰਡਾਂ ਤੋਂ ਗੈਰ-ਬਹਾਈ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਸੱਦਾ ਦੇਣਾ ਬਹੁਤ ਚੰਗਾ ਹੋਵੇਗਾ।

ਇਸ ਪ੍ਰਸਤਾਵ ਦਾ ਅਨਮੋਦਨ ਕੀਤਾ ਗਿਆ ਤੇ ਸਭਾ ਦਵਾਰਾ ਸਵੀਕਾਰ ਕੀਤਾ ਗਿਆ।

ਇਹ ਨਿਸ਼ਚਤ ਕੀਤਾ ਗਿਆ ਕਿ ਇਨ੍ਹਾਂ ਯੋਜਨਾਵਾਂ ਦਾ ਆਗਾਮੀ ਉਨੀਂ ਦਿਨੀਂ ਸਹਿਭੋਜ ਵਿਚ ਪੇਸ਼ ਕੀਤਾ ਜਾਵੇ ਤੇ ਰਾਮਪੁਰ ਦੇ ਬਹਾਈਆਂ ਨੂੰ ਪ੍ਰਾਰਥਨਾ ਕੀਤੀ ਜਾਵੇ ਕਿ ਉਹ ਸਭਾ ਦੇ ਖਜ਼ਾਨੇ ਨੂੰ ਵਧਾਣ ਤੇ ਗਵਾਂਢੀ ਪਿੰਡਾਂ ਵਿਚ ਪ੍ਰਸਿਖਸ਼ਣ ਕੰਮ ਵਾਸਤੇ ਸਵੈ-ਇੱਛਾ ਪੂਰਵਕ ਆਪਣੀਆਂ ਸੇਵਾਵਾਂ ਭੇਟ ਕਰਨ।

ਅੰਤ ਵਿਚ ਉਨ੍ਹਾਂ ਨੇ ਫੈਸਲਾ ਕੀਤਾ ਕਿ ਸਥਾਨਿਕ ਅਧਿਆਤਮਕ ਸਭਾ ਦੀ ਅਗਲੀ ਬੈਠਕ ਉਨੀ ਦਿਨਾ-ਸਹਿਭੋਜ ਦੇ ਇਕ ਦਿਨ ਬਾਦ ੨੯ ਅਪਰੈਲ ਨੂੰ ਹੋਵੇਗੀ ਤਾਂ ਜੋ ਸਮਾਜ ਦਵਾਰਾ ਸਭਾ ਨੂੰ ਦਿਤੇ ਗਏ ਸੁਝਾਵਾਂ ਤੇ ਸੋਚ ਵਿਚਾਰ ਕੀਤੀ ਜਾ ਸਕੇ।

ਸਭਾਪਤੀ ਦੀ ਪ੍ਰਾਰਥਨਾ ਦੇ ਬਾਦ ਮੈਂਬਰ ਆਨੰਦ ਪੂਰਣ ਦਿਲਾਂ ਦੇ ਨਾਲ ਤੇ ਸਮਾਜ ਦੀ ਭਲਾਈ ਵਾਸਤੇ ਇਤਨੇ ਮਹੱਤਵ ਪੂਰਣ ਫੈਸਲਿਆਂ ਤੇ ਪਹੁੰਚਣ ਤੋਂ ਬਾਅਦ ਤੇ ਪ੍ਰਭੂ ਤੋਂ ਮਦਦ ਦਾ ਧੰਨਵਾਦ ਦੇਂਦੇ ਹੋਏ ਆਪਣੇ ਘਰਾਂ ਨੂੰ ਚਲੇ ਗਏ।

ਇਸ ਬੈਠਕ ਵਿਚ ਜੋ ਕੁਝ ਹੋਇਆ ਉਹ ਇਸ ਗੱਲ ਦੀ ਉਦਾਹਰਣ ਹੈ ਕਿ ਸਭਾ ਕਿਸ ਤਰ੍ਹਾਂ ਕੰਮ ਦਾ ਸੰਚਾਲਨ ਕਰੇ, ਕਿਸ ਤਰ੍ਹਾਂ ਬਹਿਸ ਕਰੇ ਤੇ ਕਿਸ ਤਰ੍ਹਾਂ ਲਾਭਦਾਇਕ ਫੈਸਲਿਆਂ ਤੇ ਪਹੁੰਚੇ। ਸੰਭਵ ਹੈ ਕਿ ਵੱਖ ਵੱਖ ਸਮਾਜਾਂ ਵਿਚ ਪੇਸ਼ ਹੋਣ ਵਾਲੇ ਸਵਾਲ ਇਕ ਜੈਸੇ ਨਾ ਹੋਣ, ਇਹ ਵੀ ਜ਼ਰੂਰੀ ਨਹੀਂ ਕਿ ਉਨ੍ਹਾਂ ਦੀਆਂ ਜ਼ਰੂਰਤਾਂ ਇਕ ਤਰ੍ਹਾਂ ਦੀਆਂ ਹੋਣ। ਹਰ ਸਭਾ ਸਾਵਧਾਨੀ ਨਾਲ ਆਪਣੇ ਫਰਜ਼ਾਂ ਤੇ ਵਿਚਾਰ ਕਰੇ ਤੇ ਸਮਾਜ ਦੇ ਮੈਂਬਰਾਂ ਵਾਸਤੇ ਅਤੀ ਮਹੱਤਵ ਪੂਰਣ ਕੰਮਾਂ ਨੂੰ ਪਹਿਲ ਦੇਵੇ।

ਕੰਮ ਵਿਚ ਮਗਨ ਅਧਿਆਤਮਕ ਸਭਾ—੩

(੧੯-ਦਿਨਾ ਸਹਿਭੋਜ ਵਿਚ)

ਅਜ ਸੁੰਦਰ (ਜਮਾਲ) ਮਹੀਨੇ ਦਾ ਸਹਿਭੋਜ ਹੈ ਤੇ ਰਾਮਪੁਰ ਦੇ ਬਹਾਈ ਆਪਣੇ ੧੯-ਦਿਨਾ ਸਹਿਭੋਜ ਲਈ ਇਕੱਠੇ ਹੋਏ ਹਨ। ਸਭਾ ਦਾ ਪ੍ਰਧਾਨ ੧੯-ਦਿਨਾ ਸਹਿਭੋਜ ਦੀਆਂ ਸਾਰੀਆਂ ਸਭਾਵਾਂ ਦਾ ਸੰਚਾਲਨ ਕਰਦਾ ਹੈ ਤੇ ਜੇ ਉਹ ਨਾ ਆ ਸਕੇ ਤਾਂ ਉਪ ਪ੍ਰਧਾਨ ਉਸ ਦੀ ਜਗ੍ਹਾ ਲੈ ਲੈਂਦਾ ਹੈ। ਸਹਿਭੋਜ ਦਾ ਪਹਿਲਾ ਹਿਸਾ ਹਮੇਸ਼ਾ ਮਹਾਤਮਾ ਬਾਬ, ਭਗਵਾਨ ਬਹਾਉੱਲਾਹ ਤੇ ਅਬਦੁਲਬਹਾ ਦੇ ਲੇਖਾਂ ਦੇ ਪਾਠ ਨਾਲ ਹੁੰਦਾ ਹੈ। ਪ੍ਰਧਾਨ ਦੀ ਬੇਨਤੀ ਤੇ ਸਭਾ ਵਿਚ ਇਕੱਠੇ ਆਦਮੀਆਂ ਵਿਚੋਂ ਕਿਸੇ ਦਵਾਰਾ ਪੜ੍ਹੇ ਜਾ ਸਕਦੇ ਹਨ ਜਦੋਂ ਦੂਜੇ ਲੋਕ ਖਿਆਲ ਨਾਲ ਸੁਣਦੇ ਹਨ। ਪ੍ਰਾਰਥਨਾਵਾਂ ਤੇ ਪਾਠ ਇੰਨੇ ਜ਼ਿਆਦਾ ਨਾ ਹੋਣ ਕਿ ਲੋਕ ਥੱਕ ਜਾਣ।

ਜਦੋਂ ਰਾਮਪੁਰ ਦੇ ਬਹਾਈ, ਪ੍ਰੋਗਰਾਮ ਦੇ ਪਹਿਲੇ ਭਾਗ ਨੂੰ ਖਤਮ ਕਰ ਚੁਕੇ ਤਾਂ ਸਭਾ ਦੇ ਪ੍ਰਧਾਨ ਲਾਲ ਚੰਦ ਨੇ ਸਕੱਤਰ ਬਾਬੂ ਲਾਲ ਨੂੰ ਰਿਪੋਰਟ ਪੜ੍ਹਨ ਲਈ ਕਿਹਾ। ਬਾਬੂ ਲਾਲ ਨੇ ਸਮਾਜ ਨੂੰ ਸਭਾ ਦੇ ਪਦ ਅਧਿਕਾਰੀਆਂ ਦੀ ਚੋਣ ਤੇ ਨੇੜੇ ਦੇ ਪਿੰਡਾਂ ਵਿਚ ਪ੍ਰਭੂ ਸੰਦੇਸ਼ ਫੈਲਾਣ ਲਈ ਪ੍ਰਸਿਖਸ਼ਣ ਅੰਦੋਲਨ ਸ਼ੁਰੂ ਕਰਨ ਬਾਰੇ ਸਭਾ ਦੇ ਫੈਸਲੇ ਬਾਰੇ ਦਸਿਆ। ਪ੍ਰਸਿਖਸ਼ਣ ਕੰਮ ਲਈ ਜ਼ਰੂਰੀ ਸਹਾਇਤਾ ਤੇ ਸੰਮੇਲਨਾਂ ਦੇ ਪ੍ਰਬੰਧ ਲਈ ਸਿਖਿਅਕ ਨੂੰ ਸੱਦਾ ਦੇਣ ਵਾਸਤੇ ਧਨ ਦੀ ਜ਼ਰੂਰਤ ਬਾਰੇ ਸਮਾਜ ਨੂੰ ਸੂਚਨਾ ਦਿਤੀ।

ਸਕੱਤਰ ਦੀ ਰਿਪੋਰਟ ਤੋਂ ਬਾਅਦ ਪ੍ਰਧਾਨ ਨੇ ਸਮਾਜ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਇਸ ਵਿਸ਼ੇ ਤੇ ਸੁਝਾ ਦੇਣ ਤੇ ਦਸਣ ਕਿ ਉਹ ਕਿਥੋਂ ਤਕ ਮਦਦ ਕਰ ਸਕਦੇ ਹਨ। ਹਰ ਬਹਾਈ ਨੇ ਕਿਸੇ ਪ੍ਰਕਾਰ ਮਦਦ ਦੇਣ ਦਾ ਵਚਨ ਕੀਤਾ। ਉਸ ਨੇ ਕਿਹਾ ਕਿ ਉਹ ਹਰ ਸੰਮੇਲਨ ਵਿਚ ਅੱਧਾ ਕਿਲੋ ਅਨਾਜ ਦੇ ਸਕਦਾ ਹੈ, ਦੂਜੇ ਨੇ ਕਿਹਾ ਕਿ ਹਰ ਮਹੀਨੇ ਸਿਖਿਅਕ ਨੂੰ ਇਕ ਥਾਸੇ ਦਾ ਕਿਰਾਇਆ ਦੇਵੇਗਾ ਤੇ ਤੀਜੇ ਨੇ ਹਫਤੇ ਦਾ ਪੂਰਾ ਇਕ ਦਿਨ ਪ੍ਰਸਿਖਸ਼ਣ ਕੰਮ ਵਿਚ ਲਗਾਣ ਦਾ ਵਚਨ ਦਿਤਾ। ਸਹਿਯੋਗ ਦੇ ਇਨ੍ਹਾਂ ਵਚਨਾਂ ਤੋਂ ਸਿਵਾ ਰਾਮਪੁਰ ਦੇ ਬਹਾਈਆਂ ਨੇ ਆਪਣੀ ਸਭਾ ਦਾ ਧਿਆਨ ਕੁਝ ਹੋਰ ਜ਼ਰੂਰੀ ਗੱਲਾਂ ਵਲ ਖਿਚਿਆ ਜਿਨ੍ਹਾਂ ਤੇ ਉਨ੍ਹਾਂ ਨੇ ਵਿਚਾਰ ਨਹੀਂ ਕੀਤਾ ਸੀ। ਉਦਾਹਰਣ ਦੇ ਤੌਰ ਤੇ ਹਫਤਾਵਾਰ ਅਧਿਅਨ ਜਮਾਤਾਂ ਤੇ ਪ੍ਰਸਿਖਸ਼ਣ ਯਾਤਰਾਵਾਂ ਦੇ ਸਿਵਾ, ਪਿੰਡਾਂ ਵਿਚ ਸਮੇਂ ਸਮੇਂ ਤੇ ਹੋਣ ਵਾਲੇ ਤਿਉਹਾਰਾਂ ਤੇ ਮੇਲਿਆਂ ਵਿਚ ਪ੍ਰਭੂ ਸੰਦੇਸ਼ ਦੇਣ ਲਈ ਉਨ੍ਹਾਂ ਨੂੰ ਵੀ ਤਿਆਰ ਤੇ ਇਕੱਠਾ ਹੋਣਾ ਚਾਹੀਦਾ ਹੈ। ਇਨ੍ਹਾਂ ਮੇਲਿਆਂ ਵਿਚ ਜਾਣ ਵਾਲੇ ਲੋਕਾਂ ਵਿਚ ਵੰਡਣ ਲਈ ਬਹਾਈ ਸਾਹਿਤ ਵੀ ਨਾਲ ਲੈ ਜਾਣਾ ਚਾਹੀਦਾ ਹੈ। ਧਨ ਦੀ ਬੱਚਤ ਬਾਰੇ ਕਈ ਅਮੁੱਲੇ ਸੁਝਾਵ ਦਿੱਤੇ ਗਏ। ੧੯-ਦਿਨਾ ਸਹਿਭੋਜ ਵਿਚ ਦਿਤੇ ਗਏ ਇਨ੍ਹਾਂ ਸੁਝਾਵਾਂ ਨੂੰ ਸਕੱਤਰ ਨੇ ਨੋਟ ਕਰ ਲਿਆ ਤਾਂ ਜੋ ਆਗਾਮੀ ਬੈਠਕ ਵਿਚ ਸਭਾ ਉਨ੍ਹਾਂ ਬਾਰੇ ਫੈਸਲੇ ਕਰ ਸਕੇ।

ਪ੍ਰਧਾਨ ਨੇ ਵਚਨ ਦਿਤਾ ਕਿ ਅਧਿਆਤਮਕ ਸਭਾ ਇਨ੍ਹਾਂ ਸਾਰਿਆਂ ਸੁਝਾਵਾਂ ਤੇ ਧਿਆਨ ਪੂਰਵਕ ਵਿਚਾਰ ਕਰੇਗੀ ਤੇ ਅਗਲੇ ੧੯-ਦਿਨਾ ਸਹਿਭੋਜ ਵਿਚ ਸਮਾਜ ਨੂੰ ਆਪਣੇ ਫੈਸਲਿਆਂ ਦੇ ਨਤੀਜੇ ਬਾਰੇ ਸੂਚਿਤ ਕਰੇਗੀ।

੧੯-ਦਿਨਾ ਸਹਿਭੋਜ ਪ੍ਰੋਗਰਾਮ ਦਾ ਤੀਜਾ ਹਿਸਾ ਮਨੋਰੰਜਨ ਦਾ ਸਮਾਂ ਹੁੰਦਾ ਹੈ। ਹਰ ਆਦਮੀ ਦੇ ਜਲਪਾਨ ਤੇ ਸਤਿਕਾਰ ਵਾਸਤੇ ਭੁੰਨੇ ਹੋਏ ਚੌਲ ਇਕੱਠੇ ਕਰਨ ਵਾਸਤੇ ਚਾਰ ਪਰਵਾਰ ਆਪਸ ਵਿਚ ਮਿਲ ਗਏ। ਪ੍ਰਧਾਨ ਨੇ ਕੁਝ ਨੌਜਵਾਨਾਂ ਨੂੰ ਜੋ ਸੁੰਦਰ ਕਵਿਤਾਵਾਂ ਜਾਣਦੇ ਸਨ, ਪੜ੍ਹਨ ਦੀ ਆਗਿਆ ਦਿਤੀ। ਕਈ ਲੋਕ ਸਹਿਗਾਣ ਵਿਚ ਸ਼ਾਮਲ ਹੋ ਗਏ। ਇਕ ਬਹਾਈ ਲੜਕੀ ਨੇ ਸੁੰਦਰ ਕਵਿਤਾ ਪੜ੍ਹੀ ਜਿਸ ਨੂੰ ਉਸ ਨੇ ਸਕੂਲ ਵਿਚ ਯਾਦ ਕੀਤਾ ਸੀ ਤੇ ਹਰ ਆਦਮੀ ਨੇ ਇਸ ਨੂੰ ਬਹੁਤ ਪਸੰਦ ਕੀਤਾ।

ਏਕਤਾ ਤੇ ਖੁਸ਼ੀ ਦੀ ਪ੍ਰਵਿਰਤੀ, ਜਿਸ ਨਾਲ ਰਾਮਪੁਰ ਦੇ ਬਹਾਈਆਂ ਨੇ ਆਪਣਾ ੧੯-ਦਿਨਾ ਸਹਿਭੋਜ ਮਨਾਇਆ, ਉਨ੍ਹਾਂ ਲਈ ਅਧਿਆਤਮਕ ਆਸ਼ੀਰਵਾਦ ਦਾ ਕਾਰਨ ਬਣੀ ਜਿਸ ਨੂੰ ਸਭ ਨੇ ਮਹਿਸੂਸ ਕੀਤਾ। ਸਭਾਪਤੀ ਦੀ ਪ੍ਰਾਰਥਨਾ ਤੋਂ ਬਾਅਦ ਉਹ ਸਭਾ ਤੋਂ ਚਲ ਪਏ ਤੇ ਆਪਣੇ ਨਾਲ ਆਪਣੀ ਖੁਸ਼ੀ ਵੀ ਘਰਾਂ ਨੂੰ ਲੈ ਗਏ।

੧੯-ਦਿਨਾ ਸਹਭੋਜ ਤੇ ਕੁਝ ਨੁਕਤੇ :

ਹਰ ਸਭਾ ਦਾ ਫਰਜ਼ ਇਹ ਦੇਖਣਾ ਵੀ ਹੈ ਕਿ ਉਸ ਦੇ ਖੇਤਰ ਵਿਚ ਦੋਸਤ ੧੯-ਦਿਨਾ ਸਹਿਭੋਜ ਮਨਾਣ। ੧੯-ਦਿਨਾ ਸਹਿਭੋਜ ਉਹ ਸਭਾਵਾਂ ਹੁੰਦੀਆਂ ਹਨ ਜੋ ਹਰ ਪਿੰਡ ਯਾ ਨਗਰ ਵਿਚ ਬਹਾਈਆਂ ਦਵਾਰਾ ਪ੍ਰਤੀ ੧੯ ਦਿਨਾਂ ਵਿਚ ਇਕ ਵਾਰੀ ਕੀਤੀਆਂ ਜਾਂਦੀਆਂ ਹਨ। ਕਿਉਂਕਿ ਮਹਾਤਮਾ ਬਾਬ ਨੇ ਇਸ ਸਹਿਭੋਜ ਦੀ ਸਿਫਾਰਿਸ਼ ਤੇ ਬਹਾਉੱਲਾਹ ਨੇ ਇਸ ਦਾ ਸਮਰਥਨ ਕੀਤਾ ਹੈ, ਇਸ ਲਈ ਇਸ ਨੂੰ ਮਹੱਤਵ ਪੂਰਣ ਸਮਝਿਆ ਜਾਂਦਾ ਹੈ।

ਪ੍ਰਸ਼ਨ—੧੯-ਦਿਨਾ ਸਹਿਭੋਜ ਦਾ ਮਕਸਦ ਯਾ ਮੰਤਵ ਕੀ ਹੈ ?

ਉੱਤਰ—ਅਬਦੁਲਬਹਾ ਕਹਿੰਦੇ ਹਨ ਕਿ ੧੯-ਦਿਨਾ ਸਹਿਭੋਜ ਵਿਚ ਲੋਕ ਆਪਸ ਵਿਚ ਇਕੱਠੇ ਹੋਣ ਤੇ ਪ੍ਰਤੱਖ ਰੂਪ ਵਿਚ ਦੋਸਤੀ ਤੇ ਪਿਆਰ ਪ੍ਰਗਟ ਕਰਨ ਤਾਂ ਜੋ ਦੈਵੀ ਭੇਦ ਪ੍ਰਗਟ ਹੋਵੇ। ਇਸ ਦਾ ਮੰਤਵ ਇਕਰੂਪਤਾ ਹੈ ਤਾਂ ਜੋ ਇਸ ਮੈਤ੍ਰੀਭਾਵ ਦਵਾਰਾ ਦਿਲਾਂ ਦਾ ਪੂਰਣ ਮਿਲਾਪ ਹੋਵੇ ਤੇ ਆਪਸੀ ਪਰੇਮ ਤੇ ਸਬੰਧ ਸਥਾਪਿਤ ਹੋਵੇ।

ਪ੍ਰਸ਼ਨ—੧੯-ਦਿਨਾ ਸਹਿਭੋਜ ਵਿਚ ਅਸੀਂ ਕੀ ਕਰੀਏ ?

ਉੱਤਰ—ਇਹ ਸਹਿਭੋਜ ਬਹਾਈ ਪ੍ਰਸ਼ਾਸਨ ਦਾ ਇਕ ਹਿਸਾ ਹੈ ਤੇ ਜਿਸ ਤਰ੍ਹਾਂ ਕਿ ਪਿਆਰੇ ਧਰਮ ਰਖਿਅਕ ਨੇ ਦਸਿਆ ਹੈ, ੧੯-ਦਿਨਾ ਸਹਿਭੋਜ ਦੇ ਤਿੰਨ ਹਿਸੇ ਹੁੰਦੇ ਹਨ। ਇਸ ਸਹਿਭੋਜ ਦੇ ਸ਼ੁਰੂ ਵਿਚ ਦੋਸਤਾਂ ਦਵਾਰਾ ਕੁਝ ਪ੍ਰਾਰਥਨਾ ਕੀਤੀਆਂ ਜਾਣ ਤੇ ਪਵਿਤਰ ਲੇਖਾਂ ਦੇ ਕੁਝ ਹਿਸੇ ਪੜ੍ਹੇ ਜਾਣ। ਦੂਸਰਾ ਹਿਸਾ ਪ੍ਰਸ਼ਾਸਨ ਹੁੰਦਾ ਹੈ। ਅਧਿਆਤਮਕ ਸਭਾ ਆਪਣੇ ਪ੍ਰੋਗਰਾਮ ਦਾ ਵਿਵਰਣ ਦੇਂਦੀ ਹੈ ਤੇ ਸਥਾਨਿਕ ਬਹਾਈ ਮਿਤਰਾਂ ਨੂੰ ਬੇਨਤੀ ਕਰਦੀ ਹੈ ਕਿ ਬਹਾਉੱਲਾਹ ਦੇ ਧਰਮ ਦੀ ਉਨਤੀ ਲਈ ਆਪਣੇ ਪ੍ਰਸਤਾਵ ਤੇ ਵਚਨ ਪੇਸ਼ ਕਰਨ। ਤੀਸਰਾ ਹਿੱਸਾ ਮਨੋਰੰਜਨ ਦਾ ਹੈ। ਮਿਤਰਾਂ ਦਵਾਰਾ ਗੀਤ ਗਾਏ ਜਾ ਸਕਦੇ ਹਨ। ਜਲਪਾਨ ਚਾਹੇ ਕਿਤਨਾ ਹੀ ਸਾਦਾ ਹੋਵੇ ਕਰਾਇਆ ਜਾਂਦਾ ਹੈ :

ਪ੍ਰਸ਼ਨ—ਸਹਿਭੋਜ ਲਈ ਲੋਕਾਂ ਨੂੰ ਕੌਣ ਸੱਦਾ ਦੇਂਦਾ ਹੈ ?

ਉੱਤਰ—ਜਿਥੇ ਕਿਥੇ ਅਧਿਆਤਮਕ ਸਭਾ ਹੋਵੇ, ਉਥੇ ਸਕੱਤਰ ਬਹਾਈ ਕੈਲੰਡਰ ਵਿਚ ਦਿਤੀਆਂ ਗਈਆਂ ਤਰੀਕਾਂ ਅਨੁਸਾਰ, ਬਹਾਈਆਂ ਨੂੰ ਕਿਸੇ ਖਾਸ ਜਗ੍ਹਾ ਤੇ ਸਮੇਂ ਤੇ ਸੱਦਾ ਦੇਂਦਾ ਹੈ। ਇਸ ਤਰ੍ਹਾਂ ਦੀ ਜਗ੍ਹਾ ਜਿਥੇ ਸਭਾ ਨਾ ਹੋਵੇ, ਉਥੇ ਬਹਾਈ ਇਕ ਗਰੁਪ ਬਣਾ ਲੈਣ ਤੇ ਆਪਣੇ ਵਿਚੋਂ ਇਕ ਆਦਮੀ ਨੂੰ ਸਕੱਤਰ ਚੁਣ ਲੈਣ। ਇਕ ਸਕੱਤਰ ਬਹਾਈ ਸਮਾਜ ਨੂੰ ੧੯-ਦਿਨਾਂ ਸਹਿਭੋਜ ਦੀ ਯਾਦ ਕਰਾਏਗਾ।

ਪ੍ਰਸ਼ਨ—੧੯-ਦਿਨਾ ਸਹਿਭੋਜ ਦਾ ਸੰਚਾਲਨ ਕੌਣ ਕਰਦਾ ਹੈ ?

ਉੱਤਰ—ਅਧਿਆਤਮਕ ਸਭਾ ਦਾ ਪ੍ਰਧਾਨ ੧੯-ਦਿਨਾ ਸਹਿਭੋਜ ਦਾ ਵੀ ਸੰਚਾਲਨ ਕਰਦਾ ਹੈ। ਸ਼ੁਰੂ ਵਿਚ ਉਹ ਲੋਕਾਂ ਨੂੰ ਪ੍ਰਾਰਥਨਾ ਪੜ੍ਹਨ ਲਈ ਕਹੇਗਾ ਤੇ ਸਹਿਭੋਜ ਦੇ ਦੂਜੇ ਹਿਸੇ ਵਿਚ ਦੋਸਤਾਂ ਨੂੰ ਸਭਾ ਦੇ ਨਾਲ ਵਿਚਾਰ ਵਟਾਂਦਰੇ ਲਈ ਕਹੇਗਾ।

ਪ੍ਰਸ਼ਨ—ਸਹਿਭੋਜ ਦੀ ਮਹਿਮਾਨ-ਨਵਾਜ਼ੀ ਕੌਣ ਕਰਦਾ ਹੈ ?

ਉੱਤਰ—ਅਕਸਰ ਵਾਰੀ ਵਾਰੀ ਵੱਖ ਵੱਖ ਬਹਾਈ ਸਹਿਭੋਜ ਦੀ ਮਹਿਮਾਨ-ਨਵਾਜ਼ੀ ਕਰਦੇ ਹਨ। ਕਦੀ ਕਦੀ ਸਥਾਨਿਕ ਅਧਿਆਤਮਕ ਸਭਾ ਆਪਣੇ ਖਜ਼ਾਨੇ ਦਾ ਇਸਤੇਮਾਲ ਕਰਕੇ ੧੯-ਦਿਨਾਂ ਸਹਿਭੋਜ ਮਨਾਂਦੀ ਹੈ। ਇਹ ਵੀ ਸੰਭਵ ਹੈ ਕਿ ਕੁਝ ਬਹਾਈ ਮਿਲ ਕੇ ਸਹਿਭੋਜ ਦੀ ਮੇਹਮਾਨ-ਨਵਾਜ਼ੀ ਕਰਨ। ਇਹ ਬਹੁਤ ਚੰਗਾ ਹੈ ਕਿ ਮਨੋਰੰਜਨ ਵਿਚ ਕੁਝ ਜਲਪਾਨ ਕਰਾਇਆ ਜਾਵੇ। ਪਰ ਇਹ ਬਹੁਤ ਜ਼ਰੂਰੀ ਵੀ ਨਹੀਂ ਹੈ। ਭਗਵਾਨ ਬਹਾਉੱਲਾਹ ਕਹਿੰਦੇ ਹਨ ਕਿ ਕੇਵਲ ਸਾਦਾ ਪਾਣੀ ਪਿਲਾ ਕੇ ਵੀ ਅਸੀਂ ਸਹਿਭੋਜ ਦੀ ਮੇਹਮਾਨ-ਨਵਾਜ਼ੀ ਕਰ ਸਕਦੇ ਹਾਂ। ਮਹੱਤਵਪੂਰਣ ਗੱਲ ਇਹ ਹੈ ਕਿ ੧੯-ਦਿਨਾਂ ਸਹਿਭੋਜ ਬਹਾਈਆਂ ਦਾ ਅਧਿਆਤਮਕ ਵਿਕਾਸ ਤੇ ਉਨ੍ਹਾਂ ਵਿਚ ਏਕਤਾ, ਇਕਰੂਪਤਾ ਵਧਾਣਾ ਹੈ। ਅਧਿਆਤਮਕ ਸਭਾ ਦੇ ਨਾਲ ਵਿਚਾਰ ਵਟਾਂਦਰਾ ਤੇ ਸਹਿਯੋਗ ਦਵਾਰਾ ਇਸ ਖੇਤਰ ਵਿਚ ਪ੍ਰਭੂ ਧਰਮ ਦੀ ਉੱਨਤੀ ਵਿਚ ਵੀ ਸਹਾਇਕ ਸਿਧ ਹੋਵੇ।

ਹਰ ਬਹਾਈ ਸਭਾ ਦੀ ਪਰਵਿਰਤੀ ਦਿਖਾਣ ਵਾਸਤੇ ਅਸੀਂ ਇਥੇ ਅਬਦੁਲਬਹਾ ਦੇ ਲੇਖਾਂ ਵਿਚੋਂ ਉਦਾਹਰਣ ਪੇਸ਼ ਕਰਦੇ ਹਾਂ :

"ਇਨ੍ਹਾਂ ਸਭਾਵਾਂ ਵਿਚ ਬਾਹਰੀ ਵਾਰਤਾਲਾਪ ਤੋਂ ਪੂਰੀ ਤਰ੍ਹਾਂ ਬਚਿਆ ਜਾਵੇ ਤੇ ਸਭਾ ਸ਼ਲੋਕਾਂ ਦੇ ਉਚਾਰਣ ਤੇ ਸ਼ਬਦਾਂ ਦੇ ਪਾਠ, ਉਨ੍ਹਾਂ ਗੱਲਾਂ ਤਕ ਜੋ ਪ੍ਰਭੂ ਧਰਮ ਨਾਲ ਸੰਬੰਧਿਤ ਹਨ ਜਿਸ ਤਰ੍ਹਾਂ ਕਿ ਪ੍ਰਮਾਣ ਦੀ ਵਿਆਖਿਆ, ਸਪਸ਼ਟ ਤੇ ਪ੍ਰਤੱਖ ਪਰਮਾਣਾਂ ਦੀ ਹਾਜ਼ਰੀ ਤੇ ਪ੍ਰਾਣੀਆਂ ਦੇ ਪ੍ਰੀਤਮ ਦੇ ਚਿੰਨ੍ਹਾਂ ਦੀ ਖੋਜ ਤਕ ਸੀਮਿਤ ਰਹੇ। ਸਭਾ ਵਿਚ ਹਾਜ਼ਰ ਹੋਣ ਵਾਲੇ ਅੰਦਰ ਆਉਣ ਤੋਂ ਪਹਿਲਾਂ ਸਾਫ਼ ਸੁਥਰੇ ਹੋਣ ਤੇ 'ਅਬਹਾ ਰਾਜ' ਦੀ ਤਰਫ਼ ਮੁਖ ਮੋੜ ਕੇ ਫਿਰ ਪੂਰਨ ਨਿਮਰਤਾ ਤੇ ਦੀਨਤਾ ਦੇ ਨਾਲ ਸਭਾ ਵਿਚ ਪਰਵੇਸ਼ ਕਰਨ ਤੇ ਜਦੋਂ ਪਾਟੀਆਂ ਪੜ੍ਹੀਆਂ ਜਾ ਰਹੀਆਂ ਹੋਣ ਤਾਂ ਮੌਨ ਤੇ ਸ਼ਾਂਤ ਰਹਿਣ ਤੇ ਜੇ ਕੋਈ ਬੋਲਣਾ ਚਾਹੇ ਤਾਂ ਬੇਨਤੀ ਪੂਰਵਕ ਹਾਜ਼ਰ ਲੋਕਾਂ ਦੀ ਆਗਿਆ ਲੈ ਕੇ,

ਸਪਸ਼ਟ ਤਰੀਕੇ ਨਾਲ ਬੋਲੋ।

ਸਹਿਭੋਜ ਮਨਾਉਣ ਦੀਆਂ ਤਰੀਕਾਂ ਹੇਠ ਲਿਖੀਆਂ ਹਨ :—

੨੧ ਮਾਰਚ	੧ ਬਹਾ	ਭਾ:
੯ ਅਪਰੈਲ	੧ ਜਲਾਲ	ਪ੍ਰਤਾਪ
੨੮ ਅਪਰੈਲ	੧ ਜਮਾਲ	ਸੁੰਦਰ
੧੭ ਮਈ	੧ ਅਜ਼ਮਤ	ਐਸ਼ਵਰਯ
੫ ਜੂਨ	੧ ਨੂਰ	ਜੋਤੀ
੨੪ ਜੂਨ	੧ ਰਹਿਮਤ	ਦਿਆ
੧੩ ਜੁਲਾਈ	੧ ਕਲੀਮਾਤ	ਸ਼ਬਦ
੧ ਅਗਸਤ	੧ ਕਮਾਲ	ਪੂਰਨਤਾ
੨੦ ਅਗਸਤ	੧ ਅਸਮਾ	ਨਾਮ
੮ ਸਤੰਬਰ	੧ ਇਜ਼ਤ	ਸਾਮਰਥ
੨੭ ਸਤੰਬਰ	੧ ਮਸ਼ੀਅਤ	ਇੱਛਾ
੧੬ ਅਕਤੂਬਰ	੧ ਇਲਮ	ਗਿਆਨ
੪ ਨਵੰਬਰ	੧ ਕੁਦਰਤ	ਸ਼ਕਤੀ
੨੩ ਨਵੰਬਰ	੧ ਕੌਲ	ਬਾਣੀ
੧੨ ਦਸੰਬਰ	੧ ਮਸਾਈਲ	ਪ੍ਰਸ਼ਨ
੩੧ ਦਸੰਬਰ	੧ ਸ਼ਰਫ	ਸਮਾਨ
੧੬ ਜਨਵਰੀ	੧ ਸੁਲਤਾਨ	ਪ੍ਰਭੂਤਵ
੭ ਫਰਵਰੀ	੧ ਮੁਲਕ	ਪ੍ਰਾਧਿਕਾਰ
੨ ਮਾਰਚ	੧ ਅੱਲਾ	ਉੱਚਤਾ

੧੬-ਦਿਨਾ ਸਹਿਭੋਜ ਦੇ ਅਗਲੇ ਦਿਨ ਰਾਮਪੁਰ ਅਧਿਆਤਮਕ ਸਭਾ ਦੀ ਬੈਠਕ ਹੋਈ ਤੇ ਪਿਛਲੀ ਬੈਠਕ ਦੀ ਰਿਪੋਰਟ ਪੜ੍ਹਨ ਤੇ ਪਾਸ ਕਰਨ ਤੋਂ ਬਾਦ ਉਨ੍ਹਾਂ ਨੇ ਸਹਿਭੋਜ ਵਿਚ ਸਮਾਜ ਦਵਾਰਾ ਦਿਤੇ ਗਏ ਸੁਝਾਵਾਂ ਤੇ ਵਿਚਾਰ ਕੀਤਾ। ਧਿਆਨ ਪੂਰਵਕ ਵਿਚਾਰ ਵਟਾਂਦਰਾ ਕਰਨ ਤੋਂ ਬਾਦ ਉਨ੍ਹਾਂ ਨੇ ਇਕ ਤੋਂ ਸਾਰੇ ਸੁਝਾਅ ਪਾਸ ਕਰ ਦਿਤੇ।

ਸਭਾ ਨੇ ਸਾਰੇ ਬਹਾਈਆਂ ਨੂੰ ਰਿਜ਼ਵਾਨ ਦੇ ਅਖੀਰਲੇ ਦਿਨ ਪਿਕਨਿਕ ਦੇ ਲਈ ਸੱਦਾ ਦੇਣ ਦਾ ਨਿਸ਼ਚਾ ਕੀਤਾ ਤਾਂ ਜੋ ਮਿਤਰ ਉਸ ਦਿਨ ਸਮਝ ਜਾਣ ਕਿ ਪ੍ਰਸਿਖਸ਼ਣ ਕੰਮ ਲਈ ਪਿੰਡਾਂ ਵਿਚ ਜਾਣ ਲਈ ਕਿਸ ਤਰ੍ਹਾਂ ਦੇ ਗਰੁਪਾਂ ਵਿਚ ਵੰਡਿਆ ਜਾਂਦਾ ਹੈ। ਰਿਜ਼ਵਾਨ ਦੇ ਅਖੀਰ ਦਿਨ ਹੋਣ ਵਾਲੀ ਬੈਠਕ ਦਾ ਪ੍ਰੋਗਰਾਮ ਬਣਾਨ ਲਈ ਸਭਾ ਦੇ ਤਿੰਨ ਮੈਂਬਰਾਂ ਨੂੰ ਚੁਣਿਆ ਗਿਆ ਤੇ ਇਕ ਸਮਿਤੀ ਬਣਾਈ ਗਈ।

ਸਭਾ ਦੀ ਸਮਾਪਤੀ ਤੋਂ ਪਹਿਲਾਂ ਇਕ ਗੱਲ ਹੋਰ ਸੀ, ਜਿਸ ਨੂੰ ਦੇਖਣਾ ਸੀ। ਦੋ ਮੈਂਬਰਾਂ ਨੇ ਸਭਾ ਨੂੰ ਇਕ ਨਿਜੀ ਉਲਝਨ ਸੁਲਝਾਣ ਵਾਸਤੇ ਬੇਨਤੀ ਕੀਤੀ ਜੋ ਉਨ੍ਹਾਂ ਵਿਚਕਾਰ ਪੈਦਾ ਹੋ ਗਈ ਸੀ ਤੇ ਉਹ ਉਸ ਤੇ ਸਹਿਮਤ ਨਹੀਂ ਹੋ ਸਕੇ ਸਨ। ਸਭਾ ਨੇ ਵਾਰੀ ਵਾਰੀ ਦੋਨਾਂ ਦੀ ਗੱਲ ਸੁਣੀ ਤੇ ਪਰੇਮ ਤੇ ਵਿਦਵਤਾ ਨਾਲ ਹੱਲ ਪੇਸ਼ ਕੀਤਾ।

ਅਗਲੇ ਦਿਨ ਸਭਾ ਦੇ ਸਕੱਤਰ ਨੇ ਜਦੋਂ ਆਪਣੇ ਨੋਟ ਦੇਖੇ ਤਾਂ ਉਸ ਨੇ ਹੇਠ ਲਿਖਿਆ ਪੱਤਰ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਲਿਖਿਆ :

ਸਕੱਤਰ ਸਾਹਿਬ,

ਰਾਸ਼ਟਰੀਯ ਅਧਿਆਤਮਕ ਸਭਾ, ਨਵੀਂ ਦਿੱਲੀ।

ਪਿਆਰੇ ਬਹਾਈ ਜੀ,

ਖੁਸ਼ੀ ਨਾਲ ਅਸੀਂ ਤੁਹਾਨੂੰ ਸੂਚਿਤ ਕਰਦੇ ਹਾਂ ਕਿ ਬਹਾਉੱਲਾਹ ਦੀ ਕਿਰਪਾ ਨਾਲ ਅਸੀਂ ਰਾਮਪੁਰ ਵਿਚ ਅਧਿਆਤਮਕ ਸਭਾ ਕਰ ਲਈ ਹੈ। ਅਸੀਂ ਤੁਹਾਨੂੰ ਫਾਰਮ ਪਹਿਲੇ ਹੀ ਭੇਜ ਚੁਕੇ ਹਾਂ, ਜਿਨ੍ਹਾਂ ਨੂੰ ਚੋਣ ਤੋਂ ਬਾਦ ਭਰਨ ਲਈ ਕਿਹਾ ਸੀ, ਜਿਸ ਵਿਚ ਮੈਂਬਰਾਂ ਤੇ ਅਧਿਕਾਰੀਆਂ ਦੇ ਨਾਮ ਦਰਜ ਹਨ।

ਸਭ ਤੋਂ ਪਹਿਲਾਂ ਅਸੀਂ ਗਾਂਧੀ ਨਗਰ ਦੇ ਬਹਾਈ ਸਿਖਿਅਕ ਸ੍ਰੀ ਸੁਨੀਲ ਨੂੰ ਹਰ ਸ਼ਨੀਵਾਰ ਸਾਡੇ ਪਿੰਡ ਆ ਕੇ ਸਪਤਾਹਿਕ ਅਧਿਅਨ ਗੋਸ਼ਠੀ ਦਾ ਸੰਚਾਲਨ ਕਰਨ ਲਈ ਕਿਹਾ ਹੈ। ਇਹ ਵੀ ਫੈਸਲਾ ਹੋਇਆ ਹੈ ਕਿ ਹਰ ਐਤਵਾਰ ਨੂੰ ਚਲਦੇ ਫਿਰਦੇ ਗਰੁਪਾਂ ਵਿਚ ਕਈ ਦੋਸਤ ਨਵੇਂ ਖੇਤਰਾਂ ਵਿਚ ਪ੍ਰਭੂ ਧਰਮ ਦੀ ਸਿਖਿਆ ਲਈ ਆਸ ਪਾਸ ਦੇ ਪਿੰਡਾਂ ਵਿਚ ਜਾਣਗੇ।

ਸਭਾ ਨੇ ਇਕ ਖਾਸ ਫੰਡ ਵੀ ਖੋਲਿਆ ਹੈ ਤੇ ਅਜ ਤਕ ਦੋਸਤਾਂ ਨੇ

੧੪-੫੦ ਦਾ ਦਾਨ ਕੀਤਾ ਹੈ ਤੇ ਹਰ ਮਹੀਨੇ ਇੰਨੀ ਹੀ ਰਕਮ ਸਿਖਿਆ ਕੰਮਾਂ ਤੇ ਖਰਚੀ ਜਾਵੇਗੀ।

ਕਿਉਂਕਿ ਸਾਨੂੰ ਕਾਫੀ ਮਾਤਰਾ ਵਿਚ ਸਾਹਿੱਤ ਦੀ ਜ਼ਰੂਰਤ ਹੈ ਇਸ ਲਈ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਆਪ ਕਾਫੀ ਮਾਤਰਾ ਵਿਚ ਕਿਤਾਬਾਂ ਤੇ ਡੈਕਲੇਰੇਸ਼ਨ ਕਾਰਡ ਇਸ ਸਭਾ ਨੂੰ ਭੇਜੋ।

ਸਾਨੂੰ ਉਮੀਦ ਹੈ ਕਿ ਅਗਲੀ ਚਿਠੀ ਵਿਚ ਅਸੀਂ ਤੁਹਾਨੂੰ ਪ੍ਰਭੂ ਧਰਮ ਦੀ ਉੱਨਤੀ ਦੇ ਸ਼ੁਭ ਸਮਾਚਾਰ ਦੇਵਾਂਗੇ।

ਸਾਡੀ ਪ੍ਰਾਰਥਨਾ ਹੈ ਕਿ ਭਗਵਾਨ ਬਹਾਉੱਲਾਹ ਆਪਣੀ ਸੇਵਾ ਵਿਚ ਸਾਡੀ ਸਹਾਇਤਾ ਕਰਨ।

ਤੁਹਾਡਾ,
ਬਾਬੂ ਲਾਲ, ਸਕੱਤਰ

ਵਿਚਾਰ ਵਟਾਂਦਰਾ :

ਬਹਾਈ ਪ੍ਰਸ਼ਾਸਨ ਵਿਚਾਰ ਵਟਾਂਦਰੇ ਦਵਾਰਾ ਕੰਮ ਕਰਦਾ ਹੈ। ਬਹਾਈ ਵਿਚਾਰ ਵਟਾਂਦਰਾ ੧੯-ਦਿਨਾ ਸਹਿਭੋਜ, ਸਥਾਨਿਕ ਅਧਿਆਤਮਕ ਸਭਾ, ਕਨਵੈਨਸ਼ਨ, ਰਾਸ਼ਟਰੀਯ ਅਧਿਆਤਮਕ ਸਭਾ ਤੇ ਸਮਿਤੀਆਂ ਦੀਆਂ ਬੈਠਕਾਂ ਤੇ ਸੰਮੇਲਨਾਂ ਵਿਚ ਬਹਾਈ ਕੰਮ ਤੇ ਲਾਗੂ ਹੁੰਦਾ ਹੈ। ਬਹਾਈ ਸਭਾ ਵਿਚ ਮੰਤਰਣ ਕਰਦੇ ਸਮੇਂ ਪਿਆਰ ਧਰਮ ਰਖਿਅਕ ਨੇ ਸਾਨੂੰ ਦੋ ਜ਼ਰੂਰੀ ਗੱਲਾਂ ਯਾਦ ਰਖਣ ਨੂੰ ਕਿਹਾ ਹੈ—ਸਚਾਈ ਤੇ ਸਪਸ਼ਟਤਾ।

ਜਦੋਂ ਅਸੀਂ ਕਿਸੀ ਬਹਾਈ ਸਭਾ ਵਿਚ ਮਿਲਦੇ ਹਾਂ ਤਾਂ ਅਸੀਂ ਇਸ ਗੱਲ ਨੂੰ ਮਹਿਸੂਸ ਕਰੀਏ ਕਿ ਖੁਦ ਭਗਵਾਨ ਬਹਾਉੱਲਾਹ ਆਤਮਕ ਰੂਪ ਵਿਚ ਸਾਡੇ ਨਾਲ ਹੈ। ਇਹ ਭਾਵ ਇਕ ਅਦਭੁਤ ਅਧਿਆਤਮਕ ਵਾਤਾਵਰਣ ਪੈਦਾ ਕਰਦਾ ਹੈ ਜੋ ਮੰਤਰਣ ਵਿਚ ਸਾਨੂੰ ਸਹਾਇਤਾ ਦੇਂਦਾ ਹੈ। ਜੇ ਅਸੀਂ ਆਪਣੀਆਂ ਸਭਾਵਾਂ ਵਿਚ ਬਹਾਉੱਲਾਹ ਦੀ ਹਾਜ਼ਰੀ ਮਹਿਸੂਸ ਕਰੀਏ ਤਾਂ ਚਾਹੇ ਅਸੀਂ ਕਿਸੀ ਸਭਾ, ਸਮਿਤੀ ਯਾ ੧੯-ਦਿਨਾਂ ਸਹਿਭੋਜ ਵਿਚ ਸੇਵਾ ਕਰ ਰਹੇ ਹੋਈਏ, ਅਸੀਂ ਹਮੇਸ਼ਾ ਪ੍ਰਭੂ ਧਰਮ ਦੇ ਯੋਗ ਸੇਵਕ ਬਣਨ ਦੀ ਕੋਸ਼ਿਸ਼ ਕਰਾਂਗੇ। ਵਿਚਾਰ ਵਟਾਂਦਰੇ ਵਿਚ ਅਨੁਚਿਤ ਵਚਨਾਂ ਤੇ ਸਵਾਰਥੀ ਆਸ਼ਾਵਾਂ ਨੂੰ ਦਬਾਣ ਦੀ ਪੂਰੀ

ਕੋਸ਼ਿਸ਼ ਕਰਾਂਗੇ, ਛਲ ਕਪਟ ਦਾ ਅੰਸ਼ ਵੀ ਸਾਡੇ ਬਚਨਾਂ ਵਿਚ ਨਹੀਂ ਆਵੇਗਾ ਤੇ ਸਚਾਈ ਤੋਂ ਸਿਵਾ ਕੁਝ ਵੀ ਨਹੀਂ ਬੋਲਿਆ ਜਾਵੇਗਾ, ਕਿਉਂ ਬਹਾਉੱਲਾਹ ਨੇ ਕਿਹਾ ਹੈ—

"ਐ ਅਸਾਵਧਾਨੋ ਇਹ ਮਤ ਸੋਚੋ ਕਿ ਦਿਲ ਦੇ ਭੇਦ ਛੁਪੇ ਹਨ, ਨਹੀਂ ਇਸ ਸੱਚ ਨੂੰ ਜਾਣੋ ਕਿ ਉਹ ਸਪਸ਼ਟ ਸ਼ਬਦਾਂ ਦੇ ਖੁਦੇ ਹੋਏ ਹਨ ਤੇ ਪਵਿਤਰ ਹਾਜ਼ਰੀ ਵਿਚ ਪੂਰੀ ਤਰ੍ਹਾਂ ਪ੍ਰਤੱਖ ਹਨ।"

ਬਹਾਈ ਮੰਤਰਣਾ ਵਿਚ ਹਰ ਆਦਮੀ ਆਪਣੇ ਵਿਚਾਰਾਂ ਨੂੰ ਪੂਰੀ ਆਜ਼ਾਦੀ ਨਾਲ ਬਿਆਨ ਕਰੇ। ਉਹ ਕੇਵਲ ਧਰਮ ਦੇ ਹਿਤਾਂ ਨੂੰ ਧਿਆਨ ਵਿਚ ਰਖੇ ਤੇ ਦੂਜੇ ਲੋਕਾਂ ਨਾਲ ਆਪਣੇ ਨਿਜੀ ਸਬੰਧ ਭੁਲ ਜਾਵੇ। ਉਦਾਹਰਣ ਦੇ ਤੌਰ ਤੇ ਜੇ ਪਿਤਾ ਤੇ ਪੁੱਤਰ ਦੋਨੋਂ ਹੀ ਕਿਸੀ ਸਭਾ ਦੇ ਮੈਂਬਰ ਹੋਣ ਤਾਂ ਬਹਿਸ ਜਾਂ ਚੋਣ ਵਿਚ ਪੁੱਤਰ ਆਪਣੇ ਪਿਤਾ ਦੇ ਨਾਲ ਸਹਿਮਤ ਹੋਣਾ ਆਪਣਾ ਫਰਜ਼ ਨਾ ਸਮਝੇ। ਜਦੋਂ ਕਿ ਬਹਾਈਆਂ ਹੁਕਮ ਹੈ ਕਿ ਉਹ ਆਪਣੇ ਮਾਤਾ ਪਿਤਾ ਦਾ ਪੂਰਾ ਆਦਰ ਕਰਨ, ਪਰ ਜਦੋਂ ਉਹ ਬਹਾਈ ਮੰਤਰਣਾਂ ਵਿਚ ਹਿੱਸਾ ਲੈਣ ਤਾਂ ਜ਼ਰੂਰ ਯਾਦ ਰਖਣ ਕਿ ਉਹ ਕੇਵਲ ਬਹਾਉੱਲਾਹ ਦੇ ਸਾਹਮਣੇ ਉੱਤਰਦਾਈ ਹਨ ਜੋ ਉਨ੍ਹਾਂ ਦੀ ਸਭਾ ਵਿਚ ਹਾਜ਼ਰ ਹਨ ਤੇ ਜਿਸ ਦੇ ਪ੍ਰਯੋਜਨ ਦੀ ਸੇਵਾ ਕਰ ਰਹੇ ਹਨ ਤੇ ਆਪਣੀਆਂ ਨਿਜੀ ਭਾਵਨਾਵਾਂ ਨੂੰ ਪ੍ਰਭੂ ਧਰਮ ਦੇ ਹਿਤਾਂ ਵਿਚ ਦਖਲ ਨਾ ਦੇਨ ਦੇਣ। ਜੇ ਪੁੱਤਰ ਮਹਿਸੂਸ ਕਰੇ ਕਿ ਉਸ ਦੇ ਪਿਤਾ ਦੇ ਵਿਚਾਰ ਗਲਤ ਹਨ ਤਾਂ ਉਸ ਦਾ ਫਰਜ਼ ਹੈ ਕਿ ਉਹ ਕਹੇ ਤੇ ਪਿਤਾ ਆਪਣੇ ਪੁੱਤਰ ਤੋਂ ਪ੍ਰਤੀਕੂਲ ਕਰਨ ਦੀ ਉਮੀਦ ਨਾ ਕਰੇ ਕਿਉਂਕਿ ਉਹ ਜਾਣਦਾ ਹੈ ਕਿ ਉਹ ਦੋਨੋਂ ਪੂਰੀ ਈਮਾਨਦਾਰੀ ਦੇ ਨਾਲ ਪ੍ਰਭੂ ਧਰਮ ਦੀ ਸੇਵਾ ਵਾਸਤੇ ਸਭਾ ਵਿਚ ਆਏ ਹਨ ਤੇ ਆਪਣੇ ਵਿਚਾਰਾਂ ਨਾਲ ਇਕ ਦੂਜੇ ਨੂੰ ਖੁਸ਼ ਕਰਨ ਦੀ ਉਮੀਦ ਉਨ੍ਹਾਂ ਤੋਂ ਨਹੀਂ ਕੀਤੀ ਜਾ ਸਕਦੀ।

ਸਾਨੂੰ ਖਬਰਦਾਰ ਰਹਿਣਾ ਚਾਹੀਦਾ ਹੈ ਕਿ ਛੋਟੇ ਛੋਟੇ ਨਿਜੀ ਮਾਮਲੇ ਸਾਡੇ ਦਿਲਾਂ ਵਿਚ ਘਰ ਨਾ ਕਰ ਲੈਣ ਤੇ ਬਹਿਸ ਦੇ ਸਮੇਂ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਨਾ ਕਰਨ। ਉਦਾਹਰਣ ਦੇ ਤੌਰ ਤੇ ਜੇ ਮੇਰੇ ਕਿਸੇ ਵਾਕਿਫਕਾਰ ਨੇ, ਜਦੋਂ ਉਸ ਨੂੰ ਆਪਣਾ ਕੁਝ ਕੰਮ ਕਰਨ ਲਈ ਕਿਹਾ, ਉਸ ਨੇ ਮੈਨੂੰ ਸਮਾਂ ਨਹੀਂ ਦਿਤਾ ਤਾਂ ਮੈਨੂੰ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ। ਜਦੋਂ ਉਹ ਆਦਮੀ

ਚੰਗਾ ਸੁਝਾਅ ਦੇਵੇ ਤਾਂ ਉਸ ਦੇ ਵਲ ਮੇਰੇ ਵਿਚ ਕੋਈ ਬੁਰਾ ਵਿਚਾਰ ਨਾ ਹੋਵੇ। ਇਥੇ ਜ਼ਰੂਰ ਹੀ ਮੈਨੂੰ ਭਗਵਾਨ ਬਹਾਉੱਲਾਹ ਦੀ ਹਾਜ਼ਰੀ ਨੂੰ ਖਿਆਲ ਵਿਚ ਰਖਣਾ ਚਾਹੀਦਾ ਹੈ। ਜਦੋਂ ਬਹਾਈ ਸਭਾ ਵਿਚ ਇਕੱਠੇ ਹੋਣ ਤਾਂ ਉਹ "ਇਕ ਹੱਥ ਦੀਆਂ ਉਂਗਲੀਆਂ ਸਮਾਨ" ਤੇ "ਇਕ ਹੀ ਸਮੁੰਦਰ ਦੀਆਂ ਬੂੰਦਾਂ" ਦੇ ਸਮਾਨ ਕੰਮ ਕਰਨ।

ਸਾਨੂੰ ਆਪਣੇ ਵਿਚਾਰਾਂ ਤੇ ਜ਼ੋਰ ਪਾਉਣ ਲਈ ਜਾਂ ਆਪਣੀ ਇੱਛਾ ਨੂੰ ਦੂਸਰਿਆਂ ਤੇ ਲੱਦਣ ਦੀ ਕੋਸ਼ਿਸ਼ ਕਦੀ ਨਹੀਂ ਕਰਨੀ ਚਾਹੀਦੀ। ਅਸੀਂ ਸਭ ਨੇ ਦੇਖਿਆ ਹੈ ਕਿ ਕਿਸ ਤਰ੍ਹਾਂ ਦੋ ਛੋਟੇ ਛੋਟੇ ਬੱਚੇ ਕਦੀ ਕਦੀ ਆਪਸ ਵਿਚ ਝਗੜਦੇ ਹਨ ਤੇ ਹਰ ਇਸ ਗੱਲ ਤੇ ਜ਼ੋਰ ਦੇਂਦਾ ਹੈ ਕਿ ਉਹ ਸੱਚਾ ਹੈ ਤੇ ਦੂਜਾ ਝੂਠਾ ਹੈ। ਇਸ ਤਰ੍ਹਾਂ ਬਿਨਾਂ ਕੁਝ ਪ੍ਰਾਪਤ ਕੀਤੇ ਹੀ ਉਹ ਕਾਫੀ ਦੇਰ ਤਕ ਆਪਸ ਵਿਚ ਲੜਦੇ ਰਹਿੰਦੇ ਹਨ, ਪਰ ਜਦੋਂ ਉਨ੍ਹਾਂ ਦਾ ਪਿਤਾ ਆਉਂਦਾ ਹੈ ਤਾਂ ਉਸ ਦੇ ਪ੍ਰਤੀ ਪਰੇਮ ਤੇ ਆਦਰ ਦੇ ਕਾਰਣ ਉਹ ਆਪਣੀਆਂ ਉੱਚੀਆਂ ਆਵਾਜ਼ਾਂ ਨੂੰ ਹੌਲੀ ਕਰ ਲੈਂਦੇ ਹਨ ਤੇ ਉਸ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਉਲਝਣ ਸੁਲਝ ਜਾਂਦੀ ਹੈ। ਜੇ ਅਸੀਂ ਜਾਣ ਲਈਏ ਕਿ ਹਰ ਸਭਾ ਵਿਚ ਬਹਾਉੱਲਾਹ ਸਾਡੇ ਨਾਲ ਹਨ ਤਾਂ ਅਸੀਂ ਕੋਈ ਅਜਿਹਾ ਕੰਮ ਨਹੀਂ ਕਰਾਂਗੇ ਜੋ ਉਨ੍ਹਾਂ ਦੀ ਹਾਜ਼ਰੀ ਵਿਚ ਅਯੋਗ ਹੋਵੇ।

ਜਦੋਂ ਕਿ ਹਰ ਬਹਾਈ ਬਹਿਸ ਵਿਚ ਆਪਣੀ ਰਾਏ ਪੇਸ਼ ਕਰਨ ਵਿਚ ਆਜ਼ਾਦ ਹਨ ਪਰ ਫੈਸਲਾ ਮੈਂਬਰਾਂ ਦੀ ਬਹੁਗਿਣਤੀ ਦੇ ਵਿਚਾਰਾਂ ਦੀ ਗਿਣਤੀ ਤੇ ਨਿਰਭਰ ਹੈ। ਇਕ ਵਾਰ ਜਦੋਂ ਕੋਈ ਫੈਸਲਾ ਕੀਤਾ ਜਾਵੇ ਤਾਂ ਹਰ ਬਹਾਈ ਜ਼ਰੂਰ ਹੀ ਉਸ ਦਾ ਆਦਰ ਕਰੇ—ਉਹ ਵੀ ਜਿਨ੍ਹਾਂ ਦੇ ਵਿਚਾਰ ਵੱਖ ਸਨ। ਮੰਨ ਲਵੋ ਕਿ ਸ਼ਾਮ ਅਧਿਆਤਮਕ ਸਭਾ ਦਾ ਮੈਂਬਰ ਹੈ ਤੇ ਸੁਝਾਅ ਦੇਂਦਾ ਹੈ ਕਿ ਰਿਜ਼ਵਾਨ ਦੇ ਬਾਰ੍ਹਵੇਂ ਦਿਨ ਨੂੰ ਪ੍ਰੀਤ ਭੋਜ ਦੀ ਸਭ ੨ ਮਈ ਦੀ ਸਵੇਰ ਨੂੰ ਕੀਤੀ ਜਾਵੇ ਪਰ ਮੈਂਬਰਾਂ ਦੀ ਬਹੁਗਿਣਤੀ ਪਹਿਲੀ ਮਈ ਨੂੰ ਸੂਰਜ ਅਸਤ ਦੇ ਬਾਅਦ, ਬਹਾਈਆਂ ਨੂੰ ਇਕੱਠਾ ਹੋਣ ਲਈ ਵੋਟ ਦਿੰਦੀ ਹੈ। ਆਪਣੇ ਸੁਝਾਅ ਦੇ ਲਈ ਸ਼ਾਮ ਕੋਲ ਅਛੇ ਕਾਰਣ ਹੋ ਸਕਦੇ ਹਨ, ਪਰ ਜਦੋਂ ਸਭਾ ਨੇ ਇਕ ਵਾਰ ਇਸ ਦੇ ਉਲਟ ਫੈਸਲਾ ਕਰ ਲਿਆ ਹੈ ਤਾਂ ਸ਼ਾਮ ਜ਼ਰੂਰ ਹੀ ਆਪਣਾ ਵਿਚਾਰ ਤਿਆਗ ਦੇਵੇ ਤੇ ਪੂਰਨ ਮਨ ਨਾਲ ਸਭਾ ਦਾ ਫੈਸਲਾ ਸਵੀਕਾਰ ਕਰੇ ਤੇ

ਸੂਰਜ ਅਸਤ ਤੋਂ ਬਾਦ ਸਭਾ ਦਾ ਪ੍ਰਬੰਧ ਕਰਨ ਵਾਸਤੇ ਮਦਦ ਦੇਵੇ।

ਅਬਦੁਲਬਹਾ ਨੇ ਕਿਹਾ ਹੈ :

"ਇਸ ਯੁਗ ਵਿਚ ਮੰਤਰਣਾਂ ਦੀਆਂ ਸਭਾਵਾਂ ਅਤੀ ਮਹੱਤਵਪੂਰਣ ਤੇ ਜ਼ਰੂਰੀ ਹਨ। ਉਨ੍ਹਾਂ ਦੀ ਆਗਿਆ ਪਾਲਣਾ ਜ਼ਰੂਰੀ ਤੇ ਫਰਜ਼ ਹੈ। ਉਸ ਦੇ ਮੈਂਬਰ ਆਪਸ ਵਿਚ ਇਸ ਤਰ੍ਹਾਂ ਬਹਿਸ ਕਰਨ ਕਿ ਬੁਰੇ ਮੌਕਿਆਂ ਯਾ ਅਸਹਿਮਤੀ ਪੈਦਾ ਹੀ ਨਾ ਹੋਣ। ਇਹ ਉਦੋਂ ਪ੍ਰਾਪਤ ਹੋ ਸਕਦਾ ਹੈ ਜਦੋਂ ਹਰ ਮੈਂਬਰ ਆਪਣੀ ਰਾਏ ਨੂੰ ਪੂਰੀ ਆਜ਼ਾਦੀ ਨਾਲ ਬਿਆਨ ਕਰੇ ਤੇ ਆਪਣੀ ਤਰਕ ਹਾਜ਼ਰ ਕਰੇ। ਜੇ ਕੋਈ ਵਿਰੋਧ ਕਰੇ ਤਾਂ ਕਿਸੇ ਕਾਰਣ ਵੀ ਉਹ ਦੁਖੀ ਨਾ ਹੋਵੇ ਕਿਉਂਕਿ ਜਦੋਂ ਤਕ ਵਿਸ਼ਿਆਂ ਤੇ ਪੂਰੀ ਤਰ੍ਹਾਂ ਬਹਿਸ ਨਹੀਂ ਹੁੰਦੀ ਉਦੋਂ ਤਕ ਠੀਕ ਰਸਤਾ ਪ੍ਰਗਟ ਨਹੀਂ ਹੋ ਸਕਦਾ। ਵੱਖ ਵੱਖ ਵਿਚਾਰਧਾਰਾਵਾਂ ਦੇ ਟਕਰਾਣ ਬਾਦ ਸਚਾਈ ਦੀ ਚਮਕਦੀ ਹੋਈ ਜਵਾਲਾ ਪ੍ਰਗਟ ਹੁੰਦੀ ਹੈ। ਜੇ ਬਹਿਸ ਤੋਂ ਬਾਅਦ ਫੈਸਲਾ ਇਕ ਮਤ ਹੋ ਜਾਵੇ ਤਾਂ ਬਹੁਤ ਚੰਗਾ ਹੈ ਪਰ ਈਸ਼ਵਰ ਨਾ ਕਰੇ ਜੇ ਮਤਭੇਦ ਪੈਦਾ ਹੋ ਜਾਣ ਤਾਂ ਬਹੁਮਤ ਮੰਨਿਆ ਜਾਣਾ ਚਾਹੀਦਾ ਹੈ।"

ਕਿਸੀ ਸਭਾ ਦੇ ਮੈਂਬਰਾਂ ਦੇ ਪ੍ਰਗਟ ਕੀਤੇ ਗਏ ਵਿਚਾਰ ਇਕ ਸਵਾਦੀ ਖਾਣੇ ਦੇ ਵਖ ਵਖ ਤੱਤਾਂ ਵਾਂਗ ਹੁੰਦੇ ਹਨ। ਜਦੋਂ ਅਸੀਂ ਕੋਈ ਚੰਗਾ ਖਾਣਾ ਤਿਆਰ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਕਈ ਚੀਜ਼ਾਂ ਨੂੰ ਆਪਸ ਵਿਚ ਮਿਲਾਂਦੇ ਹਾਂ ਤੇ ਤਦ ਤਕ ਉਬਾਲਦੇ ਹਾਂ, ਜਦੋਂ ਤਕ ਪੱਕ ਨਹੀਂ ਜਾਂਦਾ। ਇਹ ਕੇਵਲ ਉਦੋਂ ਹੀ ਸਵਾਦੀ ਬਣ ਸਕਦਾ ਹੈ ਜਦੋਂ ਸਾਰੇ ਤੱਤ ਠੀਕ ਤਰ੍ਹਾਂ ਮਿਲਾਏ ਜਾਣ ਕਿਉਂਕਿ ਹਰ ਤੱਤ ਆਪਣੇ ਸਵਾਦ ਨੂੰ ਪੇਸ਼ ਕਰਦਾ ਹੈ। ਪਰ ਜੇ ਇਨ੍ਹਾਂ ਤੱਤਾਂ ਦਾ ਸਵਾਦ ਅਲੱਗ ਅਲੱਗ ਚਖਣਾ ਚਾਹੀਏ ਤਾਂ ਕਦੀ ਵੀ ਚੰਗਾ ਨਹੀਂ ਹੋਵੇਗਾ। ਇਸੇ ਤਰ੍ਹਾਂ ਸਭਾ ਵਿਚ ਇਕੱਠੇ ਹੋਏ ਬਹਾਈਆਂ ਦਵਾਰਾ ਬਿਆਨ ਕੀਤੀਆਂ ਵੱਖ ਵੱਖ ਰਾਵਾਂ ਅੰਤਿਮ ਫੈਸਲੇ ਤੇ ਕੁਝ ਨਾ ਕੁਝ ਅੰਸ਼ਦਾਨ ਹੁੰਦਾ। ਇਹ ਸਭਾ ਦਾ ਇਕ ਫੈਸਲਾ ਕਿਸੇ ਇਕ ਆਦਮੀ ਦੀ ਰਾਏ ਨਾਲ ਨਹੀਂ ਹੁੰਦਾ। ਇਹ ਸਭਾ ਦਾ ਇਕ ਫੈਸਲਾ ਹੈ ਤੇ ਸਭ ਮੈਂਬਰਾਂ ਦੇ ਵਿਚਾਰਾਂ ਤੋਂ ਪ੍ਰਾਪਤ ਕੀਤਾ ਗਿਆ ਫਲ ਹੈ।

ਹੇਠ ਲਿਖੀ ਪਾਟੀ ਵਿਚ ਅਬਦੁਲਬਹਾ ਸਪਸ਼ਟ ਰੂਪ ਵਿਚ ਦਿਖਾਂਦੇ ਹਨ

ਕਿ ਬਹਾਈ ਕਿਸ ਤਰ੍ਹਾਂ ਆਪਸ ਵਿਚ ਮੰਤਰਣਾਂ ਕਰਨ। ਸਾਨੂੰ ਇਸ ਦਾ ਧਿਆਨ ਪੂਰਵਕ ਅਧਿਅਨ ਤੇ ਆਪਣੀਆਂ ਸਭਾਵਾਂ ਵਿਚ ਪਾਲਣ ਕਰਨਾ ਚਾਹੀਦਾ ਹੈ।

"ਸਲਾਹ ਦੇਣ ਵਾਲਿਆਂ ਲਈ ਪਹਿਲੀ ਜ਼ਰੂਰਤ ਹੈ ਉਨ੍ਹਾਂ ਦੇ ਆਸ਼ੇ ਦੀ ਸ਼ੁਧੀ, ਆਤਮਾ ਰੋਸ਼ਨ, ਪ੍ਰਮਾਤਮਾ ਤੋਂ ਸਿਵਾ ਸਭ ਤੋਂ ਪੂਰਨ, ਵਿਰਕਤਾ ਉਸਦੀ ਦੈਵੀ ਖੁਸ਼ਬੋ ਵਲ ਖਿਚ, ਈਸ਼ਵਰ ਦੇ ਪਿਆਰਿਆਂ ਨਾਲ ਨਿਮਰਤਾ ਤੇ ਦਯਾ ਪੂਰਣ ਵਤੀਰਾ, ਮੁਸੀਬਤ ਵਿਚ ਹੌਸਲਾ ਤੇ ਸਹਿਨਸ਼ੀਲਤਾ ਤੇ ਉਸ ਦੇ ਮਹਾਨ ਪਰਵੇਸ਼ ਦਵਾਰ ਦੀ ਦਾਸਤਾ। ਜੇ ਈਸ਼ਵਰ ਦੀ ਕਿਰਪਾ ਨਾਲ ਉਨ੍ਹਾਂ ਵਿਚ ਇਹ ਗੁਣ ਪੈਦਾ ਹੋ ਜਾਣ ਤਾਂ ਉਥੇ ਦੇ ਅਦ੍ਰਿਸ਼ ਰਾਜ ਤੋਂ ਉਨ੍ਹਾਂ ਨੂੰ ਜ਼ਰੂਰ ਹੀ ਫਤਿਹ ਮਿਲੇਗੀ।"

"ਪਹਿਲੀ ਸ਼ਰਤ ਇਹ ਹੈ ਕਿ ਸਭਾ ਦੇ ਮੈਂਬਰਾਂ ਵਿਚ ਪੂਰਣ ਪਰੇਮ ਤੇ ਸਨੇਹ ਹੋਵੇ। ਉਹ ਜ਼ਰੂਰ ਹੀ ਬੇਗਾਨਾਪਨ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਤੇ ਜ਼ਰੂਰ ਹੀ ਆਪਣੇ ਆਪ ਨੂੰ ਪ੍ਰਭੂ ਏਕਤਾ ਨੂੰ ਪ੍ਰਤੱਖ ਕਰਨ ਕਿਉਂਕਿ ਉਹ ਇਕ ਹੀ ਸਮੁੰਦਰ ਦੀਆਂ ਲਹਿਰਾਂ, ਇਕ ਹੀ ਨਦੀ ਦੀਆਂ ਬੂੰਦਾਂ, ਇਕ ਹੀ ਆਕਾਸ਼ ਦੇ ਤਾਰੇ,ਇਕ ਹੀ ਸੂਰਜ ਦੀਆਂ ਕਿਰਣਾਂ, ਇਕ ਹੀ ਬਾਗ ਦੇ ਪੇੜ ਤੇ ਇਕ ਹੀ ਬਗੀਚੇ ਦੇ ਫੁਲ ਹਨ। ਜੇ ਉਨ੍ਹਾਂ ਦੇ ਵਿਚਾਰਾਂ ਵਿਚ ਇਕਰੂਪਤਾ ਤੇ ਪੂਰੀ ਏਕਤਾ ਨਹੀਂ ਹੋਵੇਗੀ ਤਾਂ ਉਹ ਸਭਾ ਖਿੰਡ ਜਾਵੇਗੀ ਤੇ ਅਧਿਆਤਮਕ ਸਭਾ ਬੇਕਾਰ ਹੋ ਜਾਵੇਗੀ। ਦੂਜੀ ਸ਼ਰਤ ਜਦੋਂ ਉਹ ਇਕੱਠੇ ਹੋਣ ਤਾਂ ਸਰਵਉੱਚ ਰਾਜ ਵਲ ਚਿਤ ਲਗਾਣ ਤੇ ਤੇਜ ਦੇ ਰਾਜ ਤੋਂ ਮਦਦ ਦੀ ਅਰਦਾਸ ਕਰਨ। ਤਦ ਉਹ ਅਤੀ ਨਿਮਰਤਾ, ਆਦਰ ਧਿਆਨ ਤੇ ਸੰਜਮ ਨਾਲ ਆਪਣੇ ਵਿਚਾਰ ਪ੍ਰਗਟ ਕਰਨਾ ਸ਼ੁਰੂ ਕਰਨ। ਹਰ ਵਿਸ਼ੇ ਵਿਚ ਸੱਚਾਈ ਨੂੰ ਖੋਜਣ ਤੇ ਖੁਦ ਆਪਣੇ ਵਿਚਾਰ ਤੇ ਜ਼ੋਰ ਨਾ ਪਾਉਣ ਕਿਉਂਕਿ ਹੱਠ ਤੇ ਖੁਦ ਆਪਣੀ ਰਾਏ ਤੇ ਅੜੇ ਰਹਿਣਾ ਅਖੀਰ ਵਿਚ ਅਸਹਿਮਤੀ ਦਾ ਕਾਰਣ ਬਣਨਗੇ ਤੇ ਸਚਾਈ ਛੁਪੀ ਰਹੇਗੀ। ਆਦਰਣੀਯ ਮੈਂਬਰ ਪੂਰੀ ਆਜ਼ਾਦੀ ਨਾਲ ਆਪਣੇ ਵਿਚਾਰ ਬਿਆਨ ਕਰਨ ਤੇ ਕਿਸੇ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਕਿ ਦੂਸਰਿਆਂ ਦੀ ਰਾਏ ਦੇ ਮਹੱਤਵ ਨੂੰ ਘਟਾਏ, ਨਹੀਂ, ਉਹ ਸੰਜਮ ਨਾਲ ਸਚਾਈ ਨੂੰ ਪ੍ਰਤੱਖ ਕਰੇ ਤੇ ਜੇ ਮਤਭੇਦ ਪੈਦਾ ਹੋ ਜਾਣ ਤਾਂ ਬਹੁਮਤ ਮੰਨਿਆ ਜਾਵੇ ਤੇ ਸਭ ਬਹੁਮਤ ਨੂੰ ਸਵੀਕਾਰ ਕਰਨ ਤੇ ਉਸ

ਦਾ ਪਾਲਣ ਕਰਨ। ਇਸ ਗੱਲ ਦੀ ਇਜਾਜ਼ਤ ਵੀ ਨਹੀਂ ਕਿ ਕੋਈ ਮੈਂਬਰ ਪਿਛਲੇ ਫੈਸਲੇ ਦੀ, ਚਾਹੇ ਉਹ ਗਲਤ ਹੀ ਹੋਵੇ, ਸਭਾ ਦੇ ਬਾਹਰ ਯਾ ਅੰਦਰ ਨਿੰਦਾ ਕਰੇ, ਕਿਉਂਕਿ ਇਹ ਨਿੰਦਾ ਫੈਸਲੇ ਨੂੰ ਲਾਗੂ ਕਰਨ ਵਿਚ ਰੁਕਾਵਟ ਹੋਵੇਗੀ। ਸੰਖੇਪ ਵਿਚ ਜਿਸ ਕਿਸੇ ਚੀਜ਼ ਦੀ ਵਿਵਸਥਾ, ਇਕਰੂਪਤਾ ਪਰੇਮ ਤੇ ਆਸ਼ੇ ਦੀ ਸ਼ੁਧੀ ਨਾਲ ਕੀਤੀ ਜਾਂਦੀ ਹੈ ਉਸ ਦਾ ਨਤੀਜਾ ਰੋਸ਼ਨੀ ਹੁੰਦੀ ਹੈ ਤੇ ਜੇ ਵੈਮਨਸਾ ਦਾ ਭਾਵ ਜ਼ਰਾ ਜਿਹਾ ਵੀ ਰਹਿ ਜਾਵੇ ਤਾਂ ਨਤੀਜਾ ਅੰਧਕਾਰ ਹੀ ਹੋਵੇਗਾ।

"ਜੇ ਇਸ ਤਰ੍ਹਾਂ ਸੋਚਿਆ ਜਾਵੇ ਤਾਂ ਉਹ ਸਭਾ ਪ੍ਰਮਾਤਮਾ ਦੀ ਹੋਵੇਗੀ ਵਰਨਾ ਇਹ ਅਲੱਗਤਾ ਤੇ ਉਪੇਖਸ਼ਾ ਵਲ ਲੈ ਜਾਵੇਗਾ ਜੋ ਸ਼ੈਤਾਨ ਤੋਂ ਪੈਦਾ ਹੁੰਦੇ ਹਨ। ਸਾਰੀ ਗਲਬਾਤ ਕੇਵਲ ਅਧਿਆਤਮਕ ਵਿਸ਼ਿਆਂ ਤੇ ਹੋਵੇ ਜੋ ਆਤਮਾਵਾਂ ਦੀ ਸਿਖਿਆ, ਬੱਚਿਆਂ ਨੂੰ ਪੜ੍ਹਾਣ ਲਿਖਾਣ, ਸੰਸਾਰ ਦੇ ਸਭ ਵਰਗਾਂ ਦੇ ਗਰੀਬਾਂ ਦੀ ਮਦਦ ਤੇ ਕਮਜ਼ੋਰਾਂ ਦੀ ਸਹਾਇਤਾ, ਸਭ ਲੋਕਾਂ ਨਾਲ ਦਿਆਪੂਰਣ ਵਤੀਰਾ, ਈਸ਼ਵਰ ਸੁਗੰਧ ਦਾ ਫੈਲਾਉਣਾ ਤੇ ਉਸ ਦੇ ਪਵਿਤਰ ਸ਼ਬਦਾਂ ਦੀ ਪ੍ਰਸੰਸਾ ਨਾਲ ਸੰਬੰਧਤ ਹੋਣਾ। ਜੇ ਉਹ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਨੂੰ ਪਵਿਤਰ ਆਤਮਾ ਦੀ ਕਿਰਪਾ ਦਾ ਆਸ਼ਵਾਸਨ ਪ੍ਰਾਪਤ ਹੋਵੇਗਾ ਤੇ ਉਹ ਸਭਾ ਈਸ਼ਵਰ ਵਰਦਾਨਾਂ ਦਾ ਕੇਂਦਰ ਬਣ ਜਾਵੇਗੀ, ਦੈਵੀ ਪੁਸ਼ਟੀ ਦੀਆਂ ਸੈਨਾਵਾਂ ਉਸ ਦੀ ਸਹਾਇਤਾ ਲਈ ਆਉਣਗੀਆਂ ਤੇ ਹਰ ਦਿਨ ਉਨ੍ਹਾਂ ਨੂੰ ਨਵਾਂ ਉਤਸ਼ਾਹ ਪ੍ਰਾਪਤ ਹੋਵੇਗਾ।"

ਰਾਸ਼ਟਰੀਯ ਅਧਿਆਤਮਕ ਸਭਾ :

ਸਾਡੇ ਦੇਸ਼ ਵਿਚ ਸਭ ਸਥਾਨਿਕ ਅਧਿਆਤਮਕ ਸਭਾਵਾਂ ਇਕ ਰਾਸ਼ਟਰੀਯ ਅਧਿਆਤਮਕ ਸਭਾ ਦਵਾਰਾ ਆਪਸ ਵਿਚ ਸੰਬੰਧਿਤ ਹੁੰਦੀਆਂ ਹਨ।

ਰਾਸ਼ਟਰੀਯ ਅਧਿਆਤਮਕ ਸਭਾ ਉਹ ਸੰਸਥਾ ਹੈ ਜੋ ਕਨਵੈਨਸ਼ਨ ਦੇ ਮਾਧਮ ਤੋਂ ਦੇਸ਼ ਭਰ ਦੇ ਬਹਾਈਆਂ ਦਵਾਰਾ ਚੁਣੀ ਜਾਂਦੀ ਹੈ। ਇਸ ਕਨਵੈਨਸ਼ਨ ਵਿਚ ਉਸ ਦੀਆਂ ਸਾਰੀਆਂ ਸਥਾਨਿਕ ਅਧਿਆਤਮਕ ਸਭਾਵਾਂ ਦਵਾਰਾ ਪ੍ਰਤੀਨਿਧ ਭੇਜੇ ਜਾਂਦੇ ਹਨ। ਬਹਾਈ ਚੋਣਾਂ ਦੇ ਮੌਲਿਕ ਨਿਯਮ ਅਸੀਂ ਜਿਨ੍ਹਾਂ ਦਾ

ਪਹਿਲਾਂ ਉਲੇਖ ਕਰ ਚੁਕੇ ਹਾਂ, ਰਾਸ਼ਟਰੀਯ ਅਧਿਆਤਮਕ ਸਭਾ ਦੀ ਚੋਣ ਵਿਚ ਵੀ ਯਾਦ ਰਖੇ ਜਾਣੇ ਚਾਹੀਦੇ ਹਨ । ਬਹਾਈਆਂ ਵਾਸਤੇ ਚੋਣ ਇਕ ਪਵਿੱਤਰ ਕੰਮ ਹੈ ਤੇ ਇਹ ਇਕ ਅਧਿਆਤਮਕ ਚਰਿੱਤਰ ਅਪਣਾ ਲੈਂਦਾ ਹੈ, ਪਹਿਲਾਂ ਨਾਮਜ਼ਦਗੀ ਜਾਂ ਪ੍ਰਚਾਰ ਕਦੀ ਵੀ ਇਸਤੇਮਾਲ ਨਹੀਂ ਕੀਤੇ ਜਾਂਦੇ ।

ਰਾਸ਼ਟਰੀਯ ਅਧਿਆਤਮਕ ਸਭਾ ਦਾ ਮਕਸਦ ਦੇਸ਼ ਭਰ ਵਿਚ ਬਹਾਈਆਂ ਦਵਾਰਾ ਕੀਤੇ ਜਾਣ ਵਾਲੇ ਕੰਮ ਨੂੰ ਸੰਗਠਿਤ ਕਰਨਾ ਹੈ । ਉਨ੍ਹਾਂ ਦੇ ਕੰਮ ਵਿਚ ਉਨ੍ਹਾਂ ਨੂੰ ਹੌਸਲਾ ਦੇਣਾ ਹੈ । ਬਹਾਈ ਸਮਾਜ, ਸਥਾਨਿਕ ਅਧਿਆਤਮਕ ਸਭਾਵਾਂ ਦਵਾਰਾ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਆਪਣਾ ਸਹਿਯੋਗ ਦੇਂਦੇ ਹਨ । ਚਿਠੀਆਂ ਦਵਾਰਾ ਰਾਸ਼ਟਰੀਯ ਅਧਿਆਤਮਕ ਸਭਾ ਦੇਸ਼ ਦੇ ਬਹਾਈਆਂ ਨਾਲ ਸੰਪਰਕ ਬਣਾਈ ਰਖਦੀ ਹੈ । ਇਹ ਉਨ੍ਹਾਂ ਨੂੰ ਦੂਜੇ ਬਹਾਈਆਂ ਦੇ ਕੰਮਾਂ ਤੇ ਸੰਸਾਰ ਭਰ ਵਿਚ ਧਰਮ ਦੀ ਉੱਨਤੀ ਦਾ ਸਮਾਚਾਰ ਦਿੰਦੀ ਹੈ । ਇਹ ਉਨ੍ਹਾਂ ਤੋਂ ਸਹਿਯੋਗ, ਸਲਾਹ ਵੀ ਮੰਗਦੀ ਹੈ ।

ਰਾਸ਼ਟਰੀਯ ਅਧਿਆਤਮਕ ਸਭਾ ਦੇ ਪੱਤਰ, ਸਥਾਨਿਕ ਅਧਿਆਤਮਕ ਸਭਾ ਦੇ ਸਕੱਤਰਾਂ ਦਵਾਰਾ ੧੯-ਦਿਨਾਂ ਸਹਿਭੋਜਾਂ ਵਿਚ ਪੜ੍ਹੇ ਜਾਂਦੇ ਹਨ । ਜੇ ਉਨ੍ਹਾਂ ਤੇ ਵਿਚਾਰ ਵਟਾਂਦਰੇ ਦੀ ਜ਼ਰੂਰਤ ਹੋਵੇ ਤਾਂ ਹਰ ਬਹਾਈ ਆਪਣਾ ਵਿਚਾਰ ਤੇ ਸਹਿਯੋਗ ਦਾ ਵਚਨ ਦੇ ਸਕਦਾ ਹੈ । ੧੯-ਦਿਨਾਂ ਦੇ ਸਹਿਭੋਜਾਂ ਵਿਚ ਇਨ੍ਹਾਂ ਮੰਤਰਣਾਂ ਦਾ ਪਰਿਣਾਮ, ਹਰ ਸਥਾਨ ਦੀ ਸਥਾਨਿਕ ਅਧਿਆਤਮਕ ਸਭਾ ਦਵਾਰਾ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਭੇਜਿਆ ਜਾਵੇਗਾ । ਰਾਸ਼ਟਰੀਯ ਅਧਿਆਤਮਕ ਸਭਾ ਇਨ੍ਹਾਂ ਸਾਰਿਆਂ ਪ੍ਰਸਤਾਵਾਂ ਦਾ ਅਧਿਐਨ ਕਰੇਗੀ ਤੇ ਧਿਆਨ ਪੂਰਵਕ ਸੋਚ ਵਿਚਾਰ ਤੋਂ ਬਾਦ ਇਨ੍ਹਾਂ ਵਿਸ਼ਿਆਂ ਤੇ ਫੈਸਲਾ ਕਰੇਗੀ ।

ਜੇ ਕਿਸੇ ਜਗ੍ਹਾ ਤੇ ਸਥਾਨਿਕ ਅਧਿਆਤਮਕ ਸਭਾ ਨਾ ਹੋਵੇ ਤਾਂ ਉਥੇ ਦੇ ਬਹਾਈਆਂ ਦਾ ਗਰੁਪ ਹੋਵੇ ਤਾਂ ਗਰੁਪ ਦਵਾਰਾ ਚੁਣੇ ਗਏ ਸਕੱਤਰ ਨਾਲ ਰਾਸ਼ਟਰੀਯ ਅਧਿਆਤਮਕ ਸਭਾ ਚਿੱਠੀ ਪੱਤਰ ਕਰੇਗੀ । ਜੇ ਕਿਸੇ ਜਗ੍ਹਾ ਤੇ ਕੇਵਲ ਇਕ ਹੀ ਬਹਾਈ ਹੋਵੇ ਤਾਂ ਰਾਸ਼ਟਰੀਯ ਅਧਿਆਤਮਕ ਸਭਾ ਉਸ ਨਾਲ ਹੀ ਚਿੱਠੀ ਪੱਤਰ ਕਰਦੀ ਹੈ ।

ਕਿਉਂਕਿ ਰਾਸ਼ਟਰੀਯ ਅਧਿਆਤਮਕ ਸਭਾ ਦੇ ਵੱਖ ਵੱਖ ਕੰਮ ਹੁੰਦੇ ਹਨ,

ਇਸ ਕੰਮ ਵਿਚ ਮਦਦ ਲਈ ਵੱਖ ਵੱਖ ਸਮਿਤੀਆਂ ਨਿਯੁਕਤ ਕਰਦੀ ਹੈ । ਇਨ੍ਹਾਂ ਸਮਿਤੀਆਂ ਤੇ ਸੇਵਾ ਕਰਨ ਵਾਲੇ ਮੈਂਬਰਾਂ ਨੂੰ ਰਾਸ਼ਟਰੀਯ ਅਧਿਆਤਮਕ ਸਭਾ ਖੁਦ ਚੁਣਦੀ ਹੈ ਤੇ ਹਰ ਸਮਿਤੀ ਨੂੰ ਇਕ ਖਾਸ ਕੰਮ ਸੌਂਪਿਆ ਜਾਂਦਾ ਹੈ । ਉਦਾਹਰਣ ਵਜੋਂ ਜੇ ਭਾਰਤ ਦੀ ਰਾਸ਼ਟਰੀਯ ਅਧਿਆਤਮਕ ਸਭਾ ਦੇਸ਼ ਵਿਚ ਇਕ ਪ੍ਰਾਰਥਨਾ ਘਰ ਦੇ ਨਿਰਮਾਣ ਦਾ ਫੈਸਲਾ ਕਰਦੀ ਹੈ ਤਾਂ ਇਹ ਸਾਰੇ ਕੰਮ ਦੀ ਦੇਖਭਾਲ ਤੇ ਪ੍ਰਾਰਥਨਾ ਘਰ ਦੇ ਨਿਰਮਾਣ ਵਾਸਤੇ ਸੁਝਾਅ ਦੇਣ ਵਾਸਤੇ ਇਕ ਖਾਸ ਸਮਿਤੀ ਨਿਯੁਕਤ ਕਰੇਗੀ । ਰਾਸ਼ਟਰੀਯ ਅਧਿਆਤਮਕ ਸਭਾ ਸਮਿਤੀ ਦੇ ਸੁਝਾਵਾਂ ਨੂੰ ਸਵੀਕਾਰ ਕਰਨ, ਸੁਧਾਰ ਕਰਨ ਜਾਂ ਉਨ੍ਹਾਂ ਨੂੰ ਅਸਵੀਕਾਰ ਕਰਨ ਵਿਚ ਪੂਰੀ ਤਰ੍ਹਾਂ ਆਜ਼ਾਦ ਹੈ । ਜੇ ਜ਼ਰੂਰਤ ਪਵੇ ਤਾਂ ਸਥਾਨਿਕ ਅਧਿਆਤਮਕ ਸਭਾਵਾਂ ਦੀ ਮਦਦ ਲਈ ਸਮਿਤੀਆਂ ਦੀ ਚੋਣ ਕਰ ਸਕਦੀ ਹੈ । ਰਾਸ਼ਟਰੀਯ ਅਧਿਆਤਮਕ ਸਭਾ ਜਾਂ ਸਥਾਨਿਕ ਅਧਿਆਤਮਕ ਸਭਾਵਾਂ ਦਵਾਰਾ ਨਿਯੁਕਤ ਸਮਿਤੀਆਂ ਸਿਧੀਆਂ ਉਸ ਸਭਾ ਵਲ ਉੱਤਰਦਾਈ ਹੁੰਦੀਆਂ ਹਨ ਜਿਨ੍ਹਾਂ ਵਾਸਤੇ ਉਹ ਕੰਮ ਕਰ ਰਹੀਆਂ ਹਨ । ਸਥਾਨਿਕ ਅਧਿਆਤਮਕ ਸਭਾਵਾਂ ਰਾਸ਼ਟਰੀਯ ਅਧਿਆਤਮਕ ਸਭਾਵਾਂ ਵਲ ਉੱਤਰਦਾਈ ਹਨ ਤੇ ਰਾਸ਼ਟਰੀਯ ਅਧਿਆਤਮਕ ਸਭਾ ਹਰ ਦੇਸ਼ ਦੇ ਬਹਾਈਆਂ ਲਈ ਸਰਵਉੱਚ ਅਧਿਕਾਰੀ ਹੈ ।

ਸਥਾਨਿਕ ਅਧਿਆਤਮਕ ਸਭਾ ਦੀ ਤਰ੍ਹਾਂ ਰਾਸ਼ਟਰੀਯ ਅਧਿਆਤਮਕ ਸਭਾ ਵੀ ਆਪਣਾ ਇਕ ਪ੍ਰਧਾਨ, ਉੱਪ ਪ੍ਰਧਾਨ, ਸਕੱਤਰ ਤੇ ਖਜ਼ਾਨਚੀ ਚੁਣਦੀ ਹੈ । ਰਾਸ਼ਟਰੀਯ ਅਧਿਆਤਮਕ ਸਭਾ ਦੇ ਫਰਜ਼ ਤੇ ਕੰਮ ਵੈਸੇ ਹੀ ਹੁੰਦੇ ਹਨ ਜਿਸ ਤਰ੍ਹਾਂ ਦੇ ਸਥਾਨਿਕ ਸਭਾ ਦੇ ਪਦ ਅਧਿਕਾਰੀਆਂ ਦੇ, ਪਰ ਰਾਸ਼ਟਰ ਸਤਰ ਤੇ ।

ਕਾਨਵੈਨਸ਼ਨ (ਸਾਲਾਨਾ ਸੰਮੇਲਨ) :

ਰਾਸ਼ਟਰੀਯ ਅਧਿਆਤਮਕ ਸਭਾ ਦੇ ਮੈਂਬਰਾਂ ਦੀ ਚੋਣ ਸਿੱਧੀ ਚੋਣ ਨਹੀਂ ਹੁੰਦੀ । ਇਸ ਦਾ ਅਰਥ ਇਹ ਹੈ ਕਿ ਹਰ ਬਹਾਈ ਸਮਾਜ ਖੁਦ ਆਪਣੇ ਖੇਤਰ ਦੇ ਕੁਝ ਨੁਮਾਇੰਦਿਆਂ ਦੀ ਚੋਣ ਕਰਦਾ ਹੈ ਅਤੇ ਇਹ ਲੋਕ ਜੋ ਦੇਸ਼ ਭਰ ਦੇ ਬਹਾਈ ਸਮਾਜਾਂ ਦੇ ਨੁਮਾਇੰਦੇ ਹੁੰਦੇ ਹਨ, ਕਾਨਵੈਨਸ਼ਨ ਵਿਚ ਇਕੱਠੇ ਹੁੰਦੇ ਹਨ ਜਿਥੇ ਉਹ ਰਾਸ਼ਟਰੀਯ ਅਧਿਆਤਮਕ ਸਭਾ ਦੇ ਮੈਂਬਰ ਦੀ ਚੋਣ

ਕਰਦੇ ਹਨ।

ਹਰ ਖੇਤਰ ਵਿਚ ਚੁਣੇ ਜਾਣ ਵਾਲੇ ਬਹਾਈਆਂ ਦੇ ਨੁਮਾਇੰਦਿਆਂ ਦੀ ਸੰਖਿਆ ਉਥੋਂ ਦੇ ਬਹਾਈਆਂ ਦੀ ਸੰਖਿਆ ਤੇ ਨਿਰਭਰ ਹੁੰਦੀ ਹੈ। ਉਦਾਹਰਣ ਵਜੋਂ, ਜੇ ਰਾਮਪੁਰ ਦੇ ਬਹਾਈਆਂ ਦੀ ਗਿਣਤੀ 50 ਹੈ ਤਾਂ ਉਨ੍ਹਾਂ ਨੂੰ ਕਾਨਵੈਨਸ਼ਨ ਵਿਚ ਇਕ ਹੀ ਨੁਮਾਇੰਦਾ ਭੇਜਣ ਵਾਸਤੇ ਕਿਹਾ ਜਾਵੇਗਾ ਜਦੋਂ ਕਿ ਬੰਬਈ ਦੇ 100 ਬਹਾਈ ਦੋ ਨੁਮਾਇੰਦੇ ਭੇਜਣਗੇ ਤੇ ਤਿੰਨ ਸੌ ਬਨਾਰਸ ਦੇ ਬਹਾਈ ੬ ਨੁਮਾਇੰਦੇ ਭੇਜਣਗੇ। ਹਰ ਦੇਸ਼ ਦੀ ਰਾਸ਼ਟਰੀਯ ਅਧਿਆਤਮਕ ਸਭਾ ਕੇਂਦਰਾਂ ਲਈ ਨੁਮਾਇੰਦਿਆਂ ਦੀ ਸੰਖਿਆ ਨੀਯਤ ਕਰਦੀ ਹੈ।

ਸਭ ਕਾਨਵੈਨਸ਼ਨ ਨੁਮਾਇੰਦੇ ਰਿਜ਼ਵਾਨ ਦੇ ੧੨ ਦਿਨਾਂ ਵਿਚ (੨੧ ਅਪਰੈਲ—੨ ਮਈ) ਇਕ ਜਗ੍ਹਾ ਤੇ, ਅਕਸਰ ਐਸੀ ਜਗ੍ਹਾ ਤੇ ਜਿਥੇ ਰਾਸ਼ਟਰੀਯ ਅਧਿਆਤਮਕ ਸਭਾ ਦਾ ਦਫਤਰ ਹੋਵੇ, ਇਕੱਠੇ ਹੁੰਦੇ ਹਨ। ਕਾਨਵੈਨਸ਼ਨ ਦਾ ਸਭ ਤੋਂ ਵੱਡਾ ਮਕਸਦ ਉਸ ਸਾਲ ਲਈ ਰਾਸ਼ਟਰੀਯ ਅਧਿਆਤਮਕ ਸਭਾ ਦੇ ਮੈਂਬਰਾਂ ਦੀ ਚੋਣ ਕਰਨਾ ਹੈ ਪਰ ਨੁਮਾਇੰਦਿਆਂ ਨੂੰ ਜੋ ਦੇਸ਼ ਦੇ ਸਭ ਹਿੱਸਿਆਂ ਵਿਚੋਂ ਆਉਂਦੇ ਹਨ ਰਾਸ਼ਟਰੀਯ ਅਧਿਆਤਮਕ ਸਭਾ ਤੇ ਆਪਸ ਵਿਚ ਇਕ ਦੂਸਰੇ ਨਾਲ ਦੇਸ਼ ਵਿਚ ਪ੍ਰਭੂ ਧਰਮ ਦੀ ਉੱਨਤੀ ਬਾਰੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਵੀ ਮਿਲਦਾ ਹੈ।

ਪ੍ਰਾਰਥਨਾਵਾਂ ਨਾਲ ਕਾਨਵੈਨਸ਼ਨ ਸ਼ੁਰੂ ਹੋਣ ਤੋਂ ਬਾਦ ਮੈਂਬਰ ਆਪਣੀ ਪਹਿਲੀ ਬੈਠਕ ਵਾਸਤੇ ਪ੍ਰਧਾਨ ਦੀ ਚੋਣ ਕਰਨ। ਇਥੇ ਵੀ ਪ੍ਰਧਾਨ ਦਾ ਫਰਜ਼ ਹੈ ਕਿ ਵਿਚਾਰ ਵਟਾਂਦਰਾ ਸਾਫ ਸੁਥਰੇ ਢੰਗ ਤੇ ਬਹਾਈ ਪ੍ਰਵਰਤੀ ਨਾਲ ਕੀਤਾ ਜਾਵੇ। ਇਨ੍ਹਾਂ ਸੁਝਾਵਾਂ ਨੂੰ ਲਿਖਣ ਲਈ ਜਿਸ ਨੂੰ ਉਹ ਰਾਸ਼ਟਰੀਯ ਅਧਿਆਤਮਕ ਸਭਾ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦੇ ਹਨ, ਇਕ ਸਕੱਤਰ ਦੀ ਚੋਣ ਵੀ ਕਰਦੇ ਹਨ।

ਕਾਨਵੈਨਸ਼ਨ ਬਾਰੇ ਕੁਝ ਜ਼ਰੂਰੀ ਗੱਲਾਂ ਜੋ ਸਾਨੂੰ ਯਾਦ ਰਖਣੀਆਂ ਚਾਹੀਦੀਆਂ ਹਨ ਇਹ ਹਨ : (੧) ਕਾਨਵੈਨਸ਼ਨ ਦੇ ਨੁਮਾਇੰਦੇ ਸਾਰੇ ਦੇਸ਼ ਦੇ ਬਹਾਈਆਂ ਵਿਚ ਰਾਸ਼ਟਰੀਯ ਅਧਿਆਤਮਕ ਸਭਾ ਦੇ ਮੈਂਬਰਾਂ ਦੀ ਚੋਣ ਕਰਨ। ਇਹ ਜ਼ਰੂਰੀ ਨਹੀਂ ਕਿ ਉਹ ਹਾਜ਼ਰ ਨੁਮਾਇੰਦਿਆਂ ਵਿਚੋਂ ਚੁਣਨ।

ਉਹ ਆਪਣੇ ਦੇਸ ਦੇ ਸਮੁੱਚੇ ਬਹਾਈ ਸਮਾਜ ਵਿਚੋਂ ੯ ਆਦਮੀ ਚੁਣ ਸਕਦੇ ਹਨ।

(੨) ਕਾਨਵੈਨਸ਼ਨ ਵਿਚ ਹਿੱਸਾ ਲੈਣ ਲਈ ਤੇ ਰਾਸ਼ਟਰੀਯ ਅਧਿਆਤਮਕ ਸਭਾ ਦੀ ਚੋਣ ਤੋਂ ਸਿਵਾ ਕਾਨਵੈਨਸ਼ਨ ਦੇ ਨੁਮਾਇੰਦਿਆਂ ਦੇ ਰੂਪ ਵਿਚ ਚੁਣੇ ਗਏ ਲੋਕਾਂ ਦੇ ਕੋਈ ਫਰਜ਼ ਯਾ ਖਾਸ ਅਧਿਕਾਰ ਨਹੀਂ ਹੁੰਦੇ। ਜਦੋਂ ਤਕ ਰਾਸ਼ਟਰੀਯ ਅਧਿਆਤਮਕ ਸਭਾ ਵਿਚ ਕੋਈ ਜਗ੍ਹਾ ਖਾਲੀ ਨਾ ਹੋਵੇ, ਕਾਨਵੈਨਸ਼ਨ ਦੀ ਸਮਾਪਤੀ ਦੇ ਨਾਲ ਨੁਮਾਇੰਦਿਆਂ ਦੇ ਰੂਪ ਵਿਚ ਕਈ ਫ਼ਰਜ਼ ਵੀ ਸਮਾਪਤ ਹੋ ਜਾਂਦੇ ਹਨ। ਦੂਜੇ ਸ਼ਬਦਾਂ ਵਿਚ, ਕਾਨਵੈਨਸ਼ਨ ਕੋਈ ਸਥਾਈ ਸੰਸਥਾ ਨਹੀਂ ਹੁੰਦੀ ਤੇ ਖੁਦ ਕਾਨਵੈਨਸ਼ਨ ਦੇ ਖਿੰਡ ਜਾਣ ਤੋਂ ਬਾਦ ਕੋਈ ਸਥਾਈ ਮੈਂਬਰ ਨਹੀਂ ਹੋ ਸਕਦਾ।

(੩) ਕਾਨਵੈਨਸ਼ਨ ਸਲਾਹ ਦੇਣ ਵਾਲੀ ਇਕ ਸੰਸਥਾ ਹੁੰਦੀ ਹੈ। ਇਸ ਦੀਆਂ ਸਿਫਾਰਸ਼ਾਂ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਪਹੁੰਚਾ ਦਿੱਤੀਆਂ ਜਾਂਦੀਆਂ ਹਨ ਤੇ ਰਾਸ਼ਟਰੀਯ ਅਧਿਆਤਮਕ ਸਭਾ ਇਨ੍ਹਾਂ ਸਿਫਾਰਸ਼ਾਂ ਨੂੰ ਸਵੀਕਾਰ ਯਾ ਅਸਵੀਕਾਰ ਕਰਨ ਵਿਚ ਆਜ਼ਾਦ ਹੁੰਦੀ ਹੈ।

(੪) ਕਾਨਵੈਨਸ਼ਨ ਨੂੰ ਰਾਸ਼ਟਰੀਯ ਅਧਿਆਤਮਕ ਸਭਾ ਤੋਂ ਕੋਈ ਉੱਚਤਾ ਪ੍ਰਾਪਤ ਨਹੀਂ ਹੁੰਦੀ। 'ਹਰ ਦੇਸ ਵਿਚ ਰਾਸ਼ਟਰੀਯ ਅਧਿਆਤਮਕ ਸਭਾ ਹੀ ਸਰਵਉੱਚ ਅਧਿਕਾਰੀ ਹੁੰਦੀ ਹੈ ਤੇ ਉਸ ਦੇਸ਼ ਦੀ ਸਭ ਸਥਾਨਿਕ ਸਭਾਵਾਂ ਤੇ ਆਦਮੀਆਂ ਤੇ ਉਸ ਦਾ ਕੰਟਰੋਲ ਹੁੰਦਾ ਹੈ।

ਵਿਸ਼ਵ ਨਿਆਂ ਮੰਦਿਰ :

ਬਹਾਈ ਧਰਮ ਦੀਆਂ ਅਦੁੱਤੀ ਸੰਸਥਾਵਾਂ ਵਿਚੋਂ ਇਕ ਵਿਸ਼ਵ ਨਿਆਂ ਮੰਦਿਰ ਹੈ ਜਿਸ ਦੇ ਮੈਂਬਰ ਸਾਰੇ ਸੰਸਾਰ ਦੇ ਬਹਾਈਆਂ ਵਿਚੋਂ ਉਨ੍ਹਾਂ ਦੀਆਂ ਰਾਸ਼ਟਰੀਯ ਅਧਿਆਤਮਕ ਸਭਾਵਾਂ ਦਵਾਰਾ ਚੁਣੇ ਜਾਂਦੇ ਹਨ। ਭਗਵਾਨ ਬਹਾਉੱਲਾਹ ਨੇ ਸਾਨੂੰ ਹੌਂਸਲਾ ਦਿੱਤਾ ਹੈ ਕਿ ਜਦੋਂ ਤਕ ਬਹਾਈ ਜੁਗ ਬਣਿਆ ਰਹੇਗਾ, ਉਹ ਵਿਸ਼ਵ ਨਿਆਂ ਮੰਦਰ ਦਵਾਰਾ ਬਹਾਈਆਂ ਦਾ ਮਾਰਗ-ਦਰਸ਼ਨ ਕਰਦੇ ਰਹਿਣਗੇ।

ਇਸ ਜੁਗ ਲਈ ਬਹਾਉੱਲਾਹ ਨੇ ਸਾਨੂੰ ਪ੍ਰਭੂ ਦੇ ਮੌਲਿਕ ਕਾਨੂੰਨ ਤੇ

ਸਿਖਿਆਵਾਂ ਦਿੱਤੀਆਂ ਹਨ ਪਰ ਉਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਹੋਰ ਸਮਾਜਿਕ ਨਿਯਮਾਂ ਦੀ ਜ਼ਰੂਰਤ ਹੋਵੇਗੀ ਜੋ ਸਾਡੀ ਬਦਲਦੀ ਹੋਈ ਜ਼ਰੂਰਤਾਂ ਦੇ ਅਨੁਸਾਰ ਬਣਾਉਣੇ ਪੈਣਗੇ। ਬਹਾਉੱਲਾਹ ਕਹਿੰਦੇ ਹਨ ਕਿ ਇਹ ਨੇਮ ਤੇ ਅਧਿਨੇਮ ਜ਼ਰੂਰ ਹੀ ਵਿਸ਼ਵ ਨਿਆਂ ਮੰਦਿਰ ਦਵਾਰਾ ਬਣਾਏ ਜਾਣ ਜੋ ਹਮੇਸ਼ਾ ਪ੍ਰਭੂ ਦੇ ਅਸ਼ੁੱਧੀ ਰਹਿਤ ਨੇਤਰਤਵ ਵਿਚ ਹੋਵੇਗਾ। ਵਿਸ਼ਵ ਨਿਆਂ ਮੰਦਿਰ ਬਾਰੇ ਅਬਦੁਲ-ਬਹਾ ਕਹਿੰਦੇ ਹਨ :

"ਇਹ ਜ਼ਰੂਰੀ ਸ਼ਰਤਾਂ ਦੇ ਅਧੀਨ—ਸਭ ਲੋਕਾਂ ਤੋਂ ਚੁਣੇ ਗਏ ਮੈਂਬਰਾਂ ਦੇ ਨਾਲ—ਸਥਾਪਿਤ ਹੋ ਜਾਵੇ ਤਾਂ ਉਹ ਨਿਆਂ ਮੰਦਿਰ ਪ੍ਰਮਾਤਮਾ ਦੇ ਸੁਰੱਖਿਆ ਤੇ ਦੇਖ ਰੇਖ ਹੇਠ ਹੋਵੇਗਾ। ਜੇ ਇਹ ਨਿਆਂ ਮੰਦਿਰ ਕਿਸੀ ਐਸੇ ਸਵਾਲ ਤੇ ਜਿਸ ਦਾ ਉਲੇਖ ਪੁਸਤਕ ਵਿਚ ਨਹੀਂ ਹੈ, ਸਰਵਸਮਤੀ ਯਾ ਬਹੁਮਤ ਨਾਲ ਫੈਸਲਾ ਕਰੇਗਾ ਤਾਂ ਉਹ ਫੈਸਲਾ ਤੇ ਆਗਿਆ ਅਸ਼ੁੱਧੀ ਤੋਂ ਸੁਰੱਖਿਅਤ ਹੋਵੇਗਾ।"

ਇਸ ਲਈ ਇਹ ਪ੍ਰਤੱਖ ਹੈ ਕਿ ਆਪਣੇ ਸਭ ਫੈਸਲਿਆਂ ਵਿਚ ਵਿਸ਼ਵ ਨਿਆਂ ਮੰਦਿਰ ਪ੍ਰੇਰਣਾ ਪ੍ਰਾਪਤ ਕਰੇਗਾ ਤੇ ਇਹ ਜੋ ਵੀ ਨੇਮ ਬਣਾਏਗਾ ਉਹ ਸਮੇਂ ਦੀ ਜ਼ਰੂਰਤਾਂ ਲਈ ਪੂਰਣ ਹੋਣਗੇ। ਪਰ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਵਿਸ਼ਵ ਨਿਆਂ ਮੰਦਿਰ ਕਦੀ ਉਨ੍ਹਾਂ ਮੌਲਿਕ ਨਿਯਮਾਂ ਵਿਚ ਤਬਦੀਲੀ ਕਰੇਗਾ ਜੋ ਭਗਵਾਨ ਬਹਾਉੱਲਾਹ ਦਵਾਰਾ ਸਾਨੂੰ ਦਿਤੇ ਗਏ ਹਨ। ਇਹ ਇਸ ਤਰ੍ਹਾਂ ਦੇ ਨਿਯਮ ਬਣਾਵੇਗਾ ਜਿਸ ਦੇ ਦਵਾਰਾ ਅਸੀਂ ਜ਼ਰੂਰ ਹੀ ਭਗਵਾਨ ਬਹਾਉੱਲਾਹ ਦੇ ਕਾਨੂੰਨਾਂ ਦਾ ਪਾਲਣ ਕਰੀਏ। ਉਦਾਹਰਣ ਵਜੋਂ ਬਹਾਈ ਧਰਮ ਦਾ ਨਿਯਮ ਇਹ ਹੈ ਕਿ ਸੰਸਾਰ ਵਿਚ ਅਮੀਰੀ ਤੇ ਗਰੀਬੀ ਦੀ ਜ਼ਿਆਦਤੀ ਨਾ ਹੋਵੇ। ਪਰ ਬਹਾਉੱਲਾਹ ਨੇ ਸਾਨੂੰ ਇਹ ਨਹੀਂ ਦਸਿਆ ਕਿ ਲੋਕ ਕਿਤਨਾ ਟੈਕਸ ਦੇਣ। ਇਹ ਵਿਸ਼ਵ ਨਿਆਂ ਮੰਦਿਰ ਤੇ ਛਡ ਦਿੱਤਾ ਗਿਆ ਹੈ ਕਿ ਉਹ ਟੈਕਸ ਲਗਾਣ ਦਾ ਐਸਾ ਢੰਗ ਖੋਜਣ ਜਿਸ ਨਾਲ ਹਰੇਕ ਆਦਮੀ ਸੁਖੀ ਜੀਵਨ ਬਤੀਤ ਕਰ ਸਕੇ ਤੇ ਨਾਲ ਹੀ ਕੋਈ ਜ਼ਰੂਰਤ ਤੋਂ ਜਿਆਦਾ ਧਨ ਜੋੜ ਸਕੇ।

ਇਕ ਹੋਰ ਉਦਾਹਰਣ ਇਹ ਹੈ ਕਿ ਭਗਵਾਨ ਬਹਾਉੱਲਾਹ ਨੇ ਸਾਨੂੰ

ਸੰਸਾਰ ਵਿਚ ਇਕ ਵਿਸ਼ਵ-ਭਾਸ਼ਾ ਅਪਣਾਉਣ ਦੀ ਆਗਿਆ ਦਿੱਤੀ ਹੈ, ਪਰ ਉਨ੍ਹਾਂ ਇਹ ਨਹੀਂ ਦਸਿਆ ਕਿ ਇਹ ਕਿਹੜੀ ਭਾਸ਼ਾ ਹੋਵੇ। ਇਸ ਦਾ ਫੈਸਲਾ ਵੀ ਵਿਸ਼ਵ ਨਿਆਂ ਮੰਦਿਰ ਤੇ ਛੱਡ ਦਿਤਾ ਗਿਆ ਹੈ। ਇਸ ਸੰਬੰਧ ਵਿਚ ਭਗਵਾਨ ਬਹਾਉੱਲਾਹ ਲਿਖਦੇ ਹਨ :—

".....ਆਪਣੀਆਂ ਪਾਟੀਆਂ ਵਿਚ ਅਸੀਂ ਵਿਸ਼ਵ ਨਿਆਂ ਮੰਦਿਰ ਦੇ ਅਧਿਕਾਰਾਂ ਦੀ ਆਗਿਆ ਦੇ ਚੁੱਕੇ ਹਾਂ। ਉਹ ਯਾ ਤਾਂ ਵਰਤਮਾਨ ਭਾਸ਼ਾਵਾਂ ਵਿਚ ਕਿਸੇ ਇਕ ਨੂੰ ਚੁਣ ਲੈਣ ਯਾ ਨਵੀਂ ਭਾਸ਼ਾ ਦਾ ਅਵਿਸ਼ਕਾਰ ਕਰਨ, ਇਸੇ ਤਰ੍ਹਾਂ ਕਿਸੇ ਇੱਕ ਸਮਾਨ ਲਿਪੀ ਨੂੰ ਅਪਣਾ ਲੈਣ ਤੇ ਸੰਸਾਰ ਦੇ ਸਕੂਲਾਂ ਵਿਚ ਬੱਚਿਆਂ ਨੂੰ ਇਸ ਦੀ ਸਿਖਿਆ ਦੇਣ ਤਾਂ ਜੋ ਸੰਸਾਰ ਇਕ ਦੇਸ਼ ਤੇ ਇਕ ਘਰ ਦੇ ਸਮਾਨ ਬਣ ਸਕੇ।"

ਜਦੋਂ ਕਿ ਵਿਸ਼ਵ ਨਿਆਂ ਮੰਦਿਰ ਬਹਾਉੱਲਾਹ ਦਵਾਰਾ ਪ੍ਰਗਟ ਕੀਤੀ ਗਈ ਕਿਸੀ ਗੱਲ ਵਿਚ ਯਾ ਅਬਦੁਲਬਹਾ ਦੇ ਸ਼ੋਗੀ ਅਫੇਂਦੀ ਦੀ ਕਿਸੇ ਵੀ ਵਿਆਖਿਆ ਵਿਚ ਤਬਦੀਲੀ ਨਹੀਂ ਕਰ ਸਕਦਾ, ਪਰ ਹਾਲਾਤ ਦੀ ਜ਼ਰੂਰਤ ਅਨੁਸਾਰ ਉਹ ਖੁਦ ਆਪਣੇ ਫੈਸਲਿਆਂ ਨੂੰ ਬਦਲ ਸਕਦਾ ਹੈ। ਮੰਨ ਲਵੋ ਕਿ ਵਿਸ਼ਵ ਨਿਆਂ ਮੰਦਿਰ ਇਕ ਵਾਰ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕਿੰਨਾ ਟੈਕਸ ਦਿੱਤਾ ਜਾਵੇ। ਬੇਸ਼ਕ ਉਸ ਸਮੇਂ ਵਾਸਤੇ ਇਹ ਫੈਸਲਾ ਸੰਪੂਰਣ ਹੈ ਪਰ ਇਹ ਸੰਭਵ ਹੈ ਕਿ ਪੰਜਾਹ ਸਾਲ ਬਾਦ ਇਹ ਫੈਸਲਾ ਸਮੇਂ ਦੀ ਜ਼ਰੂਰਤ ਦੇ ਅਨੁਕੂਲ ਨਾ ਰਹੇ। ਇਸ ਲਈ ਵਿਸ਼ਵ ਨਿਆਂ ਮੰਦਿਰ ਉਸ ਫੈਸਲੇ ਨੂੰ ਬਦਲਣ ਵਿਚ ਆਜ਼ਾਦ ਹੈ ਜੋ ਉਸ ਨੇ ਪਹਿਲੇ ਕੀਤਾ ਸੀ। ਆਪਣੀ ਵਸੀਅਤ ਤੇ ਇੱਛਾ ਪੱਤਰ ਵਿਚ ਅਬਦੁਲਬਹਾ ਲਿਖਦੇ ਹਨ :

"ਹਰ ਆਦਮੀ ਜ਼ਰੂਰ ਹੀ ਸਰਵ ਪੁਨੀਤ ਗਰੰਥ ਵਲ ਦੇਖੇ ਤੇ ਜੋ ਕੁਝ ਉਸ ਵਿਚ ਸਪਸ਼ਟ ਰੂਪ ਵਿਚ ਨਹੀਂ ਲਿਖਿਆ ਗਿਆ ਉਸ ਦੇ ਬਾਰੇ ਵਿਸ਼ਵ ਸਭਾ ਤੋਂ ਪੁਛੇ। ਇਹ ਸੰਸਥਾ ਸਰਵ ਸੰਮਤੀ ਜਾਂ ਬਹੁਮਤ ਨਾਲ ਜੋ ਨਿਸ਼ਚਤ ਕਰੇ, ਬਿਨਾਂ ਕਿਸੀ ਸ਼ਕ ਉਹ ਸੱਚਾ ਤੇ

ਈਸ਼ਵਰੀਯ ਮਕਸਦ ਹੈ। ਜੋ ਕੋਈ ਉਸ ਤੋਂ ਬੇਮੁਖ ਹੋਵੇਗਾ, ਉਹ ਅਸਲ ਵਿਚ ਉਨ੍ਹਾਂ ਵਿਚੋਂ ਹੋਵੇਗਾ ਜੋ ਕਲਹ ਪਰੇਮੀ ਹਨ, ਦਵੇਸ਼ ਦਾ ਪ੍ਰਦਰਸ਼ਨ ਕੀਤਾ ਹੈ ਤੇ ਸੰਵਿਦਾ ਦੇ ਸਵਾਮੀ ਤੋਂ ਬੇਮੁਖ ਹੋਏ ਹਨ।''

ਸਾਡੇ ਪਿਆਰੇ ਰੱਖਿਅਕ ਦੇ ਕੰਮ ਦੇ ੩੬ ਸਾਲਾਂ ਦੀ ਮੇਹਨਤ ਨੇ ਵਿਸ਼ਵ ਨਿਆਂ ਮੰਦਿਰ ਦੀ ਸਥਾਪਨਾ ਦਾ ਰਸਤਾ ਸਮਤਲ ਕਰ ਦਿੱਤਾ ਹੈ। ਰੱਖਿਅਕ ਨੇ ਕਿਹਾ ਹੈ ਕਿ ਵਿਸ਼ਵ ਨਿਆਂ ਮੰਦਿਰ ਕਿਸੀ ਇਮਾਰਤ ਦੇ ਗੁੰਬਦ ਦੇ ਸਮਾਨ ਹੈ ਜਿਸ ਨੂੰ ਸਹਾਰੇ ਵਾਸਤੇ ਪੱਕੇ ਥੰਮਾਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਹ ਥੰਮ ਸੰਸਾਰ ਦੀਆਂ ਰਾਸ਼ਟਰੀਯ ਅਧਿਆਤਮਕ ਸਭਾਵਾਂ ਸਨ। ਅਤੇ ਸਾਡੇ ਰੱਖਿਅਕ ਦੇ ਲਗਾਤਾਰ ਯਤਨਾਂ ਦਾ ਫਲ ਸੀ ਕਿ ਇਕ ਇਕ ਕਰਕੇ ਸਾਰੇ ਥੰਮ ਸੰਸਾਰ ਦੇ ਸਭ ਹਿੱਸਿਆਂ ਵਿਚ ਖੜੇ ਹੋ ਗਏ। ਰੱਖਿਅਕ ਦੇ ਦੈਵੀ ਨੇਤਰਤਵ ਵਿਚ ਬਹਾਈਆਂ ਨੇ ਸਮੂਹਾਂ ਤੇ ਸਥਾਨਿਕ ਸਭਾਵਾਂ ਦਵਾਰਾ ਆਪਸ ਵਿਚ ਮਿਲ ਕੇ ਕੰਮ ਕਰਨਾ ਸਿਖਿਆ। ਜਦੋਂ ਉਹ ਇਤਨਾ ਅੱਗੇ ਵਧ ਆਏ ਤਾਂ ਰੱਖਿਅਕ ਨੇ ਉਨ੍ਹਾਂ ਨੂੰ ''ਦਸ ਸਾਲਾ ਯੋਜਨਾ'' ਦਿਤੀ ਜਿਸ ਨੇ ਸੰਸਾਰ-ਵਿਆਪੀ ਕੰਮ ਵਿਚ ਰਾਸ਼ਟਰੀਯ ਅਧਿਆਤਮਕ ਸਭਾਵਾਂ ਨੂੰ ਕੰਮ ਕਰਨਾ ਸਿਖਾਇਆ ਤੇ ਵਿਸ਼ਵ ਨਿਆਂ ਮੰਦਿਰ ਦੇ ਬਾਕੀ ਥੰਮਾਂ ਦੀ ਸਥਾਪਨਾ ਵਿਚ ਬਹਾਈਆਂ ਦੀ ਸਹਾਇਤਾ ਵੀ ਕੀਤੀ। ੧੯੬੩ ਵਿਚ ''ਦਸ ਸਾਲਾ ਯੋਜਨਾ'' ਦੀ ਸਮਾਪਤੀ ਤਕ ਵਿਸ਼ਵ ਨਿਆਂ ਮੰਦਿਰ ਦੀ ਸਥਾਪਨਾ ਵਾਸਤੇ ਸੰਸਾਰ ਵਿਚ ਕਾਫੀ ਸੰਖਿਆ ਵਿਚ ਰਾਸ਼ਟਰੀਯ ਅਧਿਆਤਮਕ ਸਭਾਵਾਂ ਬਣ ਚੁੱਕੀਆਂ ਸਨ।

ਅਬਦੁਲਬਹਾ ਨੇ ਭਵਿੱਖਬਾਨੀ ਕੀਤੀ ਕਿ ਜਦੋਂ ਬਹਾਈ ਧਰਮ ਸੰਸਾਰ ਦੇ ਸਾਰੇ ਹਿੱਸਿਆਂ ਵਿਚ ਫੈਲ ਜਾਏਗਾ ਤਾਂ ਵਿਸ਼ਵ ਨਿਆਂ ਮੰਦਿਰ ਦੀ ਸਥਾਪਨਾ ਹੋਵੇਗੀ ਤੇ ਇਹ ਵੀ ਅਪਰੈਲ ੧੯੬੩ ਵਿਚ ''ਦਸ ਸਾਲਾ ਯੋਜਨਾ'' ਦੀ ਸਮਾਪਤੀ ਨਾਲ ਪੂਰੀ ਹੋਈ।

ਬਹਾਈ ਪ੍ਰਸ਼ਾਸਨ ਬਾਰੇ ਕੁਝ ਮਹੱਤਵਪੂਰਣ ਨੁਕਤੇ :

(੧) ਸਭਾ ਦੇ ਫੈਸਲਿਆਂ ਦਾ ਪਾਲਣ।

ਬਹਾਈਆਂ ਦਵਾਰਾ ਬਹਾਈ ਅਧਿਆਤਮਕ ਸਭਾ ਨੂੰ ਇਕ ਪਵਿੱਤਰ

ਸੰਸਥਾ ਸਮਝਿਆ ਜਾਵੇ ਕਿਉਂਕਿ ਇਹ ਈਸ਼ਵਰ ਦੀ ਸਿਖਿਆਵਾਂ ਤੇ ਆਧਾਰਿਤ ਹੈ। ਇਸ ਲਈ ਸਾਨੂੰ ਜ਼ਰੂਰ ਹੀ ਸਭਾ ਦੇ ਸਾਰੇ ਫੈਸਲਿਆਂ ਦਾ ਪਾਲਣ ਕਰਨਾ ਚਾਹੀਦਾ ਹੈ। ਅਬਦੁਲਬਹਾ ਨੇ ਕਿਹਾ ਹੈ ਕਿ ਇਹ ਜਾਣਦੇ ਹੋਏ ਵੀ ਕਿ ਫੈਸਲਾ ਗਲਤ ਹੈ ਉਹ ਖੁਦ ਵੀ ਸਭਾ ਦੇ ਫੈਸਲਿਆਂ ਦਾ ਪਾਲਣ ਕਰਨਗੇ। ਇਸ ਤੋਂ ਪਤਾ ਚਲਦਾ ਹੈ ਕਿ ਸਭਾ ਦਾ ਪਾਲਣ ਕਰਨਾ ਪ੍ਰਭੂ ਦੀ ਆਗਿਆ ਦਾ ਪਾਲਣ ਕਰਨਾ ਹੈ।

(੨) ਜੇ ਅਸੀਂ ਇਹ ਮਹਿਸੂਸ ਕਰੀਏ ਕਿ ਸਥਾਨਿਕ ਅਧਿਆਤਮਕ ਸਭਾ ਦਵਾਰਾ ਕੀਤਾ ਗਿਆ ਫੈਸਲਾ ਠੀਕ ਨਹੀਂ ਹੈ ਤਾਂ ਅਸੀਂ ਕੀ ਕਰੀਏ ?

ਪਹਿਲਾਂ ਅਸੀਂ ਉਸ ਫੈਸਲੇ ਦਾ ਪਾਲਣ ਕਰੀਏ ਕਿਉਂਕਿ ਪ੍ਰਭੂ ਨੇ ਸਾਨੂੰ ਐਸਾ ਕਰਨ ਦੀ ਆਗਿਆ ਦਿਤੀ ਹੈ। ਪਰ ਅਸੀਂ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਬੇਨਤੀ ਕਰ ਸਕਦੇ ਹਾਂ ਕਿ ਸਾਡੀ ਸਥਾਨਿਕ ਸਭਾ ਦੇ ਫੈਸਲੇ ਤੇ ਵਿਚਾਰ ਕਰੇ। ਆਪਣੀ ਸਥਾਨਿਕ ਤੇ ਰਾਸ਼ਟਰੀਯ ਸਭਾ ਦੀ ਆਗਿਆ ਦਾ ਪਾਲਣ ਕਰਕੇ ਬਹਾਈ ਪ੍ਰਸ਼ਾਸਨ ਦੀ ਨੀਂਹ ਨੂੰ ਮਜ਼ਬੂਤ ਕਰਦੇ ਹਾਂ। ਜੇ ਸਾਡੇ ਵਿਚੋਂ ਕੁਝ ਹੀ ਸਭਾ ਦੇ ਫੈਸਲਿਆਂ ਦਾ ਪਾਲਣ ਕਰਨ ਤਾਂ ਸਾਡੇ ਵਿਚ ਏਕਤਾ ਨਹੀਂ ਹੋ ਸਕਦੀ।

(੩) ਕੀ ਅਸੀਂ ਕਹਿ ਸਕਦੇ ਹਾਂ ਕਿ ਚੂੰਕਿ ਅਸੀਂ ਸਭਾ ਦੇ ਕੁਝ ਮੈਂਬਰਾਂ ਨੂੰ ਪਸੰਦ ਨਹੀਂ ਕਰਦੇ ਇਸ ਲਈ ਉਸ ਸਭਾ ਦੇ ਫੈਸਲਿਆਂ ਦਾ ਪਾਲਣ ਨਹੀਂ ਕਰਨਾ ਚਾਹੁੰਦੇ ?

ਨਹੀਂ ! ਇਹ ਗਲਤ ਵਤੀਰਾ ਹੈ। ਅਧਿਆਤਮਕ ਸਭਾ ਵਲ ਸਾਡੀ ਵਫਾਦਾਰੀ ਇਸ ਦੇ ਮੈਂਬਰਾਂ ਵਲ ਸਾਡੀ ਰੁਚੀ ਯਾ ਆਰੁਚੀ ਤੇ ਨਿਰਭਰ ਨਹੀਂ। ਇਹ ਭਗਵਾਨ, ਭਗਵਾਨ ਬਹਾਉੱਲਾਹ ਦੀ ਸੰਸਥਾ ਹੈ ਜਿਸ ਦੇ ਵਫਾਦਾਰ ਅਸੀਂ ਹਾਂ, ਮੈਂਬਰ ਚਾਹੇ ਕੋਈ ਹੀ ਹੋਵੇ। ਸਮਾਜ ਦੀ ਏਕਤਾ ਦੀ ਰੱਖਿਆ ਤਦ ਹੀ ਹੁੰਦੀ ਹੈ ਜਦੋਂ

ਅਸੀਂ ਮੈਂਬਰਾਂ ਦਾ ਖਿਆਲ ਕੀਤੇ ਬਿਨਾਂ ਹੀ ਧਰਮ ਸੰਸਥਾਵਾਂ ਨੂੰ ਆਪਣਾ ਪੂਰਾ ਸਮਰਥਨ ਦੇਈਏ।

(੪) ਕੀ ਅਸੀਂ ਕਿਸੇ ਅਧਿਆਤਮਕ ਸਭਾ ਦੀ ਮੈਂਬਰਸ਼ਿਪ ਤੋਂ ਤਿਆਗ-ਪੱਤਰ ਦੇ ਸਕਦੇ ਹਾਂ ?

ਨਹੀਂ ! ਉਦੋਂ ਤਕ ਨਹੀਂ ਜਦੋਂ ਤਕ ਸਾਡੇ ਕੋਲ ਕੋਈ ਅੱਛਾ ਕਾਰਣ ਨਾ ਹੋਵੇ। ਜਿਸ ਤਰ੍ਹਾਂ ਕਿ ਲਗਾਤਾਰ ਬੀਮਾਰੀ ਜਾਂ ਕਿਸੇ ਹੋਰ ਸ਼ਹਿਰ ਜਾਂ ਪਿੰਡ ਵਿਚ ਨਿਵਾਸ। ਜੇ ਅਸੀਂ ਕਿਸੀ ਸਭਾ ਦੇ ਮੈਂਬਰ ਚੁਣੇ ਜਾਂਦੇ ਹਾਂ ਤਾਂ ਸਾਨੂੰ ਯਾਦ ਰਖਣਾ ਚਾਹੀਦਾ ਹੈ ਕਿ ਪ੍ਰਭੂ ਨੇ ਸਾਨੂੰ ਆਪਣੇ ਸਮਾਜ ਦੀ ਸੇਵਾ ਵਾਸਤੇ ਇਕ ਖਾਸ ਅਧਿਕਾਰ ਦਿੱਤਾ ਹੈ। ਭਗਵਾਨ ਬਹਾਉੱਲਾਹ ਦੀਆਂ ਸਿਖਿਆਵਾਂ ਪ੍ਰਤੀ ਸਾਡਾ ਪਰੇਮ ਉਸ ਦੇ ਧਰਮ ਦੀ ਸੇਵਾ ਵਿਚ ਕੋਈ ਵੀ ਜ਼ਿੰਮੇਵਾਰੀ ਸਵੀਕਾਰ ਕਰਨ ਵਿਚ ਸਾਨੂੰ ਬਲ ਬਖਸ਼ੇ।

(੫) ਕੀ ਅਸੀਂ ਆਪਣੇ ਨਿਜੀ ਮਾਮਲਿਆਂ ਵਿਚ ਅਧਿਆਤਮਕ ਸਭਾ ਨਾਲ ਸਲਾਹ ਕਰ ਸਕਦੇ ਹਾਂ ?

ਹਾਂ, ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ। ਅਬਦੁਲਬਹਾ ਨੇ ਇਸ ਗੱਲ ਦਾ ਹੌਸਲਾ ਦਿਤਾ ਹੈ ਕਿ ਬਹਾਈ ਆਪਣੀਆਂ ਮੁਸ਼ਕਿਲਾਂ ਅਧਿਆਤਮਕ ਸਭਾ ਕੋਲ ਲੈ ਜਾਣ ਤੇ ਕਠਿਨਾਈਆਂ ਬਾਰੇ ਵਿਚਾਰ ਕਰਨ। ਈਸ਼ਵਰ ਨਾ ਕਰੇ, ਜੇ ਦੋ ਬਹਾਈਆਂ ਵਿਚ ਮਤਭੇਦ ਹੋ ਜਾਵੇ ਤਾਂ ਉਹ ਅਧਿਆਤਮਕ ਸਭਾ ਨੂੰ ਆਪਣੀਆਂ ਮੁਸ਼ਕਿਲਾਂ ਸੁਲਝਾਣ ਵਾਸਤੇ ਕਹਿਣ ਤੇ ਸਵੈ-ਇੱਛਾ ਪੂਰਵਕ ਸਭਾ ਦੇ ਫੈਸਲੇ ਨੂੰ ਪਰਵਾਨ ਕਰਨ।

(੬) ਕੀ ਅਧਿਆਤਮਕ ਸਭਾ ਉਨ੍ਹਾਂ ਲੋਕਾਂ ਵਲ ਉੱਤਰਦਾਈ ਹੈ ਜੋ ਉਸ ਦੀ ਚੋਣ ਕਰਦੇ ਹਨ ?

ਨਹੀਂ। ਸਥਾਨਿਕ ਅਧਿਆਤਮਕ ਸਭਾ ਭਗਵਾਨ ਪ੍ਰਤੀ ਉੱਤਰਦਾਈ ਹੈ ਤੇ ਪ੍ਰਬੰਧਕੀ ਮਾਮਲਿਆਂ ਵਿਚ ਦੇਸ਼ ਦੀ ਰਾਸ਼ਟਰੀਯ ਅਧਿਆਤਮਕ ਸਭਾ ਦੇ ਪ੍ਰਤੀ। ਹਰ ਸਭਾ ਪ੍ਰਭੂ ਧਰਮ ਦੇ ਹਿਤ ਲਈ ਫੈਸਲਾ ਕਰੇ। ਸਮਾਜ ਦੇ ਮੈਂਬਰਾਂ ਵਿਚ ਪੈਦਾ ਹੋਏ ਮਾਮਲਿਆਂ ਤੇ ਨਿਰਪੱਖ ਰਹੇ ਤੇ ਉਨ੍ਹਾਂ ਨੂੰ ਨਿਆਂ ਪੂਰਵਕ ਨਿਪਟਾਏ। ਜਦੋਂ ਤਕ ਇਸ ਦਾ ਨੇਤਰਤਵ ਨਿਆਂ ਦਵਾਰਾ ਹੋਵੇ, ਇਸ ਗੱਲ ਦੀ ਚਿੰਤਾ ਨਹੀਂ ਕਿ ਸਮਾਜ ਤੇ ਇਸ ਦੀ ਕੀ ਪ੍ਰਤੀਕ੍ਰਿਆ ਹੈ।

(੭) ਕੀ ਕਿਸੀ ਬਹਾਈ ਦਾ ਅਧਿਕਾਰ ਕਿਸੀ ਅਧਿਆਤਮਕ ਸਭਾ ਦੇ ਅਧਿਕਾਰ ਤੋਂ ਉੱਚਾ ਹੈ।

ਨਹੀਂ। ਬਹਾਈ ਧਰਮ ਵਿਚ ਵਿਅਕਤੀਤਵ ਨੇਤਰਤਵ ਨਹੀਂ ਹੁੰਦਾ। ਕਿਸੀ ਸਭਾ ਦਾ ਪ੍ਰਧਾਨ ਹੋਣਾ ਜਾਂ ਸਕੱਤਰ ਹੋਣਾ ਕਿਸੀ ਆਦਮੀ ਨੂੰ ਖਾਸ ਅਧਿਕਾਰ ਨਹੀਂ ਦੇਂਦਾ। ਸਭਾ ਦੀ ਬੈਠਕ ਤੋਂ ਬਾਹਰ ਮੈਂਬਰ ਨੂੰ ਕੋਈ ਖਾਸ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਤੇ ਉਨ੍ਹਾਂ ਦੀ ਤਰ੍ਹਾਂ ਉਨ੍ਹਾਂ ਨੂੰ ਸਭਾ ਦੇ ਫੈਸਲਿਆਂ ਦਾ ਪਾਲਣ ਕਰਨਾ ਪੈਂਦਾ ਹੈ। ਬਹਾਈ ਧਰਮ ਵਿਚ ਅਧਿਕਾਰਾਂ ਦੀ ਪੂਰਣ ਬਰਾਬਰੀ ਹੈ।

ਬਹਾਈ ਪ੍ਰਾਰਥਨਾ ਘਰ :

ਬਹਾਈ ਧਰਮ ਵਿਸ਼ਵ ਧਰਮ ਹੈ ਇਸ ਲਈ ਬਹਾਈ ਪ੍ਰਾਰਥਨਾ ਘਰ ਪ੍ਰਭੂ ਭਗਤੀ ਦੀ ਸਰਵਲੌਕਿਕ ਹੁੰਦਾ ਹੈ। ਜਦੋਂ ਬਹਾਈ ਆਪਣੇ ਪ੍ਰਾਰਥਨਾ ਘਰਾਂ ਦਾ ਨਿਰਮਾਣ ਕਰਦੇ ਹਨ ਤਾਂ ਉਨ੍ਹਾਂ ਨੂੰ ਸੰਸਾਰ ਦੇ ਲੋਕਾਂ ਵਲ ਅਰਪਣ ਕਰਦੇ ਹਨ। ਕਿਸੀ ਵੀ ਧਰਮ, ਜਾਤੀ ਯਾ ਵਿਸ਼ਵਾਸ ਨਾਲ ਸਬੰਧ ਰੱਖਣ ਵਾਲਾ ਕੋਈ ਵੀ ਆਦਮੀ ਬਹਾਈ ਪ੍ਰਾਰਥਨਾ ਘਰ ਵਿਚ ਆ ਸਕਦਾ ਹੈ। ਸਭ ਧਰਮਾਂ ਦੇ ਪਵਿਤਰ ਲੇਖ ਸਾਡੇ ਪ੍ਰਾਰਥਨਾ ਘਰਾਂ ਵਿਚ ਪੜ੍ਹੇ ਜਾਂਦੇ ਹਨ। ਪ੍ਰਾਰਥਨਾ ਘਰਾਂ ਦੇ ਲੋਕ ਇਕ ਹੀ ਪਰਵਾਰ ਦੇ ਮੈਂਬਰਾਂ ਸਮਾਨ ਇਕ ਸਰਵ ਸ਼ਕਤੀ ਪ੍ਰਭੂ ਦੀ ਭਗਤੀ ਦੇ ਲਈ ਇਕ ਹੀ ਛੱਤ ਦੇ ਥੱਲੇ ਇਕੱਠੇ

ਹੁੰਦੇ ਹਨ।

ਬਹਾਈ ਪ੍ਰਾਰਥਨਾ ਘਰਾਂ ਦੇ ਢਾਂਚੇ ਖੁਦ ਹੀ ਏਕਤਾ ਦੇ ਪ੍ਰਤੀਕ ਹਨ। ਇਹ ਨੌਂਕੋਨ ਭਵਨ ਹੁੰਦੇ ਹਨ। ਹਰ ਦਿਸ਼ਾ ਵਿਚ ਇਕ ਦਰਵਾਜ਼ਾ ਹੁੰਦਾ ਹੈ। ਇਹ ਸਾਰੇ ਦਰਵਾਜ਼ੇ ਇਕ ਸੁੰਦਰ ਗੁੰਬਦ ਦੇ ਥੱਲੇ ਵਡੇ ਕਮਰੇ ਵਿਚ ਖੁਲ੍ਹਦੇ ਹਨ। ਇਹ ਨੌਂ ਦਰਵਾਜ਼ੇ ਤੇ ਨੌਂ ਕੋਨ ਭਵਨ ਸੰਸਾਰ ਦੇ ਨੌਂ ਵਡੇ ਧਰਮਾਂ ਦੇ ਪ੍ਰਤੀਕ ਹਨ। ਇਹ ਸਾਰੇ ਧਰਮਾਂ ਦੀ ਮੌਖਿਕ ਏਕਤਾ ਨੂੰ ਦਰਸਾਂਦੇ ਹਨ। ਜਦੋਂ ਅਸੀਂ ਵਡੇ ਕਮਰੇ ਵਿਚ ਹੁੰਦੇ ਹਾਂ ਤਾਂ ਆਪਣੇ ਆਸ ਪਾਸ ਨਜ਼ਰ ਦੌੜਾਨ ਵਿਚ ਅਸੀਂ ਹਰ ਦਿਸ਼ਾ ਵਿਚ ਸੁੰਦਰ ਦਰਵਾਜ਼ੇ ਦੇਖਦੇ ਹਾਂ। ਬਹਾਈ ਪ੍ਰਾਰਥਨਾ ਘਰ ਵਿਚ ਕੋਈ ਅਗਲਾ ਯਾ ਪਿਛਲਾ ਦਰਵਾਜ਼ਾ ਨਹੀਂ ਹੁੰਦਾ। ਸਭ ਦਰਵਾਜ਼ੇ ਸਭ ਦਿਸ਼ਾਵਾਂ ਵਿਚ ਖੁਲੇ ਹੁੰਦੇ ਹਨ। ਸਾਰੇ ਰੋਸ਼ਨੀ ਪ੍ਰਾਪਤ ਕਰਦੇ ਹਨ ਤੇ ਉਸ ਨੂੰ ਵਡੇ ਕਮਰੇ ਵਿਚ ਪਹੁੰਚਾਂਦੇ ਹਨ, ਜਿਥੇ ਹਰ ਤਰ੍ਹਾਂ ਦੇ ਲੋਕ ਪ੍ਰਭੂ ਭਗਤੀ ਲਈ ਇਕੱਠੇ ਹੁੰਦੇ ਹਨ। ਕਿਸੀ ਭਵਨ ਵਿਚ ਧਰਮਾਂ ਦੀ ਸਮਾਨਤਾ ਤੇ ਏਕਤਾ ਦਿਖਾਣ ਦਾ ਇਹ ਅਦਭੁਤ ਤਰੀਕਾ ਹੈ।

ਬਹਾਈ ਪ੍ਰਾਰਥਨਾ ਘਰ ਕੇਵਲ ਭਗਤੀ ਸਥਾਨ ਮਾਤਰ ਹੀ ਨਹੀਂ ਹਨ। ਇਹ ਸੰਸਥਾਵਾਂ ਹਨ। ਇਨ੍ਹਾਂ ਨੌਂ ਕੋਣਾ ਪ੍ਰਾਰਥਨਾ ਘਰਾਂ ਦੇ ਪਾਸ ਨੌਂ ਲੋਕਹਿਤ ਸੰਸਥਾਵਾਂ, ਜਿਸ ਤਰ੍ਹਾਂ ਕਿ ਪਾਠਸ਼ਾਲਾ, ਅਨਾਥ ਘਰ, ਦਵਾਈ ਘਰ ਆਦਿ ਵਿਚੋਂ ਪ੍ਰਾਰਥਨਾ ਘਰ ਦੀ ਇਕ ਦਿਸ਼ਾ ਤੋਂ ਸੁੰਦਰ ਰਸਤਿਆਂ ਦਵਾਰਾ ਸੰਬੰਧਿਤ ਹੁੰਦੀਆਂ ਹਨ। ਇਹ ਸਾਰੇ ਰਸਤੇ ਪ੍ਰਭੂ ਦੇ ਘਰ ਵਲ ਲੈ ਜਾਂਦੇ ਹਨ। ਕੀ ਇਹ ਸੁੰਦਰ ਵਿਵਸਥਾ ਨਹੀਂ ? ਬਿਨਾਂ ਕਿਸੀ ਸ਼ਕ ਇਹ ਸੁੰਦਰ ਹੈ ਕਿਉਂਕਿ ਖੁਦ ਅਬਦੁਲਬਹਾ ਨੇ ਆਪਣੀ ਪ੍ਰਕਾਸ਼ਿਤ ਪਾਟੀਆਂ ਵਿਚ ਬਹਾਈ ਪ੍ਰਾਰਥਨਾ ਘਰ ਦੀ ਯੋਜਨਾ ਦੀ ਰੂਪਰੇਖਾ ਬਣਾਈ ਹੈ।

ਇਸ ਸਮੇਂ ਸੰਸਾਰ ਦੇ ਪੰਜ ਮਹਾਂਦੀਪਾਂ ਵਿਚ ਸਾਡੇ ਪ੍ਰਾਰਥਨਾ ਘਰ ਹੰਨ। ਇਕ ਇਸ਼ਕਾਬਾਦ (ਰੂਸ) ਏਸ਼ੀਆ ਵਿਚ, ਇਕ ਵਿਲਮਿਟ, ਅਮਰੀਕਾ ਵਿਚ, ਇਕ ਕੰਪਾਲਾ, ਅਫਰੀਕਾ ਵਿਚ, ਇਕ ਸਿਡਨੀ, ਆਸਟਰੇਲੀਆ ਵਿਚ ਤੇ ਇਕ ਹੋਰ ਯੂਰਪ ਮਹਾਂਦੀਪ ਵਿਚ ਫਰੈਂਕਫਰਟ, ਜਰਮਨੀ ਵਿਚ ਹੈ। ਇਹ ਹਰ ਮਹਾਂਦੀਪ ਦੇ ਮੁੱਖ ਪ੍ਰਾਰਥਨਾ ਘਰ ਕਹਿਲਾਂਦੇ ਹਨ ਕਿਉਂਕਿ ਭਵਿਖ ਵਿਚ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਬਹੁਤ ਸਾਰੇ ਪ੍ਰਾਰਥਨਾ ਘਰਾਂ ਦਾ ਨਿਰਮਾਣ ਕੀਤਾ

ਜਾਵੇਗਾ। ਕਈ ਦੇਸ ਆਪਣੇ ਪ੍ਰਾਰਥਨਾ ਘਰ ਬਣਾਣ ਵਾਸਤੇ ਜ਼ਮੀਨ ਪ੍ਰਾਪਤ ਕਰ ਚੁਕੇ ਹਨ। ਹੁਣ ਨਵੀਂ ਦਿੱਲੀ, ਭਾਰਤ ਵਿੱਚ ਵੀ ਇੱਕ ਸੁੰਦਰ ਪ੍ਰਾਰਥਨਾ ਘਰ ਬਣ ਗਿਆ ਹੈ।

ਬਹਾਈ ਖਜ਼ਾਨਾ :

ਜੇ ਤੁਸੀਂ ਕਿਸੀ ਐਸੇ ਪਿੰਡ ਵਿਚ ਰਹਿੰਦੇ ਹੋਵੋ ਜਿਥੇ ਹੜ੍ਹ ਆ ਗਿਆ ਹੋਵੇ ਤੇ ਉਸ ਵਿਚ ਕਿਸੀ ਆਦਮੀ ਦਾ ਘਰ ਰੁੜ੍ਹ ਗਿਆ ਹੋਵੇ, ਜਿਸ ਨਾਲ ਉਹ ਤੇ ਉਸ ਦੇ ਬੱਚੇ ਬੇਘਰ ਹੋ ਗਏ ਹੋਣ ਤੇ ਫਿਰ ਤੁਹਾਨੂੰ ਪਤਾ ਚੱਲੇ ਕਿ ਕੁਝ ਲੋਕ ਇਸ ਬੇਘਰ ਪਰਵਾਰ ਵਾਸਤੇ ਸ਼ਰਣ ਜਗ੍ਹਾ ਬਣਾਣ ਵਿਚ ਮਦਦ ਕਰ ਰਹੇ ਹਨ ਤਾਂ ਤੁਸੀਂ ਕੀ ਕਰੋਗੇ ? ਕੀ ਤੁਸੀਂ ਇਹ ਕਹੋਗੇ ਕਿ ਤੁਸੀਂ ਮਦਦ ਦੇਣ ਦੇ ਯੋਗ ਨਹੀਂ ਯਾ ਤੁਸੀਂ ਆਪਣਾ ਹਿੱਸਾ, ਚਾਹੇ ਉਹ ਕਿੰਨਾ ਹੀ ਘਟ ਹੋਵੇ, ਪੇਸ਼ ਕਰੋਗੇ ਤਾਂ ਜੋ ਬਾਰਿਸ਼ ਦੇ ਮੌਸਮ ਵਿਚ ਇਸ ਪਰਵਾਰ ਦੇ ਸਿਰਾਂ ਤੇ ਛੱਤ ਹੋਣਾ ਸੰਭਵ ਹੋ ਸਕੇ ? ਸੰਭਵ ਹੈ ਕਿ ਜੋ ਤੁਸੀਂ ਦੇ ਸਕੋ ਉਹ ਪੱਥਰਾਂ ਦੀ ਭਰੀ ਗੱਡੀ ਜਾਂ ਇਕ ਛੋਟੀ ਜਿਹੀ ਰਕਮ ਹੀ ਹੋਵੇ, ਪਰ ਇਹ ਕਈ ਅਨੁਦਾਨਾਂ ਵਿਚੋਂ ਇਕ ਹੋਵੇਗਾ, ਜਿਨ੍ਹਾਂ ਨੂੰ ਆਪਸ ਵਿਚ ਮਿਲਾਣ ਤੇ ਇਸ ਪਰਵਾਰ ਲਈ, ਜਿਸ ਦਾ ਕੋਈ ਹੋਰ ਘਰ ਨਹੀਂ ਸ਼ਰਣ ਜਗ੍ਹਾ ਬਣਾਣਾ ਸੰਭਵ ਹੋ ਸਕੇਗਾ।

ਅਜਕਲ ਮਨੁੱਖ ਜਾਤੀ ਵੀ ਲੜਾਈ ਦੇ ਤੂਫਾਨ ਤੇ ਸੈਂਕੜੇ ਹੋਰ ਸੰਕਟਾਂ ਵਿਚ ਫਸੀ ਇਕ ਪਰਵਾਰ ਦੇ ਸਮਾਨ ਹੈ ਤੇ ਬਹਾਈ ਧਰਮ ਉਹ ਸ਼ਰਣਥਲ ਹੈ ਜਿਥੇ ਮਨੁੱਖਤਾ ਸ਼ਾਂਤੀ ਤੇ ਖੁਸ਼ੀ ਪਾ ਸਕਦੀ ਹੈ। ਸੰਸਾਰ ਦੇ ਬਹਾਈ ਮਨੁੱਖ ਜਾਤੀ ਦੇ ਲਈ ਇਸ ਸ਼ਰਣ ਜਗ੍ਹਾ ਦੇ ਨਿਰਮਾਣ ਵਿਚ ਪ੍ਰਯਤਨਸ਼ੀਲ ਹਨ। ਕੀ ਸਾਡੇ ਵਿਚੋਂ ਹਰ ਇਕ ਸਹਾਇਤਾ ਦੇਣ ਵਿਚ ਅਗੇ ਨਹੀਂ ਵਧੇਗਾ ?

ਅਸੀਂ ਜ਼ਰੂਰ ਹੀ ਧਰਮ ਸੰਸਥਾਵਾਂ ਦੀ ਸਥਾਪਨਾ, ਆਪਣੇ ਕੇਂਦਰਾਂ ਤੇ ਪ੍ਰਾਰਥਨਾ ਘਰਾਂ ਦਾ ਨਿਰਮਾਣ, ਪ੍ਰਭੂ ਦੀ ਸਿਖਿਆਵਾਂ ਦਾ ਸੰਸਾਰ ਦੀ ਸਭ ਜ਼ਬਾਨਾਂ ਵਿਚ ਅਨੁਵਾਦ, ਕਿਤਾਬਾਂ ਆਦਿ ਦਾ ਪ੍ਰਕਾਸ਼ਨ ਕਰੀਏ। ਅਤੇ ਇਨ੍ਹਾਂ ਸਾਰੇ ਕੰਮਾਂ ਤੇ ਹੋਰ ਕੰਮਾਂ ਵਾਸ੍ਤੇ ਭੌਤਿਕ ਸਾਧਨਾਂ ਤੇ ਦੈਵੀ ਸਹਾਇਤਾ ਦੀ ਜ਼ਰੂਰਤ ਹੈ। ਇਸ ਕਰਕੇ ਹਰ ਸਥਾਨਿਕ ਸਭਾ ਤੇ ਰਾਸ਼ਟਰੀਯ ਅਧਿਆਤਮਕ ਸਭਾ ਦਾ ਇਕ ਖਾਸ ਖਜ਼ਾਨਾ ਹੁੰਦਾ ਹੈ ਜਿਸ ਵਿਚ ਬਹਾਈ ਆਪਣਾ ਹਿੱਸਾ ਦੇ

ਸਕਦੇ ਹਨ।

(ਦਾਨ ਜ਼ਰੂਰ ਹੀ ਸਵੈ-ਇੱਛਾ ਪੂਰਵਕ ਦਿਤਾ ਜਾਵੇ, ਜੇ ਅਸੀਂ ਖਜ਼ਾਨੇ ਵਾਸਤੇ ਦਾਨ ਨਾ ਦੇਣਾ ਚਾਹੀਏ ਤਾਂ ਸਾਨੂੰ ਕੋਈ ਮਜ਼ਬੂਰ ਨਹੀਂ ਕਰ ਸਕਦਾ, ਪਰ ਖਜ਼ਾਨੇ ਵਿਚ ਦਾਨ ਪਾਉਣਾ ਸਾਡਾ ਅਧਿਆਤਮਕ ਫਰਜ਼ ਤੇ ਧਰਮ ਦੀ ਪ੍ਰੀਖਿਆ ਹੈ। ਮਨੁੱਖਤਾ ਲਈ, ਇਸ ਧਰਮ ਦੇ ਮਹੱਤਵ ਦੀ ਜਾਣਕਾਰੀ ਰਖਦੇ ਹੋਏ ਕੋਈ ਵੀ ਬਹਾਈ, ਇਸ ਦੀ ਸੰਸਥਾਵਾਂ ਦੀ ਸਥਾਪਨਾ ਤੇ ਦੁਖੀ ਜਗਤ ਦਾ ਧਿਆਨ ਇਸ ਵਲ ਖਿੱਚਣ ਵਿਚ ਸਹਾਇਤਾ ਦੇਣ ਲਈ ਆਪਣੇ ਖਾਸ਼ ਅਧਿਕਾਰ ਤੋਂ ਆਪਣੇ ਆਪ ਨੂੰ ਵੰਚਿਤ ਨਹੀਂ ਕਰ ਸਕਦਾ।

ਬਹਾਈ ਖਜ਼ਾਨੇ ਵਿਚ ਦਿਤੀ ਜਾਣ ਵਾਲੀ ਰਕਮ ਉਨੀ ਮਹੱਤਵਪੂਰਣ ਨਹੀਂ ਹੁੰਦੀ ਜਿੰਨੀ ਕਿ ਉਹ ਪ੍ਰੀਵਰਤੀ ਜਿਸ ਨਾਲ ਅਸੀਂ ਦਾਨ ਦੇਂਦੇ ਹਾਂ। ਜਦੋਂ ਬਹਾਈ ਅਮਰੀਕਾ ਵਿਚ ਪ੍ਰਾਰਥਨਾ ਘਰ ਬਣਾਉਣਾ ਚਾਹੁੰਦੇ ਸਨ ਤਾਂ ਅਬਦੁਲਬਹਾ ਨੇ ਸਾਰੇ ਸੰਸਾਰ ਭਰ ਦੇ ਚੇਲਿਆਂ ਨੂੰ ਇਸ ਵਾਸਤੇ ਦਾਨ ਦੇਣ ਲਈ ਕਿਹਾ। ਇਕ ਅੰਗਰੇਜ਼ ਔਰਤ ਜੋ ਅਤਿ ਗਰੀਬ ਸੀ, ਪਰ ਨਿਰਮਾਣ ਵਾਸਤੇ ਕੁਝ ਨਾ ਕੁਝ ਦੇਣ ਦੀ ਲਾਲਸਾ ਸੀ। ਸੰਸਾਰ ਵਿਚ ਜੋ ਕੁਝ ਉਸ ਪਾਸ ਸੀ, ਜਿਸ ਨੂੰ ਉਹ ਵੇਚ ਸਕਦੀ ਸੀ, ਉਹ ਸੀ ਉਹ ਦੇ ਸੋਹਣੇ, ਲੰਬੇ ਤੇ ਸੁਨਹਿਰੀ ਵਾਲ। ਜਦ ਕਿ ਇਸ ਦਾ ਅਰਥ ਬਹੁਤ ਵਡੀ ਕੁਰਬਾਨੀ ਸੀ, ਫਿਰ ਵੀ ਉਸ ਨੇ ਆਪਣੇ ਵਾਲ ਕਟਵਾ ਦਿਤੇ ਤੇ ਉਸ ਦੀ ਵੇਚ ਤੋਂ ਪ੍ਰਾਪਤ ਰਕਮ ਨੂੰ ਖਜ਼ਾਨੇ ਵਾਸਤੇ ਦਾਨ ਦੇ ਦਿਤਾ। ਇਸ ਤਰ੍ਹਾਂ ਉਹ ਵੀ ਇਕ ਗੌਰਵਮਈ ਮੰਦਿਰ ਦੇ ਨਿਰਮਾਣ ਵਿਚ ਭਾਗ ਲੈ ਸਕੀ।

ਸਾਡੇ ਪਿਆਰੇ ਧਰਮ ਰੱਖਿਅਕ ਨੇ ਕਿਹਾ ਹੈ ;

"ਅਸੀਂ ਜ਼ਰੂਰ ਹੀ ਸੋਤਰ ਜਾਂ ਝਰਨੇ ਦੀ ਤਰ੍ਹਾਂ ਹੋਈਏ ਜੋ ਆਪਣੇ ਆਪ ਨੂੰ ਲਗਾਤਾਰ ਉਸ ਤੋਂ ਖਾਲੀ ਕਰਦਾ ਰਹਿੰਦਾ ਹੈ ਜੋ ਕਿ ਉਸ ਵਿਚ ਹੈ ਤੇ ਲਗਾਤਾਰ ਭੀ ਉਹ ਕਿਸੇ ਅਦਿੱਖ ਸਾਧਨ ਤੋਂ ਭਰਦਾ ਰਹਿੰਦਾ ਹੈ। ਗਰੀਬੀ ਦੇ ਡਰ ਤੋਂ ਪਿਛੇ ਹਟੇ ਬਿਨਾਂ ਤੇ ਸਾਰੇ ਐਸ਼ਵਰਯ ਤੇ ਸਭ ਚੰਗਿਆਈਆਂ ਦੇ ਸੋਤਰ ਦੀ ਕਦੀ ਅਸਫਲ ਨਾ ਹੋਣ ਵਾਲੀ ਕਿਰਪਾ ਵਿਚ ਦ੍ਰਿੜ ਵਿਸ਼ਵਾਸ ਰਖਦੇ ਹੋਏ ਆਪਣੇ ਸਾਥੀਆਂ ਦੀ ਭਲਾਈ ਵਾਸਤੇ ਲਗਾਤਾਰ ਦਾਨ ਦੇਂਦੇ ਰਹਿਣਾ—ਇਹੀ ਸੱਚੇ

ਜੀਵਨ ਦਾ ਭੇਦ ਹੈ।"

ਯਾਦ ਰਖੋ ਅਬਦੁਲਬਹਾ ਨੇ ਕਿਹਾ ਹੈ :

"ਐ ਪ੍ਰਭੂ ਦੇ ਮਿੱਤਰੋ, ਵਿਸ਼ਵਾਸ ਰਖੋ ਕਿ ਇਸ ਦਾਨ ਬਦਲੇ ਤੁਹਾਡੇ ਵਪਾਰ, ਤੁਹਾਡੀ ਖੇਤੀ ਤੇ ਤੁਹਾਡੇ ਉਦਯੋਗ ਨੂੰ ਕਈ ਗੁਣਾਂ ਜ਼ਿਆਦਾ ਪ੍ਰਭੂ ਕਿਰਪਾ ਪ੍ਰਾਪਤ ਹੋਵੇਗੀ। ਜੋ ਵੀ ਇਕ ਚੰਗਾ ਕੰਮ ਕਰੇਗਾ, ਪ੍ਰਭੂ ਉਸ ਨੂੰ ਦਸ ਗੁਣਾਂ ਜ਼ਿਆਦਾ ਦੇਵੇਗਾ ; ਬਿਨਾਂ ਕਿਸੀ ਸ਼ਕ, ਅਮਰ ਸਵਾਮੀ ਉਦਾਰ ਆਤਮਾ ਦੀ ਸਹਾਇਤਾ ਤੇ ਪੁਸ਼ਟੀ ਕਰਦਾ ਹੈ।"

ਕੁੱਝ ਨੇਮ ਤੇ ਫ਼ਰਜ਼

ਪਵਿੱਤਰ ਦਿਨ ਮੰਨਾਉਣਾ :

ਸਾਲ ਵਿਚ ਨੌਂ ਪਵਿੱਤਰ ਦਿਨ ਇਹੋ ਜਿਹੇ ਹੁੰਦੇ ਹਨ ਜਦੋਂ ਬਹਾਈਆਂ ਨੂੰ ਆਪਣਾ ਕੰਮ ਕਾਜ ਬੰਦ ਰਖਣਾ ਚਾਹੀਦਾ ਹੈ। ਇਹ ਦਿਨ ਇਸ ਵਾਸਤੇ ਅਲੱਗ ਰਖੇ ਗਏ ਹਨ ਕਿਉਂਕਿ ਇਨ੍ਹਾਂ ਵਿਚੋਂ ਹਰ ਇਕ ਦਿਨ ਨੂੰ ਪ੍ਰਭੂ ਧਰਮ ਵਿਚ ਕੋਈ ਨਾ ਕੋਈ ਮਹੱਤਵਪੂਰਣ ਘਟਨਾ ਘਟੀ ਤੇ ਇਸ ਕਾਰਣ ਇਨ੍ਹਾਂ ਨੂੰ ਸਮਾਨ ਦਿਨਾਂ ਦੀ ਤਰ੍ਹਾਂ ਨਹੀਂ ਮੰਨਿਆ ਜਾਂਦਾ। ਇਨ੍ਹਾਂ ਪਵਿੱਤਰ ਦਿਨਾਂ ਵਿਚ ਸੱਤ (੭) ਪ੍ਰੀਤੀ ਭੋਜ ਤੇ ਦੋ ਦਿਨ ਮਹਾਤਮਾ ਬਾਬ ਦੀ ਸ਼ਹੀਦੀ ਤੇ ਭਗਵਾਨ ਬਹਾਉੱਲਾਹ ਦੇ ਸਵਰਗ ਸਿਧਾਰਨ ਦੀ ਬਰਸੀ ਦੇ ਰੂਪ ਵਿਚ ਮਨਾਏ ਜਾਂਦੇ ਹਨ।

ਪ੍ਰੀਤੀ ਭੋਜ ਦੇ ਦਿਨਾਂ ਵਿਚ ਸਭ ਤੋਂ ਪਹਿਲਾਂ ਨਵੇਂ ਸਾਲ ਦਾ ਪ੍ਰੀਤੀ ਭੋਜ ਹੈ ਜੋ ਵਰਤਾਂ ਦੀ ਅਵਧੀ ਦੀ ਸਮਾਪਤੀ ਤੇ ਨਵੇਂ ਸਾਲ ਦੇ ਸ਼ੁਰੂ ਹੋਣ ਦਾ ਪ੍ਰਤੀਕ ਹੈ।

ਅਗਲੇ ਤਿੰਨ ਪ੍ਰੀਤੀ ਭੋਜ ਰਿਜ਼ਵਾਨ ਉਤਸਵ ਦੀ ਅਵਧੀ ਵਿਚ ਹੁੰਦੇ ਹਨ। ਇਹ ਭਗਵਾਨ ਬਹਾਉੱਲਾਹ ਦੀ ਘੋਸ਼ਣਾ ਦੀ ਵਰ੍ਹੇ ਗੰਢ ਹੈ ਜੋ ਉਨ੍ਹਾਂ ਨੇ ਬਗਦਾਦ ਵਿਚ ਕੀਤੀ। ਇਨ੍ਹਾਂ ਬਾਰਾਂ ਦਿਨਾਂ ਵਿਚ, ਜਿਨ੍ਹਾਂ ਨੂੰ ਅਸੀਂ ''ਰਿਜ਼ਵਾਨ ਦੇ ਦਿਨ'' ਕਹਿੰਦੇ ਹਾਂ, ਭਗਵਾਨ ਬਹਾਉੱਲਾਹ ਨੇ ਇਕ ਸੁੰਦਰ ਬਾਗ ਵਿਚ ਨਿਵਾਸ ਕੀਤਾ ਜੋ 'ਰਿਜ਼ਵਾਨ' ਕਹਿਲਾਂਦਾ ਸੀ ਤੇ ਜਿਥੇ ਕਾਨਸਟੈਂਟੀਨੋਪਲ ਦੇ ਪ੍ਰਸਥਾਨ ਤੋਂ ਪਹਿਲਾਂ ਉਨ੍ਹਾਂ ਦੇ ਦੇਸ਼ਤ ਤੇ ਚੇਲੇ ਅਖੀਰਲੀ ਵਾਰ ਉਨ੍ਹਾਂ ਦੇ ਦਰਸ਼ਨਾਂ ਨੂੰ ਆਏ। ਭਗਵਾਨ ਬਹਾਉੱਲਾਹ ਨੂੰ ਦੇਸ਼ ਤੋਂ ਨਿਕਾਲਾ ਦਿਤਾ ਜਾ ਰਿਹਾ ਸੀ ਤੇ ਉਨ੍ਹਾਂ ਦੇ ਬਹੁਤ ਸਾਰੇ ਚੇਲੇ ਤੇ ਸੈਂਕੜੇ ਹੋਰ ਲੋਕ ਜੋ ਉਨ੍ਹਾਂ ਦਾ ਆਦਰ ਸਤਿਕਾਰ ਕਰਨ ਲਗ ਪਏ ਸਨ, ਉਨ੍ਹਾਂ ਦੇ ਪ੍ਰਥਾਨ ਤੋਂ ਬਹੁਤ ਦੁਖੀ ਹੋ

ਉਠੇ ਸਨ। ਪਰ ਇਹ ਮਹਾਨ ਖੇਦ ਤੇ ਦੁਖ, ਜਿਸ ਤੋਂ ਉਨ੍ਹਾਂ ਦੇ ਪਰੇਮੀਆਂ ਦੇ ਦਿਲ ਭਰੇ ਪਏ ਸਨ, ਮਹਾਨ ਆਨੰਦ ਵਿਚ ਤਬਦੀਲ ਹੋਣਾ ਸੀ ਕਿਉਂਕਿ ਉਨ੍ਹਾਂ ਹੀ ਦਿਨਾਂ ਵਿਚ ਬਹਾਉੱਲਾਹ ਨੇ ਖੁਲੇਆਮ ਘੋਸ਼ਣਾ ਕੀਤੀ ਕਿ ਉਹ ਹੀ ਉਹ ਸਨ ਜਿਸ ਦੇ ਆਉਣ ਦੀ ਭਵਿੱਖ ਬਾਣੀ ਭੂਤਕਾਲ ਵਿਚ ਦੈਵੀ ਅਵਤਾਰਾਂ ਨੇ ਕੀਤੀ ਸੀ ਤੇ ਜਿਸ ਦੇ ਵਾਸਤੇ ਪੂੰਨ ਆਤਮਾ ਮਹਾਤਮਾ ਬਾਬ ਨੇ ਆਪਣਾ ਅਮੁੱਲ ਜੀਵਨ ਕੁਰਬਾਨ ਕਰ ਦਿਤਾ ਸੀ। ਉਨ੍ਹਾਂ ਬਾਰਾਂ ਅਦਭੁਤ ਦਿਨਾਂ ਦੀ ਯਾਦ ਵਿਚ ਅਸੀਂ ਹਰ ਸਾਲ ਰਿਜ਼ਵਾਨ ਦਾ ਪ੍ਰੀਤੀ ਭੋਜ ਮਨਾਂਦੇ ਹਾਂ ਅਤੇ ਇਨ੍ਹਾਂ ਦਿਨਾਂ ਵਿਚ ਪਹਿਲਾ, ਨੌਵਾਂ ਤੇ ਬਾਰ੍ਹਵਾਂ ਦਿਨ, ਉਹ ਪਵਿੱਤਰ ਦਿਨ ਹਨ ਜਦੋਂ ਅਸੀਂ ਕੰਮ ਕਾਜ ਬੰਦ ਰਖਦੇ ਹਾਂ। ਉਸ ਤੋਂ ਬਾਦ ਮਹਾਤਮਾ ਬਾਬ ਦੀ ਘੋਸ਼ਣਾ ਦੀ ਵਰ੍ਹੇ-ਗੰਢ ਹੈ ਜੋ ਉਹ ਦਿਨ ਹੈ ਜਦੋਂ ਮਹਾਤਮਾ ਬਾਬ ਨੇ ਸ਼ੀਰਾਜ਼ ਨਗਰ ਵਿਚ ਪਹਿਲੀ ਵਾਰ ਮੁੱਲਾ ਹੁਸੈਨ ਨਾਲ ਆਪਣੇ ਖਾਸ ਮਕਸਦ (ਮਿਸ਼ਨ) ਦੇ ਬਾਰੇ ਵਿਚ ਗੱਲਬਾਤ ਕੀਤੀ ਸੀ।

ਸਾਡੇ ਪ੍ਰੀਤੀ ਭੋਜ ਦੇ ਦਿਨਾਂ ਵਿਚ ਛੇਵਾਂ ਤੇ ਸਤਵਾਂ ਦਿਨ ਮਹਾਤਮਾ ਬਾਬ ਤੇ ਭਗਵਾਨ ਬਹਾਉੱਲਾਹ ਦੇ ਜਨਮ ਦਿਨ ਹਨ।

ਬਹਾਈ ਪਵਿੱਤਰ ਦਿਨ ਇਹ ਹਨ।

੧. ਮਾਰਚ ੨੧	ਨਵੇਂ ਸਾਲ ਦਾ ਪ੍ਰੀਤੀ ਭੋਜ
੨. ਅਪਰੈਲ ੨੧	ਰਿਜ਼ਵਾਨ ਦਾ ਪਹਿਲਾ ਦਿਨ—ਭਗਵਾਨ ਬਹਾਉੱਲਾਹ ਦੀ ਘੋਸ਼ਣਾ (੧੮੬੩) ੩ ਵਜੇ ਸ਼ਾਮ
੩. ਅਪਰੈਲ ੨੯	ਰਿਜ਼ਵਾਨ ਦਾ ਨੌਵਾਂ ਦਿਨ·
੪. ਮਈ ੨	ਰਿਜ਼ਵਾਨ ਦਾ ਬਾਰ੍ਹਵਾਂ ਦਿਨ
੫. ਮਈ ੨੩	ਮਹਾਤਮਾ ਬਾਬ ਦਾ ਐਲਾਨ (੧੮੪੪) ੨੨ ਮਈ ਸੂਰਜ ਅਸਤ ਦੇ ੨ ਘੰਟੇ ੧੧ ਮਿੰਟ ਬਾਦ
੬. ਮਈ ੨੯	ਭਗਵਾਨ ਬਹਾਉੱਲਾਹ ਦਾ ਸਵਰਗਵਾਸ (੧੮੯੨) ੩ ਵਜੇ ਸਵੇਰੇ
੭. ਜੁਲਾਈ ੯	ਮਹਾਤਮਾ ਬਾਬ ਦਾ ਬਲੀਦਾਨ (੧੮੫੦) ਦੁਪਹਿਰ ਦੇ ਲਗਭਗ

੮. ਅਕਤੂਬਰ ੨੦	ਮਹਾਤਮਾ ਬਾਬ ਦਾ ਜਨਮ ਦਿਨ (੧੮੧੯)
੯. ਨਵੰਬਰ ੧੨	ਭਗਵਾਨ ਬਹਾਉੱਲਾਹ ਦਾ ਜਨਮ ਦਿਨ (੧੮੧੭)

ਸੂਰਜ ਅਸਤ ਬਹਾਈਆਂ ਲਈ ਇਕ ਦਿਨ ਦਾ ਅੰਤ ਤੇ ਦੂਸਰੇ ਦਿਨ ਦੀ ਸ਼ੁਰੂਆਤ ਹੁੰਦਾ ਹੈ। ਸੋ, ਇਨ੍ਹਾਂ ਵਿਚੋਂ ਹਰ ਇਕ ਦਿਨ ਪਹਿਲੇ ਦਿਨ ਦੇ ਸੂਰਜ ਅਸਤ ਤੋਂ ਸ਼ੁਰੂ ਹੋ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਮਹਾਤਮਾ ਬਾਬ ਦੀ ਘੋਸ਼ਣਾ ਦਾ ਸਮਾਂ ੨੨ ਮਈ ਸੂਰਜ ਅਸਤ ਤੋਂ ਦੋ ਘੰਟੇ ੧੧ ਮਿੰਟ ਬਾਦ ਹੈ ਅਤੇ ਇਹ ਸਮਾਂ ੨੩ ਮਈ ਦੇ ਸੂਰਜ ਅਸਤ ਨਾਲ ਖਤਮ ਹੁੰਦਾ ਹੈ। ਭਗਵਾਨ ਬਹਾਉੱਲਾਹ ਦਾ ਸਵਰਗਵਾਸ ਦਿਨ ੨੮ ਮਈ ਸੂਰਜ ਅਸਤ ਤੋਂ ਸ਼ੁਰੂ ਹੋ ਕੇ ੨੯ ਮਈ ਸੂਰਜ ਅਸਤ ਦੇ ਨਾਲ ਸਮਾਪਤ ਹੁੰਦਾ ਹੈ।

ਅਬਦੁਲਬਹਾ ਫਰਮਾਂਦੇ ਹਨ ਕਿ ਪ੍ਰਭੂ ਧਰਮ ਦੀ ਉੱਨਤੀ ਤੇ ਮਨੁੱਖਤਾ ਦੀ ਸੇਵਾ ਵਾਸਤੇ ਕੁਝ ਮਹੱਤਵਪੂਰਣ ਕਦਮ ਚੁਕ ਕੇ ਸਾਨੂੰ ਇਨ੍ਹਾਂ ਪਵਿੱਤਰ ਦਿਨਾਂ ਨੂੰ ਸਾਲ ਦੇ ਦੂਜੇ ਦਿਨਾਂ ਤੋਂ ਵੱਖ ਬਣਾਨ ਦਾ ਯਤਨ ਕਰਨਾ ਚਾਹੀਦਾ ਹੈ। ਹਰ ਸਮਾਜ ਵਿਚ ਅਸੀਂ ਆਪਣੀ ਖਮਤਾ ਤੇ ਖਾਸ ਜ਼ਰੂਰਤ ਅਨੁਸਾਰ ਬਹਾਈ ਕੇਂਦਰ ਯਾ ਬਹਾਈ ਜਮਾਤ, ਸਕੂਲ ਯਾ ਹਸਪਤਾਲ ਸ਼ੁਰੂ ਕਰ ਸਕਦੇ ਹਾਂ। ਵਿਅਕਤੀਗਤ ਤੌਰ ਤੇ ਵੀ ਅਸੀਂ ਇਸ ਤਰ੍ਹਾਂ ਦੇ ਫੈਸਲੇ ਕਰ ਸਕਦੇ ਹਾਂ ਜੋ ਸਾਡੇ ਆਪਣੇ ਨਿਜੀ ਜੀਵਨ ਵਿਚ ਚੰਗੇ ਬਹਾਈ ਬਣਨ ਤੇ ਸਮਾਜ ਦੇ ਚੰਗੇ ਮੈਂਬਰ ਬਣਨ ਵਿਚ ਮਦਦਗਾਰ ਸਿੱਧ ਹੋ ਸਕਦੇ ਹਨ। ਇਸ ਲਈ, ਅਬਦੁਲਬਹਾ ਦੇ ਅਨੁਸਾਰ ਸਾਡੇ ਲਈ ਪ੍ਰੀਤੀਭੋਜ ਦਾ ਅਰਥ ਖਾਲੀ ਚੰਗੇ ਪਦਾਰਥ ਖਾਣਾ ਤੇ ਚੰਗਾ ਸਮਾਂ ਬਿਤਾਣਾ ਹੀ ਨਹੀਂ ਜਦੋਂ ਕਿ ਇਹ ਪ੍ਰੀਤੀਭੋਜ ਦਾ ਭਾਗ ਹੈ।

ਨਾ ਹੀ ਮਹਾਤਮਾ ਬਾਬ ਯਾ ਬਹਾਉੱਲਾਹ ਦੇ ਸਵਰਗਵਾਸ ਦੇ ਦਿਨ ਅਸੀਂ ਬੈਠ ਕੇ ਅਫਸੋਸ ਮਨਾਂਦੇ ਹਾਂ, ਕਿਉਂਕਿ ਇਨ੍ਹਾਂ ਦਿਨਾਂ ਵਿਚ ਸਾਡੇ ਲਈ ਦੁੱਖ ਮਨਾਣਾ ਕੁਦਰਤੀ ਹੈ, ਫਿਰ ਵੀ ਅਸੀਂ ਜਾਣਦੇ ਹਾਂ ਕਿ ਪ੍ਰਭੂ ਅਵਤਾਰਾਂ ਪ੍ਰਤੀ ਆਪਣੀ ਵਫਾਦਾਰੀ ਪ੍ਰਗਟ ਕਰਨ ਦਾ ਇਕ ਮਾਤਰ ਸਾਧਨ, ਉਸ ਦੇ ਪ੍ਰਯੋਜਨ ਦੀ ਸੇਵਾ ਲਈ ਆਪਣਾ ਜੀਵਨ ਅਰਪਣ ਕਰ ਦੇਣਾ ਹੈ, ਜਿਸ ਦੇ

ਲਈ ਉਹ ਜਿੰਦਾ ਰਹੇ ਤੇ ਜਿਸ ਦੇ ਵਾਸਤੇ ਉਨ੍ਹਾਂ ਨੇ ਆਪਣੇ ਪ੍ਰਾਣ ਨਿਛਾਵਰ ਕਰ ਦਿਤੇ।

ਬਹਾਈ ਹਮੇਸ਼ਾਂ ਦੂਸਰਿਆਂ ਨੂੰ ਮਿਲਣ ਦੇ ਲਈ ਇਕੱਠੇ ਹੁੰਦੇ ਹਨ। ਸੋ ਪਵਿੱਤਰ ਦਿਨਾਂ ਵਿਚ ਉਹ ਖਾਸ ਪ੍ਰਾਰਥਨਾਵਾਂ ਪੜ੍ਹਦੇ ਹਨ: ਇਹ ਸਭਾਵਾਂ ਅਤਿ ਮਹੱਤਵਪੂਰਣ ਹਨ ਕਿਉਂਕਿ ਇਨ੍ਹਾਂ ਦਵਾਰਾ ਸਮਾਜ ਦੇ ਮੈਂਬਰਾਂ ਵਿਚ ਏਕਤਾ ਸਥਾਪਿਤ ਹੁੰਦੀ ਹੈ ਤੇ ਬਹਾਈਆਂ ਦੀ ਏਕਤਾ ਦੈਵੀ ਆਸ਼ੀਰਵਾਦਾਂ ਦਾ ਕਾਰਣ ਬਣਦੀ ਹੈ।

"ਪ੍ਰਭੂ ਇੱਛਾ ਨਾਲ ਇਹ ਨਿਸ਼ਚਾ ਹੋਇਆ ਕਿ ਪ੍ਰਭੂ ਦੇ ਮਿੱਤਰਾਂ ਤੇ ਉਸ ਦਿਆਵਾਨ ਦੀ ਸੇਵਿਕਾਵਾਂ ਵਿਚ ਏਕਤਾ ਤੇ ਇਕ ਰੂਪਤਾ ਦਿਨ-ਬਦਿਨ ਵਧੇ। ਜਦੋਂ ਤਕ ਇਹ ਪ੍ਰਾਪਤ ਨਹੀਂ ਹੋਵੇਗੀ ਤਦ ਤਕ ਮਾਮਲੇ ਕਿਸੇ ਤਰ੍ਹਾਂ ਵੀ ਅਗੇ ਨਹੀਂ ਵਧਣਗੇ। ਅਤੇ ਸਭ ਦੀ ਏਕਤਾ ਤੇ ਇਕਰੂਪਤਾ ਦੇ ਸਭ ਤੋਂ ਵਡੇ ਸਾਧਨ ਅਧਿਆਤਮਕ ਸੇਵਾਵਾਂ ਹਨ। ਇਹ ਗੱਲ ਅਤੀ ਮਹੱਤਵਪੂਰਣ ਹੈ ਅਤੇ ਦੈਵੀ ਪੁਸ਼ਟੀਆਂ ਨੂੰ ਖਿੱਚਣ ਵਾਸਤੇ ਚੁੰਬਕ ਦੇ ਸਮਾਨ ਹੈ।"

ਮੇਹਨਤ ਭਗਤੀ ਹੈ :

ਭਗਵਾਨ ਬਹਾਉੱਲਾਹ ਦੇ ਧਰਮ ਦੇ ਕਾਨੂੰਨਾਂ ਵਿਚ ਇਕ ਕਾਨੂੰਨ ਇਹ ਹੈ ਕਿ ਹਰ ਆਦਮੀ ਕੰਮ ਕਰੇ। ਜ਼ਿੰਦਗੀ ਵਿਚ ਭਿੱਖ ਮੰਗਣਾ ਤੇ ਆਲਸੀ ਜੀਵਨ ਬਿਤਾਣਾ ਪਾਪ ਹੈ ਤੇ ਇਸ ਲਈ ਬਹਾਈ ਧਰਮ ਵਿਚ ਇਹ ਮਨ੍ਹਾ ਹੈ। ਇਸ ਧਰਮ ਵਿਚ ਹਰ ਆਦਮੀ ਲਈ ਕੰਮ ਕਰਨਾ ਜ਼ਰੂਰੀ ਹੈ ਤੇ ਜਦੋਂ ਇਹ ਸੰਸਾਰ ਦੇ ਲੋਕਾਂ ਦੇ ਪ੍ਰਤੀ ਸੇਵਾ ਭਾਵ ਨਾਲ ਕੀਤਾ ਜਾਵੇ ਤਾਂ ਬਹਾਈਆਂ ਲਈ ਭਗਤੀ ਦਾ ਰੂਪ ਬਣ ਜਾਂਦਾ ਹੈ। ਭਗਵਾਨ ਬਹਾਉੱਲਾਹ ਫਰਮਾਂਦੇ ਹਨ :

"ਤੁਹਾਡੇ ਵਿਚੋਂ ਹਰ ਇਕ ਲਈ ਇਹ ਜ਼ਰੂਰੀ ਹੈ ਕਿ ਉਹ ਕਿਸੀ ਪੇਸ਼ੇ ਜਿਸ ਤਰ੍ਹਾਂ ਕਿ ਕਲਾ, ਵਪਾਰ ਤੇ ਇਸ ਪ੍ਰਕਾਰ ਦੇ ਹੋਰ ਕੰਮ ਵਿਚ ਹੋਸ਼ਿਆਰ ਹੋਵੇ। ਅਸੀਂ ਇਸ ਨੂੰ—ਤੁਹਾਡੇ ਪੇਸ਼ੇ ਨੂੰ—ਉਸ ਇਕ ਸੱਚੇ ਪ੍ਰਭੂ ਦੀ ਭਗਤੀ ਦੇ ਬਰਾਬਰ ਬਣਾਇਆ ਹੈ। ਐ ਲੋਕੋ, ਪ੍ਰਮਾਤਮਾ ਦੀ ਦਿਆ ਤੇ ਉਸ ਦੀ ਕਿਰਪਾ ਨੂੰ ਪ੍ਰਤੀਬਿੰਬਤ ਕਰੋ ਤੇ ਫਿਰ ਹਰ ਸਵੇਰ ਤੇ ਸ਼ਾਮ ਨੂੰ ਉਸ ਨੂੰ ਧੰਨਵਾਦ ਕਰੋ।"

ਅਬਦੁਲਬਹਾ ਇਸ ਦੀ ਜ਼ਿਆਦਾ ਵਿਆਖਿਆ ਕਰਦੇ ਹਨ ;

"ਬਹਾਈ ਧਰਮ ਵਿਚ ਕਲਾ, ਵਿਗਿਆਨ ਤੇ ਸਭ ਪੇਸ਼ੇ ਭਗਤੀ ਮੰਨੇ ਜਾਂਦੇ ਹਨ। ਜੇ ਕੋਈ ਮਨੁੱਖ ਆਪਣੀ ਯੋਗਤਾ ਨਾਲ, ਈਮਾਨਦਾਰੀ ਨਾਲ ਆਪਣੀ ਸਾਰੀ ਸ਼ਕਤੀ ਲਗਾ ਕੇ ਚਿੱਠੀ ਲਿਖਣ ਲਈ ਉਪਯੋਗੀ ਕਾਗਜ਼ ਬਣਾਂਦਾ ਹੈ ਉਹ ਈਸ਼ਵਰ ਦੀ ਭਗਤੀ ਕਰਦਾ ਹੈ। ਸਾਰਅੰਸ਼ ਇਹ ਹੈ ਕਿ ਕਿਸੀ ਆਦਮੀ ਦਵਾਰਾ ਸਾਫ ਦਿਲ ਨਾਲ ਕੀਤੇ ਗਏ ਸਭ ਯਤਨ ਭਗਤੀ ਹਨ ਜੇ ਉਹ ਉੱਚ ਮਕਸਦ ਤੇ ਮਨੁੱਖਤਾ ਦੀ ਸੇਵਾ ਦੀ ਭਾਵਨਾ ਨਾਲ ਕੀਤੇ ਹੋਣ। ਇਹ ਭਗਤੀ ਹੈ ; ਮਨੁੱਖ ਮਾਤਰ ਦੀ ਸੇਵਾ ਕਰਨਾ ਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ। ਸੇਵਾ ਹੀ ਪ੍ਰਾਰਥਨਾ ਹੈ...—।"

ਕੰਮ ਭਗਤੀ ਹੈ। ਸੇਵਾ ਪ੍ਰਾਰਥਨਾ ਹੈ। ਇਹ ਇਕ ਅਜੀਬ ਨਿਯਮ ਹੈ।

ਜਦੋਂ ਅਸੀਂ ਪ੍ਰਭੂ ਦੀ ਭਗਤੀ ਕਰਨੀ ਚਾਹੀਏ ਤਾਂ ਜ਼ਰੂਰ ਹੀ ਖੁਸ਼ੀ ਨਾਲ ਤੇ ਸਾਫ ਦਿਲ ਨਾਲ ਉਸ ਦੀ ਭਗਤੀ ਕਰੀਏ। ਬਹਾਈਆਂ ਦਾ ਵਿਸ਼ਵਾਸ ਹੈ ਕਿ ਕਿਸਾਨ ਜੋ ਆਪਣੇ ਤੇ ਦੂਸਰਿਆਂ ਦੇ ਲਾਭ ਲਈ ਹਲ ਚਲਾਉਂਦਾ ਹੈ, ਉਹ ਪ੍ਰਭੂ ਦੀ ਭਗਤੀ ਕਰਦਾ ਹੈ। ਤਰਖਾਣ ਜੋ ਕਿਸੇ ਦੂਸਰੇ ਦੇ ਘਰ ਲਈ ਦਰਵਾਜ਼ਾ ਬਣਾਉਂਦਾ ਹੈ ਜਾਂ ਦਰਜ਼ੀ ਜੋ ਕਪੜੇ ਸੀਂਦਾ ਹੈ ਅਤੇ ਕਿਸੀ ਆਦਮੀ ਦਵਾਰਾ ਇਸ ਦਾ ਮਜ਼ਾ ਲੈਣ ਲਈ ਇਸ ਨੂੰ ਸੁੰਦਰ ਬਣਾਉਣ ਲਈ ਆਪਣੀ ਸਾਰੀ ਕਲਾ ਲਗਾ ਦੇਂਦਾ ਹੈ, ਭਗਵਾਨ ਦੀ ਭਗਤੀ ਕਰਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਗਵਾਨ ਬਹਾਉੱਲਾਹ ਦੇ ਆਸ਼ੀਰਵਾਦ ਨਾਲ ਹਰ ਇਕ ਖੇਤ ਭਗਵਾਨ ਦਾ ਮੰਦਿਰ ਤੇ ਹਰ ਕਾਰਖਾਨਾ ਬੰਦਗੀ-ਘਰ ਬਣ ਸਕਦਾ ਹੈ। ਇਸ ਲਈ ਕਿਸੀ ਬਹਾਈ ਲਈ ਕੰਮ ਕਰਨਾ, ਚਾਹੇ ਉਹ ਕਿੰਨਾ ਹੀ ਔਖਾ ਕਿਉਂ ਨਾ ਹੋਵੇ, ਆਨੰਦ-ਦਾਇਕ ਪੇਸ਼ਾ ਬਣ ਜਾਂਦਾ ਹੈ ਕਿਉਂਕਿ ਉਸ ਦਵਾਰਾ ਉਹ ਪ੍ਰਭੂ ਦੀ ਬੰਦਗੀ ਕਰ ਸਕਦਾ ਹੈ। ਅਤੇ ਬਹਾਈ ਆਪਣਾ ਕੰਮ ਓਨੀਂ ਹੀ ਖੁਸ਼ੀ, ਸਾਫ ਦਿਲੀ ਤੇ ਈਮਾਨਦਾਰੀ ਨਾਲ ਕਰੇਗਾ ਜਿੰਨੀ ਕਿ ਉਹ ਬੰਦਗੀ ਕਰਦਾ ਹੈ।

ਪਹਾੜਾਂ, ਗੁਫਾਵਾਂ ਤੇ ਜੰਗਲਾਂ ਵਿਚ ਰਹਿਣ ਵਾਲਾ ਤਪੱਸਵੀ ਸਭ ਤਰ੍ਹਾਂ ਦੀ ਤਪੱਸਿਆ ਕਰਨ ਲਈ ਤਿਆਰ ਹੁੰਦਾ ਹੈ ਕਿਉਂਕਿ ਉਹ ਮਹਿਸੂਸ ਕਰਦਾ ਹੈ ਕਿ ਉਹ ਇਸ ਤਰ੍ਹਾਂ ਕਰਕੇ ਬੰਦਗੀ ਕਰ ਰਿਹਾ ਹੈ। ਭਗਵਾਨ ਬਹਾਉੱਲਾਹ ਨੇ ਫੁਰਮਾਇਆ ਹੈ ਕਿ ਤਪੱਸਿਆ ਤੇ ਸੰਨਿਆਸ ਦਾ ਸਮਾਂ ਖਤਮ ਹੋ ਚੁਕਿਆ ਹੈ।

ਉਸ ਦੀ ਜਗ੍ਹਾ ਹਰ ਤਰ੍ਹਾਂ ਦੇ ਲਾਭਦਾਇਕ ਕੰਮਾਂ ਨੂੰ ਸਾਡੇ ਲਈ ਰੱਬ ਦੀ ਬੰਦਗੀ ਦੇ ਬਰਾਬਰ ਬਣਾਇਆ ਹੈ। ਜੇ ਅਸੀਂ ਕੰਮ ਨੂੰ ਪ੍ਰਾਰਥਨਾ ਸਮਝੀਏ ਤੇ ਲਗਨ ਨਾਲ ਕਰੀਏ ਤਾਂ ਉਹ ਥਕਾ ਦੇਣ ਵਾਲਾ ਨਹੀਂ ਰਹੇਗਾ।

ਸੰਸਾਰ ਦਾ ਤਿਆਗ ਤੇ ਇਕਾਂਤ ਜੀਵਨ ਸਾਡੇ ਧਰਮ ਵਿਚ ਚੰਗੇ ਨਹੀਂ ਸਮਝੇ ਜਾਂਦੇ। ਇਸੇ ਕਾਰਣ ਬਹਾਈਆਂ ਵਿਚ ਕੋਈ ਭਿਖਸ਼ੂ ਤੇ ਤਪੱਸਵੀ ਨਹੀਂ ਹੁੰਦਾ। ਭਗਵਾਨ ਬਹਾਉੱਲਾਹ ਕਹਿੰਦੇ ਹਨ ;

"ਐ ਧਰਤੀ ਦੇ ਲੋਕੋ ! ਇਕਾਂਤ ਜੀਵਨ ਤੇ ਸਖਤ ਰਹਿਣੀ ਬਹਿਣੀ ਨੂੰ ਰੱਬ ਦੀ ਇਜਾਜ਼ਤ ਪ੍ਰਾਪਤ ਨਹੀਂ। ਸੂਝ ਬੂਝ ਤੇ ਗਿਆਨ ਰਖਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਸਾਧਨਾਂ ਨੂੰ ਦੇਖਣ ਜੋ ਖੁਸ਼ੀ ਦੇ ਖੁਸ਼ਬੋ ਪੈਦਾ ਕਰਦੇ ਹਨ। ਇਸ ਤਰ੍ਹਾਂ ਦੀਆਂ ਪ੍ਰਥਾਵਾਂ ਅੰਧ ਵਿਸ਼ਵਾਸ ਤੇ ਕਲਪਨਾ ਦੇ ਉਦਰ ਤੋਂ ਪੈਦਾ ਤੇ ਪ੍ਰਚਲਿਤ ਹੁੰਦੀਆਂ ਹਨ। ਗਿਆਨੀ ਲੋਕਾਂ ਦੇ ਕਾਬਿਲ ਨਹੀਂ। ਪਿਛਲੇ ਸਮੇਂ ਤੇ ਉਸ ਤੋਂ ਬਾਦ ਦੇ ਕੁਝ ਲੋਕ ਪਹਾੜਾਂ ਦੀਆਂ ਗੁਫਾਵਾਂ ਵਿਚ ਰਹਿੰਦੇ ਸਨ ਤੇ ਬਾਕੀ, ਰਾਤ ਦੇ ਵਕਤ ਕਬਰਾਂ ਤੇ ਜਾਂਦੇ ਸਨ। ਦੇਖੋ, ਇਸ ਦਰਦ ਦੇ ਮਸ਼ਵਰੇ ਨੂੰ ਸੁਣੋ। ਜੋ ਕੁਝ ਤੁਸੀਂ ਪਕੜ ਕੇ ਬੈਠੇ ਹੋ ਉਸ ਨੂੰ ਛੱਡ ਦੇਵੋ ਤੇ ਉਸ ਨੂੰ ਪਕੜ ਲਵੋ ਜਿਸ ਦੀ ਵਿਸ਼ਵਾਸ ਯੋਗ ਮਸ਼ਵਰਾ ਦਾਤਾ ਆਗਿਆ ਦਿੰਦਾ ਹੈ। ਆਪਣੇ ਆਪ ਨੂੰ ਉਸ ਤੋਂ ਵੰਚਿਤ ਨਾ ਕਰੋ ਜਿਸ ਲਈ ਤੁਹਾਨੂੰ ਪੈਦਾ ਕੀਤਾ ਗਿਆ ਹੈ। ਆਓ ਅਸੀਂ ਆਪਣੇ ਖੇਤਾਂ ਤੇ ਕਾਰਖਾਨਿਆਂ ਵਿਚ ਰੱਬ ਦੀ ਬੰਦਗੀ ਕਰੀਏ ਤੇ ਆਪਣੇ ਲਗਾਤਾਰ ਤੇ ਈਮਾਨਦਾਰ ਕੰਮ ਨਾਲ ਉਸ ਦੀ ਪ੍ਰਸ਼ੰਸਾ ਕਰੀਏ। ਆਓ ਅਸੀਂ ਆਪਣੀ ਮਨੁੱਖਤਾ ਦੀ ਸੇਵਾ ਨਾਲ ਸੱਚੇ ਦਿਲ ਦੇ ਨਾਲ ਆਪਣੇ ਸਿਰਜਣਹਾਰ ਨੂੰ ਪ੍ਰਾਰਥਨਾ ਕਰੀਏ। ਇਸ ਜੁਗ ਦੇ ਪ੍ਰਭੂ ਦੇ ਕਾਨੂੰਨ ਨੂੰ ਸਾਨੂੰ ਯਾਦ ਰਖਣਾ ਚਾਹੀਦਾ ਹੈ"

"ਆਪਣੇ ਵਕਤ ਨੂੰ ਆਲਸ ਤੇ ਬੇਕਾਰੀ ਵਿਚ ਨਾ ਗਵਾਓ ਤੇ ਆਪਣੇ ਆਪ ਨੂੰ ਉਸ ਵਿਚ ਮਸਤ ਕਰੋ ਜੋ ਤੁਹਾਡੇ ਤੇ ਦੂਸਰਿਆਂ ਲਈ ਲਾਭਦਾਇਕ ਹੋਵੇ। ਇਸ ਤਰ੍ਹਾਂ ਇਸ ਪਾਟੀ ਵਿਚ ਜਿਸ ਦੇ ਸ਼ਿਤਜ ਵਿਚ ਵਿਦਵਤਾ ਤੇ ਦੈਵੀ ਉਚਾਰਣਾਂ ਦਾ ਸੂਰਜ ਚਮਕ ਰਿਹਾ ਹੈ, ਇਸ ਵਿਸ਼ੇ ਬਾਰੇ ਆਗਿਆ ਹੋਈ ਹੈ। ਈਸ਼ਵਰ ਦੇ ਸਾਹਮਣੇ ਸਭ ਤੋਂ ਜ਼ਿਆਦਾ ਘ੍ਰਿਣਿਤ ਆਦਮੀ ਉਹ ਹੈ ਜੋ ਬੈਠ ਕੇ ਭਿੱਖ ਮੰਗਦਾ ਹੈ। ਕਾਰਣਾਂ ਨੂੰ ਪੈਦਾ ਕਰਨ ਵਾਲੇ ਪ੍ਰਭੂ ਤੇ ਵਿਸ਼ਵਾਸ ਰਖਦੇ ਹੋਏ ਸਾਧਨਾਂ ਦੀ ਰੱਸੀ ਨੂੰ ਪਕੜ ਲਵੋ। ਹਰ ਆਤਮਾ ਜੋ ਆਪਣੇ ਆਪ ਨੂੰ

ਕਿਸੇ ਕਲਾ ਜਾਂ ਪੇਸ਼ੇ ਵਿਚ ਮਗਨ ਰਖਦੀ ਹੈ–ਇਹ ਪ੍ਰਭੂ ਦੇ ਸਾਹਮਣੇ ਭਗਤੀ ਮੰਨਿਆ ਜਾਵੇਗਾ। ਜ਼ਰੂਰ ਹੀ ਇਹ ਉਸ ਦੀ ਮਹਾਨ ਤੇ ਵ੍ਰਿਹਦ ਕਿਰਪਾ ਦੇ ਸਿਵਾ ਕੁਝ ਹੋਰ ਨਹੀਂ।"

ਵਿਸ਼ਵ ਵਿਆਪੀ ਸਿਖਿਆ :

ਭਗਵਾਨ ਬਹਾਉੱਲਾਹ ਦੀਆਂ ਅਗਿਆਵਾਂ ਵਿਚੋਂ ਇਕ ਇਹ ਵੀ ਹੈ ਕਿ ਹਰ ਬੱਚਾ ਚਾਹੇ ਉਹ ਲੜਕਾ ਹੋਵੇ ਯਾ ਲੜਕੀ—ਜ਼ਰੂਰ ਹੀ ਸਿਖਿਆ ਪ੍ਰਾਪਤ ਕਰੇ। ਜੇ ਮਾਂ ਬਾਪ ਆਪਣੇ ਬੱਚਿਆਂ ਦੀ ਸਿਖਿਆ ਦੀ ਉਲੰਘਣਾ ਕਰਦੇ ਹਨ ਤਾਂ ਉਹ ਰੱਬ ਦੇ ਸਾਹਮਣੇ ਉੱਤਰਦਾਈ ਹਨ। ਬਹਾਉੱਲਾਹ ਦਾ ਇਹ ਆਦੇਸ਼ ਹੈ :

"ਆਗਿਆ ਹੈ ਕਿ ਹਰ ਇਕ ਪਿਤਾ ਆਪਣੇ ਪੁੱਤਰ ਤੇ ਪੁੱਤਰੀਆਂ ਨੂੰ ਸਿਖਿਆ ਦੇਵੇ। ਜੋ ਮਨੁੱਖ (ਇਸ ਮਾਮਲੇ ਵਿਚ) ਇਸ ਆਗਿਆ ਦੀ ਉਪੇਖਿਆ ਕਰਦਾ ਹੈ ਕਿ ਜੇ ਉਹ ਅਮੀਰ ਹੈ ਤਾਂ ਨਿਆਂ ਮੰਦਿਰ ਦੇ ਔਹਦੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਉਸ ਤੋਂ ਓਨਾ ਧਨ ਲੈ ਲੈਣ ਜਿੰਨਾ ਕਿ ਉਸ ਦੇ ਬੱਚਿਆਂ ਦੀ ਸਿਖਿਆ ਲਈ ਕਾਫੀ ਹੈ ਨਹੀਂ ਤਾਂ ਇਸ ਗੱਲ ਦਾ ਭਾਰ ਨਿਆਂ ਮੰਦਿਰ ਆਪਣੇ ਤੇ ਲਵੇਗਾ। ਬਿਨਾਂ ਕਿਸੀ ਸ਼ਕ ਅਸੀਂ ਨਿਆ ਮੰਦਿਰ ਨੂੰ ਗਰੀਬਾਂ ਤੇ ਜ਼ਰੂਰਤਮੰਦਾਂ ਦਾ ਸ਼ਰਨਾਰਥ ਘਰ ਬਣਾਇਆ ਹੈ।"

"ਉਹ ਜੋ ਆਪਣੇ ਪੁੱਤਰ ਯਾ ਕਿਸੀ ਹੋਰ ਦੇ ਬੱਚਿਆਂ ਨੂੰ ਸਿਖਿਆ ਦੇਂਦਾ ਹੈ, ਇਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਉਸ ਨੇ ਮੇਰੇ ਹੀ ਕਿਸੀ ਬੱਚੇ ਨੂੰ ਸਿਖਿਆ ਦਿੱਤੀ ਹੋਵੇ।"

ਇਸ ਲਈ ਸਭ ਬਹਾਈਆਂ ਦੇ ਬੱਚਿਆਂ ਲਈ ਸਿਖਿਆ ਇਕ ਲਾਜ਼ਮੀ ਤੇ ਜ਼ਰੂਰੀ ਨਿਯਮ ਹੈ। ਜੇ ਮਾਂ ਬਾਪ ਆਰਥਿਕ ਤੌਰ ਤੇ ਇਸ ਗੱਲ ਲਈ ਕਾਬਿਲ ਹਨ ਕਿ ਆਪਣੇ ਬੱਚਿਆਂ ਨੂੰ ਸਿਖਿਆ ਦਿਵਾ ਸਕਣ, ਪਰ ਲਾਪਰਵਾਹੀ ਕਰਦੇ ਹਨ ਤਾਂ ਅਧਿਆਤਮਕ ਸਭਾ ਜ਼ਰੂਰ ਹੀ ਉਨ੍ਹਾਂ ਨੂੰ ਮਜਬੂਰ ਕਰੇ ਕਿ ਆਪਣੇ ਬੱਚਿਆਂ ਦੀ ਸਿਖਿਆ ਦਾ ਪ੍ਰਬੰਧ ਕਰਨ। ਪਰ ਜੇ ਉਹ ਗਰੀਬ ਹਨ ਤਾਂ ਅਧਿਆਤਮਕ ਸਭਾ ਆਪਣੇ ਸਾਮੂਦਾਯਕ ਖਜ਼ਾਨੇ ਵਿਚੋਂ ਬੱਚਿਆਂ ਦੀ ਸਿਖਿਆ ਦੇ ਪ੍ਰਬੰਧ ਕਰੇ।

ਭਗਵਾਨ ਬਹਾਉੱਲਾਹ ਦੇ ਸ਼ਬਦਾਂ ਵਿਚ ਇਹ ਪ੍ਰਤੱਖ ਹੈ ਕਿ ਬੱਚਿਆਂ ਦੀ ਸਿਖਿਆ ਇਕ ਪਵਿੱਤਰ ਕੰਮ ਹੈ। ਉਹ ਕਹਿੰਦੇ ਹਨ :

"ਉਹ ਜੋ ਆਪਣੇ ਪੁੱਤਰ ਜਾਂ ਕਿਸੀ ਹੋਰ ਦੇ ਬੱਚਿਆਂ ਨੂੰ ਸਿਖਿਆ ਦੇਂਦਾ ਹੈ, ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਉਸ ਨੇ ਮੇਰੇ ਹੀ ਕਿਸੇ ਬੱਚੇ ਨੂੰ ਸਿਖਿਆ ਦਿਤੀ ਹੋਵੇ।"

ਭਗਵਾਨ ਬਹਾਉੱਲਾਹ ਦੇ ਕਿਸੀ ਬੱਚੇ ਨੂੰ ਪੜ੍ਹਿਆ ਲਿਖਿਆ ਬਣਾਣ ਲਈ ਕੀ ਸਾਡੇ ਲਈ ਇਕ ਖਾਸ ਅਧਿਕਾਰ ਤੇ ਮਹਾਨ ਸੰਨਮਾਨ ਨਹੀਂ ? ਅਸੀਂ ਆਪਣੇ ਜਾਂ ਦੂਸਰਿਆਂ ਦੇ ਬੱਚਿਆਂ ਨੂੰ ਸਿਖਿਆ ਦੇ ਕੇ ਹੀ ਇਹ ਇਜ਼ਤ ਪ੍ਰਾਪਤ ਕਰ ਸਕਦੇ ਹਾਂ।

ਅਸੀਂ ਇਹ ਨਹੀਂ ਕਹਿ ਸਕਦੇ ਕਿ ਘਰ ਦੇ ਕੰਮਕਾਜ ਦੇ ਲਈ ਜਾਂ ਚਰਾਗਾਹ ਵਿਚ ਲੈ ਜਾਣ ਲਈ ਸਾਨੂੰ ਆਪਣੇ ਛੋਟੇ ਛੋਟੇ ਬੱਚਿਆਂ ਦੀ ਜ਼ਰੂਰਤ ਹੈ ਤੇ ਇਸ ਤਰ੍ਹਾਂ ਪਾਠਸ਼ਾਲਾ ਜਾਣ ਲਈ ਉਨ੍ਹਾਂ ਨੂੰ ਵਕਤ ਨਹੀਂ ਮਿਲਦਾ। ਸਾਨੂੰ ਜ਼ਰੂਰ ਯਾਦ ਰਖਣਾ ਚਾਹੀਦਾ ਹੈ ਕਿ ਪਸ਼ੂਆਂ ਦੀ ਦੇਖਭਾਲ ਜਾਂ ਖੇਤਾਂ ਵਿਚ ਕੰਮ ਕਰਨਾ ਬੱਚਿਆਂ ਦੇ ਲਈ ਪ੍ਰਭੂ ਦੀ ਆਗਿਆ ਨਹੀਂ ਪਰ ਸਿਖਿਆ ਪ੍ਰਭੂ ਦੀ ਆਗਿਆ ਹੈ। ਜੇ ਅਸੀਂ ਇਸ ਆਗਿਆ ਦਾ ਪਾਲਣ ਨਹੀਂ ਕਰਦੇ ਤਾਂ ਇਸ ਦੇ ਲਈ ਅਸੀਂ ਉੱਤਰਦਾਈ ਹਾਂ। ਇਸੇ ਤਰ੍ਹਾਂ ਹੀ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਾਡਾ ਬੱਚਾ ਲੜਕੀ ਹੈ ਤੇ ਲੜਕੀ ਨੂੰ ਸਿਖਿਆ ਦੀ ਜ਼ਰੂਰਤ ਨਹੀਂ। ਅਬਦੁਲਬਹਾ ਨੇ ਕਿਹਾ ਹੈ ਕਿ ਜਦੋਂ ਕਿ ਪੁਰਸ਼ਾਂ ਤੇ ਔਰਤਾਂ ਵਿਚ ਬਰਾਬਰੀ ਹੈ ਪਰ ਸਿਖਿਆ ਦੇ ਮਾਮਲੇ ਵਿਚ ਜੇ ਸਾਨੂੰ ਪਹਿਲ ਦੇਣੀ ਪਵੇ ਤਾਂ ਇਹ ਜ਼ਰੂਰ ਹੀ ਲੜਕੀਆਂ ਨੂੰ ਦਿਤੀ ਜਾਵੇ ਕਿਉਂਕਿ ਉਹ ਭਵਿਖ ਵਿਚ ਮਾਵਾਂ ਬਣਨਗੀਆਂ ਤੇ ਇਕ ਪੜ੍ਹੀ ਲਿਖੀ ਮਾਂ ਬੱਚਿਆਂ ਦਾ ਚੰਗੇ ਤਰੀਕੇ ਨਾਲ ਪਾਲਣ ਪੋਸ਼ਣ ਕਰ ਸਕਦੀ ਹੈ।

ਪਰ ਭਗਵਾਨ ਬਹਾਉੱਲਾਹ ਦੇ ਅਨੁਸਾਰ ਸਿਖਿਆ ਕੇਵਲ ਲਿਖਣਾ ਪੜ੍ਹਨਾ ਹੀ ਸਿਖਣਾ ਨਹੀਂ। ਬੱਚਿਆਂ ਨੂੰ ਇਸ ਤਰੀਕੇ ਨਾਲ ਸਿਖਿਆ ਦਿਤੀ ਜਾਵੇ ਕਿ ਉਹ ਮਨੁੱਖ ਜਾਤੀ ਦੀ ਸੇਵਾ ਯੋਗ ਬਣ ਸਕਣ। ਵਰਤਮਾਨ ਕਾਲ ਵਿਚ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਰਹਿਣ ਵਾਲਿਆਂ ਬੱਚਿਆਂ ਨੂੰ ਕੇਵਲ ਆਪਣੇ ਹੀ ਦੇਸ਼ ਨਾਲ ਵਫਾਦਾਰ ਹੋਣਾ ਸਿਖਾਇਆ ਜਾਂਦਾ ਹੈ ਤੇ ਕਦੀ ਕਦੀ ਉਨ੍ਹਾਂ ਦੇ ਮਨਾਂ ਤੇ ਦੂਜੇ ਦੇਸ ਦੇ ਪ੍ਰਤੀ ਘ੍ਰਿਣਾ ਛਾਪ ਦਿਤੀ ਜਾਂਦੀ ਹੈ। ਉਨ੍ਹਾਂ ਨੂੰ ਜਰਮਨ, ਅਰਬ ਜਾਂ ਚੀਨੀ ਹੋਣ ਤੇ ਮਾਣ ਕਰਨਾ ਸਿਖਾਇਆ ਜਾਂਦਾ ਹੈ ਤੇ ਉਨ੍ਹਾਂ ਵਿਚ ਇਹ ਵਿਸ਼ਵਾਸ ਪੈਦਾ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀ ਜਾਤੀ, ਉਨ੍ਹਾਂ ਦਾ ਧਰਮ ਹੀ

ਸੰਸਾਰ ਵਿਚ ਉੱਚ ਹੈ। ਬਹਾਈ ਧਰਮ ਅਨੁਸਾਰ ਇਹ ਠੀਕ ਨਹੀਂ। ਸਿਖਿਆ ਦਾ ਮਕਸਦ ਜ਼ਰੂਰ ਹੀ ਇਸ ਤਰ੍ਹਾਂ ਦੇ ਪੁਰਸ਼ ਤੇ ਔਰਤਾਂ ਤਿਆਰ ਕਰਨਾ ਹੋਣਾ ਚਾਹੀਦਾ ਹੈ ਜੋ ਇਸ ਗੱਲ ਵਿਚ ਵਿਸ਼ਵਾਸ ਰਖਦੇ ਹੋਣ ਕਿ "ਸਾਰੀ ਧਰਤੀ ਇਕ ਦੇਸ਼ ਹੈ ਤੇ ਸਭ ਲੋਕ ਉਸ ਦੇ ਨਾਗਰਿਕ" ਅਤੇ ਜੋ ਸਾਰੇ ਸੰਸਾਰ ਦੀ ਬੇਹਤਰੀ ਵਾਸਤੇ ਆਪਣਾ ਪਰੇਮ ਤੇ ਸੇਵਾਵਾਂ ਪੇਸ਼ ਕਰਨ। ਜੇ ਲੋਕ ਸਿਖਿਆ ਦੇ ਇਸ ਤਰੀਕੇ ਨੂੰ ਅਪਨਾ ਲੈਣ ਤਾਂ ਕੇਵਲ ਇਕ ਹੀ ਪੀੜ੍ਹੀ ਵਿਚ ਸਾਰੇ ਮਾਨਵ ਮਾਤਰ ਦੀ ਏਕਤਾ ਸਥਾਪਿਤ ਹੋ ਜਾਵੇਗੀ।

ਭਗਵਾਨ ਬਹਾਉੱਲਾਹ ਇਹ ਵੀ ਕਹਿੰਦੇ ਹਨ :

ਪਾਠਸ਼ਾਲਾਵਾਂ ਜ਼ਰੂਰ ਹੀ ਸਭ ਤੋਂ ਪਹਿਲਾਂ ਬੱਚਿਆਂ ਨੂੰ ਧਰਮ ਦੇ ਨਿਯਮਾਂ ਦੀ ਸਿਖਿਆ ਦੇਣ ਤਾਂ ਜੋ ਪ੍ਰਭੂ ਦੇ ਗਰੰਥਾਂ ਵਿਚ ਲਿਖਿਤ 'ਵਚਨ' ਤੇ 'ਧਮਕੀ' ਉਨ੍ਹਾਂ ਨੂੰ ਵਰਜਿਤ ਗੱਲਾਂ ਕਰਨ ਤੋਂ ਰੋਕਣ ਤੇ ਆਗਿਆ ਪਾਲਣ ਦੇ ਮੁਕਟ ਨਾਲ ਉਨ੍ਹਾਂ ਨੂੰ ਸੁਸੋਭਿਤ ਕਰਨ, ਪਰ ਇਹ ਇੰਨੀ ਮਾਤਰਾ ਵਿਚ ਹੋਵੇ ਕਿ ਇਹ ਅਗਿਆਨ ਪੂਰਣ ਧਰਮਾਨਾਂਦ ਤੇ ਹਠਧਰਮੀ ਬਣ ਕੇ ਬੱਚਿਆਂ ਨੂੰ ਘਾਇਲ ਨਾ ਕਰ ਦੇਵੇ।"

ਇਸ ਦਾ ਅਰਥ ਇਹ ਹੈ ਕਿ ਈਸ਼ਵਰ ਅਵਤਾਰਾਂ ਦਵਾਰਾ ਸਿਖਾਏ ਗਏ ਅਧਿਆਤਮਕ ਮੁੱਲ ਜ਼ਰੂਰ ਹੀ ਹਰੇਕ ਸਿਖਿਆ ਪ੍ਰਣਾਲੀ ਦੀ ਆਧਾਰਸ਼ਿਲਾ ਹੋਣ। ਕੇਵਲ ਅਧਿਆਤਮਕ ਬੁੱਧੀ ਪ੍ਰਕਾਸ਼ ਦਵਾਰਾ ਹੀ ਮਨੁੱਖ ਜੀਵਨ ਵਿਚ ਜ਼ਿਆਦਾ ਪ੍ਰਸੰਨਚਿਤ ਹੋ ਸਕਦੇ ਸਨ ਕਿਉਂਕਿ ਉਹ ਆਪਣੇ ਸਹ-ਮਨੁੱਖ ਦੇ ਵਲ ਬਿਨਾਂ ਕਿਸੀ ਪੱਖਪਾਤ ਦੇ ਰਹਿਣਾ ਸਿਖ ਸਕਣਗੇ ਤੇ ਭਵਿੱਖ ਵਲ ਉਮੀਦ ਤੇ ਵਿਸ਼ਵਾਸ ਨਾਲ ਭਰਪੂਰ ਹੋਣਗੇ।

ਸਿਖਿਆ, ਜ਼ਰੂਰ ਹੀ ਸਾਨੂੰ ਅੰਧ ਵਿਸ਼ਵਾਸਾਂ, ਪੱਖਪਾਤਾਂ ਤੇ ਭੌਤਿਕਤਾ ਦੇ ਪੰਜੇ ਤੋਂ ਆਜ਼ਾਦ ਕਰੇ। ਅਬਦੁਲਬਹਾ ਕਹਿੰਦੇ ਹਨ :

"ਅਤੇ ਪਰਮ ਪਵਿੱਤਰ ਬਹਾਉੱਲਾਹ ਦੇ ਉਪਦੇਸ਼ਾਂ ਵਿਚ ਹੈ ਮਨੁੱਖਾਂ ਦੀ ਆਜ਼ਾਦੀ, ਕਿ ਮਾਨਸਿਕ ਸਮਰੱਥਾ ਦਵਾਰਾ ਉਸ ਨੂੰ ਆਜ਼ਾਦ ਤੇ ਨੈਸਰਗਿਕ ਸੰਸਾਰ ਦੀ ਅਧੀਨਤਾ ਤੋਂ ਮੁਕਤ ਹੋਣਾ ਚਾਹੀਦਾ ਹੈ, ਕਿਉਂਕਿ ਜਿੰਨੇ ਸਮੇਂ ਤਕ ਮਨੁੱਖ ਕੁਦਰਤ ਦੇ ਅਧੀਨ ਹੈ, ਓਨੀ ਦੇਰ ਤਕ ਉਹ ਹਿੰਸਕ ਜਾਨਵਰ ਹੈ ਕਿਉਂਕਿ ਜੀਵਨ ਸੰਘਰਸ਼ ਨੈਸਰਗਿਕ ਸੰਸਾਰ ਦੀਆਂ ਜ਼ਰੂਰਤਾਂ ਵਿਚ ਇਕ ਹੈ।

ਜੀਵਨ ਸੰਘਰਸ਼ ਦਾ ਇਹ ਤੱਤ ਸਾਰੇ ਅਨਰਥਾਂ ਦਾ ਸੋਤਰ ਤੇ ਮੁੱਖ ਕਲੇਸ਼ ਹੈ।"

ਕੋਈ ਵੀ ਬਹਾਈ ਆਪਣੇ ਬੱਚਿਆਂ ਨੂੰ ਗਿਆਨ ਪ੍ਰਾਪਤ ਕਰਨ ਤੋਂ ਵੰਚਿਤ ਨਾ ਕਰੇ ਕਿਉਂਕਿ ਭਗਵਾਨ ਬਹਾਉੱਲਾਹ ਅਨੁਸਾਰ :

"ਗਿਆਨ ਮਨੁੱਖਾਂ ਲਈ ਖੰਭਾਂ ਜਾਂ ਕਿਥੇ ਚੜ੍ਹਨ ਲਈ ਪੌੜੀ ਬਰਾਬਰ ਹੈ। ਗਿਆਨ ਪ੍ਰਾਪਤ ਕਰਨਾ ਸਭ ਲਈ ਜ਼ਰੂਰੀ ਹੈ ਪਰ ਐਸੇ ਵਿਗਿਆਨਾਂ ਦਾ, ਜਿਨ੍ਹਾਂ ਨਾਲ ਸੰਸਾਰ ਦਾ ਭਲਾ ਹੋਵੇ। ਐਸੇ ਵਿਗਿਆਨਾਂ ਦੀ ਨਹੀਂ, ਜੋ ਸ਼ਬਦ ਤੋਂ ਸ਼ੁਰੂ ਹੋ ਕੇ ਸ਼ਬਦ ਤੇ ਹੀ ਖਤਮ ਹੋ ਜਾਣ। ਸੰਸਾਰ ਵਿਚ ਕਲਾ ਕੌਸ਼ਲ ਤੇ ਵਿਗਿਆਨ ਜਾਨਣ ਵਾਲਿਆਂ ਦਾ ਵੱਡਾ ਅਧਿਕਾਰ ਹੁੰਦਾ ਹੈ। ਅਸਲ ਵਿਚ ਮਨੁੱਖ ਦੀ ਸੱਚੀ ਜਾਇਦਾਦ ਹੀ ਉਸ ਦਾ ਗਿਆਨ ਹੈ। ਗਿਆਨ ਹੀ ਇੱਜ਼ਤ, ਜਾਇਦਾਦ, ਖੁਸ਼ੀ ਆਨੰਦ, ਸੁੱਖ ਤੇ ਤਰੱਕੀ ਦਾ ਸਾਧਨ ਹੈ।"

ਪ੍ਰਾਰਥਨਾ :

"ਜੇ ਇਕ ਮਿੱਤਰ ਦੂਜੇ ਨਾਲ ਪਿਆਰ ਕਰਦਾ ਹੈ ਤਾਂ ਉਹ ਆਪਣੇ ਪਰੇਮ ਨੂੰ ਉਸ ਤੇ ਜ਼ਾਹਰ ਕਰਨਾ ਚਾਹੇਗਾ। ਜਦੋਂ ਕਿ ਉਹ ਜਾਣਦਾ ਹੈ ਕਿ ਮਿੱਤਰ ਉਸ ਦੇ ਪਿਆਰ ਤੋਂ ਵਾਕਿਫਕਾਰ ਹੈ ਤਾਂ ਵੀ ਉਹ ਇਸ ਤਰ੍ਹਾਂ ਕਰਨਾ ਚਾਹੇਗਾ। .....ਈਸ਼ਵਰ ਸਾਰੇ ਦਿਲਾਂ ਦੀ ਇੱਛਾ ਤੋਂ ਚੰਗੀ ਤਰ੍ਹਾਂ ਵਾਕਿਫ ਹੈ, ਪਰ ਪ੍ਰਾਰਥਨਾ ਦੀ ਆਦਤ ਸਵੈਭਾਵਿਕ ਹੈ ਜੋ ਮਨੁੱਖ ਦੇ ਪ੍ਰਭੂ ਦੇ ਪਰੇਮ ਦਵਾਰਾ ਪੈਦਾ ਹੁੰਦੀ ਹੈ.....।"

ਅਬਦੁਲਬਹਾ ਕਹਿੰਦੇ ਹਨ ਕਿ ਪ੍ਰਾਰਥਨਾ ਪ੍ਰਮਾਤਮਾ ਨਾਲ ਵਾਰਤਾਲਾਪ ਹੈ। ਇਕ ਹੋਰ ਜਗ੍ਹਾ ਤੇ ਉਹ ਕਹਿੰਦੇ ਹਨ :

"ਸਾਨੂੰ ਸਵਰਗ ਦੀ ਭਾਸ਼ਾ ਯਾਨੀ ਆਤਮਾ ਦੀ ਭਾਸ਼ਾ ਵਿਚ ਗੱਲਬਾਤ ਕਰਨੀ ਚਾਹੀਦੀ ਹੈ ਕਿਉਂਕਿ ਆਤਮਾ ਤੇ ਦਿਲ ਦੀ ਭਾਸ਼ਾ ਵੀ ਇਕ ਹੈ। ਇਹ ਸਾਡੀ ਭਾਸ਼ਾ ਤੋਂ ਠੀਕ ਉਸੇ ਤਰ੍ਹਾਂ ਵੱਖ ਹੈ ਜਿਸ ਤਰ੍ਹਾਂ ਸਾਡੀ ਭਾਸ਼ਾ ਪਸ਼ੂ ਪੰਛੀਆਂ ਦੀ ਭਾਸ਼ਾ ਤੋਂ ਵੱਖ ਹੈ, ਜੋ ਆਪਣੇ ਆਸ਼ੇ ਨੂੰ ਕੇਵਲ ਚੀਕਾਂ ਜਾਂ ਆਵਾਜ਼ਾਂ ਦਵਾਰਾ ਹੀ ਪ੍ਰਗਟ ਕਰਦੇ ਹਨ।"

ਇਹ ਆਤਮਾ ਦੀ ਹੀ ਭਾਸ਼ਾ ਹੈ ਜੋ ਈਸ਼ਵਰ ਨਾਲ ਸੰਭਾਸ਼ਣ ਕਰਦੀ ਹੈ। ਪ੍ਰਾਰਥਨਾ ਦੇ ਸਮੇਂ ਜਦੋਂ ਅਸੀਂ ਸੰਸਾਰਿਕ ਗੱਲਾਂ ਤੋਂ ਦੂਰ ਹੁੰਦੇ ਹਾਂ ਤੇ ਸਾਡਾ

ਦਿਲ ਈਸ਼ਵਰ ਵਲ ਝੁਕਿਆ ਹੁੰਦਾ ਹੈ ਤਦੋਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਦਿਲ ਵਿਚ ਈਸ਼ਵਰ ਦੇ ਸ਼ਬਦ ਸੁਣ ਰਹੇ ਹੋਈਏ। ਬਿਨਾਂ ਸ਼ਬਦਾਂ ਦੇ ਅਸੀਂ ਪ੍ਰਭੂ ਨਾਲ ਬੋਲਦੇ ਹਾਂ ਤੇ ਆਪਣੇ ਭਾਵਾਂ ਨੂੰ ਬਿਆਨ ਕਰਦੇ ਹਾਂ, ਸੰਭਾਲਣ ਜਾਂ ਗਲਬਾਤ ਕਰਦੇ ਹਾਂ ਤੇ ਉਸ ਦਾ ਜਵਾਬ ਸੁਣਦੇਹਾਂ। ਜਦੋਂ ਅਸੀਂ ਇਕ ਸੱਚੀ ਅਧਿਆਤਮਕ ਦਸ਼ਾ ਤੇ ਪਹੁੰਚਦੇ ਹਾਂ ਤਾਂ ਅਸੀਂ ਸਭ ਈਸ਼ਵਰ ਦੀ ਬਾਣੀ ਨੂੰ ਸੁਣ ਸਕਦੇ ਹਾਂ।"

ਪ੍ਰਾਰਥਨਾ ਆਤਮਾ ਦੀ ਖਾਦ ਸਾਮੱਗਰੀ ਹੈ। ਜੇ ਅਸੀਂ ਪ੍ਰਾਰਥਨਾ ਨਹੀਂ ਕਰਦੇ ਤਾਂ ਅਸੀਂ ਆਤਮਿਕ ਰੂਪ ਵਿਚ ਸ਼ਕਤੀਸ਼ਾਲੀ ਤੇ ਸੇਹਤਮੰਦ ਨਹੀਂ ਬਣ ਸਕਦੇ। ਇਸ ਲਈ ਸਾਡੇ ਧਰਮ ਵਿਚ ਪ੍ਰਾਰਥਨਾ ਲਾਜ਼ਮੀ ਹੈ। ਭਗਵਾਨ ਬਹਾਉੱਲਾਹ ਆਪਣੇ ਪਵਿੱਤਰ ਗਰੰਥ "ਅਕਦਸ" ਵਿਚ ਲਿਖਦੇ ਹਨ :

"ਹਰ ਰੋਜ਼ ਸਵੇਰੇ ਤੇ ਸ਼ਾਮ, ਈਸ਼ਵਰ ਦੀ ਪਵਿੱਤਰ ਬਾਣੀ ਦਾ ਪਾਠ ਕਰੋ। ਜੋ ਇਸ ਤਰ੍ਹਾਂ ਨਹੀਂ ਕਰਦਾ, ਉਹ ਈਸ਼ਵਰ ਦੀ ਆਗਿਆਵਾਂ ਤੇ ਨਿਯਮਾਂ ਤੇ ਆਪਣੀ ਧਰਮ ਪ੍ਰਤਿਗਿਆ ਦਾ ਪਾਲਣ ਨਹੀਂ ਕਰਦਾ ਤੇ ਜੋ ਅਜ ਇਸ ਤੋਂ ਮੂੰਹ ਮੋੜ ਬੈਠਾ ਹੈ ਉਹ ਉਨ੍ਹਾਂ ਵਿਚੋਂ ਹੈ ਜੋ ਈਸ਼ਵਰ ਤੋਂ ਬੇਮੁਖ ਹੋ ਗਏ ਹਨ। ਐ ਮੇਰੇ ਲੋਕੋ! ਈਸ਼ਵਰ ਤੋਂ ਡਰੋ। ਦਿਨ ਰਾਤ ਪਵਿੱਤਰ ਕਿਤਾਬਾਂ ਦਾ ਅਧਿਅਨ ਤੇ ਉਪਕਰਮ ਤੁਹਾਨੂੰ ਹੰਕਾਰੀ ਨਾ ਬਣਾ ਦੇਣ। ਅਸਾਵਧਾਨੀ ਨਾਲ, ਸਰਵ-ਸ਼ਕਤੀਮਾਨ ਈਸ਼ਵਰ ਦੀ ਪ੍ਰਕਾਸ਼ਿਤ ਕਿਤਾਬ ਪੜ੍ਹਨ ਦੀ ਬਜਾਏ ਆਨੰਦ ਪੂਰਵਕ ਤੇ ਪ੍ਰਸੰਨਤਾ ਵਿਚ ਇਕ ਸ਼ਲੋਕ ਪੜ੍ਹ ਲੈਣਾ ਅੱਛਾ ਹੈ। ਪ੍ਰਭੂ ਦੀਆਂ ਪਾਟੀਆਂ ਦਾ ਅਧਿਅਨ ਉਨੀ ਮਾਤਰਾ ਵਿਚ ਕਰੋ ਜਿਸ ਨਾਲ ਤੁਹਾਨੂੰ ਥਕਾਵਟ ਜਾਂ ਤਕਲੀਫ ਨਾ ਹੋਵੇ। ਆਤਮਾ ਤੇ ਇੰਨਾ ਬੋਝ ਨਾ ਪਾਵੋ ਕਿ ਜਿਸ ਨਾਲ ਉਹ ਥੱਕ ਜਾਵੇ ਯਾ ਕਮਜ਼ੋਰ ਹੋ ਜਾਵੇ, ਬਲਕਿ ਉਸ ਨੂੰ ਪ੍ਰਫੁਲਤ ਬਣਾ ਕੇ ਰਖੋ ਜਿਸ ਨਾਲ ਉਹ ਈਸ਼ਵਰ ਪ੍ਰਕਾਸ਼ਨ ਰੂਪੀ ਖੰਭਾਂ ਦੇ ਸਹਾਰੇ ਉਡਦੇ ਹੋਏ ਪ੍ਰਮਾਣਾਂ ਦੇ ਸ਼ਿਤਿਜ ਤਕ ਪਹੁੰਚ ਜਾਵੇ। ਇਸ ਨਾਲ ਤੁਸੀਂ ਈਸ਼ਵਰ ਦੇ ਨਜ਼ਦੀਕ ਜਾ ਪਹੁੰਚੋਗੇ, ਜੇ ਤੁਸੀਂ ਉਨ੍ਹਾਂ ਵਿਚੋਂ ਹੋ ਜੋ ਸਮਝਦੇ ਹਨ।"

ਭਗਵਾਨ ਬਹਾਉੱਲਾਹ ਦੇ ਇਨ੍ਹਾਂ ਪਵਿੱਤਰ ਸ਼ਬਦਾਂ ਤੋਂ ਸਾਨੂੰ ਇਹ ਗਿਆਨ ਵੀ ਹੁੰਦਾ ਹੈ ਕਿ ਬਹਾਈ ਪ੍ਰਾਰਥਨਾਵਾਂ ਨਾਲ, ਜਦ ਕਿ ਉਹ ਲਾਜ਼ਮੀ

ਹਨ, ਰੀਤੀ ਰਿਵਾਜਾਂ ਤੇ ਸੰਸਕਾਰਾਂ ਵਰਗਾ ਵਤੀਰਾ ਨਾ ਕੀਤਾ ਜਾਵੇ। ਤੁਹਾਨੂੰ ਪਤਾ ਹੀ ਹੋਵੇਗਾ ਕਿ ਬਹੁਤ ਸਾਰੇ ਲੋਕ ਸਮਝਦੇ ਹਨ ਕਿ ਕੁਝ ਸ਼ਬਦਾਂ ਦੇ ਪੜ੍ਹਨ ਨਾਲ ਹੀ, ਜਿਨ੍ਹਾਂ ਦਾ ਅਰਥ ਤਕ ਵੀ ਨਹੀਂ ਸਮਝਦੇ, ਬਹੁਤ ਚੰਗਾ ਕੰਮ ਕਰ ਰਹੇ ਹਨ। ਕੁਝ ਲੋਕਾਂ ਦਾ ਖਿਆਲ ਹੈ ਕਿ ਜੇ ਉਹ ਪਵਿੱਤਰ ਲੇਖਾਂ ਦੀ ਇਕ ਪੂਰੀ ਕਿਤਾਬ ਦਾ ਆਖੰਡ ਪਾਠ ਕਰਨ ਤਾਂ ਉਨ੍ਹਾਂ ਦਾ ਕੰਮ ਰੱਬ ਦੀ ਨਜ਼ਰ ਵਿਚ ਆ ਜਾਵੇਗਾ ਤੇ ਉਹ ਕਿਸੇ ਤਰੀਕੇ ਨਾਲ ਕੁਝ ਇਨਾਮ ਪ੍ਰਾਪਤ ਕਰਨਗੇ।

ਹਜ਼ਾਰਾਂ ਲੋਕ ਸੰਸਕ੍ਰਿਤ, ਲਾਤੀਨੀ ਜਾਂ ਅਰਬੀ ਭਾਸ਼ਾ ਵਿਚ ਲਗਾਤਾਰ ਕਈ ਘੰਟਿਆਂ ਤਕ ਪਵਿੱਤਰ ਗਰੰਥਾਂ ਦਾ ਪਾਠ ਕਰਦੇ ਰਹਿੰਦੇ ਹਨ ਜਦੋਂ ਕਿ ਇਨ੍ਹਾਂ ਜ਼ਬਾਨਾਂ ਦਾ ਇਕ ਅੱਖਰ ਵੀ ਨਹੀਂ ਸਮਝਦੇ। ਉਹ ਸਮਝਦੇ ਹਨ ਕਿ ਪਵਿੱਤਰ ਸ਼ਬਦਾਂ ਦਾ ਇਹ ਪਾਠ ਉਨ੍ਹਾਂ ਲਈ ਮੁਕਤੀ ਦਾ ਸਾਧਨ ਬਣ ਜਾਵੇਗਾ ਜੋ ਉਨ੍ਹਾਂ ਦੇ ਪੂਰਵਜਾਂ ਦੇ ਕੰਮਾਂ ਦਾ ਅੰਧਵਿਸ਼ਵਾਸ਼ ਵਿਚ ਪਾਲਣ ਕਰਨਾ ਹੈ। ਬਹਾਈ ਧਰਮ ਵਿਚ ਦਿਖਾਵੇ ਦੇ ਲਈ ਭਗਤੀ ਦੀ ਆਗਿਆ ਨਹੀਂ ਹੈ। ਭਗਵਾਨ ਬਹਾਉੱਲਾਹ ਕਹਿੰਦੇ ਹਨ ਕਿ "ਆਨੰਦ ਪੂਰਵਕ ਤੇ ਖੁਸ਼ੀ ਨਾਲ" ਇਕ ਹੀ ਸ਼ਲੋਕ ਪੜ੍ਹ ਲੈਣਾ ਤੁਹਾਡੇ ਲਈ ਸਰਵ-ਸ਼ਕਤੀਮਾਨ ਈਸ਼ਵਰ ਦੀ ਪ੍ਰਕਾਸ਼ਿਤ ਕਿਤਾਬਾਂ ਦਾ ਬੇਧਿਆਨੀ ਨਾਲ ਪਾਠ ਕਰਨ ਤੋਂ ਕਿਤੇ ਚੰਗਾ ਹੈ। ਉਹ ਖਬਰਦਾਰ ਕਰਦੇ ਹਨ ਕਿ ਆਤਮਾ ਤੇ ਇੰਨਾ ਭਾਰ ਨਾ ਪਾਵੋ ਜਿਸ ਨਾਲ ਉਹ ਥੱਕ ਜਾਵੇ ਜਾਂ ਕਮਜ਼ੋਰ ਹੋ ਜਾਵੇ ਬਲਕਿ ਉਸ ਨੂੰ ਪ੍ਰਫੁਲਤ ਬਣਾ ਕੇ ਰਖੋ ਜਿਸ ਨਾਲ ਈਸ਼ਵਰ ਪ੍ਰਕਾਸ਼ਨ ਰੂਪੀ ਖੰਭਾਂ ਦੇ ਸਹਾਰੇ ਉੱਡਦੀ ਹੋਈ ਪ੍ਰਮਾਣਾਂ ਦੇ ਸ਼ਿਤਿਜ ਤਕ ਪਹੁੰਚ ਜਾਵੇ।

ਮਹਾਤਮਾ ਬਾਬ, ਭਗਵਾਨ ਬਹਾਉੱਲਾਹ ਤੇ ਅਬਦੁਲਬਹਾ ਦਵਾਰਾ ਪ੍ਰਗਟ ਕੀਤੀਆਂ ਹੋਈਆਂ ਸੈਂਕੜੇ ਸੁੰਦਰ ਪ੍ਰਾਰਥਨਾਵਾਂ ਹਨ। ਬਹਾਈ ਜਿਸ ਸਮੇਂ ਵੀ ਪ੍ਰਾਰਥਨਾ ਕਰਨਾ ਚਾਹੇ, ਉਨ੍ਹਾਂ ਨੂੰ ਇਹ ਪ੍ਰਾਰਥਨਾਵਾਂ ਪੜ੍ਹਨ ਲਈ ਪ੍ਰੇਰਿਆ ਜਾਂਦਾ ਹੈ। ਬਹਾਈ ਸਭਾਵਾਂ ਅਕਸਰ ਪ੍ਰਾਰਥਨਾਵਾਂ ਨਾਲ ਸ਼ੁਰੂ ਤੇ ਖਤਮ ਹੁੰਦੀਆਂ ਹਨ। ਸਭਾ ਵਿਚ ਇਕ ਆਦਮੀ ਪਵਿੱਤਰ ਲੇਖਾਂ ਦਾ ਪਾਠ ਕਰਦਾ ਹੈ ਤੇ ਬਾਕੀ ਧਿਆਨ ਨਾਲ ਸੁਣਦੇ ਹਨ ਤੇ ਸ਼ਬਦਾਂ ਤੇ ਵਿਚਾਰ ਕਰਦੇ ਹਨ। ਪ੍ਰਾਰਥਨਾਵਾਂ ਅਤੀ ਪ੍ਰੇਰਣਾਦਾਇਕ ਹੁੰਦੀਆਂ ਹਨ ਤੇ ਬਹਾਈ ਪ੍ਰਾਰਥਨਾਵਾਂ ਦੇ

ਪਾਠ ਦੇ ਸਮੇਂ, ਆਦਮੀ ਬੜੇ ਆਨੰਦ ਤੇ ਅਧਿਆਤਮਕ ਉਥਾਨ ਦਾ ਮਹਿਸੂਸ ਕਰਦਾ ਹੈ। ਇਹ ਪ੍ਰਾਰਥਨਾਵਾਂ ਲਾਜ਼ਮੀ ਨਹੀਂ ਤੇ ਇਸ ਗੱਲ ਨੂੰ ਹਰ ਆਦਮੀ ਤੇ ਛੱਡ ਦਿਤਾ ਗਿਆ ਹੈ ਕਿ ਜਦੋਂ ਚਾਹੇ ਉਨ੍ਹਾਂ ਦਾ ਪਾਠ ਕਰੇ। ਪਰ ਬਹਾਈਆਂ ਲਈ ਕੁਝ ਲਾਜ਼ਮੀ ਪ੍ਰਾਰਥਨਾਵਾਂ ਵੀ ਹਨ। ਭਗਵਾਨ ਬਹਾਉੱਲਾਹ ਨੇ ਇਸ ਤਰ੍ਹਾਂ ਦੀਆਂ ਤਿੰਨ ਪ੍ਰਾਰਥਨਾਵਾਂ ਨੂੰ ਪ੍ਰਗਟ ਕੀਤਾ ਹੈ। ਇਨ੍ਹਾਂ ਤਿੰਨ ਪ੍ਰਾਰਥਨਾਵਾਂ ਵਿਚੋਂ ਅਸੀਂ ਕਿਸੇ ਇਕ ਨੂੰ ਚੁਣਨ ਵਾਸਤੇ ਆਜ਼ਾਦ ਹਾਂ, ਪਰ ਇਹ ਜ਼ਰੂਰੀ ਹੈ ਕਿ ਉਨ੍ਹਾਂ ਵਿਚ ਕਿਸੇ ਇਕ ਦਾ ਪਾਠ ਜ਼ਰੂਰੀ ਕਰੀਏ। ਇਨ੍ਹਾਂ ਤਿੰਨ ਪ੍ਰਾਰਥਨਾਵਾਂ ਵਿਚ ਇਕ ਇਸ ਤਰ੍ਹਾਂ ਦੀ ਪ੍ਰਾਰਥਨਾ ਹੈ ਜੋ ੨੪ ਘੰਟੇ ਵਿਚ ਇਕ ਵਾਰ ਜ਼ਰੂਰ ਪੜ੍ਹੀ ਜਾਵੇ। ਇਸ ਨੂੰ ਦੀਰਘ ਲਾਜ਼ਮੀ ਪ੍ਰਾਰਥਨਾ ਕਹਿੰਦੇ ਹਨ। ਫਿਰ ਇਕ ਛੋਟੀ ਪ੍ਰਾਰਥਨਾ ਹੈ ਜਿਸ ਨੂੰ ਦਿਨ ਵਿਚ ਤਿੰਨ ਵਾਰ ਜ਼ਰੂਰ ਪੜ੍ਹਿਆ ਜਾਵੇ— ਸਵੇਰੇ, ਦੁਪਹਿਰ ਦੇ ਵਕਤ ਤੇ ਸ਼ਾਮ ਨੂੰ। ਤੀਸਰੀ ਪ੍ਰਾਰਥਨਾ ਬਹੁਤ ਛੋਟੀ ਹੈ ਜਿਸ ਨੂੰ ਹਰ ਰੋਜ਼ ਦੁਪਹਿਰ ਦੇ ਵਕਤ ਪੜ੍ਹਿਆ ਜਾਂਦਾ ਹੈ।

ਤੁਸੀਂ ਇਨ੍ਹਾਂ ਸਭ ਪ੍ਰਾਰਥਨਾਵਾਂ ਨੂੰ ਬਹਾਈ ਕਿਤਾਬਾਂ ਵਿਚ ਪਾ ਸਕਦੇ ਹੋ। ਛੋਟੀ ਲਾਜ਼ਮੀ ਪ੍ਰਾਰਥਨਾ ਇਸ ਪੁਸਤਕ ਦੇ ਪਹਿਲੇ ਸਬਕ "ਸਾਡੇ ਜੀਵਨ ਦਾ ਉਦੇਸ਼" ਵਿਚ ਪਾ ਸਕਦੇ ਹੋ। ਜੇ ਤੁਸੀਂ ਇਸ ਪ੍ਰਾਰਥਨਾ ਨੂੰ ਰੰਜ਼ਾਨਾ ਪੜ੍ਹਨ ਦਾ ਨਿਸ਼ਚਾ ਕਰਦੇ ਹੋ ਤਾਂ ਤੁਸੀਂ ਇਸ ਨੂੰ ਜ਼ਬਾਨੀ ਯਾਦ ਕਰ ਲਵੋ। ਪਰ ਪਾਠ ਕਰਨ ਲਈ ਕੋਈ ਵੀ ਪ੍ਰਾਰਥਨਾ ਚੁਣੋ, ਕਿਰਪਾ ਕਰਕੇ ਉਸ ਦੇ ਭਾਵ ਨੂੰ ਜਿਸ ਵਿਚ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਜ਼ਰੂਰ ਯਾਦ ਰਖਣੀ ਚਾਹੀਦੀ ਹੈ। ਅਬਦੁਲਬਹਾ ਕਹਿੰਦੇ ਹਨ :

"ਸਭ ਤੋਂ ਉੱਚ-ਕੋਟੀ ਦੀ ਪ੍ਰਾਰਥਨਾ ਵਿਚ ਮਨੁੱਖ ਕੇਵਲ ਈਸ਼ਵਰ ਦੇ ਪਰੇਮ ਲਈ ਪ੍ਰਾਰਥਨਾ ਕਰਦੇ ਹਨ, ਇਸ ਲਈ ਨਹੀਂ ਕਿ ਉਨ੍ਹਾਂ ਨੂੰ ਨਰਕ ਜਾਂ ਰੱਬ ਦਾ ਡਰ ਹੈ ਜਾਂ ਉਨ੍ਹਾਂ ਨੂੰ ਸਵਰਗਿਕ ਸਿਧੀ ਦੀ ਤਮੰਨਾ ਹੈ.....ਜਦੋਂ ਮਨੁੱਖ ਨੂੰ ਕਿਸੇ ਹੋਰ ਮਨੁੱਖ ਨਾਲ ਪਰੇਮ ਹੋ ਜਾਂਦਾ ਹੈ ਤਾਂ ਇਹ ਅਸੰਭਵ ਹੈ ਕਿ ਉਹ ਆਪਣੇ ਪ੍ਰੀਤਮ ਦਾ ਨਾਂ ਨਾ ਲਵੇ। ਜਦੋਂ ਕਿਸੇ ਮਨੁੱਖ ਦੇ ਅੰਦਰ ਈਸ਼ਵਰ ਪਰੇਮ ਹੋਵੇ ਤਾਂ ਉਸ ਦੇ ਲਈ ਕਿੰਨਾ ਮੁਸ਼ਕਿਲ ਹੈ ਕਿ ਉਹ ਈਸ਼ਵਰ ਦਾ ਨਾਂ ਲਵੇ.....ਆਤਮ ਗਿਆਨੀ ਪੁਰਖ ਨੂੰ ਈਸ਼ਵਰ ਦੀ ਯਾਦ ਦੇ ਸਿਵਾ ਦੂਜੀ ਗੱਲ

ਤੋ ਖੁਸ਼ੀ ਪ੍ਰਾਪਤ ਨਹੀਂ ਹੁੰਦੀ।"

ਸਵੱਛਤਾ :

ਭਗਵਾਨ ਬਹਾਉੱਲਾਹ ਆਪਣੇ ਪਵਿੱਤਰ ਗਰੰਥ "ਅਕਦਸ" ਵਿਚ ਫਰਮਾਂਦੇ ਹਨ :

"ਮਨੁੱਖਾਂ ਵਿਚ ਤੁਸੀਂ ਸਵੱਛਤਾ ਦਾ ਅੰਮ੍ਰਿਤ ਬਣੋ...ਹਰੇਕ ਹਾਲਤ ਵਿਚ ਤੁਸੀਂ ਸ਼ੁਧ ਵਤੀਰੇ ਦਾ ਪਾਲਣ ਕਰੋ...ਤੁਹਾਡੇ ਕਪੜਿਆਂ ਵਿਚ ਮੈਲ ਦਾ ਕੋਈ ਨਿਸ਼ਾਨ ਨਾ ਦਿਖਾਈ ਦੇਵੇ...ਨਿਰਮਲ ਜਲ ਵਿਚ ਇਸ਼ਨਾਨ ਕਰੋ ਜੋ ਪਾਣੀ ਇਕ ਵਾਰ ਇਸਤੇਮਾਲ ਵਿਚ ਆ ਚੁਕਿਆ ਹੈ ਉਸ ਨੂੰ ਦੁਬਾਰਾ ਵਰਤਣ ਦੀ ਆਗਿਆ ਨਹੀਂ ਹੈ...ਪੱਕਿਆਂ ਹੀ ਅਸੀਂ ਤੁਹਾਡੇ ਵਿਚ ਧਰਤੀ ਤੇ ਸਵਰਗ ਨੂੰ ਪ੍ਰਤੱਖ ਦੇਖਣਾ ਚਾਹੁੰਦੇ ਹਾਂ ਤਾਂ ਜੋ ਤੁਹਾਡੇ ਵਿਚ ਉਹ ਪ੍ਰਵਾਹਿਤ ਹੋਵੇ ਜਿਸ ਤੇ ਸਦਭਾਗੀ ਮਨੁੱਖਾਂ ਦੇ ਦਿਲ ਖੁਸ਼ ਹੋਣ।"

ਭਗਵਾਨ ਬਹਾਉੱਲਾਹ ਦੀ ਇਹ ਆਗਿਆ ਸਵੱਛਤਾ ਦਾ ਮਹੱਤਵ ਸਮਝਾਣ ਵਿਚ ਸਾਡੀ ਮਦਦ ਕਰਦੀ ਹੈ। ਪ੍ਰਭੂ ਦੀ ਇੱਛਾ ਹੈ ਕਿ ਅਸੀਂ ਆਪਣੇ ਜੀਵਨ ਵਿਚ ਖੁਸ਼ੀ ਮਨ ਤੇ ਸੇਹਤਮੰਦ ਰਹੀਏ। ਜੇ ਅਸੀਂ ਸਾਫ ਨਹੀਂ ਰਹਿੰਦੇ ਤਾਂ ਸਾਡੀ ਸੇਹਤ ਤੇ ਬੁਰਾ ਅਸਰ ਪਵੇਗਾ ਤੇ ਜਦੋਂ ਅਸੀਂ ਸੇਹਤਮੰਦ ਨਹੀਂ ਰਹਿੰਦੇ ਤਾਂ ਅਸੀਂ ਪ੍ਰਸੰਨ ਨਹੀਂ ਹੋ ਸਕਦੇ ਜਿਸ ਤਰ੍ਹਾਂ ਕਿ ਹੋਣਾ ਚਾਹੀਦਾ ਹੈ।

ਵਿਗਿਆਨ ਨੇ ਸਾਬਿਤ ਕੀਤਾ ਹੈ ਕਿ ਸੰਸਾਰ ਦੇ ਜ਼ਿਆਦਾਤਰ ਰੋਗ ਗੰਦਗੀ ਦੇ ਕਾਰਣ ਪੈਦਾ ਹੁੰਦੇ ਹਨ। ਜੇ ਅਸੀਂ ਗੰਦੇ ਹੱਥਾਂ ਨਾਲ ਭੋਜਨ ਕਰਦੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਖਤਰੇ ਵਿਚ ਪਾਂਦੇ ਹਾਂ ਕਿਉਂਕਿ ਇਸ ਤਰ੍ਹਾਂ ਬਹੁਤ ਸਾਰੇ ਰੋਗ ਸਾਡੇ ਸਰੀਰ ਵਿਚ ਦਾਖਿਲ ਹੋ ਜਾਂਦੇ ਹਨ। ਜੇ ਅਸੀਂ ਆਪਣੀਆਂ ਅੱਖਾਂ ਤੇ ਗੰਦੇ ਹੱਥ ਰਖਦੇ ਹਾਂ ਤਾਂ ਸਾਡੀਆਂ ਅੱਖਾਂ ਦੁਖਣ ਲਗ ਪੈਣਗੀਆਂ। ਅਜਕਲ ਸੰਸਾਰ ਦੇ ਬਹੁਤ ਸਾਰੇ ਪਿੰਡਾਂ ਵਿਚ ਲੋਕ ਆਪਣੇ ਭਾਂਡੇ ਤੇ ਕਪੜੇ ਇਸ ਤਰ੍ਹਾਂ ਦੇ ਪਾਣੀ ਵਿਚ ਧੋਂਦੇ ਹਨ ਜੋ ਜ਼ਿਆਦਾ ਸਾਫ ਨਹੀਂ ਹੁੰਦਾ। ਕਈ ਵਾਰ ਤਾਂ ਪੀਣ ਦਾ ਪਾਣੀ ਵੀ ਸਾਫ ਨਹੀਂ ਹੁੰਦਾ ਤੇ ਵੱਖ ਵੱਖ ਬੀਮਾਰੀਆਂ ਦੇ ਰੂਪ ਵਿਚ

ਉਨ੍ਹਾਂ ਲਈ ਬਹੁਤ ਨਾਖ਼ੁਸ਼ੀ ਦਾ ਕਾਰਣ ਬਣ ਸਕਦਾ ਹੈ।

ਬਹਾਈ ਹੋਣ ਦੇ ਨਾਤੇ ਸਾਨੂੰ ਆਪਣੇ ਆਪ ਨੂੰ, ਆਪਣੇ ਕਪੜਿਆਂ ਨੂੰ ਤੇ ਆਪਣੇ ਘਰਾਂ ਨੂੰ ਸਵੱਛ ਤੇ ਸਾਫ ਰਖਣਾ ਅਤੀ ਜ਼ਰੂਰੀ ਹੈ ਕਿਉਂਕਿ ਇਹ ਭਗਵਾਨ ਬਹਾਉੱਲਾਹ ਦੀ ਆਗਿਆ ਹੈ। ਅਬਦੁਲਬਹਾ ਨੇ ਕਿਹਾ ਹੈ :

''ਬਾਹਰੀ ਪਵਿੱਤਰਤਾ ਜਦੋਂ ਕਿ ਇਕ ਸ਼ਰੀਰਿਕ ਚੀਜ਼ ਮਾਤਰ ਹੈ ਪਰ ਅਧਿਆਤਮਕਤਾ ਤੇ ਇਸ ਦਾ ਡੂੰਘਾ ਅਸਰ ਹੈ...ਨਿਰਮਲ ਤੇ ਪਵਿੱਤਰ ਸਰੀਰ ਦਾ ਗੁਣ ਮਨੁੱਖ ਦੀ ਆਤਮਾ ਤੇ ਵੀ ਅਸਰ ਪਾਂਦਾ ਹੈ''

ਵਰਤ :

ਬਹਾਈ ਕੈਲੰਡਰ ਦੇ ਸਾਲ ਦੇ ੧੮ਵੇਂ ਤੇ ੧੯ਵੇਂ ਮਹੀਨਿਆਂ ਦੇ ਵਿਚ 'ਚਾਰ' ਤੇ ਕਦੀ ਕਦੀ ੫ (ਪੰਜ) ਦਿਨ ਇਹੋ ਜਿਹੇ ਹੁੰਦੇ ਹਨ ਜਿਨ੍ਹਾਂ ਨੂੰ 'ਅਯਾਮੇ ਹਾ' (ਲੋਂਦ ਦੇ ਦਿਨ) ਕਿਹਾ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਬਹਾਈ ਆਪਣੇ ਮਿਤਰਾਂ ਤੇ ਰਿਸ਼ਤੇਦਾਰਾਂ ਨੂੰ ਪ੍ਰੀਤੀਭੋਜ ਦੇਂਦੇ ਹਨ ਜਾਂ ਆਪਣੇ ਤੋਂ ਗਰੀਬ ਲੋਕਾਂ ਨੂੰ ਖਾਣਾ ਖਿਲਾਂਦੇ ਹਨ। ਉੱਨੀਸਵੇਂ ਮਹੀਨੇ, ''ਉਚੇਤਾ'' (ਅੱਲਾ) ਦੇ ਸ਼ੁਰੂ ਹੋਣ ਦੇ ਨਾਲ ਹੀ ਸਾਡੇ ਵਰਤਾਂ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ।

ਵਰਤਾਂ ਦਾ ਇਨ੍ਹਾਂ ਉਨੀਂ ਦਿਨਾਂ ਵਿਚ ਸੂਰਜ ਚੜ੍ਹਨ ਤੇ ਸੂਰਜ ਅਸਤ ਤਕ ਨਾ ਅਸੀਂ ਕੁਝ ਖਾਂਦੇ ਹਾਂ ਤੇ ਨਾ ਪੀਂਦੇ ਹਾਂ। ਪ੍ਰਭੂ ਦੀ ਪ੍ਰਾਰਥਨਾ ਕਰਨ ਤੇ ਉਸ ਦੇ ਸਭ ਆਸ਼ੀਰਵਾਦਾਂ ਤੇ ਕ੍ਰਿਪਾਵਾਂ ਲਈ ਉਸ ਨੂੰ ਧੰਨਵਾਦ ਦੇਣ ਲਈ ਅਸੀਂ ਭੋਰ ਵੇਲੇ ਜਾਗ ਉਠਦੇ ਹਾਂ। ਫਿਰ ਸੂਰਜ ਚੜ੍ਹਨ ਤੋਂ ਪਹਿਲਾਂ ਭੋਜਨ ਕਰ ਲੈਂਦੇ ਹਾਂ ਤੇ ਸੂਰਜ ਅਸਤ ਤੋਂ ਪਹਿਲਾਂ ਕੁਝ ਨਹੀਂ ਖਾਂਦੇ। ਸੂਰਜ ਅਸਤ ਦੇ ਸਮੇਂ ਪ੍ਰਾਰਥਨਾ ਤੋਂ ਬਾਦ ਅਸੀਂ ਆਪਣਾ ਵਰਤ ਖੋਲ੍ਹਦੇ ਹਾਂ।

ਕਿਸੇ ਹੋਰ ਸਮੇਂ ਦੀ ਬਜਾਏ, ਵਰਤਾਂ ਦੇ ਇਹ ੧੯ ਦਿਨ, ਸਾਨੂੰ ਪ੍ਰਭੂ ਦੇ ਨਜ਼ਦੀਕ ਲਿਆਂਦੇ ਹਨ। ਵਰਤ ਰਖ ਕੇ ਅਸੀਂ ਗਿਆਨਮਈ ਤਰੀਕੇ ਨਾਲ, ਪ੍ਰਭੂ ਵਲ ਆਪਣਾ ਪਰੇਮ ਤੇ ਉਸ ਦੀਆਂ ਆਗਿਆਵਾਂ ਦਾ ਪਾਲਣ ਦੇ ਪ੍ਰਤੀ ਆਪਣੀ ਵਫਾਦਾਰੀ ਦਾ ਦਿਖਾਵਾ ਕਰਦੇ ਹਾਂ।

ਵਰਤ ਦੇ ਬਾਰੇ ਅਬਦੁਲਬਹਾ ਕਹਿੰਦੇ ਹਨ :

''ਵਰਤ ਇਕ ਨਿਸ਼ਾਨ ਹੈ। ਵਰਤ ਦਾ ਅਰਥ ਵਿਸ਼ੇ-ਵਾਸਨਾ ਤੋਂ ਦੂਰ

ਰਹਿਣਾ ਹੈ। ਸਰੀਰਿਕ ਵਰਤ ਉਸ ਸੰਜਮ ਦਾ ਨਿਸ਼ਾਨ ਹੈ ਤੇ ਯਾਦ-ਦਹਾਨੀ ਹੈ, ਅਰਥਾਤ ਜਿਸ ਤਰ੍ਹਾਂ ਇਕ ਮਨੁੱਖ ਆਪਣੇ ਪੇਟ ਦੀ ਅੱਗ (ਭੁੱਖ) ਨੂੰ ਰੋਕ ਸਕਦਾ ਹੈ ਉਸੇ ਤਰ੍ਹਾਂ ਉਸ ਨੂੰ ਆਪਣੀਆਂ ਇਛਾਵਾਂ ਤੇ ਵਾਸਨਾਵਾਂ ਤੋਂ ਬਚਣਾ ਚਾਹੀਦਾ ਹੈ। ਪਰ ਖਾਲੀ ਭੋਜਨ ਨਾ ਕਰਨ ਤੇ ਆਤਮਾ ਤੇ ਕੋਈ ਅਸਰ ਨਹੀਂ ਪੈਂਦਾ। ਇਹ ਤਾਂ ਕੇਵਲ ਇਕ ਨਿਸ਼ਾਨ, ਯਾਦ-ਦਹਾਨੀ ਮਾਤਰ ਹੈ ਨਹੀਂ ਤਾਂ ਇਸ ਦਾ ਕੋਈ ਮਹੱਤਵ ਨਹੀਂ। ਇਸ ਮਕਸਦ ਤੋਂ ਵਰਤ ਦਾ ਮਤਲਬ ਇਹ ਨਹੀਂ ਕਿ ਭੋਜਨ ਬਿਲਕੁਲ ਹੀ ਤਿਆਗ ਦਿੱਤਾ ਜਾਵੇ। ਭੋਜਨ ਦੇ ਬਾਰੇ ਸੁਨਹਿਰੀ ਨਿਯਮ ਇਹ ਹੈ ਕਿ ਨਾ ਤਾਂ ਜ਼ਿਆਦਾ ਭੋਜਨ ਕੀਤਾ ਜਾਵੇ ਤੇ ਨਾ ਹੀ ਘਟ। ਸੰਜਮ ਜ਼ਰੂਰੀ ਹੈ। ਭਾਰਤ ਵਿਚ ਇਕ ਸੰਪਰਦਾਯ ਹੈ ਜੋ ਭੋਜਨ ਨੂੰ ਤਿਆਗ ਦੇਣ ਦਾ ਅਭਿਆਸ ਕਰਦੇ ਹਨ ਤੇ ਹੌਲੀ ਹੌਲੀ ਲਗਭਗ ਭੋਜਨ ਇਤਨਾ ਘਟਾ ਦੇਂਦੇ ਹਨ ਕਿ ਉਹ ਬਿਲਕੁਲ ਭੋਜਨ ਹੀ ਨਹੀਂ ਕਰਦੇ। ਪਰ ਉਨ੍ਹਾਂ ਦੀ ਬੁੱਧੀ ਨੂੰ ਨੁਕਸਾਨ ਪਹੁੰਚਦਾ ਹੈ। ਜੋ ਆਦਮੀ ਭੋਜਨ ਦੀ ਕਮੀ ਕਰਕੇ ਕਮਜ਼ੋਰ ਹੋ ਗਿਆ ਹੋਵੇ ਤਾਂ ਉਹ ਨਾ ਤਾਂ ਸਰੀਰ ਨਾਲ ਤੇ ਨਾ ਹੀ ਬੁੱਧੀ ਨਾਲ ਪਰਮਾਤਮਾ ਦੀ ਸੇਵਾ ਕਰ ਸਕਦਾ ਹੈ। ਉਹ ਕੁਝ ਵੀ ਨਹੀਂ ਠੀਕ ਰੂਪ ਵਿਚ ਸਮਝ ਸਕਦਾ।''

ਸੂਰਜ ਚੜ੍ਹਨ ਤੋਂ ਪਹਿਲਾਂ ਅਸੀਂ ਪ੍ਰਾਰਥਨਾ ਤੇ ਧਿਆਨ ਲਈ ਤਿਆਰ ਹੋ ਜਾਂਦੇ ਹਾਂ। ਭਗਵਾਨ ਬਹਾਉੱਲਾਹ ਦਵਾਰਾ ਪ੍ਰਕਾਸ਼ਿਤ ਕਈ ਸੁੰਦਰ ਪ੍ਰਾਰਥਨਾਵਾਂ ਹਨ, ਖਾਸਕਰ ਇਸ ਮੌਕੇ ਲਈ। ਸੂਰਜ ਚੜ੍ਹਨ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਅਸੀਂ ਨਾਸ਼ਤਾ ਕਰ ਲੈਂਦੇ ਹਾਂ। ਸੂਰਜ ਚੜ੍ਹਨ ਤੇ ਸੂਰਜ ਅਸਤ ਵਿਚਕਾਰ ਅਸੀਂ ਕੁਝ ਵੀ ਨਹੀਂ ਖਾਵਾਂ ਪੀਵਾਂਗੇ। ਵਰਤ ਦੇ ਦਿਨਾਂ ਵਿਚ ਅਸੀਂ ਕਿਸੀ ਹੋਰ ਸਮੇਂ ਦੀ ਬਜਾਏ, ਬਹਾਉੱਲਾਹ ਦੇ ਪ੍ਰਤੀ ਜ਼ਿਆਦਾ ਪਰੇਮ ਮਹਿਸੂਸ ਕਰਦੇ ਹਾਂ ਤੇ ਹਮੇਸ਼ਾ ਯਾਦ ਰਖਦੇ ਹਾਂ ਕਿ ਉਸ ਦੇ ਪਰੇਮ ਲਈ ਹੀ ਅਸੀਂ ਵਰਤ ਰਖਦੇ ਹਾਂ। ਸੂਰਜ ਅਸਤ ਹੋਣ ਤੋਂ ਬਾਦ ਅਸੀਂ ਆਪਣਾ ਵਰਤ ਖੋਲ੍ਹਦੇ ਹਾਂ। ਵਰਤ ਖੋਲ੍ਹਣ ਤੋਂ ਪਹਿਲਾਂ ਜਾਂ ਬਾਦ ਵਿਚ ਵੀ ਅਸੀਂ ਪ੍ਰਾਰਥਨਾ ਕਰਦੇ ਹਾਂ। ਜਦੋਂ ਕਿ ਭਗਵਾਨ ਬਹਾਉੱਲਾਹ ਦਵਾਰਾ ਖਾਸਕਰ ਵਰਤ ਲਈ ਪ੍ਰਗਟ ਕੀਤੀਆਂ ਕਈ ਪ੍ਰਾਰਥਨਾਵਾਂ ਹਨ, ਸਾਨੂੰ ਬਹਾਈ ਪਵਿੱਤਰ ਗਰੰਥ ਵਿਚ ਪ੍ਰਕਾਸ਼ਿਤ ਪ੍ਰਾਰਥਨਾਵਾਂ ਵਿਚੋਂ ਕਿਸੇ ਵੀ ਪ੍ਰਾਰਥਨਾ ਪੜ੍ਹਨ ਦੀ ਆਗਿਆ ਹੈ,

ਫਿਰ ਵੀ ਅਸੀਂ ਆਪਣੇ ਪਿਆਰੇ ਪਾਠਕਾਂ ਦੀ ਸੁਖਾਲੀ ਲਈ ਅਸੀਂ ਉਨ੍ਹਾਂ ਪ੍ਰਾਰਥਨਾਵਾਂ ਵਿਚੋਂ ਇਕ ਥਲੇ ਦੇ ਰਹੇ ਹਾਂ ਜੋ ਵਰਤਾਂ ਦੇ ਦੌਰਾਨ ਪੜ੍ਹੀ ਜਾਵੇ।

"ਐ ਸਵਾਮੀ ਮੇਰੇ ਪ੍ਰਭੂ, ਤੇਰੀ ਪ੍ਰਸ਼ੰਸਾ ਹੋਵੇ। ਮੈਂ ਇਸ ਪ੍ਰਕਾਸ਼ਨ ਦਵਾਰਾ ਜਿਸ ਨਾਲ ਹਨੇਰਾ ਰੌਸ਼ਨੀ ਵਿਚ ਬਦਲ ਗਿਆ ਹੈ, ਜਿਸ ਦੇ ਦਵਾਰਾ ਬਾਰਮਬਾਰ-ਆਗਮਨ ਮੰਦਿਰ ਦਾ ਨਿਰਮਾਣ ਹੋਇਆ ਹੈ ਤੇ ਲਿਖਿਤ ਪਾਟੀ ਪ੍ਰਕਾਸ਼ਿਕ ਹੋਈ ਹੈ ਤੇ ਫੈਲੀ ਹੋਈ ਵਰਤੀ ਤੋਂ ਪਰਦਾ ਹਟਾਇਆ ਹੈ, ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਤੇ ਮੇਰੇ ਸਾਥੀਆਂ ਨੂੰ ਉਹ ਚੀਜ਼ ਬਖਸ਼ ਜੋ ਸਾਨੂੰ ਤੇਰੇ ਸਰਵ-ਉੱਚ ਮਾਣ ਦੇ ਅਸਮਾਨ ਵਿਚ ਉਡਾਨ ਭਰਨ ਦੇ ਯੋਗ ਬਣਾਵੇਗੀ ਤੇ ਸਾਨੂੰ ਉਨ੍ਹਾਂ ਸ਼ੰਕਿਆਂ ਤੋਂ ਮੁਕਤ ਕਰੇਗੀ ਜੋ ਤੇਰੇ ਇਕ ਮੰਡਪ ਵਿਚ ਸੰਸ਼ਾਕਰਤਾਵਾਂ ਦੇ ਪ੍ਰਵੇਸ਼ ਦੇ ਰਾਹ ਵਿਚ ਵਿਘਨ ਬਣੀ ਹੋਈ ਹੈ।

ਐ ਮੇਰੇ ਸਵਾਮੀ, ਮੈਂ ਉਹ ਹਾਂ ਜਿਸ ਨੇ ਤੇਰੀ ਪਰੇਮ ਭਰੀ ਕਿਰਪਾ ਦੀ ਰੱਸੀ ਨੂੰ ਦ੍ਰਿੜ੍ਹਤਾ ਨਾਲ ਪਕੜ ਰਖਿਆ ਹੈ ਤੇ ਤੇਰੀ ਦਯਾ ਤੇ ਕਦਮਾਂ ਦੇ ਪੱਲੇ ਨੂੰ ਪਕੜ ਰਖਿਆ ਹੈ। ਮੇਰੇ ਤੇ ਮੇਰੇ ਪਿਆਰਿਆਂ ਦੇ ਲਈ ਇਸ ਤੇ ਆਗਾਮੀ ਸੰਸਾਰ ਦੀ ਚੰਗਿਆਈਆਂ ਦੀ ਆਗਿਆ ਕਰੋ। ਉਨ੍ਹਾਂ ਨੂੰ ਉਹ ਗੁਪਤ ਤੋਹਫਾ ਬਖਸ਼ੋ ਜਿਸ ਦੀ ਤੁਸੀਂ ਆਪਣੇ ਚੁਣੇ ਹੋਏ ਪ੍ਰਾਣੀਆਂ ਵਿਚ ਪਿਆਰਿਆਂ ਦੇ ਲਈ ਆਗਿਆ ਕੀਤੀ ਹੈ। ਐ ਮੇਰੇ ਮਾਲਿਕ ਇਹ ਉਹ ਦਿਨ ਹਨ ਜਿਨ੍ਹਾਂ ਵਿਚ ਤੁਸੀਂ ਆਪਣੇ ਸੇਵਕਾਂ ਨੂੰ ਵਰਤ ਰਖਣ ਦੀ ਆਗਿਆ ਦਿੱਤੀ ਹੈ। ਧੰਨ ਹਨ ਉਹ ਮਨੁੱਖ ਜੋ ਕੇਵਲ ਤੇਰੇ ਹੀ ਲਈ ਤੇ ਤੇਰੇ ਜ਼ਿਵਾ ਬਾਕੀ ਸਭ ਚੀਜ਼ਾਂ ਤੋਂ ਅਲੱਗ ਹੋ ਕੇ ਵਰਤ ਦਾ ਪਾਲਣ ਕਰਦਾ ਹੈ। ਐ ਮੇਰੇ ਸਵਾਮੀ, ਤੇਰੀ ਤੇ ਤੇਰੀ ਆਗਿਆਵਾਂ ਦਾ ਪਾਲਣ ਕਰਨ ਵਿਚ ਮੇਰੀ ਤੇ ਉਨ੍ਹਾਂ ਦੀ ਮਦਦ ਕਰ। ਬਿਨਾਂ ਕਿਸੇ ਸ਼ਕ ਤੂੰ ਜੋ ਚਾਹੇਂ, ਕਰਨ ਵਿਚ ਸਮਰਥ ਹੈਂ।

ਸਰਵਗਿਆਨੀ, ਸਰਵਬੁੱਧੀਮਾਨ ਤੇਰੇ ਸਿਵਾ ਹੋਰ ਕੋਈ ਪ੍ਰਮਾਤਮਾ ਨਹੀਂ। ਸਾਰੇ ਸੰਸਾਰ ਦੇ ਸਵਾਮੀ ਪ੍ਰਭੂ ਤੇਰੀ ਪੂਰਨ ਪ੍ਰਸ਼ੰਸਾ ਹੋਵੇ।"

ਵਰਤਾਂ ਦਾ ਸਮਾਂ ਬਹਾਈ ਸਾਲ ਦੇ ਅਖੀਰੀ ਦਿਨ ਤਕ ਚਲਦਾ ਹੈ। ਨਵੇਂ ਸਾਲ ਦਾ ਪਹਿਲਾ ਦਿਨ, ਜੋ ੨੧ ਮਾਰਚ ਨੂੰ ਹੁੰਦਾ ਹੈ, ਵਰਤਾਂ ਦੀ ਸਮਾਪਤੀ ਹੁੰਦੀ ਹੈ—ਇਸ ਦਿਨ ਨੂੰ ਬਹਾਈ "ਨੌਰੂਜ਼" (ਨਵਾਂ ਸਾਲ ਦਿਵਸ) ਦੇ ਸਹਭੋਜ ਦੇ ਰੂਪ ਵਿਚ ਮਨਾਂਦੇ ਹਨ।

ਨਸ਼ੀਲੀਆਂ ਚੀਜ਼ਾਂ ਮਨ੍ਹਾ ਹਨ :

ਅਸੀਂ ਦੇਖ ਚੁਕੇ ਹਾਂ ਕਿ ਕਿਸ ਤਰ੍ਹਾਂ ਮਨੁੱਖ ਆਪਣੇ ਚਿੱਤ ਤੇ ਆਤਮਾ ਦੇ ਕਾਰਣ ਜਾਨਵਰਾਂ ਤੋਂ ਉਪਰ ਹੈ। ਪ੍ਰਭੂ ਸਾਡੇ ਤੋਂ ਉਮੀਦ ਕਰਦਾ ਹੈ ਕਿ ਅਸੀਂ ਉਨ੍ਹਾਂ ਅਮੁੱਲ ਤੋਹਫਿਆਂ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਰਖੀਏ ਜਿਨ੍ਹਾਂ ਨਾਲ ਉਸ ਨੇ ਮਨੁੱਖ ਜਾਤੀ ਨੂੰ ਕ੍ਰਿਤੱਗ ਕੀਤਾ ਹੈ। ਸਾਨੂੰ ਆਪਣੇ ਚਿਤ ਤੇ ਆਤਮਾ ਨੂੰ, ਜਿੰਨਾ ਹੋ ਸਕੇ, ਸਵੱਛ ਤੇ ਸਵਸਥ ਰਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਨਸ਼ੀਲੇ ਪੇਯ ਮਨ ਨੂੰ ਇੰਨਾ ਜ਼ਹਿਰੀਲਾ ਬਣਾ ਦੇਂਦੇ ਹਨ ਕਿ ਨਸ਼ਾ ਕਰਨ ਤੇ ਲੋਕ ਆਪਣੇ ਮਨੁੱਖੀ ਦਰਜੇ ਨੂੰ ਭੁਲ ਜਾਂਦੇ ਹਨ ਤੇ ਡੰਗਰ ਸਤਰ ਤਕ ਗਿਰ ਜਾਂਦੇ ਹਨ ਇਸ ਲਈ ਭਗਵਾਨ ਬਹਾਉੱਲਾਹ ਨੇ ਸਾਨੂੰ ਨਸ਼ੀਲੇ ਪੇਯ ਕਰਨ ਦੀ ਸਖਤ ਮਨਾਹੀ ਕੀਤੀ ਹੈ।

ਬਹੁਤ ਸਾਰੇ ਬਹਾਈ ਇਹੋ ਜਿਹੇ ਹਨ ਜਿਨ੍ਹਾਂ ਨੂੰ ਇਹ ਧਰਮ ਸਵੀਕਾਰ ਕਰਨ ਤੋਂ ਪਹਿਲਾਂ ਨਸ਼ੀਲੀਆਂ ਚੀਜ਼ਾਂ ਪੀਣ ਦੀ ਆਦਤ ਸੀ। ਪਰ ਭਗਵਾਨ ਬਹਾਉੱਲਾਹ ਨੂੰ ਈਸ਼ਵਰੀ ਅਵਤਾਰ ਸਵੀਕਾਰ ਕਰਨ ਤੋਂ ਬਾਦ ਉਨ੍ਹਾਂ ਨੇ ਇਸ ਹਾਨੀਕਾਰਕ ਆਦਤ ਨੂੰ ਛੱਡ ਕੇ, ਜੋ ਉਨ੍ਹਾਂ ਲਈ ਮਾਇਕੀ, ਸਰੀਰਿਕ ਤੇ ਅਧਿ-ਆਤਮਕ ਹਾਨੀ ਦਾ ਕਾਰਣ ਸੀ, ਉਨ੍ਹਾਂ ਦੇ ਪ੍ਰਤੀ ਆਪਣੇ ਪਰੇਮ ਤੇ ਵਫਾਦਾਰੀ ਦਾ ਸਬੂਤ ਦਿਤਾ। ਹੁਣ ਉਹ ਉਸ ਜੀਵਨ ਅੰਮ੍ਰਿਤ ਦਾ ਸੇਵਨ ਕਰਦੇ ਹਨ ਜਿਸ ਦਾ ਪ੍ਰਬੰਧ ਬਹਾਉੱਲਾਹ ਨੇ ਆਪਣੀਆਂ ਸਿਖਿਆਵਾਂ ਦਵਾਰਾ ਸਾਡੇ ਲਈ ਕੀਤਾ ਹੈ। ਅਤੇ ਹੁਣ ਉਨ੍ਹਾਂ ਨੂੰ ਖੁਸ਼ ਰਖਣ ਲਈ ਜਾਂ ਰੋਜ਼ਾਨਾ ਉਲਝਣਾਂ ਭੁਲਾਣ ਲਈ ਨਸ਼ੀਲੀਆਂ ਚੀਜ਼ਾਂ ਪੀਣ ਦੀ ਆਦਤ ਨਹੀਂ ਰਹੀ।

ਸੰਸਾਰ ਵਿਚ ਕੁਝ ਇਹੋ ਜਿਹੇ ਕਬੀਲੇ ਵੀ ਹਨ, ਜਿਨ੍ਹਾਂ ਵਿਚ ਕੁਝ ਕਬਾਇਲੀ ਤਿਉਹਾਰਾਂ ਤੇ ਸੰਸਕਾਰਾਂ ਦੇ ਮੌਕਿਆਂ ਤੇ ਨਸ਼ੀਲੀਆਂ ਚੀਜ਼ਾਂ ਪਰੋਸਣ ਦਾ ਰਿਵਾਜ ਸੀ। ਬਹਾਈ ਬਣਨ ਤੇ ਵੀ ਉਹ ਉਨ੍ਹਾਂ ਸੰਸਕਾਰਾਂ ਨੂੰ ਪੂਰਾ ਕਰਦੇ ਹਨ ਪਰ ਸ਼ਰਾਬ ਦੀ ਜਗ੍ਹਾ, ਉਹ ਫਲਾਂ ਦੇ ਸਵਾਦੀ ਰਸ ਪਰੋਸਦੇ ਹਨ ਤੇ ਜੋ ਅਲਕੋਹਲ ਦੀ ਹਾਨੀ ਤੋਂ ਮੁਕਤ ਹੁੰਦੇ ਹਨ।

ਨਾ ਕੇਵਲ ਸ਼ਰਾਬ ਹੀ, ਬਲਕਿ ਹੋਰ ਨਸ਼ੀਲੀਆਂ ਚੀਜ਼ਾਂ ਜਿਸ ਤਰ੍ਹਾਂ ਅਫੀਮ ਆਦਿ, ਜੋ ਮਨ ਤੇ ਸਰੀਰ ਨੂੰ ਜ਼ਹਿਰੀਲਾ ਬਣਾਂਦੀਆਂ ਹਨ, ਬਹਾਈ ਧਰਮ ਵਿਚ

ਵਰਜਿਤ ਹਨ।

ਪ੍ਰਭੂ ਧਰਮ ਦਾ ਪ੍ਰਸਿਖਸ਼ਣ :

ਜੇ ਕੋਈ ਪੁੱਛੇ ਕਿ ਇਕ ਬਹਾਈ ਦਾ ਫਰਜ਼ ਕੀ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਬਹਾਈ ਜ਼ਰੂਰ ਹੀ (੧) ਧਰਮ ਦਾ ਅਧਿਅਨ ਕਰੇ (੨) ਇਸ ਦੀਆਂ ਸਿਖਿਆਵਾਂ ਦਾ ਅਭਿਆਸ ਕਰੇ (੩) ਧਰਮ-ਸੰਦੇਸ਼ ਦਾ ਪ੍ਰਸਾਰ ਕਰੇ। ਭਗਵਾਨ ਬਹਾਉੱਲਾਹ ਕਹਿੰਦੇ ਹਨ ਕਿ "ਪ੍ਰਮਾਤਮਾ ਨੇ ਹਰ ਇਕ ਮਨੁੱਖ ਲਈ ਇਹ ਲਾਜ਼ਮੀ ਬਣਾਇਆ ਹੈ ਕਿ ਉਹ ਆਪਣੇ ਆਤਮਾ ਦੇ ਅਨੁਸਾਰ ਉਸ ਦੇ ਧਰਮ ਨੂੰ ਫੈਲਾਵੇ।"

ਪ੍ਰਭੂ ਧਰਮ ਦੀ ਸਿਖਿਆ ਦੇਣਾ ਸਾਡੇ ਲਈ ਕਿਉਂ ਜ਼ਰੂਰੀ ਹੈ ?

ਜਦੋਂ ਕੋਈ ਆਦਮੀ ਭਿਆਨਕ ਬੀਮਾਰੀ ਤੋਂ ਦੁਖੀ ਹੋਵੇ ਤੇ ਉਹ ਇਹੋ ਜਿਹੀ ਦਵਾਈ ਖੋਜ ਲਵੇ ਜੋ ਉਸ ਨੂੰ ਦੁਖ ਤੇ ਦਰਦ ਤੋਂ ਤੁਰੰਤ ਛੁਟਕਾਰਾ ਦਿਵਾਂਦੀ ਹੈ ਤਾਂ ਜ਼ਰੂਰ ਹੀ ਉਹ ਉਸ ਦਵਾਈ ਨੂੰ ਸੰਭਾਲ ਕੇ ਰਖੇਗਾ। ਪਰ ਜੇ ਉਹ ਆਪਣੇ ਕਿਸੀ ਮਿਤ੍ਰ ਨੂੰ ਉਸ ਤਰ੍ਹਾਂ ਦੀ ਬੀਮਾਰੀ ਨਾਲ ਦੁਖੀ ਦੇਖਦਾ ਹੈ ਤਾਂ ਉਹ ਆਪਣੀ ਦਵਾਈ ਦਾ ਕੀ ਕਰੇਗਾ ? ਕੀ ਉਹ ਆਪਣੇ ਸਵਾਰਥ ਲਈ ਦਵਾਈ ਨੂੰ ਆਪਣੇ ਕੋਲ ਰਖੇਗਾ ਤੇ ਆਪਣੇ ਮਿੱਤਰ ਨੂੰ ਕਸ਼ਟ ਵਿਚ ਹੀ ਰਹਿਣ ਦੇਵੇਗਾ ? ਬਿਲਕੁਲ ਨਹੀਂ। ਉਸੀ ਖੁਸ਼ੀ ਨਾਲ ਦਵਾਈ ਨੂੰ ਆਪਣੇ ਮਿੱਤਰ ਕੋਲ ਲੈ ਜਾਵੇਗਾ ਤੇ ਉਸ ਨੂੰ ਵਿਸ਼ਵਾਸ ਦਿਵਾਵੇਗਾ ਕਿ ਇਹ ਤੁਰੰਤ ਹੀ ਉਸ ਨੂੰ ਬੀਮਾਰੀ ਤੋਂ ਛੁਟਕਾਰਾ ਦਿਵਾਵੇਗੀ ਕਿਉਂਕਿ ਉਹ ਉਸ ਨੂੰ ਪਰਖ ਚੁਕਿਆ ਹੈ।

ਭਗਵਾਨ ਬਹਾਉੱਲਾਹ "ਸਰਵਗਿਆਨੀ ਇਲਾਜ ਕਰਨ ਵਾਲਾ" ਹੈ ਤੇ ਉਹ ਇਕ ਅਦਭੁਤ ਦਵਾਈ ਲਿਆਏ ਹਨ ਜੋ ਸਾਡੇ ਸਾਰੇ ਰੋਗਾਂ ਨੂੰ ਦੂਰ ਕਰ ਸਕਦੀ ਹੈ। ਘ੍ਰਿਣਾ, ਅੰਧਵਿਸ਼ਵਾਸ, ਨਿਰਾਸ਼ਾ ਤੇ ਫੁੱਟ ਦੀ ਬੀਮਾਰੀਆਂ ਸੰਸਾਰ ਦੇ ਲੋਕਾਂ ਨੂੰ ਬਰਬਾਦ ਕਰ ਰਹੀਆਂ ਹਨ। ਕੋਈ ਵੀ ਸੱਚਾ ਬਹਾਈ ਜੋ ਖੁਦ ਇਨ੍ਹਾਂ ਬੀਮਾਰੀਆਂ ਤੋਂ ਮੁਕਤੀ ਪਾ ਚੁਕਿਆ ਹੈ ਤੇ ਇਸ ਦਵਾਈ ਦੀ ਜਾਣਕਾਰੀ ਰਖਦਾ ਹੈ, ਦੂਸਰਿਆਂ ਦੀਆਂ ਤਕਲੀਫਾਂ ਤੋਂ ਕਿਵੇਂ ਵੱਖ ਰਹਿ ਸਕਦਾ ਹੈ ? ਜ਼ਰੂਰ ਹੀ ਉਹ ਉਸ ਚੀਜ਼ ਨੂੰ ਜੋ ਖੁਦ ਉਸ ਨੂੰ ਪ੍ਰਭੂ ਧਰਮ ਦੀਆਂ ਸ਼ਿਖਿਆਵਾਂ

ਤੋਂ ਪ੍ਰਾਪਤ ਹੋਈ ਹੈ, ਆਪਣੇ ਉਨ੍ਹਾਂ ਰੋਗੀ ਭਰਾਵਾਂ ਨਾਲ ਵੰਡਣ ਦਾ ਯਤਨ ਕਰੇਗਾ ਜਿਨ੍ਹਾਂ ਨੂੰ ਉਹ ਆਪਣੇ ਆਸ ਪਾਸ ਦੇਖਦਾ ਹੈ।

ਬਹਾਈ ਧਰਮ ਵਿਚ ਕੋਈ ਇਹੋ ਜਿਹੇ ਖਾਸ ਲੋਕ ਨਹੀਂ ਹੁੰਦੇ ਜਿਨ੍ਹਾਂ ਦਾ ਕੰਮ ਪ੍ਰਚਾਰ ਤੇ ਪ੍ਰਮਾਤਮਾ ਦੇ ਸੰਦੇਸ਼ ਨੂੰ ਫੈਲਾਣਾ ਹੈ। ਇਸ ਲਈ ਪ੍ਰਭੂ ਧਰਮ ਦੇ ਵਲ ਲੋਕਾਂ ਦੇ ਮਾਰਗ ਦਰਸ਼ਨ ਦਾ ਭਾਰ ਹਰੇਕ ਬਹਾਈ ਦੇ ਮੋਢਿਆਂ ਤੇ ਪਾਇਆ ਗਿਆ ਹੈ।

ਦੂਜਿਆਂ ਨੂੰ ਪ੍ਰਭੂ ਸੰਦੇਸ਼ ਦੇਣ ਵਿਚ ਸਾਡੀ ਕੀ ਦਿਲਚਸਪੀ ਹੈ ? ਅਸੀਂ ਫੌਜ ਇਕੱਠੀ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ। ਪ੍ਰਭੂ ਸੰਦੇਸ਼ ਦੇਣ ਵਿਚ ਅਸੀਂ ਕਿਸੀ ਭੌਤਿਕ ਲਾਭ ਦੀ ਉਮੀਦ ਨਹੀਂ ਕਰਦੇ। ਅਸੀਂ ਪ੍ਰਭੂ ਧਰਮ ਦੀ ਸਿਖਿਆ ਕੇਵਲ ਇਸ ਲਈ ਦੇਂਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਵਲ ਪਿਆਰ ਮਹਿਸੂਸ ਕਰਦੇ ਹਾਂ ਤੇ ਅਸੀਂ ਨਹੀਂ ਚਾਹੁੰਦੇ ਕਿ ਇਸ ਜੁਗ ਵਿਚ ਸਾਨੂੰ ਜੋ ਪ੍ਰਭੂ ਦੀਆਂ ਮਹਾਨ ਕ੍ਰਿਪਾਵਾਂ ਪ੍ਰਾਪਤ ਹੋਈਆਂ ਹਨ, ਉਹ ਉਨ੍ਹਾਂ ਤੋਂ ਵਾਂਝੇ ਰਹਿਣ। ਅਸੀਂ ਆਪਣੇ ਵਿਚਾਰਾਂ ਨੂੰ ਦੂਜਿਆਂ ਤੇ ਨਹੀਂ ਥੋਪਦੇ। ਅਸੀਂ ਉਨ੍ਹਾਂ ਨਾਲ ਬਹਿਸ ਨਹੀਂ ਕਰਦੇ। ਜੇ ਉਹ ਸਾਡੀ ਪੇਸ਼ਕਸ਼ ਸਵੀਕਾਰ ਨਹੀਂ ਕਰਦੇ ਤਾਂ ਵੀ ਅਸੀਂ ਉਨ੍ਹਾਂ ਨਾਲ ਪਿਆਰ ਕਰਾਂਗੇ। ਅਸੀਂ ਲੋਕਾਂ ਨੂੰ ਇਹ ਕਦੀ ਨਹੀਂ ਕਹਿੰਦੇ ਕਿ ਉਹ ਗਲਤੀ ਤੇ ਹਨ ਤੇ ਅਸੀਂ ਠੀਕ ਰਸਤੇ ਤੇ ਹਾਂ। ਅਸੀਂ ਉਨ੍ਹਾਂ ਦੇ ਸਾਹਮਣੇ ਕੇਵਲ ਉਹੀ ਸੁਨੇਹਾ ਪੇਸ਼ ਕਰਦੇ ਹਾਂ ਜੋ ਭਗਵਾਨ ਬਹਾਉੱਲਾਹ ਦਵਾਰਾ ਪ੍ਰਭੂ ਨੇ ਸਾਡੇ ਕੋਲ ਭੇਜਿਆ ਹੈ। ਉਨ੍ਹਾਂ ਦੇ ਵਲ ਸਾਡਾ ਪਿਆਰ ਉਨ੍ਹਾਂ ਦੇ ਬਹਾਈ ਬਣਨ ਜਾਂ ਨਾ ਬਣਨ ਤੇ ਨਿਰਭਰ ਨਹੀਂ। ਭਗਵਾਨ ਬਹਾਉੱਲਾਹ ਨੇ ਜਿਸ ਗੱਲ ਦੀ ਸਾਨੂੰ ਆਗਿਆ ਦਿੱਤੀ ਹੈ ਉਹ ਇਹ ਹੈ :

"ਐ ਬਹਾ ਦੇ ਲੋਕੋ ! ਤੁਸੀਂ ਈਸ਼ਵਰ ਪਰੇਮ ਦੇ ਅਨੁਣੇਦਾ ਹੋ ਤੇ ਈਸ਼ਵਰਯ ਪ੍ਰਸ਼ਾਦ ਦੇ ਵਾਸੰਤਿਕ ਦਿਨ ਹੋ। ਕਿਸੀ ਨੂੰ ਦੁਰਬਚਨ ਜਾਂ ਕਠੋਰ ਭਾਸ਼ਣ ਕਰਕੇ ਆਪਣੀ ਜ਼ਬਾਨ ਕਾਲੀ ਨਾ ਕਰੋ ਤੇ ਆਪਣੀਆਂ ਅੱਖਾਂ ਨੂੰ ਇਸ ਤਰ੍ਹਾਂ ਦੀ ਚੀਜ਼ ਤੋਂ ਬਚਾ ਕੇ ਰਖੋ ਜੋ ਦੇਖਣ ਲਾਇਕ ਨਹੀਂ। ਜੋ ਕੁਝ ਤੁਹਾਡੇ ਕੋਲ ਹੈ ਉਸ ਨੂੰ (ਅਰਥਾਤ ਸੱਚ ਨੂੰ) ਸਾਹਮਣੇ ਲਿਆ ਕੇ ਰਖੋ। ਅਗਰ ਉਹ ਪਰਵਾਨ ਹੋ ਗਿਆ ਤਾਂ ਤੁਹਾਡਾ ਉਦੇਸ਼ ਪੂਰਾ ਹੋ ਗਿਆ ਤੇ ਅਗਰ ਪਰਵਾਨ ਨਹੀਂ ਹੋਇਆ ਤਾਂ ਨਿਖੇਧੀ ਕਰਨ ਵਾਲੇ ਨੂੰ ਕੌੜੇ ਸ਼ਬਦ ਕਹਿਣਾ ਤੇ ਝਗੜਾ

ਕਰਨਾ ਵਿਅਰਥ ਹੈ। ਉਸ ਨੂੰ ਈਸ਼ਵਰ ਤੇ ਛੱਡ ਦੇਵੋ, ਤੁਸੀਂ ਖੁਦ ਸਰਵ-ਰਖਿਅਕ ਤੇ ਆਪਣੇ ਆਪ ਸਿੱਧ ਈਸ਼ਵਰ ਦੇ ਵਲ ਵਧਦੇ ਜਾਓ। ਕਿਸੀ ਦੇ ਆਤਮ-ਸਰਾਪ ਦਾ ਕਾਰਣ ਵੀ ਨਾ ਬਣੋ, ਲੜਾਈ ਤੇ ਕਲਹ ਦੀ ਗੱਲ ਹੀ ਕੀ। ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਸਭ ਈਸ਼ਵਰ ਦੇ ਪ੍ਰਸ਼ਾਦ ਰੂਪੀ ਪੇੜ ਦੀ ਛਾਂ ਵਿਚ ਪਲਦੇ ਤੇ ਵੰਡੇ ਹੁੰਦੇ ਰਹੋਗੇ ਤੇ ਉਹੀ ਕੰਮ ਕਰੋਗੇ ਜੋ ਈਸ਼ਵਰ ਦੀ ਇੱਛਾ ਅਨੁਸਾਰ ਹੋਵੇ। ਤੁਸੀਂ ਸਭ ਇਕ ਹੀ ਪੇੜ ਦੇ ਪੱਤੇ ਤੇ ਇਕ ਹੀ ਸਮੁੰਦਰ ਦੀਆਂ ਬੂੰਦਾਂ ਹੋ।"

ਭਗਵਾਨ ਬਹਾਉੱਲਾਹ ਉਮੀਦ ਕਰਦੇ ਹਨ ਕਿ ਦੂਜਿਆਂ ਨੂੰ ਸਿਖਿਆ ਦੇਣ ਤੋਂ ਪਹਿਲਾਂ ਅਸੀਂ ਆਪਣੇ ਆਪ ਨੂੰ ਸਿਖਿਅਤ ਕਰੀਏ। ਇਸ ਦਾ ਅਰਥ ਹੈ ਦੂਜਿਆਂ ਦਵਾਰਾ ਇਨ੍ਹਾਂ ਸਿਖਿਆਵਾਂ ਦੇ ਕਦਮਾਂ ਦੇ ਚਲਣ ਤੋਂ ਪਹਿਲਾਂ ਅਸੀਂ ਖੁਦ ਉਨ੍ਹਾਂ ਦੀਆਂ ਸਿਖਿਆਵਾਂ ਦਾ ਗਿਆਨ ਪ੍ਰਾਪਤ ਕਰਨ ਦੀ ਪੂਰੀ ਕੋਸ਼ਿਸ਼ ਕਰੀਏ ਤੇ ਆਪਣੇ ਜੀਵਨ ਵਿਚ ਉਨ੍ਹਾਂ ਦਾ ਅਭਿਆਸ ਕਰੀਏ। ਭਗਵਾਨ ਬਹਾਉੱਲਾਹ ਦੇ ਸ਼ਬਦਾਂ ਵਿਚ :

"ਬਹਾ ਦੇ ਮਨੁੱਖ ਜ਼ਰੂਰ ਹੀ ਮਾਲਿਕ ਪਰਮਾਤਮਾ ਦੀ ਬੁੱਧੀਮਤਾ ਨਾਲ ਸੇਵਾ ਕਰਨ। ਆਪਣੇ ਜੀਵਨ ਦਵਾਰਾ ਦੂਜਿਆਂ ਨੂੰ ਸਿਖਿਆ ਦੇਣ ਤੇ ਆਪਣੇ ਕਰਮਾਂ ਵਿਚ ਪ੍ਰਭੂ ਦੀ ਜੋਤੀ ਨੂੰ ਪ੍ਰਤੱਖ ਕਰਨ। ਅਸਲ ਵਿਚ ਕਰਮਾਂ ਦਾ ਪ੍ਰਭਾਵ, ਸ਼ਬਦਾਂ ਦੇ ਪ੍ਰਭਾਵ ਦੀ ਤੁਲਨਾ ਜ਼ਿਆਦਾ ਤਾਕਤਵਰ ਹੁੰਦਾ ਹੈ... ਸਿਖਿਆ ਦਵਾਰਾ ਬੋਲੇ ਗਏ ਸ਼ਬਦਾਂ ਦਾ ਅਸਰ ਉਸ ਦੇ ਆਸ਼ੇ ਦੀ ਸ਼ੁੱਧੀ ਤੇ ਉਸ ਦੀ ਤਿਆਗ ਭਾਵਨਾ ਤੇ ਨਿਰਭਰ ਹੁੰਦਾ ਹੈ। ਕੁਝ ਆਦਮੀ ਸ਼ਬਦਾਂ ਤੋਂ ਹੀ ਸੰਤੁਸ਼ਟ ਹੁੰਦੇ ਹਨ ਪਰ ਸ਼ਬਦਾਂ ਦੀ ਸਚਾਈ ਕਰਮਾਂ ਦਵਾਰਾ ਪਰਖੀ ਜਾਂਦੀ ਹੈ ਤੇ ਜੀਵਨ ਤੇ ਨਿਰਭਰ ਹੁੰਦੀ ਹੈ। ਕਰਮ ਮਨੁੱਖ ਦੀ ਪਦਵੀ ਨੂੰ ਪ੍ਰਗਟ ਕਰਦੇ ਹਨ। ਸ਼ਬਦ ਜ਼ਰੂਰ ਹੀ ਉਸ ਦੇ ਅਨੁਸਾਰ ਹੋਵੇ ਜੋ ਕਿ ਪ੍ਰਭੂ ਦੀ ਇੱਛਾ ਦੇ ਮੁਖ ਤੋਂ ਪ੍ਰਵਾਹਿਤ ਹੋਇਆ ਹੈ ਤੇ ਪਾਰਟੀਆਂ ਵਿਚ ਲਿਖਿਆ ਹੋਇਆ ਹੈ।"

ਦੂਜਿਆਂ ਦੇ ਲਈ ਆਸ਼ੀਰਵਾਦਾਂ ਤੇ ਅਧਿਆਤਮਕ ਵਿਕਾਸ ਦਾ ਸਾਧਨ ਬਣਨਾ ਸਾਡੇ ਲਈ ਇਕ ਮਹਾਨ ਤੇ ਖਾਸ ਅਧਿਕਾਰ ਹੈ। ਸ਼ਾਇਦ ਅਧਿਆਤਮਕ ਸੰਸਾਰ ਵਿਚ ਸਾਡੇ ਲਈ ਇਸ ਤੋਂ ਜ਼ਿਆਦਾ ਮੁੱਲ ਵਾਲੀ ਕੋਈ ਚੀਜ਼ ਨਹੀਂ ਕਿ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਦਾ ਮਕਸਦ ਸਮਝਣ ਤੇ ਇਕ ਵੀ ਵਿਸ਼ਵ

ਧਰਮ ਵਿਚ ਸੰਗਠਿਤ ਹੋ ਜਾਣ ਵਿਚ ਮਦਦ ਦੇਈਏ। ਅਬਦੁਲਬਹਾ ਨੇ ਕਿਹਾ ਹੈ ਕਿ ਹਰੇਕ ਬਹਾਈ ਸਾਲ ਵਿਚ ਘੱਟ ਤੋਂ ਘੱਟ ਇਕ ਆਦਮੀ ਦਾ ਭਗਵਾਨ ਬਹਾਉੱਲਾਹ ਦੇ ਧਰਮ ਵਲ ਮਾਰਗ ਦਰਸ਼ਨ ਕਰਨ ਦੀ ਕੋਸ਼ਿਸ਼ ਕਰੇ। ਭਗਵਾਨ ਬਹਾਉੱਲਾਹ ਦੇ ਧਰਮ ਦਾ ਪ੍ਰਸਿਖਸ਼ਣ ਸਾਡੇ ਆਪਣੇ ਸਿਖਿਅਤ ਹੋਣ ਤੇ ਆਧਾਰਿਤ ਨਹੀਂ। ਅਬਦੁਲਬਹਾ ਕਹਿੰਦੇ ਹਨ ਕਿ, ਚਾਹੇ ਕੋਈ ਆਦਮੀ ਪੜ੍ਹਨਾ ਲਿਖਣਾ ਨਾ ਜਾਣਦਾ ਹੋਵੇ ਫਿਰ ਵੀ ਆਪਣੇ ਕੰਮਾਂ ਤੇ ਕਰਮਾਂ ਦਵਾਰਾ ਸਾਬਿਤ ਕਰ ਸਕਦਾ ਹੈ ਕਿ ਉਹ ਮਨੁੱਖ ਮਾਤਰ ਦਾ ਸੱਚਾ ਸੇਵਕ ਹੈ। ਜੇ ਅਸੀਂ ਸੱਚਾ ਬਹਾਈ ਜੀਵਨ ਬਤੀਤ ਕਰੀਏ ਤਾਂ ਲੋਕ ਖੁਦ ਆ ਕੇ ਦੇਖਣਗੇ ਕਿ ਅਸੀਂ ਅਲੱਗ ਹੋਂ ਕਿਉਂਕਿ ਅਸੀਂ ਇਸ ਜੁਗ ਦੇ ਲਈ ਪ੍ਰਭੂ ਦੀਆਂ ਸਿਖਿਆਵਾਂ ਦਾ ਅਭਿਆਸ ਕਰਦੇ ਹਾਂ। ਅਬਦੁਲਬਹਾ ਦੀ ਹੇਠ ਲਿਖੀ ਪਾਟੀ ਤੋਂ ਧਰਮ ਪ੍ਰਸਿਖਸ਼ਣ ਦਾ ਮਹੱਤਵ ਤੇ ਉਹ ਕ੍ਰਿਪਾਵਾਂ ਜੋ ਇਹ ਸਾਡੇ ਲਈ ਲਿਆਂਦਾ ਹੈ, ਸਪਸ਼ਟ ਰੂਪ ਵਿਚ ਸਮਝੀਆਂ ਜਾ ਸਕਦੀਆਂ ਹਨ।

"ਇਹ ਪ੍ਰਤੱਖ ਹੈ ਕਿ ਅਜ ਅਦਿੱਖ ਦੈਵੀ ਸਹਾਇਤਾ ਉਨ੍ਹਾਂ ਨੂੰ ਘੇਰ ਕੇ ਖੜੀ ਹੈ ਜੋ ਸੰਦੇਸ਼ ਦੇਂਦੇ ਹਨ। ਅਤੇ ਜੇ ਸੰਦੇਸ਼ ਦੇਣ ਦੇ ਕੰਮ ਦੀ ਉਪੇਖਿਆ ਕੀਤੀ ਜਾਵੇ ਤਾਂ ਇਹ ਸਹਾਇਤਾ ਪੂਰੀ ਤਰ੍ਹਾਂ ਬੰਦ ਹੋ ਜਾਵੇਗੀ ਕਿਉਂਕਿ ਇਹ ਅਸੰਭਵ ਹੈ ਕਿ ਸੰਦੇਸ਼ ਦੇਣ ਦੇ ਕੰਮ ਵਿਚ ਮਗਨ ਹੋਏ ਬਿਨਾਂ ਪ੍ਰਮਾਤਮਾ ਦੇ ਮਿਤਰ ਪ੍ਰਭੂ ਦੀ ਮਦਦ ਪ੍ਰਾਪਤ ਕਰ ਸਕਣ। ਸਾਰੀਆਂ ਹਾਲਤਾਂ ਵਿਚ ਪ੍ਰਭੂ ਸੰਦੇਸ਼ ਜ਼ਰੂਰ ਹੀ ਦਿਤਾ ਜਾਵੇ ਪਰ ਬੁੱਧੀਮਤਾ ਦੇ ਨਾਲ ਮਿੱਤਰ ਆਤਮਾ ਦੀ ਪ੍ਰਸਿਖਸ਼ਣ ਕੰਮ ਵਿਚ ਮਗਨ ਹੋਣ ਤੇ ਅਧਿਆਤਮਕ ਆਨੰਦ ਤੇ ਸੁਗੰਧੀ ਪ੍ਰਾਪਤ ਕਰਨ ਵਿਚ ਮਨੁੱਖਤਾ ਦੇ ਸੰਸਾਰ ਦੀ ਸਹਾਇਤਾ ਦੇ ਯੰਤਰ ਬਣਨ। ਉਦਾਹਰਣ ਦੇ ਤੌਰ ਤੇ ਜੇ ਹਰ ਇਕ ਮਿੱਤਰ (ਚੇਲਾ) ਇਕ ਬੇਧਿਆਨ ਆਤਮਾ ਦੇ ਨਾਲ ਦੋਸਤਾਨਾ ਸਬੰਧ ਤੇ ਠੀਕ ਵਤੀਰਾ ਸੰਥਾਪਿਤ ਕਰੇ, ਪੂਰਣ ਦਿਆ ਤੇ ਨਿੱਮਰਤਾ ਨਾਲ ਉਸ ਨਾਲ ਮਿਲੇ ਜੁਲੇ ਤੇ ਉਸ ਦੇ ਨਾਲ ਰਹੇ ਤੇ ਇਸ ਵਿਚਕਾਰ ਅੱਛੇ ਆਚਰਣ ਤੇ ਨੈਤਿਕ ਵਤੀਰੇ ਦਵਾਰਾ ਦੈਵੀ ਨਿਰਦੇਸ਼ ਸਵਰਗਿਕ ਸਲਾਹ ਤੇ ਸ਼ਿਗਵਾਂ ਦੀ ਵਲ ਉਸ ਦਾ ਮਾਰਗ ਦਰਸ਼ਨ ਕਰੇ ਤਾਂ ਜ਼ਰੂਰ ਹੀ ਉਹ ਬੇਧਿਆਨ ਆਦਮੀ ਨੂੰ ਸੁਚੇਤ ਕਰ ਦੇਵੇਗਾ ਤੇ ਉਸ ਦੇ ਅਗਿਆਨ ਨੂੰ ਗਿਆਨ ਵਿਚ ਬਦਲ ਦੇਵੇਗਾ।"

ਬਹਾਈ ਕਿਸ ਤਰ੍ਹਾਂ ਬਣਦੇ ਹਨ :

ਕਈ ਵਾਰ ਅਸੀਂ ਇਹ ਸਵਾਲ ਸੁਣਦੇ ਹਾਂ : ਮੈਂ ਬਹਾਈ ਕਿਸ ਤਰ੍ਹਾਂ ਬਣ ਸਕਦਾ ਹਾਂ ? ਕੁਝ ਲੋਕ ਇਹ ਸਮਝਦੇ ਹਨ ਕਿ ਬਹਾਈ ਧਰਮ ਇਕ ਮੰਡਲੀ ਜਾਂ ਸੋਸਾਇਟੀ ਹੈ ਜੋ ਮੈਂਬਰਾਂ ਨੂੰ ਖਿੱਚਦੀ ਹੈ। ਇਹ ਠੀਕ ਨਹੀਂ। ਕੁਝ ਲੋਕਾਂ ਦਾ ਵਿਚਾਰ ਹੈ ਕਿ ਬਹਾਈ, ਲੋਕਾਂ ਦੇ ਨਾਵਾਂ ਨੂੰ ਬਦਲਣ ਤੇ ਧਾਰਮਿਕ ਖੇਤਰ ਵਿਚ ਉਨ੍ਹਾਂ ਨੂੰ ਨਵਾਂ ਨਾਂ ਦੇਣ ਵਿਚ ਦਿਲਚਸਪੀ ਰਖਦੇ ਹਨ। ਇਹ ਵੀ ਠੀਕ ਨਹੀਂ।

ਬਹਾਈ ਬਣਨ ਦਾ ਅਰਥ ਪ੍ਰਮਾਤਮਾ ਦੇ ਏਕੇ, ਧਰਮਾਂ ਦੀ ਏਕਤਾ ਤੇ ਮਨੁੱਖ ਮਾਤਰ ਦੀ ਏਕਤਾ ਵਿਚ ਵਿਸ਼ਵਾਸ ਰਖਣਾ, ਇਹ ਮਹਿਸੂਸ ਕਰਨਾ ਕਿ ਧਰਮ ਉੱਨਤੀਸ਼ੀਲ ਤੇ ਲਗਾਤਾਰ ਹੈ ਤੇ ਧਰਮ ਫੁੱਟ ਦੇ ਲਈ ਨਹੀਂ, ਸਗੋਂ ਏਕਤਾ ਦੇ ਲਈ ਹੈ। ਇਸ ਦੇ ਸਿਵਾ ਬਹਾਈ ਨੂੰ ਇਸ ਗੱਲ ਦਾ ਵਿਸ਼ਵਾਸ ਹੁੰਦਾ ਹੈ ਕਿ ਸਭ ਧਰਮ ਮੂਲ ਤੌਰ ਤੇ ਦੈਵੀ ਤੇ ਬਰਾਬਰ ਹਨ ਤਾਂ ਵੀ ਬਹਾਈ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਬਹਾਉੱਲਾਹ (ਪ੍ਰਮਾਤਮਾ ਦਾ ਮਾਣ) ਇਸ ਜੁਗ ਦੇ ਲਈ ਈਸ਼ਵਰ ਅਵਤਾਰ ਹੈ। ਅਤੇ ਪਹਿਲੇ ਈਸ਼ਵਰ ਅਵਤਾਰਾਂ ਦੀ ਤਰ੍ਹਾਂ ਉਹ ਬਹਾਉੱਲਾਹ ਵੀ ਇਸ ਜੁਗ ਵਿਚ ਸਾਡੇ ਲਈ ਖੁਸ਼ੀ ਤੇ ਏਕਤਾ ਦਾ ਨਵਾਂ ਜੁਗ ਲਿਆਏ ਹਨ। ਜਦੋਂ ਕੋਈ ਆਦਮੀ ਬਹਾਈ ਬਣਦਾ ਹੈ ਤਾਂ ਉਹ ਆਪਣੇ ਦਿਲ ਵਿਚ ਬਹਾਉੱਲਾਹ ਦੇ ਪ੍ਰਤੀ ਪਰੇਮ ਮਹਿਸੂਸ ਕਰਦਾ ਹੈ। ਜਦੋਂ ਇਹ ਵਿਸ਼ਵਾਸ ਪੈਦਾ ਹੋ ਜਾਵੇ ਤਾਂ ਅਸੀਂ ਬਹਾਈ ਬਣ ਜਾਂਦੇ ਹਾਂ। ਕਿਸੀ ਆਦਮੀ ਨੂੰ ਬਹਾਈ ਧਰਮ ਵਿਚ ਲਿਆਣ ਲਈ ਕਿਸੀ ਸੰਸਕਾਰ ਜਾਂ ਨਾਂ ਬਦਲਣ ਦੀ ਜ਼ਰੂਰਤ ਨਹੀਂ। ਦੂਜੇ ਸ਼ਬਦਾਂ ਵਿਚ, ਵਿਸ਼ਵਾਸ਼ ਦੇ ਬਿਨਾਂ ਧਰਮ ਪ੍ਰੀਵਰਤਨ ਨੂੰ ਅਸੀਂ ਨਹੀਂ ਮੰਨਦੇ ਤੇ ਵਿਸ਼ਵਾਸ ਨੂੰ ਕਿਸੀ ਸੰਸਕਾਰ ਦੀ ਜ਼ਰੂਰਤ ਨਹੀਂ ਹੁੰਦੀ। ਅਬਦੁਲਬਹਾ ਕਹਿੰਦੇ ਹਨ :

"ਜੋ ਆਦਮੀ ਬਹਾਉੱਲਾਹ ਦੇ ਉਪਦੇਸ਼ਾਂ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ, ਉਹ ਬਹਾਈ ਹੈ.....।"

ਬਹਾਈਆਂ ਦੇ ਉਦੇਸ਼, ਲੋਕਾਂ ਦੀ ਸੇਵਾ ਤੇ ਸੰਸਾਰ ਵਿਚ ਏਕਤਾ ਤੇ ਪ੍ਰਸੰਨਤਾ ਲਿਆਣਾ ਹੈ। ਬਹਾਈ ਲੋਕਾਂ ਦੇ ਦਿਲਾਂ ਵਿਚ ਤਬਦੀਲੀ ਲਿਆਣ

ਲਈ ਪ੍ਰਯਤਨਸ਼ੀਲ ਹਨ। ਦਿਲ ਪ੍ਰੀਵਰਤਨ ਪ੍ਰਮਾਤਮਾ ਦੇ ਪਵਿੱਤਰ ਸ਼ਬਦਾਂ ਦੀ ਸ਼ਕਤੀ ਦੇ ਸਿਵਾ ਕਿਸੇ ਹੋਰ ਤਰੀਕੇ ਨਾਲ ਸੰਭਵ ਨਹੀਂ।

ਇਕ ਵਾਰ ਅਬਦੁਲਬਹਾ ਤੋਂ ਪੁੱਛਿਆ ਗਿਆ ਕਿ "ਬਹਾਈ ਕਿਸ ਨੂੰ ਕਹਿੰਦੇ ਹਨ ?" ਉਨ੍ਹਾਂ ਨੇ ਜਵਾਬ ਦਿਤਾ : "ਬਹਾਈ ਹੋਣ ਦਾ ਅਰਥ ਸਾਰੇ ਸੰਸਾਰ ਨਾਲ ਪਿਆਰ ਕਰਨਾ, ਮਨੁੱਖਤਾ ਨਾਲ ਪਿਆਰ ਕਰਨਾ ਤੇ ਇਸ ਦੀ ਸੇਵਾ ਦੀ ਕੋਸ਼ਿਸ਼ ਕਰਨਾ, ਵਿਸ਼ਵ ਸ਼ਾਂਤੀ ਤੇ ਭ੍ਰਾਤ੍ਰੀਭਾਵ ਦੇ ਲਈ ਕੰਮ ਕਰਨਾ ਹੈ।"

ਜੇ ਸ਼ੀਸ਼ਾ ਸਾਫ ਹੋਵੇ ਤਾਂ ਉਹ ਰੋਸ਼ਨੀ ਨੂੰ ਪ੍ਰਤੀਬਿੰਬਤ ਕਰਦਾ ਹੈ। ਜਦੋਂ ਉਹ ਸਾਫ ਨਹੀਂ ਹੁੰਦਾ ਤਾਂ ਉਹ ਕੁਝ ਵੀ ਪ੍ਰਤੀਬਿੰਬਤ ਨਹੀਂ ਕਰਦਾ। ਜੇ ਬਹਾਈ ਆਪਣੇ ਧਰਮ ਦੀ ਸਿਖਿਆ ਦੂਜਿਆ ਨੂੰ ਦੇਂਦੇ ਹਨ ਤਾਂ ਉਹ ਦਿਲਾਂ ਦੇ ਸ਼ੀਸ਼ਿਆਂ ਤੋਂ ਪੱਖਪਾਤ, ਘ੍ਰਿਣਾ ਤੇ ਵੈਰ ਦੀ ਮਿੱਟੀ ਸਾਫ ਕਰਨ ਦਾ ਇਕ ਯਤਨ ਹੈ। ਜਦੋਂ ਸਾਫ ਦਿਲ ਆਦਮੀ ਸਚਾਈ ਦੇ ਸੂਰਜ ਦੇ ਸੰਪਰਕ ਵਿਚ ਆਂਦਾ ਹੈ ਤਾਂ ਉਹ ਜ਼ਿਆਦਾ ਮਾਤਰਾ ਵਿਚ ਰੋਸ਼ਨੀ ਪ੍ਰਾਪਤ ਕਰਦੇ ਹਨ ਤੇ ਦੂਜਿਆਂ ਨੂੰ ਪ੍ਰਤੀਬਿੰਬਤ ਕਰਦੇ ਹਨ।

ਅਜ ਦੇ ਬਹਾਈਆਂ ਵਿਚ ਬਹੁਤ ਸਾਰੇ ਇਹੋ ਜਿਹੇ ਹਨ ਜਿਨ੍ਹਾਂ ਨੇ ਆਪਣੇ ਦਿਲਾਂ ਵਿਚ ਹਮੇਸ਼ਾ ਇਹ ਮਹਿਸੂਸ ਕੀਤਾ ਹੈ ਕਿ ਇਸ ਨਵੇਂ ਜੁਗ ਵਿਚ ਨਵੀਂ ਸਿਖਿਆਵਾਂ ਦਾ ਹੋਣਾ ਅਤੀ ਜ਼ਰੂਰੀ ਹੈ ਪਰ ਉਹ ਇਹ ਨਹੀਂ ਜਾਣਦੇ ਕਿ ਉਹ ਆਪਣੇ ਭਾਵਾਂ ਨੂੰ ਕ੍ਰਿਸ ਤਰ੍ਹਾਂ ਕੰਮਾਂ ਵਿਚ ਤਬਦੀਲ ਕਰਨ। ਉਹ ਨਹੀਂ ਜਾਣਦੇ ਸਨ ਕਿ ਸੰਸਾਰ ਵਿਚ ਇਕ ਇਹੋ ਜਿਹਾ ਧਰਮ ਵੀ ਹੈ ਜਿਸ ਵਿਚ ਉਹ ਸਾਰੀਆਂ ਸਿਖਿਆਵਾਂ ਤੇ ਨਿਯਮ ਵੀ ਹਨ ਜੋ ਉਹ ਧਰਮ ਵਿਚ ਚਾਹੁੰਦੇ ਸਨ। ਜਿਓਂ ਹੀ ਉਨਾਂ ਨੇ ਬਹਾਈ ਧਰਮ ਦੇ ਬਾਰੇ ਸੁਣਿਆ, ਉਨ੍ਹਾਂ ਨੇ ਇਸ ਨੂੰ ਪ੍ਰਭੂ ਦੀ ਬਾਣੀ ਸਮਝ ਕੇ ਵਿਸ਼ਵਾਸ ਕਰ ਲਿਆ ਕਿਉਂਕਿ ਭਗਵਾਨ ਬਹਾਉੱਲਾਹ ਦੇ ਬਾਰੇ ਜਾਣੇ ਬਿਨਾਂ ਹੀ ਪ੍ਰਭੂ ਬਾਣੀ ਨੂੰ ਆਪਣੇ ਦਿਲਾਂ ਵਿਚ ਸੁਣਿਆ ਸੀ। ਉਹ ਇਹੋ ਜਿਹੇ ਸਾਫ ਸ਼ੀਸ਼ੇ ਹਨ ਜੋ ਹੁਣ ਸਚਾਈ ਦੇ ਸੂਰਜ ਦੀ ਕਿਰਣਾਂ ਦੀ ਦਿਸ਼ਾਂ ਵਿਚ ਲਿਆਏ ਗਏ ਤੇ ਇਸ ਦੇ ਤੇਜ਼ ਨੂੰ ਪ੍ਰਤੀਬਿੰਬਤ ਕਰਦੇ ਹਨ। ਜੇ ਦਿਲ ਰੂਪੀ ਸ਼ੀਸ਼ਾ, ਚਾਹੇ ਉਹ ਸਾਫ ਹੀ ਹੋਵੇ, ਰੋਸ਼ਨੀ ਦੀ ਤਰਫ ਨਾ ਮੋੜੇ ਜਾਣ ਤਾਂ ਉਹ ਹਨੇਰੇ ਦੇ ਭਰੇ ਰਹਿਣਗੇ।

ਜਦੋਂ ਇਹ ਵਿਸ਼ਵਾਸ਼ ਤੇ ਸਚਾਈ ਦਾ ਭਾਵ ਕਿਸੇ ਆਦਮੀ ਵਿਚ ਪੈਦਾ ਹੋ ਜਾਂਦਾ ਹੈ ਤਾਂ ਉਹ ਬਹਾਈ ਬਣ ਜਾਂਦਾ ਹੈ। ਫਿਰ ਵੀ ਇਕ ਫਾਰਮ ਹੁੰਦਾ ਹੈ ਜੋ ਬਹਾਂਈਆਂ ਨੂੰ ਭਰਨਾ ਹੁੰਦਾ ਹੈ ਤੇ ਉਸ ਤੇ ਦਸਖਤ ਕਰਨੇ ਹੁੰਦੇ ਹਨ। ਇਸ ਵਿਚ ਉਨ੍ਹਾਂ ਨੇ ਆਪਣੇ ਨਾਂ ਤੇ ਪਤੇ ਦੇਣੇ ਹੁੰਦੇ ਹਨ ਤੇ ਦੇਸ਼ ਦੀ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਸੂਚਨਾ ਦੇਣੀ ਹੁੰਦੀ ਹੈ ਕਿ ਉਹ ਭਗਵਾਨ ਬਹਾਉੱਲਾਹ ਵਿਚ ਵਿਸ਼ਵਾਸ਼ ਰਖਦੇ ਹਨ। ਇਸ ਤਰ੍ਹਾਂ ਕੋਈ ਆਦਮੀ ਬਹਾਈ ਵਿਸ਼ਵ ਸਮਾਜ ਨੂੰ ਸੂਚਿਤ ਕਰਦਾ ਹੈ ਕਿ ਉਹ ਵੀ ਬਹਾਉੱਲਾਹ ਵਿਚ ਵਿਸ਼ਵਾਸ਼ ਰਖਦਾ ਹੈ। ਘੋਸ਼ਣਾ ਪੱਤਰ ਤੇ ਦਸਤਖਤ ਕਰਨ ਤੋਂ ਬਾਦ ਉਹ ਬਹਾਈ ਬਣ ਜਾਂਦਾ ਹੈ। ਬਹਾਈ ਬਣ ਜਾਣ ਤੇ ਉਹ 'ਮਾਨਵ ਸੇਵਕ' ਹੁੰਦਾ ਹੈ। ਘੋਸ਼ਣਾ ਪੱਤਰ ਤੇ ਦਸਖਤ ਕਰਨ ਤੇ ਉਹ ਪ੍ਰਭੂ ਦਵਾਰਾ ਦਿਤੇ ਗਏ ਪ੍ਰਸ਼ਾਸਨ ਦਵਾਰਾ, ਜੋ ਇਸ ਜੁਗ ਦੇ ਲਈ ਦੈਵੀ ਮਾਰਗ ਦਰਸ਼ਨ ਦਾ ਇਕ ਹਿੱਸਾ ਹੈ, ਮਨੁੱਖਤਾ ਦੀ ਸੇਵਾ ਕਰਨ ਦੀ ਪ੍ਰਤਿਗਿਆ ਕਰਦਾ ਹੈ। ਘੋਸ਼ਣਾ ਪੱਤਰ ਹਰ ਦੇਸ ਦੀ ਰਾਸ਼ਟਰੀਯ ਅਧਿਆਤਮਕ ਸਭਾ ਦੱਵਾਰਾ ਜਾਰੀ ਕੀਤੇ ਜਾਂਦੇ ਹਨ ਤੇ ਉਸ ਦੇਸ਼ ਵਿਚ ਬਹਾਉੱਲਾਹ ਵਿਚ ਵਿਸ਼ਵਾਸ਼ ਕਰਨ ਵਾਲੇ ਲੋਕਾਂ ਨੂੰ ਦਸਖਤ ਕਰਨ ਲਈ ਦਿਤੇ ਜਾਂਦੇ ਹਨ। ਦਸਖਤ ਕੀਤੇ ਗਏ ਫਾਰਮ, ਸਥਾਨਿਕ ਅਧਿਆਤਮਕ ਸਭਾਂ ਦਵਾਰਾ ਰਾਸ਼ਟਰੀਯ ਅਧਿਆਤਮਕ ਸਭਾ ਨੂੰ ਵਾਪਿਸ ਕਰ ਦਿਤੇ ਜਾਂਦੇ ਹਨ। ਜੇ ਕਿਸੇ ਜਗ੍ਹਾ ਤੇ ਸਥਾਨਿਕ ਅਧਿਆਤਮਕ ਸਭਾ ਨਾ ਹੋਵੇ ਤਾਂ ਘੋਸ਼ਣਾ ਕਰਕੇ ਖੁਦ ਹੀ ਬਹਾਈਆਂ ਦੇ ਰੂਪ ਵਿਚ ਫਾਰਮ ਸਿੱਧਾ ਰਾਸ਼ਟਰੀਯ ਅਧਿਆਤਮਕ ਸਭਾ ਦੇ ਕੋਲ ਭੇਜ ਦੇਣ।

ਬਹਾਈ ਲੋਕਾਂ ਦੀ ਸੇਵਾ ਕਰਦਾ ਹੈ ਤੇ ਉਨ੍ਹਾਂ ਲਈ ਪ੍ਰਾਰਥਨਾ ਵੀ ਕਰਦਾ ਹੈ। ਪ੍ਰਗਟ ਕੀਤੀਆਂ ਗਈਆਂ ਅਸੰਖ ਸੁੰਦਰ ਪ੍ਰਾਰਥਨਾਵਾਂ ਵਿਚ ਅਸੀਂ ਇਹ ਪੜ੍ਹਦੇ ਹਾਂ :

"ਐ ਦਿਆਲੂ ਸਵਾਮੀ ! ਤੂੰ ਸਾਰੀ ਮਨੁੱਖਤਾ ਨੂੰ ਇਕ ਹੀ ਮਾਂ ਬਾਪ ਤੋਂ ਪੈਦਾ ਕੀਤਾ ਹੈ। ਤੂੰ ਨੇ ਇਹ ਕਿਸਮਤ ਬੰਨ੍ਹੀ ਹੈ ਕਿ ਸਾਰੇ ਇਕ ਹੀ ਪਰਵਾਰ ਨਾਲ ਸਬੰਧਿਤ ਹੋਣ ਤੇ ਤੇਰੀ ਪਵਿੱਤਰ ਹਾਜ਼ਰੀ ਵਿਚ ਸਭ ਤੇਰੇ ਸੇਵਕ ਹਨ, ਤੇ ਸਾਰੀ ਮਨੁੱਖਤਾ ਤੇਰੇ ਮੰਡਪ ਦੀ ਸ਼ਰਨ ਵਿਚ ਹੈ। ਤੇਰੇ ਬੱਚੇ ਤੇਰੀ ਕਿਰਪਾ ਦੀ ਮੇਜ਼ ਤੇ ਇਕੱਠੇ ਹੋਏ ਹਨ ਤੇ ਕਿਰਪਾ-ਦ੍ਰਿਸ਼ਟੀ ਦੀ ਜੋਤੀ ਦਵਾਰਾ

ਪ੍ਰਫੁਲਤ ਹੋ ਉਠੇ ਹਨ। ਐ ਪ੍ਰਭੂ, ਤੂੰ ਸਾਰਿਆਂ ਤੇ ਕ੍ਰਿਪਾਲੂ ਹੈਂ, ਤੈਂ ਨੇ ਸਾਰਿਆਂ ਦੇ ਪਾਲਣ ਪੋਸ਼ਣ ਦਾ ਪ੍ਰਬੰਧ ਕੀਤਾ ਹੈ, ਤੂੰ ਸਾਰਿਆਂ ਨੂੰ ਸ਼ਰਣ ਦਿੰਦਾ ਹੈਂ। ਤੂੰ ਸਾਰਿਆਂ ਨੂੰ ਜੀਵਨ ਦਾਨ ਦਿੰਦਾ ਹੈਂ, ਤੂੰ ਹਰ ਦੀਨ ਆਦਮੀ ਨੂੰ ਯੋਗਤਾ ਤੇ ਬੁੱਧੀ ਬਖਸ਼ੀ ਹੈ ਤੇ ਸਾਰੇ ਮਨੁੱਖ ਮਾਤਰ ਨੂੰ ਆਪਣੇ ਦਯਾ ਦੇ ਸਾਗਰ ਵਿਚ ਡੁਬੋ ਦਿੱਤਾ ਹੈ।"

"ਐ ਉਦਾਰ ਮਾਲਿਕ ! ਹਰ ਦੇਸ਼ ਵਿਚ ਆਪਣੇ ਸੇਵਕਾਂ ਨੂੰ ਸੰਗਠਿਤ ਕਰ ਦੇ, ਕਈ ਧਰਮਾਂ ਨੂੰ ਇਕ ਰੂਪ ਕਰਦੇ, ਸਾਰੇ ਰਾਸ਼ਟਰਾਂ ਨੂੰ ਇਕ ਰਾਸ਼ਟਰ ਬਣਾ ਦੇ ਤਾਂ ਜੋ ਉਹ ਇਕ ਦੂਜੇ ਨੂੰ ਇਕ ਪਰਿਵਾਰ ਦੀ ਸ਼ਕਲ ਵਿਚ ਦੇਖਣ, ਇਕ ਦੇਸ਼ ਦੇ ਨਾਗਰਿਕ ਸਮਝਣ। ਮਨੁੱਖ ਮਾਤਰ ਪੂਰੀ ਮਿੱਤਰਤਾ ਤੇ ਏਕਤਾ ਦੇ ਨਾਲ ਆਪਸ ਵਿਚ ਘੁਲ ਮਿਲ ਜਾਣ।"

"ਐ ਈਸ਼ਵਰ ! ਮਨੁੱਖ ਮਾਤਰ ਦੀ ਏਕਤਾ ਦੇ ਝੰਡੇ ਨੂੰ ਉੱਚਾ ਫਹਿਰਾ। ਐ ਪ੍ਰਮਾਤਮਾ ! ਸਰਵ-ਉੱਚ ਸ਼ਾਂਤੀ ਸਥਾਪਿਤ ਕਰ। ਐ ਪ੍ਰਭੂ ਸਾਡੇ ਦਿਲਾਂ ਨੂੰ ਇਕ ਦਿਲ ਦੇ ਰੂਪ ਵਿਚ ਜੋੜ। ਐ ਕ੍ਰਿਪਾਮਈ ਪਿਤਾ ! ਆਪਣੇ ਪਰੇਮ ਦੀ ਖੁਸ਼ਬੋ ਨਾਲ ਸਾਨੂੰ ਪ੍ਰਫੁਲਤ ਕਰ, ਆਪਣੇ ਨੇਤਰਤਵ ਦੇ ਪ੍ਰਕਾਸ਼ ਦਵਾਰਾ ਸਾਡੇ ਨੇਤਰਾਂ ਨੂੰ ਜੋਤੀਮਈ ਕਰ, ਆਪਣੇ ਸ਼ਬਦ ਦੀ ਮਿੱਠੀ ਆਵਾਜ਼ ਦਵਾਰਾ ਸਾਡੇ ਕੰਨਾਂ ਨੂੰ ਖੁਸ਼ ਕਰ ਤੇ ਆਪਣੀ ਜੋਤੀ ਦੇ ਸ਼ਰਨਘਰ ਵਿਚ ਸਾਨੂੰ ਸ਼ਰਨ ਦੇ।"

"ਤੂੰ ਬਲਵਾਨ ਹੈਂ, ਸ਼ਕਤੀਸ਼ਾਲੀ ਹੈਂ, ਤੂੰ ਹੀ ਮਾਫ ਕਰਨ ਵਾਲਾ ਹੈਂ ਤੇ ਤੂੰ ਉਹ ਹੈਂ ਜੋ ਮਨੁੱਖ ਮਾਤਰ ਦੇ ਦੋਸ਼ਾਂ ਤੇ ਧਿਆਨ ਨਹੀਂ ਦਿੰਦਾ।"

—ਅਬਦੁਲਬਹਾ

ਵਿਆਹ :

ਅਸੀਂ ਦੇਖ ਚੁਕੇ ਹਾਂ ਕਿ ਬਹਾਈ ਧਰਮ ਵੈਰਾਗੀ ਜੀਵਨ ਨਹੀਂ ਹੁੰਦਾ। ਬਹਾਈ ਧਰਮ ਵਿਚ ਵਿਆਹ ਇਕ ਜ਼ਰੂਰੀ ਪ੍ਰਬੰਧ ਹੈ। ਪਵਿੱਤਰ ਗਰੰਥ "ਅਕਦਸ" ਵਿਚ ਭਗਵਾਨ ਬਹਾਉੱਲਾਹ ਫਰਮਾਂਦੇ ਹਨ : "ਐ ਲੋਕੋ, ਵਿਆਹ ਦੇ ਬੰਧਨ ਵਿਚ ਬੰਨ੍ਹੇ ਜਾਓ ਤਾਂ ਜੋ ਤੁਸੀਂ ਉਨ੍ਹਾਂ ਨੂੰ ਪੈਦਾ ਕਰ ਸਕੋ ਜੋ ਮੇਰਾ ਸਿਮਰਨ ਕਰਨਗੇ।"

ਅਬਦੁਲਬਹਾ ਕਹਿੰਦੇ ਹਨ :

"ਬਹਾਈ ਵਿਆਹ ਦਾ ਮਕਸਦ ਇਹ ਹੈ ਕਿ ਔਰਤ ਤੇ ਪੁਰਸ਼ ਸਰੀਰ ਤੇ ਆਤਮਾ ਵਿਚ ਇਕ ਹੋ ਜਾਣ ਤਾਂ ਜੋ ਸਾਰੇ ਦੈਵੀ ਸੰਸਾਰਾਂ ਵਿਚ ਉਨ੍ਹਾਂ ਵਿਚ ਏਕਤਾ ਹਮੇਸ਼ਾ ਬਣੀ ਰਹੇ ਤੇ ਇਕ ਦੂਜੇ ਦੇ ਅਧਿਆਤਮਕ ਜੀਵਨ ਨੂੰ ਚੰਗਾ ਬਣਾਨ। ਇਹ ਹੈ ਬਹਾਈ ਵਿਆਹ ਸਬੰਧ।"

ਬਹਾਈ ਵਿਆਹ ਕਿਸ ਤਰ੍ਹਾਂ ਪੂਰਾ ਹੁੰਦਾ ਹੈ ? ਬਹਾਈ ਵਿਆਹ ਲਈ ਮਹੱਤਵਪੂਰਨ ਜ਼ਰੂਰਤਾਂ ਇਹ ਹਨ : (੧) ਲੜਕਾ ਤੇ ਲੜਕੀ ਇਕ ਦੂਜੇ ਨਾਲ ਵਿਆਹ ਕਰਾਣ ਵਾਸਤੇ ਰਾਜ਼ੀ ਹੋਣ। ਇਕ ਦੂਜੇ ਨਾਲ ਵਿਆਹ ਕਰਨ ਵਾਸਤੇ ਉਨ੍ਹਾਂ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ (੨) ਲਾੜ੍ਹਾ ਤੇ ਲਾੜ੍ਹੀ ਦੇ ਮਾਂ ਬਾਪ, ਜੇ ਜ਼ਿੰਦਾ ਹੋਣ ਤਾਂ ਉਹ ਜ਼ਰੂਰ ਹੀ ਵਿਆਹ ਲਈ ਆਗਿਆ ਦੇਣ। ਭਗਵਾਨ ਬਹਾਉੱਲਾਹ ਕਹਿੰਦੇ ਹਨ :

"ਕਿਉਂਕਿ ਸਾਡੀ ਇੱਛਾ ਹੈ ਕਿ ਲੋਕਾਂ ਵਿਚ ਪਰੇਮ ਤੇ ਮਿੱਤ੍ਰਤਾ ਭਾਵ ਤੇ ਏਕਾ ਵਧੇ, ਇਸ ਲਈ ਅਸੀਂ ਮਾਤਾ ਪਿਤਾ ਦੀ ਆਗਿਆ ਦੀ ਸ਼ਰਤ ਲਗਾ ਦਿੱਤੀ ਹੈ ਤਾਂ ਜੋ ਵੈਰਭਾਵ ਤੇ ਮਨ ਦੀ ਮਲੀਨਤਾ ਤੋਂ ਬਚਿਆ ਜਾ ਸਕੇ।"

ਜਦੋਂ ਇਹ ਜ਼ਰੂਰੀ ਆਗਿਆਵਾਂ ਪ੍ਰਾਪਤ ਹੋ ਜਾਂਦੀਆਂ ਤਾਂ ਉਹ ਆਪਣੀ ਅਧਿਆਤਮਕ ਸਭਾ ਨੂੰ ਆਪਣੇ ਵਿਆਹ ਦੇ ਬਾਰੇ ਦਸਦੇ ਹਨ। ਅਤੇ ਇਕ ਮਿਤੀ ਪੱਕੀ ਕਰ ਦਿੱਤੀ ਜਾਂਦੀ ਹੈ ਤਾਂ ਜੋ ਵਿਆਹ ਦੀ ਗਵਾਹੀ ਦੇਣ ਲਈ ਆਪਣੇ ਨੁਮਾਇੰਦੇ ਨੂੰ ਭੇਜ ਸਕਣ। ਤਦ ਉਹ ਕੁਝ ਆਦਮੀਆਂ ਦੀ ਹਾਜ਼ਰੀ ਵਿਚ ਭਗਵਾਨ ਬਹਾਉੱਲਾਹ ਦਵਾਰਾ ਉਨ੍ਹਾਂ ਦੇ ਪਵਿੱਤਰ ਗਰੰਥ ਵਿਚ ਪ੍ਰਗਟ ਕੀਤੇ ਗਏ ਹੇਠ ਲਿਖੇ ਸਲੋਕ ਪੜ੍ਹਦੇ ਹਨ :

"ਨਿਰਸੰਦੇਹ ਅਸੀਂ ਸਭ ਈਸ਼ਵਰ ਦੀ ਇੱਛਾ ਨੂੰ ਸਵੀਕਾਰ ਕਰਾਂਗੇ।" ਤੇ ਲਾੜ੍ਹੀ ਵੀ ਇਹ ਕਹੇਗੀ।"

"ਨਿਰਸੰਦੇਹ ਅਸੀਂ ਸਭ ਈਸ਼ਵਰ ਦੀ ਇੱਛਾ ਨੂੰ ਸਵੀਕਾਰ ਕਰਾਂਗੇ।"

ਇਸ ਤੋਂ ਬਾਦ ਲੜਕਾ ਲੜਕੀ ਪਤੀ ਪਤਨੀ ਬਣ ਜਾਂਦੇ ਹਨ ਤੇ ਵਿਆਹ ਦੀ ਮਿਤੀ ਅਧਿਆਤਮਕ ਸਭਾ ਪਾਸ ਦਰਜ ਹੋ ਜਾਂਦੀ ਹੈ।

ਜੇ ਕਿਸੇ ਜਗ੍ਹਾ ਤੇ ਸਭਾ ਨਾ ਵੀ ਹੋਵੇ ਤਾਂ ਕੁਝ ਗਵਾਹਾਂ ਦੀ ਹਾਜ਼ਰੀ ਵਿਚ ਖੁਦ ਲਾੜ੍ਹਾ ਲਾੜ੍ਹੀ ਦਵਾਰਾ, ਉਪਰ ਦੱਸੇ ਤਰੀਕੇ ਨਾਲ ਵਿਆਹ ਹੋ ਸਕਦਾ ਹੈ। ਅਬਦੁਲਬਹਾ ਕਹਿੰਦੇ ਹਨ :

"ਬਹਾਈ ਮੰਗਨੀ ਦੋਨਾਂ ਪੱਖਾਂ ਦੀ ਪੂਰੀ ਸਹਿਮਤੀ ਤੇ ਸਮੁੱਚੀ ਆਗਿਆ ਨਾਲ ਹੁੰਦੀ ਹੈ। ਉਹ ਜ਼ਰੂਰ ਹੀ ਇਕ ਦੂਜੇ ਵਲ ਪੂਰਾ ਧਿਆਨ ਦੇਣ ਤੇ ਇਕ ਦੂਜੇ ਦੇ ਵਤੀਰੇ ਤੋਂ ਵਾਕਿਫ ਹੋ ਜਾਣ। ਉਨ੍ਹਾਂ ਦੇ ਵਿਚ ਕ੍ਰਿਣ ਸੰਵਿਦਾ ਜ਼ਰੂਰ ਹੀ ਸਥਾਈ ਬੰਧਨ ਬਣ ਜਾਵੇ ਤੇ ਉਨ੍ਹਾਂ ਦੇ ਉਦੇਸ਼ ਜ਼ਰੂਰ ਹੀ ਅਨੰਤ ਗ੍ਰਿਹਸਥ ਸਬੰਧ, ਮਿੱਤਰਤਾ, ਏਕਤਾ ਤੇ ਜ਼ਿੰਦਗੀ ਹੋਣ।"

ਇਸ ਸਿਖਿਆ ਦੇ ਪ੍ਰਕਾਸ਼ ਵਿਚ ਵਿਆਹ ਖਾਲੀ ਭੌਤਿਕ ਹੀ ਨਹੀਂ, ਸਗੋਂ ਇਕ ਅਧਿਆਤਮਕ ਕਰਮ ਵੀ ਹੈ। ਵਿਆਹ ਦੇ ਸਮੇਂ ਅਸੀਂ ਆਪਣੇ ਲੜਕੇ ਲੜਕੀਆਂ ਦਾ ਸੌਦਾ ਨਹੀਂ ਕਰਦੇ। ਅਸੀਂ ਉਨ੍ਹਾਂ ਨੂੰ ਦੁਬਾਰਾ ਮਿਲਣ ਵਿਚ ਇਕ ਰੂਪ ਕਰਦੇ ਹਾਂ। ਕੁਝ ਲੋਕਾਂ ਵਿਚ ਰਿਵਾਜ ਹੈ, ਜੋ ਲੜਕੀ ਜਾਂ ਲੜਕੇ ਅਤੇ ਉਸ ਦੇ ਮਾਤਾ ਪਿਤਾ ਲਈ ਇਹ ਲਾਜ਼ਮੀ ਬਣਾ ਦੇਂਦਾ ਹੈ ਕਿ ਉਹ ਲਾੜ੍ਹਾ ਤੇ ਲਾੜ੍ਹੀ ਦੇ ਪਰਿਵਾਰਾਂ ਨੂੰ ਕੁਝ ਰੁਪਿਆਂ ਦੇ ਤੌਰ ਤੇ ਆਦਿ ਜ਼ਰੂਰ ਦੇਣ ਬਹਾਈ ਵਿਆਹ ਵਿਚ ਇਸ ਤਰ੍ਹਾਂ ਦਾ ਕੋਈ ਰਿਵਾਜ ਨਹੀਂ।

ਵਿਆਹ ਦੇ ਲਈ ਭਗਵਾਨ ਬਹਾਉੱਲਾਹ ਤੇ ਅਬਦੁਲਬਹਾ ਦਵਾਰਾ ਪ੍ਰਗਟ ਕੀਤੀਆਂ ਕਈ ਸੁੰਦਰ ਪ੍ਰਾਰਥਨਾਵਾਂ ਹਨ ਜੋ ਲਾਜ਼ਮੀ ਨਹੀਂ, ਪਰ ਜੇ ਇੱਛਾ ਹੋਵੇ ਤਾਂ ਉਨ੍ਹਾਂ ਨੂੰ ਸ਼ਲੋਕਾਂ ਦੇ ਨਾਲ ਪੜ੍ਹਿਆ ਜਾ ਸਕਦਾ ਹੈ।

ਕਿਸੀ ਹੋਰ ਸ਼ੁਭ ਮੌਕੇ ਦੀ ਤਰ੍ਹਾਂ, ਵਿਆਹ ਦੇ ਸਮੇਂ ਵੀ ਹਰ ਸਮੁਦਾਯ ਤੇ ਰਾਸ਼ਟਰ ਦੇ ਲੋਕ ਇਕ ਦੂਜੇ ਦਾ ਸਤਿਕਾਰ ਕਰਨਾ ਤੇ ਕਿਸ ਤਰ੍ਹਾਂ ਦੇ ਸੰਸਕਾਰ ਕਰਨ ਵਿਚ, ਜੋ ਉਨ੍ਹਾਂ ਦੀ ਸੰਸਕ੍ਰਿਤੀ ਦਾ ਹਿੱਸਾ ਹੈ, ਆਜ਼ਾਦ ਹਨ। ਇਹ ਰੀਤੀਆਂ ਚਰਿੱਤਰ ਦੀ ਸ਼ੁੱਧੀ ਤੇ ਮਨੁੱਖ ਦੀ ਇੱਜ਼ਤ (ਉੱਚਤਾ) ਨੂੰ ਬਣਾ ਕੇ ਰੱਖਣ ਵਿਚ ਕਿਸੇ ਤਰ੍ਹਾਂ ਵੀ ਪ੍ਰਭੂ ਸਿਖਿਆਵਾਂ ਦੇ ਉਲਟ ਨਾ ਹੋਣ। ਇਹੋ ਜਿਹੇ ਬਹੁਤ ਸਾਰੇ ਲੋਕ-ਨਾਚ ਤੇ ਲੋਕ-ਗੀਤ ਹਨ ਜੋ ਮਨੁੱਖ ਮਾਤਰ ਲਈ ਨਵੀਂ ਮਿਲੀ ਜੁਲੀ ਸੰਸਕ੍ਰਿਤੀ ਨੂੰ ਉੱਨਤ ਕਰਦੇ ਹਨ। ਲੋਕਾਂ ਦੀ ਇਸ ਸੰਸਕ੍ਰਿਤੀ ਪਰੰਪਰਾ ਨੂੰ ਬਹਾਈ ਹੌਸਲਾ ਦੇ ਰਹੇ ਹਨ। ਇਸ ਲਈ ਲੋਕਾਂ ਦੀ ਸੁੰਦਰ ਪਰੰਪਰਾ ਚਾਹੇ ਉਹ ਵਿਆਹ ਨਾਲ ਜਾਂ ਕਿਸੀ ਹੋਰ ਮੌਕੇ ਨਾਲ ਸੰਬੰਧਿਤ ਹੈ, ਪੂਰੀ ਕੀਤੀ ਜਾ ਸਕਦੀ ਹੈ।

ਕੋਈ ਪੁਛ ਸਕਦਾ ਹੈ ਕਿ ਬਹਾਈ ਕਿਸੀ ਗੈਰ-ਬਹਾਈ ਨਾਲ ਵਿਆਹ ਕਰ ਸਕਦਾ ਹੈ ? ਕਿਸੀ ਬਹਾਈ ਲੜਕੇ ਜਾਂ ਲੜਕੀ ਦਾ ਕਿਸੀ ਹੋਰ ਧਰਮ ਮੰਨਣ

ਵਾਲੇ ਗੈਰ-ਬਹਾਈ ਆਦਮੀ ਨਾਲ ਵਿਆਹ ਸੰਭਵ ਹੈ। ਅਸਲ ਵਿਚ ਸਾਡੇ ਲਈ ਭਗਵਾਨ ਬਹਾਉੱਲਾਹ ਦੀਆਂ ਆਗਿਆਵਾਂ ਵਿਚੋਂ ਇਕ ਹੈ :

"ਸਭ ਧਰਮਾਂ ਦੇ ਲੋਕਾਂ ਨਾਲ ਅਨੰਦਪੂਰਵਕ ਤੇ ਪ੍ਰਫੁੱਲ ਸਹਿਤ ਸੰਗਤ ਕਰਨਾ, ਉਸ ਨੂੰ ਦਰਸਾਣਾ ਜੋ ਪਰਬਤ ਦੇ ਵਕਤਾ ਨੇ ਐਲਾਨ ਕੀਤਾ ਹੈ, ਤੇ ਮਾਮਲਿਆਂ ਵਿਚ ਨਿਆਂ ਕਰਨਾ। ਸਾਫ ਦਿਲੀ ਤੇ ਵਫਾਦਾਰੀ ਦੇ ਚੇਲੇ ਜ਼ਰੂਰ ਹੀ ਸੰਸਾਰ ਦੇ ਸਾਰੇ ਲੋਕਾਂ ਦੇ ਨਾਲ ਖੁਸ਼ੀ ਤੇ ਆਨੰਦ ਨਾਲ ਮਿਲਣ ਜੁਲਣ, ਕਿਉਂਕਿ ਮੇਲਜੋਲ ਹਮੇਸ਼ਾ ਸੰਗਠਨ ਤੇ ਇਕਰੂਪਤਾ ਦਾ ਪੈਦਾਇਕ ਹੁੰਦਾ ਹੈ ਤੇ ਸੰਗਠਤ ਅਤੇ ਇਕਰੂਪਤਾ ਸੰਸਾਰ ਦੇ ਪ੍ਰਬੰਧ ਤੇ ਰਾਸ਼ਟਰਾਂ ਦੇ ਜੀਵਨ ਦਾ ਕਾਰਣ ਹੁੰਦੇ ਹਨ। ਧੰਨ ਹਨ ਉਹ ਜੋ ਦਇਆ ਤੇ ਕਿਰਪਾ ਦੀ ਡੋਰ ਨੂੰ ਮਜਬੂਤੀ ਨਾਲ ਪਕੜੇ ਹੋਏ ਹਨ ਤੇ ਵੈਰ ਤੇ ਘ੍ਰਿਣਾ ਤੋਂ ਪਰ੍ਹੇ ਹਨ।"

ਬਹਾਈ ਜੇ ਕਿਸੇ ਗੈਰ ਬਹਾਈ ਨਾਲ ਵਿਆਹ ਕਰਦਾ ਹੈ ਜ਼ਰੂਰ ਹੀ ਉਸ ਨੂੰ ਦਸ ਦੇਣਾ ਚਾਹੀਦਾ ਹੈ ਕਿ ਉਹ ਬਹਾਈ ਹੈ ਤੇ ਉਸ ਨੂੰ ਬਹਾਈ ਨਿਯਮਾਂ ਨੂੰ ਪੂਰਾ ਕਰਨ ਲਈ ਇਜਾਜ਼ਤ ਲੈਣੀ ਪੈਂਦੀ ਹੈ। ਜਿਸ ਤਰ੍ਹਾਂ ਕਿ ਬਹਾਈ ਆਪਣੇ ਗੈਰ-ਬਹਾਈ ਸਾਥੀ ਨਾਲ ਸਾਦਾ ਪਰੰਤੂ ਉੱਚ ਬਹਾਈ ਸੰਸਕਾਰ ਵਿਚ ਹਿੱਸਾ ਲੈਣ ਦੀ ਉਮੀਦ ਕਰਦਾ ਹੈ ਉਸੇ ਤਰ੍ਹਾਂ ਹੀ ਉਹ ਵੀ ਆਪਣੇ ਜੀਵਨ ਸਾਥੀ ਦੇ ਧਾਰਮਿਕ ਵਿਆਹ ਸੰਸਕਾਰਾਂ ਵਿੱਚ ਹਿੱਸਾ ਲੈਣ ਲਈ ਤਿਆਰ ਹੋਣਾ ਚਾਹੀਦਾ ਹੈ।

ਬਹਾਈ ਵਿਆਹ ਨਿਯਮ ਮਨੁੱਖਮਾਤਰ ਦੀ ਏਕਤਾ ਦਾ ਇਕ ਹੋਰ ਪ੍ਰਤੀਕ ਹੈ। ਇਹ ਦਿਖਾਂਦਾ ਹੈ ਕਿ ਬਹਾਈ ਧਰਮ ਕਿਸੀ ਖਾਸ ਸੰਪਰਦਾ ਜਾਂ ਸਮੂਹ ਲਈ ਹੀ ਨਹੀਂ। ਇਹ ਮਨੁੱਖ ਮਾਤਰ ਦੇ ਲਈ ਹੈ।

ਸਰਕਾਰ ਦੇ ਵਲ ਵਫ਼ਾਦਾਰੀ :

ਭਗਵਾਨ ਬਹਾਉੱਲਾਹ ਨੇ ਸਾਨੂੰ ਕਿਸੀ ਵੀ ਇਸ ਤਰ੍ਹਾਂ ਦੇ ਕੰਮ ਵਿਚ ਹਿੱਸਾ ਲੈਣ ਤੋਂ ਮਨ੍ਹਾਂ ਕੀਤਾ ਹੈ ਜਿਸ ਨਾਲ ਸਮਾਜ ਨੂੰ ਹਾਨੀ ਪਹੁੰਚਦੀ ਹੋਵੇ। ਸਾਨੂੰ ਉਸ ਹਰੇਕ ਗੱਲ ਤੋਂ ਵੀ ਬਚਣਾ ਹੈ ਜੋ ਝੂਠ ਤੇ ਵਿਨਾਸ਼ਕਾਰੀ ਹੋਵੇ। ਲਗਭਗ ਸੌ ਸਾਲ ਪਹਿਲਾਂ ਭਗਵਾਨ ਬਹਾਉੱਲਾਹ ਨੇ ਆਪਣੇ ਲੇਖਾਂ ਵਿਚ ਇਹ ਸਿਧਾਂਤ ਦਿੱਤਾ :—

"ਹਰ ਦੇਸ਼ ਜਾਂ ਸਰਕਾਰ ਵਿਚ ਜਿਥੇ ਇਸ ਸਮਾਜ ਦੇ ਕੁਝ ਲੋਕ ਰਹਿੰਦੇ ਹੋਣ, ਉਹ ਜ਼ਰੂਰ ਹੀ ਉਸ ਸਰਕਾਰ ਦੇ ਪ੍ਰਤੀ ਵਫਾਦਾਰੀ, ਵਿਸ਼ਵਾਸ਼ ਤੇ ਸੱਚਾਈ ਦਾ ਵਤੀਰਾ ਕਰਨ।"

ਜੇ ਕੋਈ ਬਹਾਈ ਆਪਣੀ ਸਰਕਾਰ ਵਲ ਵਫਾਦਾਰ ਨਹੀਂ ਤਾਂ ਉਹ ਆਪਣੇ ਧਰਮ ਦੇ ਵਲ ਵੀ ਵਫਾਦਾਰ ਨਹੀਂ ਹੋ ਸਕਦਾ।

ਅਬਦੁਲਬਹਾ ਕਹਿੰਦੇ ਹਨ :

"ਬਹਾਈ ਦ੍ਰਿਸ਼ਟੀਕੋਣ ਤੋਂ ਸਰਕਾਰ ਵਲ ਵਫਾਦਾਰੀ ਇਕ ਜ਼ਰੂਰੀ ਅਧਿਆਤਮਕ ਤੇ ਸਮਾਜਿਕ ਨਿਯਮ ਹੈ। ਅਸੀਂ ਜ਼ਰੂਰ ਹੀ ਦੇਸ਼ ਦੀ ਸਰਕਾਰ ਦੇ ਆਗਿਆਕਾਰੀ ਤੇ ਸ਼ੁਭਚਿੰਤਕ ਹੋਈਏ..."

"ਬਹਾਈ ਧਰਮ ਦਾ ਨਿਚੋੜ ਇਹ ਹੈ ਕਿ ਚੰਗੇ ਸਾਮਾਜਿਕ ਤੇ ਆਰਥਿਕ ਢਾਂਚੇ ਦੀ ਸਥਾਪਨਾ ਲਈ ਸਰਕਾਰ ਦੇ ਨਿਯਮਾਂ ਤੇ ਕਾਨੂੰਨਾਂ ਪ੍ਰਤੀ ਵਫਾਦਾਰੀ ਬਹੁਤ ਜ਼ਰੂਰੀ ਹੈ।"

ਸਰਕਾਰ ਦੇ ਪ੍ਰਤੀ ਵਫਾਦਾਰੀ ਉਸ ਚਰਿੱਤਰ ਦਾ ਅੰਗ ਹੈ ਜੋ ਸਾਡੇ ਵਿਚ ਬਣਾਇਆ ਜਾਂਦਾ ਹੈ। ਵਿਸ਼ਵਾਸ਼ਘਾਤ ਦਾ ਕੋਈ ਕੰਮ ਪਾਪ ਹੈ। ਭਗਵਾਨ ਬਹਾਉੱਲਾਹ ਕਹਿੰਦੇ ਹਨ :

"ਨਿਆਂਦਾਰੀ ਤੇ ਈਮਾਨਦਾਰੀ ਤੁਹਾਡੇ ਸਾਰੇ ਕੰਮ ਨੂੰ ਉੱਘਾ ਬਨਾਣ।"

"ਐ ਲੋਕੋ। ਆਪਣੀਆਂ ਜਿਭਹਾਂ (ਜੀਭਾਂ) ਨੂੰ ਸੱਚਾਈ ਦੇ ਨਾਲ ਸੁੰਦਰ ਬਣਾਓ ਤੇ ਆਪਣੀਆਂ ਆਤਮਾਵਾਂ ਨੂੰ ਈਮਾਨਦਾਰੀ ਦੇ ਗਹਿਣਿਆਂ ਨਾਲ ਸਜਾਓ। ਖ਼ਬਰਦਾਰ, ਐ ਲੋਕੋ। ਇੰਜ ਨਾ ਹੋਵੇ ਕਿ ਤੁਸੀਂ ਕਿਸੇ ਨਾਲ ਵਿਸ਼ਵਾਸ਼ਘਾਤ ਭਰਿਆ ਵਤੀਰਾ ਕਰੋ। ਉਸ ਦੀ ਸ੍ਰਿਸ਼ਟੀ ਵਿਚ ਤੁਸੀਂ ਪ੍ਰਭੂ ਦੇ ਅਮੀਨ ਤੇ ਉਸ ਦੇ ਲੋਕਾਂ ਵਿਚ ਉਸ ਦੀ ਉਦਾਰਤਾ ਦੇ ਪ੍ਰਤੀਕ ਬਣੋ।"

ਇਸ ਸਿਲਸਿਲੇ ਵਿਚ ਇਕ ਹੋਰ ਮਹੱਤਵਪੂਰਨ ਗੱਲ ਦਾ ਉਲੇਖ ਕਰਨਾ ਜ਼ਰੂਰੀ ਹੈ ਜਿਸ ਤੇ ਹਰ ਬਹਾਈ ਜ਼ਰੂਰ ਹੀ ਧਿਆਨ ਦੇਵੇ—

ਸਾਡੇ ਧਰਮ ਦਾ ਰਾਜਨੀਤੀ ਨਾਲ ਕਿਸੇ ਤਰ੍ਹਾਂ ਦਾ ਵੀ ਸਬੰਧ ਨਹੀਂ ਤੇ ਬਹਾਈ ਕਿਸੇ ਤਰ੍ਹਾਂ ਦੀ ਪੱਖੀ ਰਾਜਨੀਤੀ ਵਿਚ ਹਿੱਸਾ ਨਹੀਂ ਲੈ ਸਕਦੇ। ਇਸ ਦਾ ਮਤਲਬ ਇਹ ਨਹੀਂ ਕਿ ਅਸੀ ਉਨਾਂ ਦੇ ਵਿਰੁਧ ਹਾਂ ਜੋ ਪੱਖੀ ਰਾਜਨੀਤੀ ਵਿਚ ਹਿੱਸਾ ਲੈਂਦੇ ਹਨ ਜਾਂ ਕਿਸੀ ਖਾਸ ਦਲ ਨਾਲ ਸਾਡਾ ਕੋਈ

ਵੈਰ ਹੈ। ਸਾਡਾ ਵਿਸ਼ਵਾਸ ਹੈ ਕਿ ਇਕ ਦੈਵੀ ਵਿਸ਼ਵ ਢਾਂਚੇ ਦੀ ਸਥਾਪਨਾ ਵਾਸਤੇ ਆਪਣੀਆਂ ਸ਼ਕਤੀਆਂ ਤੇ ਸਾਧਨ ਲਗਾਣ ਲਈ ਪ੍ਰਭੂ ਨੇ ਸਾਡਾ ਰਸਤਾ ਨਿਸ਼ਚਿਤ ਕਰ ਦਿਤਾ ਹੈ। ਸਾਡੇ ਪਾਸ ਪ੍ਰਭੂ ਦੀ ਦਿਤੀ ਹੋਈ ਯੋਜਨਾ ਹੈ ਜਿਸ ਵਿਚ ਵਰਤਮਾਨ ਰਾਜਨੀਤਿਕ ਦਲਾਂ ਦੇ ਸਾਰੇ ਪ੍ਰੋਗਰਾਮਾਂ ਦੀਆਂ ਚੰਗੀਆਂ ਗੱਲਾਂ ਤੇ ਉਸ ਤੋਂ ਬਹੁਤ ਜ਼ਿਆਦਾ ਸ਼ਾਮਿਲ ਹਨ ਜਾਂ ਉਨ੍ਹਾਂ ਦੀਆਂ ਕਮੀਆਂ ਤੋਂ ਸਾਫ਼ ਹਨ।

ਪ੍ਰਭੂ ਨੇ ਸਾਡੇ ਲਈ ਸਿੱਧਾ ਰਸਤਾ ਨਿਸ਼ਚਿਤ ਕਰ ਦਿਤਾ ਹੈ। ਇਸ ਰਸਤੇ ਦਾ ਝੁਕਾਵ ਨਾ ਸੱਜੇ ਪਾਸੇ ਹੈ ਤੇ ਨਾ ਹੀ ਖੱਬੇ ਪਾਸੇ। ਨਾ ਪੂਰਬ ਵਲ ਤੇ ਨਾ ਹੀ ਪੱਛਮ ਵਲ। ਇਹ ਸੰਸਾਰ ਦੇ ਸਾਰੇ ਹਿੱਸਿਆਂ ਵਿਚ ਵੱਖ ਦੇਸ਼ਾਂ, ਵਿਸ਼ਵਾਸ਼ਾਂ ਤੇ ਵਰਗਾਂ ਨਾਲ ਸਬੰਧਿਤ ਸਾਰੀ ਮਨੁੱਖ ਜਾਤੀ ਦੀ ਏਕਤਾ ਦਾ ਰਸਤਾ ਹੈ। ਇਸ ਦੇ ਸਿਵਾ ਬਹਾਉੱਲਾਹ ਨੇ ਸੰਸਾਰ ਵਿਚ ਜਿਸ ਢਾਂਚੇ ਦੀ ਸਥਾਪਨਾ ਕੀਤੀ ਹੈ ਉਹ ਮੂਲ ਤੌਰ ਤੇ ਦੈਵੀ ਹੈ ਤੇ ਚਰਿੱਤਰ, ਮਕਸਦ ਤੇ ਵਿਸਤਾਰ ਵਿਚ ਮਨੁੱਖ ਰਚਿਤ ਤੇ ਅਕਸਰ ਮਿਲਦੀਆਂ ਜੁਲਦੀਆਂ ਵਿਚਾਰ-ਧਾਰਾਵਾਂ ਵਿਚ ਅਵਸ਼ਮੇਵ ਅਲੱਗ ਹੈ।

ਇਕ ਹੋਰ ਕਾਰਣ ਕਰਕੇ ਬਹਾਈ ਰਾਜਨੀਤਿਕ ਅੰਦੋਲਨਾਂ ਵਿਚ ਹਿੱਸਾ ਨਹੀਂ ਲੈ ਸਕਦਾ। ਧਰਮ ਰਖਿਅਕ ਸ਼ੌਗੀ ਅਫੇਂਦੀ ਨੇ ਆਪਣੇ ਇਕ ਪੱਤਰ ਵਿਚ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :

''ਸਾਰੇ ਸੰਸਾਰ ਵਿਚ ਅਸੀਂ ਬਹਾਈ ਇਕ ਹਾਂ, ਅਸੀਂ ਇਕ ਨਵੇਂ ਵਿਸ਼ਵ ਢਾਂਚੇ ਦੀ ਸਥਾਪਨਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਮੂਲ ਰੂਪ ਵਿਚ ਦੈਵੀ ਹੈ। ਜੇ ਹਰੇਕ ਬਹਾਈ ਵੱਖ ਵੱਖ ਦਲਾਂ ਦਾ ਮੈਂਬਰ ਹੋਵੇ—ਜਿਨ੍ਹਾ ਵਿਚ ਕੁਝ ਇਕ ਦੂਸਰੇ ਦੇ ਪ੍ਰਸਪਰ ਪ੍ਰਤੀਕੂਲ ਹਨ—ਅਸੀਂ ਇਹ ਕਿਸ ਤਰ੍ਹਾਂ ਕਰ ਸਕਦੇ ਹਾਂ ? ਤਦੋਂ ਸਾਡੇ ਵਿਚ ਏਕਤਾ ਕਿਥੇ ਹੋਵੇਗੀ ? ਰਾਜਨੀਤੀ ਕਾਰਣ ਅਸੀਂ ਆਪਸ ਵਿਚ ਹੀ ਇਕ ਦੂਜੇ ਦੇ ਵਿਰੁਧ ਵੰਡੇ ਜਾਵਾਂਗੇ ਜੋ ਇਹ ਗੱਲ ਸਾਡੇ ਆਸ਼ੇ ਦੇ ਬਿਲਕੁਲ ਉਲਟ ਹੈ। ਪ੍ਰਤੱਖ ਰੂਪ ਵਿਚ ਜੇ ਆਸਟ੍ਰੀਆ ਦੇ ਇਕ ਬਹਾਈ

ਨੂੰ ਕੋਈ ਰਾਜਨੀਤਿਕ ਦਲ ਚੁਨਣ ਤੇ ਉਸ ਵਿਚ ਸ਼ਾਮਿਲ ਹੋਣ, ਚਾਹੇ ਉਸ ਦੇ ਉਦੇਸ਼ ਕਿੰਨੇ ਹੀ ਚੰਗੇ ਕਿਉਂ ਨਾ ਹੋਣ, ਦੀ ਆਜ਼ਾਦੀ ਦਿਤੀ ਜਾਂਦੀ ਹੈ ਤਾਂ ਜਾਪਾਨ ਤੇ ਅਮਰੀਕਾ ਅਤੇ ਭਾਰਤ ਵਿਚ ਵੀ ਕਿਸੇ ਹੋਰ ਬਹਾਈ ਨੂੰ ਇਸ ਤਰ੍ਹਾਂ ਕਰਨ ਦਾ ਅਧਿਕਾਰ ਹੈ ਅਤੇ ਹੋ ਸਕਦਾ ਹੈ ਕਿ ਉਹ ਕਿਸੇ ਇਹੋ ਜਿਹੇ ਦਲ ਨਾਲ ਸਬੰਧ ਰਖਦਾ ਹੋਵੇ ਜੋ ਉਸ ਦਲ ਦੇ ਨਿਯਮਾਂ ਦੇ ਬਿਲਕੁਲ ਉਲਟ ਹੋਵੇ ਜਿਸ ਦੇ ਨਾਲ ਆਸਟਰੀਆ ਦੇ ਬਹਾਈ ਦਾ ਸਬੰਧ ਹੈ। ਤਾਂ ਉਸ ਵਕਤ ਸਾਡੇ ਧਰਮ ਦੀ ਏਕਤਾ ਕਿਥੇ ਹੋਵੇਗੀ ? ਆਪਣੇ ਰਾਜਨੀਤਿਕ ਸਬੰਧਾਂ ਦੇ ਕਾਰਣ ਇਹ ਦੋ ਅਧਿਆਤਮਕ ਭਰਾ ਇਕ ਦੂਜੇ ਦੇ ਉਲਟ ਕੰਮ ਕਰ ਰਹੇ ਹੋਣਗੇ (ਜਿਸ ਤਰ੍ਹਾਂ ਕਿ ਆਪਣੇ ਹੀ ਭਾਈਬੰਦਾਂ ਦੇ ਵਿਰੁਧ ਅਨੇਕਾਂ ਲੜਾਈਆਂ ਵਿਚ ਯੂਰੋਪ ਦੇ ਈਸਾਈ ਕਰਦੇ ਰਹੇ ਹਨ) ਕਿਸੀ ਬਹਾਈ ਦੇ ਲਈ ਆਪਣੇ ਦੇਸ਼ ਤੇ ਸੰਸਾਰ ਦੀ ਸੇਵਾ ਕਰਨ ਦਾ ਸਭ ਤੋਂ ਚੰਗਾ ਰਸਤਾ ਬਹਾਉੱਲਾਹ ਦੇ ਖਾਸ ਢਾਂਚੇ ਨੂੰ ਸਥਾਪਿਤ ਕਰਨ ਲਈ ਕੰਮ ਕਰਨਾ ਹੈ ਜੋ ਹੌਲੀ ਹੌਲੀ ਸਾਰੇ ਮਨੁੱਖਾਂ ਨੂੰ ਸੰਗਠਿਤ ਕਰ ਦੇਵੇਗੀ ਤੇ ਵੰਡ ਕਰਣ ਵਾਲੀ ਰਾਜਨੀਤਿਕ ਪ੍ਰਣਾਲੀਆਂ ਤੇ ਧਾਰਮਿਕ ਵਿਸ਼ਵਾਸ਼ਾਂ ਨੂੰ ਦੂਰ ਕਰ ਦੇਵੇਗੀ।''

ਕੋਈ ਬਹਾਈ ਕਿਵੇਂ ਬਣਦਾ ਹੈ ?

ਅਸੀਂ ਕਈ ਵਾਰ ਇਹ ਸਵਾਲ ਸੁਣਦੇ ਹਾਂ : ''ਮੈਂ ਇਕ ਬਹਾਈ ਕਿਵੇਂ ਬਣ ਸਕਦਾ ਹਾਂ ?'' ਕੁਝ ਲੋਕ ਸਮਝਦੇ ਹਨ ਕਿ ਬਹਾਈ ਮਤ ਇਕ ਸਮਾਜ ਹੈ ਜਿਹੜਾ ਲੋਕਾਂ ਨੂੰ ਆਪਣੇ ਮੈਂਬਰ ਬਨਣ ਦਾ ਸੱਦਾ ਦਿੰਦਾ ਹੈ। ਇਹ ਠੀਕ ਨਹੀਂ ਹੈ। ਕੁਝ ਹੋਰ ਲੋਕਾਂ ਦਾ ਖ਼ਿਆਲ ਹੈ ਕਿ ਬਹਾਈਆਂ ਨੂੰ ਦਿਲਚਸਪੀ ਇਸ ਗੱਲ ਵਿਚ ਹੈ ਕਿ ਲੋਕਾਂ ਦੇ ਨਾਂ ਬਦਲ ਜਿਤੇ ਜਾਣ ਤੇ ਧਾਰਮਕ ਖੇਤਰ ਵਿਚ ਉਨ੍ਹਾਂ ਸਾਹਮਣੇ ਇਕ ਨਵੀਂ ਸੰਪਰਦਾ ਖੜੀ ਕੀਤੀ ਜਾਏ। ਇਹ ਵੀ ਠੀਕ ਨਹੀਂ ਹੈ।

ਬਹਾਈ ਬਨਣ ਦਾ ਮਤਲਬ ਇਹ ਆਸਥਾ ਰਖਣਾ ਹੈ ਕਿ ਪ੍ਰਮਾਤਮਾ ਇਕ ਹੈ, ਸਾਰੇ ਧਰਮ ਇਕ ਹਨ ਤੇ ਸਾਰੀ ਮਨੁੱਖ-ਜਾਤੀ ਇਕ ਹੈ। ਇਸ ਦੇ ਨਾਲ ਹੀ ਇਹ ਮਹਿਸੂਸ ਕਰਨਾ ਵੀ ਜ਼ਰੂਰੀ ਹੈ ਕਿ ਧਰਮ ਇਕ ਪ੍ਰਗਤੀਸ਼ੀਲ ਤੇ ਨਿਰੰਤਰ ਕਿਰਿਆ ਹੈ ਤੇ ਇਸ ਦਾ ਮਨੋਰਥ ਵਿਛੋੜਨਾ ਨਹੀਂ ਜੋੜਨਾ ਹੈ। ਬਹਾਈ ਇਸ ਗੱਲ ਦਾ ਕਾਇਲ ਹੋ ਚੁਕਾ ਹੁੰਦਾ ਹੈ ਕਿ ਸਾਰੇ ਧਰਮ ਮੁਢੋਂ ਪ੍ਰਮਾਤਮਾ ਦੀ ਦੇਣ ਹਨ ਤੇ ਬਰਾਬਰ ਹਨ। ਹਾਂ, ਇਸ ਤੋਂ ਇਲਾਵਾ ਇਕ ਬਹਾਈ ਦਾ ਇਹ ਈਮਾਨ ਵੀ ਹੁੰਦਾ ਹੈ ਕਿ ਬਹਾਉੱਲਾਹ (ਈਸ਼ਵਰ ਦੀ

ਮਹਿਮਾ) ਇਸ ਯੁਗ ਲਈ ਰੱਬ ਦਾ ਪੈਗੰਬਰ ਹੈ ਤੇ ਉਹ, ਬਹਾਉੱਲਾਹ, ਬੀਤੇ ਸਮੇਂ ਦੇ ਪੈਗੰਬਰਾਂ ਵਾਂਗ, ਇਸ ਕਾਲ ਵਿਚ ਸਾਡੇ ਲਈ ਆਨੰਦ ਤੇ ਏਕਤਾ ਦੇ ਇਕ ਨਵੇਂ ਯੁਗ ਦੇ ਦਵਾਰ ਖੋਲ੍ਹਣ ਲਈ ਆਏ ਹਨ। ਜਦੋਂ ਕੋਈ ਬਹਾਈ ਬਣ ਜਾਂਦਾ ਹੈ ਓਦੋਂ ਬਹਾਉੱਲਾਹ ਲਈ ਪਿਆਰ ਵੀ ਉਸ ਦੇ ਮਨ ਵਿਚ ਘਰ ਕਰ ਜਾਂਦਾ ਹੈ। ਜਦੋਂ ਸਾਡੇ ਅੰਦਰ ਇਹ ਆਸਥਾ ਹੋ ਜਾਏ, ਓਦੋਂ ਅਸੀਂ ਬਹਾਈ ਬਣ ਜਾਂਦੇ ਹਾਂ। ਬਹਾਈ ਮਤ ਵਿਚ ਪਰਵੇਸ਼ ਲਈ ਨਾ ਤਾਂ ਕਿਸੇ ਰਸਮ ਦੀ ਲੋੜ ਹੈ, ਨਾ ਕਿਹੇ ਧਾਰਮਕ ਕਿਰਿਆ ਦੀ ਤੇ ਨਾ ਹੀ ਨਾਂ ਬਦਲਣ ਦੀ। ਦੂਜੇ ਸ਼ਬਦਾਂ ਵਿਚ ਅਸੀਂ ਮਨੋ-ਆਸਥਾ ਤੋਂ ਬਿਨਾਂ ਧਰਮ-ਪਰਿਵਰਤਨ ਵਿਚ ਵਿਸ਼ਵਾਸ ਨਹੀਂ ਰਖਦੇ ਤੇ ਮਨੋ-ਆਸਥਾ ਲਈ ਕਿਸੇ ਰਸਮ ਦੀ ਲੋੜ ਨਹੀਂ ਹੈ। ਅਬਦੁਲਬਹਾ ਕਹਿੰਦੇ ਹਨ :

> "ਜਿਹੜਾ ਪੁਰਸ਼ ਬਹਾਉੱਲਾਹ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਉਂਦਾ ਹੈ, ਉਹ ਪਹਿਲਾਂ ਹੀ ਬਹਾਈ ਹੈ...।"

ਬਹਾਈਆਂ ਦਾ ਉਦੇਸ਼ ਇਹ ਹੈ ਕਿ ਮਨੁੱਖ-ਜਾਤੀ ਦੀ ਸੇਵਾ ਕੀਤੀ ਜਾਏ ਤੇ ਦੁਨੀਆ ਵਿਚ ਖੁਸ਼ੀ ਤੇ ਏਕਤਾ ਲਿਆਂਦੀ ਜਾਏ। ਬਹਾਈ ਮਨੁੱਖਾਂ ਦੇ ਮਨ ਬਦਲਣ ਦਾ ਯਤਨ ਕਰ ਰਹੇ ਹਨ। ਮਨ ਦਾ ਬਦਲਣਾ ਕੇਵਲ ਪ੍ਰਮਾਤਮਾ ਦੇ ਸ਼ਬਦਾਂ ਦੀ ਸ਼ਕਤੀ ਰਾਹੀਂ ਹੀ ਸੰਭਵ ਹੈ।

ਇਕ ਵਾਰ ਅਬਦੁਲਬਹਾ ਨੂੰ ਪੁਛਿਆ ਗਿਆ : "ਬਹਾਈ ਕੀ ਹੈ ?" ਉਨ੍ਹਾਂ ਦਾ ਜਵਾਬ ਸੀ : "ਬਹਾਈ ਹੋਣ ਦਾ ਮਤਲਬ ਕੇਵਲ ਇਹ ਹੈ ਕਿ ਸਾਰੀ ਦੁਨੀਆ ਨੂੰ ਪਿਆਰ ਕੀਤਾ ਜਾਏ, ਸਾਰੀ ਮਨੁੱਖ-ਜਾਤੀ ਨੂੰ ਪਿਆਰ ਕੀਤਾ ਜਾਏ, ਉਸ ਦੀ ਸੇਵਾ ਕਰਨ ਦਾ ਯਤਨ ਕੀਤਾ ਜਾਏ ਤੇ ਵਿਸ਼ਵ-ਸ਼ਾਂਤੀ ਤੇ ਵਿਸ਼ਵ ਭਰਾਵਲੀ ਲਈ ਕੰਮ ਕੀਤਾ ਜਾਏ।"

ਜਦੋਂ ਕੋਈ ਸ਼ੀਸ਼ਾ ਸਾਫ ਹੁੰਦਾ ਹੈ, ਓਦੋਂ ਉਸ ਤੇ ਪਈ ਰੌਸ਼ਨੀ ਉਸ ਤੇ ਟਕਰਾ ਕੇ ਵਾਪਸ ਆਉਂਦੀ ਹੈ। ਜਦੋਂ ਉਹ ਸਾਫ ਨਹੀਂ ਹੁੰਦਾ ਓਦੋਂ ਉਸ ਵਿਚੋਂ ਕੁਝ ਨਜ਼ਰ ਨਹੀਂ ਆਉਂਦਾ। ਜੇ ਬਹਾਈ ਆਪਣੇ ਧਰਮ ਦਾ ਪ੍ਰਚਾਰ ਕਰਦੇ ਹਨ ਤਾਂ ਇਹ ਉਨ੍ਹਾਂ ਦਾ ਯਤਨ ਹੁੰਦਾ ਹੈ ਕਿ ਤਅਸੁਬ, ਨਫ਼ਰਤ ਤੇ ਦੁਸ਼ਮਨੀ ਦੀ ਧੂੜ ਦਿਲਾਂ ਦੇ ਸ਼ੀਸ਼ਿਆਂ ਤੋਂ ਸਾਫ ਕੀਤੀ ਜਾਏ। ਜਦੋਂ ਸ਼ੁਧ ਹਿਰਦਿਆਂ ਵਾਲੇ ਲੋਕ ਸੱਚ ਦੇ ਸੂਰਜ ਸਾਹਮਣੇ ਆਉਂਦੇ ਹਨ ਤਾਂ ਉਨ੍ਹਾਂ ਨੂੰ

ਭਰਪੂਰ ਰੂਪ ਵਿਚ ਇਹ ਰੌਸ਼ਨੀ ਮਿਲਦੀ ਹੈ ਤੇ ਫਿਰ ਇਹ ਉਨ੍ਹਾਂ ਨਾਲ ਟਕਰਾ ਕੇ ਹੋਰਨਾਂ ਤਕ ਪਹੁੰਚਦੀ ਹੈ।

ਅਜ ਦੇ ਬਹਾਈਆਂ ਵਿਚੋਂ ਬਹੁਤ ਸਾਰੇ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਅੰਦਰ ਸਦਾ ਇਹ ਮਹਿਸੂਸ ਕੀਤਾ ਸੀ ਕਿ ਇਸ ਨਵੇਂ ਯੁਗ ਲਈ ਇਕ ਨਵੇਂ ਸੰਦੇਸ਼ ਦੀ ਲੋੜ ਹੈ। ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਉਹ ਜੋ ਕੁਝ ਮਹਿਸੂਸ ਕਰਦੇ ਹਨ ਉਸ ਨੂੰ ਅਮਲੀ ਰੂਪ ਕਿਵੇਂ ਦੇਣ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਦੁਨੀਆਂ ਵਿਚ ਇਕ ਅਜਿਹਾ ਧਰਮ ਵੀ ਹੈ, ਜਿਸ ਵਿਚ ਉਹ ਸਾਰੇ ਉਪਦੇਸ਼ ਸ਼ਾਮਲ ਹਨ ਜੋ ਉਹ ਕਿਸੇ ਧਰਮ ਵਿਚ ਵੇਖਣਾ ਚਾਹੁੰਦੇ ਹਨ। ਜਿਵੇਂ ਹੀ ਉਨ੍ਹਾਂ ਬਹਾਈ ਮਤ ਬਾਰੇ ਸੁਣਿਆ, ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਸ ਅੰਦਰ ਆਪ ਰੱਬ ਬੋਲਦਾ ਹੈ ਕਿਉਂ ਕਿ ਬਹਾਉੱਲਾਹ ਨੂੰ ਜਾਣੇ ਬਿਨਾਂ ਹੀ ਰੱਬ ਦੀ ਇਹ ਆਵਾਜ਼ ਉਹ ਪਹਿਲਾਂ ਹੀ ਆਪਣੇ ਮਨਾਂ ਵਿਚ ਸੁਣ ਚੁਕੇ ਸਨ। ਇਹ ਲੋਕ ਉਹ ਸਾਫ ਸ਼ੀਸ਼ੇ ਹਨ ਜਿਨ੍ਹਾਂ ਨੂੰ ਹੁਣ ਸੱਚ ਦੇ ਸੂਰਜ ਦੀਆਂ ਕਿਰਣਾਂ ਦੇ ਸਾਹਮਣੇ ਰਖ ਦਿਤਾ ਗਿਆ ਹੈ ਤੇ ਇਹ ਮਹਾਨ ਰੌਸ਼ਨੀ ਉਨ੍ਹਾਂ ਤੋਂ ਪ੍ਰਤੀਬਿੰਬਿਤ ਹੁੰਦੀ ਹੈ। ਮਨ ਦੇ ਸ਼ੀਸ਼ੇ ਭਾਵੇਂ ਸਾਫ ਵੀ ਕਿਉਂ ਨਾ ਹੋਣ, ਜਦ ਤਕ ਉਨ੍ਹਾਂ ਨੂੰ ਰੌਸ਼ਨੀ ਵਲ ਨਹੀਂ ਮੋੜਿਆ ਜਾਂਦਾ, ਤਦ ਤਕ ਉਹ ਹਨੇਰੇ ਹੀ ਰਹਿਣਗੇ।

ਜਦੋਂ ਇਹ ਆਸਥਾ ਤੇ ਸੱਚ ਦਾ ਗਿਆਨ ਕਿਸੇ ਅੰਦਰ ਉਤਪੰਨ ਹੋ ਜਾਏ, ਉਹ ਬਹਾਈ ਬਣ ਜਾਂਦਾ ਹੈ। ਹਾਂ, ਬਹਾਈਆਂ ਨੂੰ ਇਕ ਫਾਰਮ ਭਰ ਕੇ ਤੇ ਦਸਖਤ ਕਰਕੇ ਆਪਣੇ ਦੇਸ਼ ਦੀ ਕੌਮੀ ਰੂਹਾਨੀ ਸਭਾ* ਨੂੰ ਦੇਣਾ ਪੈਂਦਾ ਹੈ। ਇਸ ਫਾਰਮ ਵਿਚ ਉਨ੍ਹਾਂ ਦੇ ਨਾਂ ਤੇ ਪਤੇ ਹੁੰਦੇ ਹਨ ਤੇ ਇਹ ਵੀ ਘੋਸ਼ਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਬਹਾਉੱਲਾਹ ਵਿਚ ਈਮਾਨ ਹੈ। ਇਸ ਤਰ੍ਹਾਂ ਇਕ ਬਹਾਈ ਦੁਨੀਆਂ ਦੀ ਸਾਰੀ ਬਹਾਈ ਬਰਾਦਰੀ ਨੂੰ ਸੂਚਿਤ ਕਰਦਾ ਹੈ ਕਿ ਉਹ ਵੀ ਉਨ੍ਹਾਂ ਵਿਚੋਂ ਇਕ ਹੈ। ਜਦੋਂ ਕੋਈ ਇਸ ਘੋਸ਼ਣਾ-ਪੱਤ੍ਰ ਤੇ ਦਸਖਤ ਕਰ ਦਏ ਤੇ ਉਸ ਨੂੰ ਮਨਜ਼ੂਰ ਕਰ ਲਿਆ ਜਾਏ, ਤਾਂ ਉਹ ਬਹਾਈ ਬਣ ਜਾਂਦਾ ਹੈ। ਉਹ ਬਹਾਈ ਬਣ ਗਿਆ ਤਾਂ ਨਾਲ ਹੀ ਮਨੁੱਖ-ਜਾਤੀ ਦਾ ਸੇਵਕ ਵੀ ਬਣ ਗਿਆ। ਘੋਸ਼ਣਾ-ਪੱਤ੍ਰ ਤੇ ਦਸਖਤ ਕਰਕੇ ਉਹ ਇਹ ਪ੍ਰਤਿੱਗਿਆ ਕਰਦਾ ਹੈ ਕਿ ਉਹ ਰੱਬ ਦੀ ਦੱਸੀ ਹੋਈ ਵਿਧੀ ਅਨੁਸਾਰ, ਜਿਹੜੀ ਇਸ ਯੁਗ ਦੀ ਰੂਹਾਨੀ ਅਗਵਾਈ ਦਾ ਇਕ ਹਿੱਸਾ ਹੈ, ਮਨੁੱਖ ਜਾਤੀ ਦੀ ਸੇਵਾ ਕਰੇਗਾ। ਘੋਸ਼ਣਾ-ਪੱਤ੍ਰ ਹਰ ਦੇਸ਼ ਦੀ ਕੌਮੀ ਰੂਹਾਨੀ ਸਭਾ ਵਲੋਂ ਜਾਰੀ ਕੀਤੇ ਜਾਂਦੇ ਹਨ ਤੇ ਉਸ ਦੇਸ਼ ਵਿਚ ਬਹਾਉੱਲਾਹ ਉਤੇ ਈਮਾਨ ਲਿਆਉਣ ਵਾਲਿਆਂ ਨੂੰ ਦਿਤੇ ਜਾਂਦੇ ਹਨ। ਦਸਖਤਾਂ ਵਾਲੇ ਫਾਰਮ ਸਥਾਨਕ ਰੂਹਾਨੀ ਸਭਾਵਾਂ ਵਲੋਂ ਰਾਸ਼ਟਰੀ

*National Spiritual Assembly.

ਸਭਾ ਨੂੰ ਭੇਜੇ ਜਾਂਦੇ ਹਨ। ਜੇ ਕਿਧਰੇ ਕੋਈ ਸਥਾਨਕ ਸਭਾ ਨਾ ਹੋਵੇ ਤਾਂ ਬਹਾਈ ਬਨਣ ਦੇ ਚਾਹਵਾਨ ਆਪਣੇ ਫ਼ਾਰਮ ਸਿੱਧਿਆਂ ਕੌਮੀ ਸਭਾ ਨੂੰ ਵੀ ਭੇਜ ਸਕਦੇ ਹਨ।

ਬਹਾਈ ਮਨੁੱਖ-ਮਾਤ੍ਰ ਦੀ ਸੇਵਾ ਕਰਦੇ ਹਨ ਤੇ ਸਦਾ ਉਸ ਲਈ ਪ੍ਰਾਰਥਨਾ ਕਰਦੇ ਸਨ। ਅਨੇਕਾਂ ਖੂਬਸੂਰਤ ਇਲਹਾਮੀ ਪ੍ਰਾਰਥਨਾਵਾਂ ਵਿਚੋਂ ਇਕ ਇਹ ਹੈ :

"ਹੇ ਸੁਆਮੀ, ਹੇ ਦਿਆਲੂ ਸੁਆਮੀ।
ਤੂੰ ਇਕੋ ਜ਼ਖੀਰੇ ਤੋਂ ਸਾਰੀ ਮਾਨਵਤਾ ਪੈਦਾ ਕੀਤੀ
ਹੁਕਮ ਹੈ ਤੇਰਾ ਸਭ ਦਾ ਘਰ ਇਕ ਹੋਵੇ
ਤੇਰੀ ਪਵਿਤ੍ਰ ਮੌਜੂਦਗੀ ਵਿਚ ਸਾਰੇ ਹਨ ਤੇਰੇ ਦਾਸ
ਸਾਰੀ ਮਾਨਵਤਾ, ਤੇਰੀ ਪਨਾਹ 'ਚ ਹੈ ਸੁਰਖਿਅਤ
ਤੇਰੀ ਬਖਸ਼ੀਸ਼ ਦੇ ਸਜਰੇ 'ਚ ਸਭ ਇਕੱਠੇ ਹਨ,
ਤੇਰੇ ਦੇਵ ਨੇਤ ਤੋਂ ਸਭ ਪ੍ਰਕਾਸ਼ਿਤ ਹਨ
ਹੇ ਪ੍ਰਭੂ ਤੂੰ ਸਭ ਤੋਂ ਦਿਆਵਾਨ
ਤੂੰ ਸਭ ਨੂੰ ਸ਼ਰਣ ਦੇਵੇਂ,
ਤੂੰ ਸਭ ਨੂੰ ਕੀਤਾ ਜੀਵਨ ਦਾਨ
ਤੂੰ ਸਭ ਨੂੰ ਕਰ ਪਵਿਤ੍ਰਤਾ ਪ੍ਰਵਾਨ
ਸਭ ਤੇਰੇ ਦਯਾ ਦੇ ਸਾਗਰ 'ਚ ਹਨ ਡੁੱਬੇ
ਹੇ ਦਯਾਵਾਨ ਸੁਆਮੀ ਤੂੰ ਸਭ ਨੂੰ ਕਰ ਇਕੱਤ੍ਰਿਤ
ਸਭ ਧਰਮ ਦੇ ਸਵਿਕ੍ਰਤੀ ਬਣਾਉਣ ਇਕ ਉਦੇਸ਼
ਇਕ ਦੂਜੇ ਨੂੰ ਪ੍ਰੀਵਾਰ ਦੀ ਤਰ੍ਹਾਂ ਦੇਖਣ
ਸਾਰੀ ਦੁਨੀਆਂ ਹੋਵੇ ਇਕੋ ਘਰ
ਜਿਉਣ ਇਕ ਦੂਜੇ ਨਾਲ ਹੱਖ ਸੁਰਮੇਲ
ਹੇ ਪ੍ਰਭੂ ਮਾਨਵਤਾ ਦੀ ਏਕਤਾ ਦਾ ਕਰ ਈਜ਼ਾ ਬੁਲੰਦ
ਹੇ ਪ੍ਰਭੂ ਸਭ ਦਿਲਾਂ ਨੂੰ ਮੇਲ
ਹੇ ਪ੍ਰਭੂ ਤੂੰ ਦਯਾਵਾਨੀ ਪਿਤਾ
ਆਪਣੇ ਪਿਆਰ ਦੀ ਸੁਗੰਧ ਨਾਲ ਕਰ ਦਿਲ ਅਨੰਦਿਤ
ਆਪਣੀ ਅਗਵਾਈ ਦੇ ਤੇਜ ਨਾਲ ਕਰੋ ਸਾਡੀਆਂ ਅੱਖਾ ਨੂੰ ਰੌਸ਼ਨ
ਤੇਰੇ ਸ਼ਬਦਾਂ ਦੇ ਸੁਰ ਕਰਨ ਸਾਡੇ ਕੰਨ ਅਨੰਦਿਤ
ਆਪਣੀ ਸਲਤਨਤ 'ਚ ਸਾਨੂੰ ਦੇ ਸ਼ਰਣ
ਤੂੰ ਹੈਂ ਬਲਵਾਨ ਤੇ ਸ਼ਕਤੀਮਾਨ
ਤੂੰ ਸਭ ਨੂੰ ਕਰੇਂ ਖਿਮਾਂ
ਤੂੰ ਮਾਨਵਤਾ ਦੀਆਂ ਸਭ ਗਲਤੀਆਂ ਨੂੰ ਕਰੇਂ ਓਝਲ"

ਬਹਾਉੱਲਾਹ